
TANYA'S BEAUTY SALON
HERBAL FACIAL $40 $20 !!!
Threading/Waxing, Facial(Men & Women)
Anti-Aging Facial, Bleach
Hair Cut, Color and Style
40-39 75 St. Jackson Heights, NY 11373
718-478-9009
137-40 Jamaica Avenue Jamaica, NY 11435
718-297-1019
85-03 Roosevelt Avenue Jackson Heights, NY 11373
718-205-7832

WEBSITE: DHOLRADIO.ORG
DHOL RADIO
ਪਿੰਡ ਤੋਂ ਚੱਲਣ ਵਾਲਾ ਦੁਨੀਆਂ ਦਾ ਪਹਿਲਾ ਪੰਜਾਬੀ ਰੇਡੀਓ
Request Song

Music 24/7
Live Calls: USA 1-951-824-6365
Canada 1-604-210-1955
Skype: DHOLRADIO.ORG
1PM to 3PM
9:30PM To 11:30PM (IST)
Listen By Call: USA 702-489-0211
UK 44-20-3519-1210
Listen On Phone
Application for android and iPhone-Dhol Radio


ਬੌਬੀ ਸਿੰਘ
ਪ੍ਰਾਈਵੇਟ ਗੱਡੀਆਂ, ਕਮਰਸ਼ੀਅਲ ਟਰੱਕ, ਲਾਈਫ ਅਤੇ ਘਰਾਂ ਦੀ ਇੰਸ਼ੋਰੈਂਸ ਦੀ ਸੇਵਾ ਵਿਚ ਤਜ਼ਰਬੇਕਾਰ ਬੌਬੀ ਸਿੰਘ ਨੂੰ ਚੰਗੀਆਂ ਸੇਵਾਵਾਂ ਲਈ ਅੱਜ ਹੀ ਕਾਲ ਕਰੋ
(ਸੈਲ): 718-757-7809
ਫੋਨ (ਦਫਤਰ): 516-439-5420
(ਫੈਕਸ): 516-439-5418
ਪੰਜਾਬੀ ਭਰਾਵਾਂ ਦੀ ਸੇਵਾ ਵਿਚ ਹਰ ਪਲ ਹਾਜ਼ਰ
ਗੱਡੀਆਂ ਅਤੇ ਘਰਾਂ ਦੀ ਇੰਸ਼ੋਰੈਂਸ ਸਬੰਧੀ ਸਲਾਹ-ਮਸ਼ਵਰਾ ਕਰਕੇ ਪੈਸੇ ਦੀ ਬੱਚਤ ਕਰੋ।



Fourteenth Year of Publication
ਨਿਊ ਯਾਰਕ ਐਡੀਸ਼ਨ
Price 50¢


Email:punjabtimes1@sbcglobal.net
www.punjabtimesusa.com


ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 14, Issue 51, December 21, 2013


20451 N Plum Grove Rd., Palatine, IL 60074
Ph:847-359-0746, Fax:847-705-9388


## ਬੰਦੀ ਸਿੱਖਾਂ ਵਿਚੋਂ ਬਹੁਤੇ ਪੰਜਾਬ ਦੀਆਂ ਜੇਲ੍ਹਾਂ ਅੰਦਰ ਕੈਦ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਸਜ਼ਾ ਪੂਰੀ ਹੋਣ ਦੇ ਬਾਵਜੂਦ ਜੇਲ੍ਹਾਂ ਵਿਚ ਬੰਦ ਸਿੱਖ ਕੈਦੀਆਂ ਦੇ ਮਾਮਲੇ ਵਿਚ ਪੰਜਾਬ ਦੀ ਅਕਾਲੀ-ਭਾਜਪਾ ਸਰਕਾਰ ਕਸੂਤੀ ਘਿਰ ਗਈ ਹੈ। ਹੁਣ ਇਹ ਤੱਥ ਸਾਹਮਣੇ ਆਏ ਹਨ ਕਿ ਬੰਦੀ ਸਿੱਖਾਂ ਵਿਚੋਂ ਬਹੁਤੇ ਤਾਂ ਪੰਜਾਬ ਦੀਆਂ ਜੇਲ੍ਹਾਂ ਵਿਚ ਹੀ ਹਨ। ਸਿੱਖ ਕੈਦੀਆਂ ਦੀ ਰਿਹਾਈ ਵਾਸਤੇ ਭਾਈ ਗੁਰਬਖ਼ਸ਼ ਸਿੰਘ ਖ਼ਾਲਸਾ ਵੱਲੋਂ ਕੀਤੀ ਗਈ ਭੁੱਖ ਹੜਤਾਲ ਨੂੰ ਚੁਫੇਰਿਓਂ ਹੁੰਗਾਰਾ ਮਿਲਣ ਮਗਰੋਂ ਇਹ ਸੰਘਰਸ਼ ਲੋਕ ਲਹਿਰ ਬਣਨ ਲੱਗਾ ਹੈ। ਵੱਖ-ਵੱਖ ਗਰਮ ਖਿਆਲ ਜਥੇਬੰਦੀਆਂ ਤੇ ਸਿਆਸੀ ਪਾਰਟੀਆਂ ਤੋਂ ਇਲਾਵਾ ਸੰਤ ਸਮਾਜ, ਨਿਹੰਗ ਸਿੰਘ ਜਥੇਬੰਦੀਆਂ, ਮੁਸਲਿਮ ਸਮਾਜ ਤੇ ਕਲਾਕਾਰਾਂ ਦੀ ਹਮਾਇਤ ਨੇ ਸਰਕਾਰ ਨੂੰ ਫਿਕਰਾਂ ਵਿਚ ਪਾ ਦਿੱਤਾ ਹੈ।

**ਬਾਦਲਾਂ ਦਾ ਦੋਗਲਾਪਣ ਜੱਗ-ਜ਼ਾਹਿਰ**

ਜ਼ਿਕਰਯੋਗ ਹੈ ਕਿ ਵਰ੍ਹਿਆਂਬੱਧੀ ਦੇਸ਼ ਦੀਆਂ ਜੇਲ੍ਹਾਂ ਵਿਚ ਬੰਦ ਸਿੱਖ ਕੈਦੀਆਂ ਦੀ ਰਿਹਾਈ ਵਾਸਤੇ ਭਾਈ ਗੁਰਬਖ਼ਸ਼ ਸਿੰਘ ਖ਼ਾਲਸਾ ਮੁਹਾਲੀ ਵਿਚ ਮਰਨ ਵਰਤ 'ਤੇ ਬੈਠੇ ਹਨ। ਉਨ੍ਹਾਂ ਨੇ ਛੇ ਸਿੰਘਾਂ ਦੀ ਰਿਹਾਈ ਲਈ ਸੰਘਰਸ਼ ਵਿੱਢਿਆ ਸੀ ਪਰ ਹੁਣ ਸਾਹਮਣੇ ਆਇਆ ਹੈ ਕਿ ਤਕਰੀਬਨ ਸਵਾ ਸੌ ਸਿੱਖ ਵੱਖ-ਵੱਖ ਜੇਲ੍ਹਾਂ ਵਿਚ ਰੁਲ ਰਹੇ ਹਨ। ਇਸ ਸੰਘਰਸ਼ ਨੇ ਇਹ ਗੱਲ ਵੀ ਸਾਹਮਣੇ ਲਿਆਂਦੀ ਹੈ ਕਿ ਅਕਾਲੀ-ਭਾਜਪਾ ਸਰਕਾਰ ਸਿੱਖ ਕੈਦੀਆਂ ਦੇ ਮਨੁੱਖੀ ਅਧਿਕਾਰਾਂ ਪ੍ਰਤੀ ਸੰਵੇਦਨਸ਼ੀਲ ਹੀ ਨਹੀਂ ਹੈ। ਇਸ ਗੱਲ ਦਾ ਅੰਦਾਜ਼ਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੇ ਉਸ ਬਿਆਨ ਤੋਂ ਲਾਇਆ ਜਾ ਸਕਦਾ ਹੈ ਜਿਸ ਵਿਚ ਉਨ੍ਹਾਂ ਦਾਅਵਾ ਕੀਤਾ ਕਿ ਸਾਰੇ ਸਿੱਖ ਦੂਜੇ ਰਾਜਾਂ ਦੀਆਂ ਜੇਲ੍ਹਾਂ ਵਿਚ ਹਨ ਜਿਸ ਕਰ ਕੇ ਪੰਜਾਬ ਸਰਕਾਰ ਕੁਝ ਨਹੀਂ ਕਰ ਸਕਦੀ; ਜਦਕਿ ਅਸਲੀਅਤ ਇਹ ਹੈ ਕਿ ਬਹੁਤੇ ਸਿੱਖ ਕੈਦੀ ਪੰਜਾਬ ਦੀਆਂ ਜੇਲ੍ਹਾਂ ਵਿਚ ਹੀ ਬੰਦ ਹਨ।

ਸਿੱਖ ਜਥੇਬੰਦੀਆਂ ਵੱਲੋਂ 119 ਸਿਆਸੀ ਸਿੱਖ ਕੈਦੀਆਂ ਦੀ ਆਰਜ਼ੀ ਸੂਚੀ ਜਾਰੀ ਕੀਤੀ ਗਈ ਹੈ ਜਿਸ ਵਿਚ ਵੱਡੀ ਗਿਣਤੀ ਉਹ ਕੈਦੀ ਹਨ ਜੋ ਸਜ਼ਾ ਪੂਰੀ ਹੋਣ ਮਗਰੋਂ ਵੀ ਜੇਲ੍ਹਾਂ ਅੰਦਰ ਰੁਲ ਰਹੇ ਹਨ। ਇਨ੍ਹਾਂ ਵਿਚੋਂ ਬਹੁਤਿਆਂ ਦੀਆਂ ਅੱਖਾਂ ਦੀ ਰੋਸ਼ਨੀ ਜਾ ਚੁੱਕੀ ਹੈ ਤੇ ਉਹ ਦਿਲ ਤੇ ਦਿਮਾਗ਼ ਦੀਆਂ ਗੰਭੀਰ ਬਿਮਾਰੀਆਂ ਤੋਂ ਪੀੜਤ ਹਨ। ਹੈਰਾਨੀ ਵਾਲੀ ਗੱਲ ਹੈ ਕਿ ਇਸ ਸਭ ਦੇ ਬਾਵਜੂਦ ਸਰਕਾਰ ਸਮਾਜ ਤੇ ਦੇਸ਼ ਦੀ ਅਖੰਡਤਾ ਨੂੰ ਖ਼ਤਰਾ ਹੋਣ ਜਿਹੀਆਂ ਪੁਰਾਣੀਆਂ ਧਾਰਨਾਵਾਂ ਨੂੰ ਅਧਾਰ ਬਣਾ ਕੇ ਇਨ੍ਹਾਂ ਕੈਦੀਆਂ ਨੂੰ ਰਿਹਾ ਨਹੀਂ ਕਰ ਰਹੀ ਜੋ ਮਨੁੱਖੀ ਅਧਿਕਾਰਾਂ ਦੀ ਸ਼ਰੇਆਮ ਉਲੰਘਣਾ ਹੈ। ਭਾਰਤੀ ਤੇ ਕੌਮਾਂਤਰੀ ਕਾਨੂੰਨਾਂ ਮੁਤਾਬਕ ਸਜ਼ਾ ਪੂਰੀ ਹੋਣ ਤੋਂ ਬਾਅਦ ਕਿਸੇ ਕੈਦੀ ਨੂੰ ਜੇਲ੍ਹ ਵਿਚ ਨਹੀਂ ਰੱਖਿਆ ਜਾ ਸਕਦਾ।

ਸਿੱਖ ਕੈਦੀਆਂ ਦੀ ਸੂਚੀ ਮੁਤਾਬਕ ਬਹੁਤੇ ਸਿੱਖ ਕੈਦੀ ਆਪਣੇ ਜੀਵਨ ਦੇ ਅੰਤਲੇ ਦੌਰ ਵਿਚ ਹਨ ਤੇ ਇਸ ਬਿਰਧ ਅਵਸਥਾ ਵਿਚ ਵੀ ਸਰਕਾਰ ਨੂੰ ਉਹ ਵੱਡਾ ਖਤਰਾ ਨਜ਼ਰ ਆ ਰਹੇ ਹਨ। ਜ਼ਿਲ੍ਹਾ ਜੇਲ੍ਹ ਹੁਸ਼ਿਆਰਪੁਰ ਵਿਚ ਬੰਦ ਡਾ. ਆਸਾ ਸਿੰਘ ਦੀ ਉਮਰ 94 ਸਾਲ, ਮਾਡਰਨ ਜੇਲ੍ਹ ਕਪੂਰਥਲਾ ਵਿਚ ਬੰਦ ਹਰਭਜਨ ਸਿੰਘ ਦੀ 84 ਸਾਲ, ਅਵਤਾਰ ਸਿੰਘ ਦੀ 76 ਸਾਲ, ਸੇਵਾ ਸਿੰਘ ਦੀ 73 ਸਾਲ,

*(ਬਾਕੀ ਸਫਾ 6 'ਤੇ)*



*ਜੁੱਸੇ ਜੁੜਦੇ ਇਉਂ ਮੈਦਾਨ ਅੰਦਰ...*

*ਕਬੱਡੀ ਕੱਪ ਬਾਰੇ ਖਬਰਾਂ ਪੜ੍ਹੋ ਸਫਾ 16 'ਤੇ*

## ਡਾ. ਮਨਮੋਹਨ ਸਿੰਘ ਦਾ ਪੱਤਾ ਸਾਫ !

**ਨਵੀਂ ਦਿੱਲੀ (ਪੰਜਾਬ ਟਾਈਮਜ਼ ਬਿਊਰੋ):** ਦੇਸ਼ ਦੇ ਚਾਰ ਅਹਿਮ ਸੂਬਿਆਂ ਦੀਆਂ ਵਿਧਾਨ ਸਭਾ ਚੋਣਾਂ ਵਿਚ ਬੁਰੀ ਤਰ੍ਹਾਂ ਹਾਰਨ ਮਗਰੋਂ ਕਾਂਗਰਸ ਠੱਗੀ ਹੋਈ ਮਹਿਸੂਸ ਕਰ ਰਹੀ ਹੈ। ਲੋਕ ਸਭਾ ਚੋਣਾਂ ਤੋਂ ਚਾਰ ਮਹੀਨੇ ਪਹਿਲਾਂ ਕਾਂਗਰਸ ਨੂੰ ਲੱਗਣ ਲੱਗਾ ਹੈ ਕਿ ਡਾ. ਮਨਮੋਹਨ ਸਿੰਘ ਹੁਣ ਉਨ੍ਹਾਂ ਦੀ ਡੁੱਬਦੀ ਬੇੜੀ ਪਾਰ ਨਹੀਂ ਲਾ ਸਕਦੇ, ਇਸ ਲਈ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਕੋਈ ਹੋਰ ਉਮੀਦਵਾਰ ਲੱਭਿਆ ਜਾਵੇ। ਇਸ ਲਈ 17 ਜਨਵਰੀ ਨੂੰ ਕੁੱਲ ਹਿੰਦ ਕਾਂਗਰਸ ਦੀ ਮੀਟਿੰਗ ਬੁਲਾਈ ਗਈ ਹੈ ਜਿਸ ਵਿਚ ਗਾਂਧੀ ਪਰਿਵਾਰ ਦੇ ਵਾਰਿਸ ਰਾਹੁਲ ਗਾਂਧੀ ਨੂੰ ਮੈਦਾਨ ਵਿਚ ਉਤਾਰਿਆ ਜਾ ਸਕਦਾ ਹੈ। ਜ਼ਿਕਰਯੋਗ ਹੈ ਕਿ ਕਾਂਗਰਸ ਪਾਰਟੀ ਨੂੰ ਰਾਜਸਥਾਨ, ਦਿੱਲੀ, ਮੱਧ ਪ੍ਰਦੇਸ਼ ਤੇ ਛੱਤੀਸਗੜ੍ਹ ਰਾਜਾਂ ਵਿਚ ਵਿਧਾਨ ਸਭਾ ਚੋਣਾਂ ਵਿਚ ਮਿਲੀ ਹਾਰ ਤੋਂ ਬਾਅਦ ਕਾਂਗਰਸ ਵਿਚ ਬੇਚੈਨੀ ਦਾ ਮਾਹੌਲ ਹੈ। ਕਾਂਗਰਸ ਦੇ ਸੀਨੀਅਰ ਆਗੂ ਤੇ ਕੇਂਦਰੀ ਵਿੱਤ ਮੰਤਰੀ ਪੀ. ਚਿਦੰਬਰਮ ਨੇ ਤਾਂ ਇਥੋਂ ਕਹਿ ਦਿੱਤਾ ਹੈ ਕਿ 2014 ਦੀਆਂ ਲੋਕ ਸਭਾ ਚੋਣਾਂ ਵਿਚ ਕਿਸੇ ਵੀ ਪਾਰਟੀ ਨੂੰ ਸਪਸ਼ਟ ਬਹੁਮਤ ਮਿਲਣ ਦੀ ਸੰਭਾਵਨਾ ਨਹੀਂ। ਉਨ੍ਹਾਂ ਮੁਤਾਬਕ ਇਸ ਸਮੇਂ ਭਾਰਤੀ ਲੋਕਤੰਤਰ ਕਮਜ਼ੋਰ ਪੜਾਅ ਵਿਚੋਂ ਲੰਘ ਰਿਹਾ ਹੈ। ਪਿਛਲੇ 60 ਸਾਲਾਂ ਦੌਰਾਨ ਭਾਰਤੀ ਲੋਕਤੰਤਰ ਦਾ ਇਹ ਸਭ ਤੋਂ ਕਮਜ਼ੋਰ ਸਮਾਂ ਹੈ।

ਇਨ੍ਹਾਂ ਚਾਰ ਸੂਬਿਆਂ ਵਿਚ ਹਾਰ ਕਾਰਨ ਕਾਂਗਰਸ ਦੇ ਵਰਕਰਾਂ ਵਿਚ ਵੀ ਨਿਰਾਸ਼ਾ ਦਾ ਆਲਮ ਹੈ। ਕਾਂਗਰਸ ਜਲਦ ਤੋਂ ਜਲਦ ਪਾਰਟੀ ਅੰਦਰ ਵੱਡੇ ਫੇਰਬਦਲ ਕਰ ਕੇ ਆਗੂਆਂ ਤੇ ਵਰਕਰਾਂ ਨੂੰ ਨਿਰਾਸ਼ਾ ਵਿਚੋਂ ਉਭਾਰਨਾ ਚਾਹੁੰਦੀ ਹੈ। ਇਸੇ ਕਰ ਕੇ ਕੁੱਲ ਹਿੰਦ ਕਾਂਗਰਸ ਕਮੇਟੀ ਦੀ 17 ਜਨਵਰੀ ਨੂੰ ਨਵੀਂ ਦਿੱਲੀ ਵਿਚ ਮੀਟਿੰਗ ਬੁਲਾਉਣ ਦਾ ਐਲਾਨ ਕੀਤਾ ਗਿਆ ਹੈ ਜਿਸ ਵਿਚ ਵੱਡੇ ਫੈਸਲੇ ਹੋ ਸਕਦੇ ਹਨ। ਇਹ ਵੀ ਕਿਆਸਰਾਈਆਂ ਲਾਈਆਂ ਜਾ ਰਹੀਆਂ ਹਨ ਕਿ ਭਾਜਪਾ ਦੇ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਉਮੀਦਵਾਰ ਨਰੇਂਦਰ ਮੋਦੀ ਦੇ ਸਾਹਮਣੇ ਹੁਣ ਡਾ. ਮਨਮੋਹਨ ਸਿੰਘ ਦਾ ਸਾਫ 'ਅਕਸ' ਕੋਈ ਕਮਾਲ ਵਿਖਾਉਂਦਾ ਨਜ਼ਰ ਨਹੀਂ ਆ ਰਿਹਾ ਜਿਸ ਕਰ ਕੇ ਕਾਂਗਰਸ ਵੱਲੋਂ ਆਪਣੇ ਨਵੇਂ ਉਮੀਦਵਾਰ ਦਾ ਐਲਾਨ ਕੀਤਾ ਜਾ ਸਕਦਾ ਹੈ।

*(ਬਾਕੀ ਸਫਾ 6 'ਤੇ)*



ਇੰਡੀਆ ਕਾਲ ਕਰਨ ਲਈ ਸਭ ਤੋਂ ਵਧੀਆ ਤੇ ਭਰੋਸੇਮੰਦ ਸਰਵਿਸ
www.011india.com
$25 2,500 Minutes
ਅਮਰੀਕਾ ਜਾਂ ਕੈਨੇਡਾ ਤੋਂ ਇਕੋ ਰੇਟ
ਸਾਡੀ ਸਰਵਿਸ ਹਰ ਦੇਸ਼ ਲਈ ਵਰਤੋ।
✓ ਵਧੀਆ, ਸਾਫ਼ ਆਵਾਜ਼
✓ ਘਰੋਂ ਤੇ ਸੈਲ ਫੋਨ ਤੋਂ ਇਕੋ ਵੇਲੇ ਦੋ ਫੋਨ ਚੱਲ ਸਕਦੇ ਹਨ
✓ ਬਗੈਰ ਪਿੰਨ ਤੋਂ ਵਰਤੋ
✓ ਸਪੀਡ ਵਾਲੇ ਨੰਬਰ ਸੈਟ ਕਰੋ
Limited Time Offer. Restrictions & Additional Fees Apply.
800.914.1013 • 408.659.9400

# ਸਿੱਖ ਕੈਦੀਆਂ ਦੀ ਰਿਹਾਈ ਲਈ ਸੰਘਰਸ਼ ਭਖਿਆ



**ਮੁਹਾਲੀ:** ਪੰਜਾਬ ਸਮੇਤ ਦੇਸ਼ ਦੀਆਂ ਵੱਖ-ਵੱਖ ਜੇਲ੍ਹਾਂ ਵਿਚ ਨਜ਼ਰਬੰਦ ਸਿੱਖ ਨੌਜਵਾਨਾਂ ਦੀ ਰਿਹਾਈ ਲਈ ਭਾਈ ਗੁਰਬਖ਼ਸ਼ ਸਿੰਘ ਖਾਲਸਾ ਦੇ ਮਰਨ ਵਰਤ ਸਿੱਖਾਂ ਦੇ ਸੰਘਰਸ਼ ਨੂੰ ਤੇਜ਼ ਕਰ ਦਿੱਤਾ ਹੈ। ਸਰਕਾਰ 'ਤੇ ਦਬਾਅ ਪਾਉਣ ਲਈ ਭਾਈ ਖਾਲਸਾ ਨੇ ਸਾਰੀਆਂ ਧਿਰਾਂ ਨੂੰ ਇਕਜੁਟ ਹੋਣ ਦੀ ਅਪੀਲ ਕਰਦਿਆਂ ਸੰਘਰਸ਼ ਨੂੰ ਲੋਕ ਲਹਿਰ ਬਣਾਉਣ ਦਾ ਸੱਦਾ ਦਿੱਤਾ ਹੈ। ਉਨ੍ਹਾਂ ਐਲਾਨ ਕੀਤਾ ਕਿ ਬੰਦੀ ਸਿੰਘਾਂ ਦੀ ਰਿਹਾਈ ਤੱਕ ਉਨ੍ਹਾਂ ਦਾ ਮਰਨ ਵਰਤ ਜਾਰੀ ਰਹੇਗਾ।

ਉਨ੍ਹਾਂ ਨੇ ਖੋਜ ਕਾਰਜਾਂ ਲਈ ਮਰਨ ਉਪਰੰਤ ਆਪਣਾ ਸਰੀਰ ਪੀਜੀਆਈ ਨੂੰ ਦਾਨ ਦੇਣ ਦਾ ਐਲਾਨ ਕਰਕੇ ਸਾਰਿਆਂ ਨੂੰ ਹੈਰਾਨ ਕਰ ਦਿੱਤਾ। ਪੀ.ਜੀ.ਆਈ. ਦੀ ਵਿਸ਼ੇਸ਼ ਟੀਮ ਵੱਲੋਂ ਗੁਰਦੁਆਰਾ ਅੰਬ ਸਾਹਿਬ ਪਹੁੰਚ ਕੇ ਭਾਈ ਗੁਰਬਖ਼ਸ਼ ਸਿੰਘ ਵੱਲੋਂ ਸਰੀਰ ਦਾਨ ਸਬੰਧੀ ਲੋੜੀਂਦੇ ਫਾਰਮ ਵੀ ਭਰੇ ਗਏ। ਇਸ ਸੰਘਰਸ਼ ਨੂੰ ਉਸ ਵੇਲੇ ਹੋਰ ਹੁਲਾਰਾ ਮਿਲਿਆ ਜਦੋਂ ਗਾਇਕ ਗੁਰਦਾਸ ਮਾਨ ਨੇ ਭੁੱਖ ਹੜਤਾਲ ਕੈਂਪ ਵਿਚ ਪਹੁੰਚ ਕੇ ਭਾਈ ਗੁਰਬਖ਼ਸ਼ ਸਿੰਘ ਨਾਲ ਮੁਲਾਕਾਤ ਕੀਤੀ ਤੇ ਸਜ਼ਾਵਾਂ ਕੱਟ ਚੁੱਕੇ ਬੰਦੀ ਸਿੰਘਾਂ ਦੀ ਰਿਹਾਈ ਦੇ ਹੱਕ ਵਿਚ ਹਾਅ ਦਾ ਨਾਅਰਾ ਮਾਰਦਿਆਂ ਖਾਲਸੇ ਨੂੰ ਇਸ ਸੰਘਰਸ਼ ਵਿਚ ਹਮਾਇਤ ਦੇਣ ਦਾ ਐਲਾਨ ਕੀਤਾ।

ਇਸ ਦੌਰਾਨ ਗਾਇਕ ਤੇ ਅਦਾਕਾਰ ਹਰਭਜਨ ਮਾਨ, ਗਿੱਪੀ ਗਰੇਵਾਲ ਤੇ ਹੋਰਾਂ ਨੇ ਵੀ ਖਾਲਸੇ ਨਾਲ ਮੁਲਾਕਾਤ ਕੀਤੀ ਜਦੋਂਕਿ ਪੀਪੀਪੀ ਦੇ ਆਗੂ ਤੇ ਗਾਇਕ ਭਗਵੰਤ ਮਾਨ ਨੇ ਸੰਘਰਸ਼ ਦੀ ਹਮਾਇਤ ਦਾ ਐਲਾਨ ਕੀਤਾ। ਇਸ ਤੋਂ ਇਲਾਵਾ ਚਮਕੌਰ ਸਾਹਿਬ ਦੇ ਕਾਂਗਰਸੀ ਵਿਧਾਇਕ ਚਰਨਜੀਤ ਸਿੰਘ ਚੰਨੀ ਨੇ ਭੁੱਖ ਹੜਤਾਲ ਕੈਂਪ ਵਿਚ ਪਹੁੰਚ ਕੇ ਭਾਈ ਗੁਰਬਖ਼ਸ਼ ਸਿੰਘ ਖਾਲਸਾ ਨਾਲ ਮੁਲਾਕਾਤ ਕੀਤੀ ਤੇ ਕਾਂਗਰਸ ਪਾਰਟੀ ਵੱਲੋਂ ਹਮਾਇਤ ਦੇਣ ਦਾ ਐਲਾਨ ਕੀਤਾ।

ਇਸ ਮੌਕੇ ਸ. ਚੰਨੀ ਨੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ 'ਤੇ ਪੰਥਕ ਤੇ ਕੌਮ ਦੇ ਹਿੱਤਾਂ ਨੂੰ ਵਿਸਾਰਨ ਦਾ ਦੋਸ਼ ਲਾਇਆ। ਉਨ੍ਹਾਂ ਕਿਹਾ ਕਿ ਅੱਜ ਸ਼੍ਰੋਮਣੀ ਅਕਾਲੀ ਦਲ ਵਿਚੋਂ ਪੰਥਕ ਸੋਚ ਮਰ ਚੁੱਕੀ ਹੈ। ਸ. ਬਾਦਲ ਪੁੱਤਰ ਮੋਹ ਵਿਚ ਫਸ ਕੇ ਪੰਜਾਬ ਤੇ ਸਿੱਖ ਕੌਮ ਦੇ ਮੁੱਦਿਆਂ ਤੋਂ ਭੱਜ ਰਹੇ ਹਨ। ਉਨ੍ਹਾਂ ਕਿਹਾ ਕਿ ਸਜ਼ਾਵਾਂ ਕੱਟ ਚੁੱਕੇ ਸਿੱਖ ਕੈਦੀਆਂ ਨੂੰ ਕਾਲੇ ਕਾਨੂੰਨਾਂ ਅਧੀਨ ਜੇਲ੍ਹਾਂ ਵਿਚ ਡੱਕੀ ਰੱਖਣਾ ਮਨੁੱਖੀ ਅਧਿਕਾਰਾਂ ਦੀ ਘੋਰ ਉਲੰਘਣਾ ਹੈ।

ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਬਾਦਲ ਜੇ ਸੱਚੇ ਦਿਲੋਂ ਇਸ ਮਾਮਲੇ ਦੀ ਯੋਗ ਪੈਰਵੀ ਕਰਨ ਤਾਂ ਸਿੱਖ ਕੈਦੀਆਂ ਨੂੰ ਸੌਖਿਆਂ ਹੀ ਰਿਹਾਅ ਕਰਵਾਇਆ ਜਾ ਸਕਦਾ ਹੈ ਪਰ ਇਸ ਮੁੱਦੇ 'ਤੇ ਉਨ੍ਹਾਂ ਦੀ ਚੁੱਪੀ ਕਾਫੀ ਕੁਝ ਕਹਿ ਰਹੀ ਹੈ। ਉਨ੍ਹਾਂ ਭਾਈ ਗੁਰਬਖ਼ਸ਼ ਸਿੰਘ ਖਾਲਸਾ ਨੂੰ ਭੁੱਖ ਹੜਤਾਲ ਖ਼ਤਮ ਕਰਨ ਦੀ ਅਪੀਲ ਵੀ ਕੀਤੀ। ਸ. ਚੰਨੀ ਨੇ ਸਿੱਖ ਆਗੂਆਂ ਨੂੰ ਭਰੋਸਾ ਦਿੱਤਾ ਉਹ ਜਲਦੀ ਹੀ ਬੰਦੀ ਸਿੰਘਾਂ ਦੀ ਰਿਹਾਈ ਲਈ ਕੇਂਦਰੀ ਗ੍ਰਹਿ ਮੰਤਰੀ ਨੂੰ ਮਿਲ ਕੇ ਸਿੱਖਾਂ ਦੀਆਂ ਭਾਵਨਾਵਾਂ ਤੋਂ ਜਾਣੂ ਕਰਵਾਉਣਗੇ ਤਾਂ ਜੋ ਬੰਦੀ ਸਿੱਖਾਂ ਦੀ ਰਿਹਾਈ ਲਈ ਢੁਕਵਾਂ ਹੱਲ ਕੱਢਿਆ ਜਾ ਸਕੇ।

# ਸੁਖਬੀਰ ਸਿੰਘ ਬਾਦਲ ਦੀ ਬਿਆਨਬਾਜ਼ੀ ਤੋਂ ਸਿੱਖ ਖਫਾ

**ਮੁਹਾਲੀ:** ਪੰਜਾਬ ਸਮੇਤ ਦੇਸ਼ ਦੀਆਂ ਵੱਖ-ਵੱਖ ਜੇਲ੍ਹਾਂ ਵਿਚ ਨਜ਼ਰਬੰਦ ਸਿੱਖ ਨੌਜਵਾਨਾਂ ਦੀ ਰਿਹਾਈ ਬਾਰੇ ਪੰਜਾਬ ਦੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੀ ਟਿੱਪਣੀ ਤੋਂ ਸਿੱਖ ਜਥੇਬੰਦੀਆਂ ਦੇ ਆਗੂ ਬਹੁਤ ਖ਼ਫ਼ਾ ਹਨ। ਸ. ਸੁਖਬੀਰ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਸੀ ਕਿ ਜੇਲ੍ਹਾਂ ਵਿਚ ਨਜ਼ਰਬੰਦ ਕੈਦੀਆਂ ਦਾ ਮਾਮਲਾ ਦੂਜੇ ਸੂਬਿਆਂ ਨਾਲ ਸਬੰਧਤ ਹੈ। ਲਿਹਾਜ਼ਾ ਪੰਜਾਬ ਸਰਕਾਰ ਇਸ ਬਾਰੇ ਕੁਝ ਨਹੀਂ ਕਰ ਸਕਦੀ ਹੈ।

ਗੁਰਦੁਆਰਾ ਅੰਬ ਸਾਹਿਬ ਵਿਖੇ ਅਖੰਡ ਕੀਰਤਨੀ ਜਥੇ ਦੇ ਮੁਖੀ ਆਰ.ਪੀ. ਸਿੰਘ ਨੇ ਉਪ ਮੁੱਖ ਮੰਤਰੀ ਦੀ ਇਸ ਟਿੱਪਣੀ ਦਾ ਗੰਭੀਰ ਨੋਟਿਸ ਲੈਂਦਿਆਂ ਪੰਜਾਬ ਸਰਕਾਰ ਤੇ ਸ਼੍ਰੋਮਣੀ ਕਮੇਟੀ ਨੂੰ ਇਸ ਮਾਮਲੇ 'ਤੇ ਸਥਿਤੀ ਸਪਸ਼ਟ ਕਰਨ ਲਈ ਕਿਹਾ ਹੈ। ਉਨ੍ਹਾਂ ਕਿਹਾ ਕਿ ਬੀਤੇ ਦਿਨੀਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਤੇ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਸੰਗਤ ਨੂੰ ਇਹ ਭਰੋਸਾ ਦਿੱਤਾ ਸੀ ਕਿ ਬੰਦੀ ਸਿੱਖਾਂ ਦੀ ਰਿਹਾਈ ਲਈ ਪੰਜਾਬ ਸਰਕਾਰ ਵੱਲੋਂ ਕਾਨੂੰਨੀ ਪ੍ਰਕਿਰਿਆ ਜਾਰੀ ਹੈ ਪਰ ਉਪ ਮੁੱਖ ਮੰਤਰੀ ਦਾ ਬਿਆਨ ਬਹੁਤ ਗ਼ੈਰ ਜ਼ਿੰਮੇਵਾਰਾਨਾ ਹੈ। ਉਨ੍ਹਾਂ ਸੁਖਬੀਰ ਨੂੰ ਸੂਝ ਤੋਂ ਕੰਮ ਲੈਣ ਦੀ ਸਲਾਹ ਦਿੱਤੀ।

# ਅਕਾਲ ਤਖ਼ਤ ਦੇ ਜਥੇਦਾਰ ਵੱਲੋਂ ਮੁੜ ਭਰੋਸਾ

**ਅੰਮ੍ਰਿਤਸਰ:** ਤਕਰੀਬਨ ਸਵਾ ਮਹੀਨੇ ਤੋਂ ਭੁੱਖ ਹੜਤਾਲ 'ਤੇ ਬੈਠੇ ਗੁਰਬਖਸ਼ ਸਿੰਘ ਵੱਲੋਂ ਜਿਨ੍ਹਾਂ ਛੇ ਸਿੱਖ ਕੈਦੀਆਂ ਦੀ ਰਿਹਾਈ ਦੀ ਮੰਗ ਕੀਤੀ ਜਾ ਰਹੀ ਹੈ, ਬਾਰੇ ਲੋੜੀਂਦੇ ਦਸਤਾਵੇਜ਼ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਵੱਲੋਂ ਸ਼੍ਰੋਮਣੀ ਕਮੇਟੀ ਨੂੰ ਭੇਜ ਦਿੱਤੇ ਗਏ ਹਨ। ਉਨ੍ਹਾਂ ਸ਼੍ਰੋਮਣੀ ਕਮੇਟੀ ਨੂੰ ਕਿਹਾ ਕਿ ਦਸਤਾਵੇਜ਼ਾਂ ਬਾਰੇ ਕਾਨੂੰਨੀ ਮਾਹਰਾਂ ਨਾਲ ਰਾਇ ਕਰਨ ਮਗਰੋਂ ਸਰਕਾਰ ਕੋਲ ਪਹੁੰਚ ਕਰਕੇ ਜੇਲ੍ਹਾਂ ਵਿਚ ਬੰਦ ਸਿੱਖ ਕੈਦੀਆਂ ਦੀ ਰਿਹਾਈ ਲਈ ਯਤਨ ਕੀਤੇ ਜਾਣ। ਉਧਰ, ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਨੇ ਭਰੋਸਾ ਦਿੱਤਾ ਹੈ ਕਿ ਇਨ੍ਹਾਂ ਦਸਤਾਵੇਜ਼ਾਂ ਦੀ ਘੋਖ ਕਰਕੇ ਜਲਦੀ ਹੀ ਅਗਲੀ ਕਾਰਵਾਈ ਕੀਤੀ ਜਾਵੇਗੀ।



ਇਸ ਵਫ਼ਦ ਨਾਲ ਮੁਲਾਕਾਤ ਮਗਰੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਦੱਸਿਆ ਕਿ ਵਫ਼ਦ ਵੱਲੋਂ ਸੌਂਪੇ ਗਏ ਦਸਤਾਵੇਜ਼ ਸ਼੍ਰੋਮਣੀ ਕਮੇਟੀ ਨੂੰ ਭੇਜ ਦਿੱਤੇ ਗਏ ਹਨ ਤਾਂ ਜੋ ਇਨ੍ਹਾਂ ਨੂੰ ਘੋਖਣ ਮਗਰੋਂ ਅਗਲੀ ਕਾਰਵਾਈ ਨੂੰ ਸ਼ੁਰੂ ਕੀਤਾ ਜਾ ਸਕੇ। ਉਨ੍ਹਾਂ ਕਿਹਾ ਕਿ ਸ੍ਰੀ ਅਕਾਲ ਤਖ਼ਤ ਵੱਲੋਂ ਜੇਲ੍ਹਾਂ ਵਿਚ ਬੰਦ ਸਿੱਖਾਂ ਦੀ ਰਿਹਾਈ ਲਈ ਸ਼ੁਰੂ ਤੋਂ ਹੀ ਮੰਗ ਕੀਤੀ ਜਾ ਰਹੀ ਹੈ ਤੇ ਹੁਣ ਵੀ ਆਪਣੇ ਤੌਰ 'ਤੇ ਚਾਰਾਜੋਈ ਸ਼ੁਰੂ ਕਰ ਦਿੱਤੀ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨੂੰ ਇਸ ਮਾਮਲੇ 'ਤੇ ਸਰਕਾਰ ਨਾਲ ਰਾਬਤਾ ਕਰਨ ਲਈ ਕਿਹਾ ਹੈ। ਇਸ ਦੌਰਾਨ ਉਨ੍ਹਾਂ ਗੁਰਬਖਸ਼ ਸਿੰਘ ਨੂੰ ਭੁੱਖ ਹੜਤਾਲ ਛੱਡ ਦੇਣ ਲਈ ਕਿਹਾ।

# ਜਥੇਦਾਰ ਵੱਲੋਂ ਕਾਨੂੰਨੀ ਮਾਹਿਰਾਂ ਨਾਲ ਸਲਾਹ

**ਅੰਮ੍ਰਿਤਸਰ:** ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਵੱਲੋਂ ਕਾਨੂੰਨਦਾਨਾਂ ਨਾਲ ਵੀ ਮੁਲਾਕਾਤ ਕੀਤੀ ਹੈ। ਇਨ੍ਹਾਂ ਕਾਨੂੰਨੀ ਮਾਹਿਰਾਂ ਨੇ ਵਫ਼ਦ ਵੱਲੋਂ ਸੌਂਪੇ ਗਏ ਦਸਤਾਵੇਜ਼ ਦੇਖੇ ਹਨ ਤੇ ਇਸ ਬਾਰੇ ਆਪਣੀ ਰਾਇ ਜਥੇਦਾਰ ਅਕਾਲ ਤਖ਼ਤ ਨੂੰ ਦਿੱਤੀ ਹੈ। ਹਾਸਲ ਜਾਣਕਾਰੀ ਅਨੁਸਾਰ ਕਾਨੂੰਨਦਾਨਾਂ ਨੇ ਕਿਹਾ ਕਿ ਇਨ੍ਹਾਂ ਛੇ ਸਿੱਖ ਵਿਅਕਤੀਆਂ ਵਿਚੋਂ ਤਿੰਨ ਸਿੱਖ ਕੈਦੀ ਬੁੜੈਲ ਜੇਲ੍ਹ ਵਿਚ ਹਨ ਤੇ ਇਨ੍ਹਾਂ ਦਾ ਮਾਮਲਾ ਚੰਡੀਗੜ੍ਹ ਪ੍ਰਸ਼ਾਸਨ ਨਾਲ ਸਬੰਧਤ ਹੈ ਜਦੋਂਕਿ ਬਾਕੀ ਤਿੰਨ ਪੰਜਾਬ ਤੋਂ ਬਾਹਰਲੀਆਂ ਜੇਲ੍ਹਾਂ ਵਿਚ ਹਨ।

ਇਨ੍ਹਾਂ ਵਿਚੋਂ ਵਰਿਆਮ ਸਿੰਘ ਯੂ.ਪੀ. ਜੇਲ੍ਹ ਵਿਚ ਤੇ ਲਾਲ ਸਿੰਘ ਗੁਜਰਾਤ ਜੇਲ੍ਹ ਵਿਚ ਹੈ। ਉਨ੍ਹਾਂ ਸੁਝਾਅ ਦਿੱਤਾ ਕਿ ਬੁੜੈਲ ਜੇਲ੍ਹ ਵਿਚ ਬੰਦ ਬੇਅੰਤ ਸਿੰਘ ਹੱਤਿਆ ਕਾਂਡ ਨਾਲ ਸਬੰਧਤ ਤਿੰਨ ਸਿੱਖ ਕੈਦੀਆਂ ਦੀ ਰਿਹਾਈ ਲਈ ਜੇਕਰ ਪੰਜਾਬ ਸਰਕਾਰ ਵੱਲੋਂ ਹਾਂਪੱਖੀ ਰਿਪੋਰਟ ਦਿੱਤੀ ਜਾਵੇ ਤਾਂ ਇਨ੍ਹਾਂ ਦੀ ਰਿਹਾਈ ਜਲਦੀ ਸੰਭਵ ਹੋ ਸਕਦੀ ਹੈ। ਇਸੇ ਤਰ੍ਹਾਂ ਹੋਰ ਸੂਬਿਆਂ ਵਿਚ ਬੰਦ ਸਿੱਖਾਂ ਦੀ ਰਿਹਾਈ ਲਈ ਵੀ ਜੇਕਰ ਸਰਕਾਰੀ ਪੱਧਰ 'ਤੇ ਯਤਨ ਹੋਣ ਤਾਂ ਉਨ੍ਹਾਂ ਦੀ ਰਿਹਾਈ ਵੀ ਸੰਭਵ ਹੋ ਸਕਦੀ ਹੈ। ਉਨ੍ਹਾਂ ਦੱਸਿਆ ਕਿ ਯੂਪੀ ਦੀ ਜੇਲ੍ਹ ਵਿਚ ਬੰਦ ਸਿੱਖ ਕੈਦੀ ਵਰਿਆਮ ਸਿੰਘ ਨਾਲ ਇਸ ਮਾਮਲੇ ਵਿਚ ਸਬੰਧਤ ਹੋਰ ਕੈਦੀਆਂ ਨੂੰ ਰਿਹਾਅ ਕੀਤਾ ਜਾ ਚੁੱਕਾ ਹੈ ਤੇ ਹੁਣ ਸਿਰਫ ਉਹ ਇਕੱਲਾ ਹੀ ਜੇਲ੍ਹ ਵਿਚ ਬੰਦ ਹੈ। ਇਸ ਬਾਰੇ ਗੱਲ ਕਰਦਿਆਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਕਿਹਾ ਕਿ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਵੱਲੋਂ ਭੇਜੇ ਗਏ ਕਾਨੂੰਨੀ ਦਸਤਾਵੇਜ਼ਾਂ ਦੀ ਘੋਖ ਕਰਨ ਲਈ ਕਾਨੂੰਨ ਮਾਹਿਰਾਂ ਦੀ ਮਦਦ ਲਈ ਜਾਵੇਗੀ ਤੇ ਜਲਦੀ ਹੀ ਸਰਕਾਰ ਕੋਲ ਪਹੁੰਚ ਕੀਤੀ ਜਾਵੇਗੀ ਤਾਂ ਜੋ ਇਨ੍ਹਾਂ ਦੀ ਰਿਹਾਈ ਸੰਭਵ ਹੋ ਸਕੇ।

# ਗਾਇਕਾ ਮਿਸ ਪੂਜਾ ਭਾਜਪਾ ਵਿਚ ਸ਼ਾਮਲ



**ਚੰਡੀਗੜ੍ਹ:** ਪੰਜਾਬੀ ਗਾਇਕਾ ਮਿਸ ਪੂਜਾ ਨੇ ਭਾਰਤੀ ਜਨਤਾ ਪਾਰਟੀ ਵਿਚ ਸ਼ਾਮਲ ਹੋਣ ਦਾ ਐਲਾਨ ਕਰ ਦਿੱਤਾ। ਪਾਰਟੀ ਦਫ਼ਤਰ ਵਿਚ ਇਹ ਐਲਾਨ ਕਰਦਿਆਂ ਪੰਜਾਬੀ ਗਾਇਕਾ ਨੇ ਕਿਹਾ ਕਿ ਉਹ ਰਾਜਨੀਤੀ ਦੇ ਖੇਤਰ ਵਿਚ ਬੱਚਿਆਂ ਤੇ ਮਹਿਲਾਵਾਂ ਦੀ ਭਲਾਈ ਲਈ ਯੋਗਦਾਨ ਪਾਉਣ ਦੇ ਮਕਸਦ ਨਾਲ ਆਈ ਹੈ। ਉਨ੍ਹਾਂ ਕਿਹਾ ਕਿ ਔਰਤਾਂ ਨੂੰ ਉਨ੍ਹਾਂ ਦੇ ਅਧਿਕਾਰਾਂ ਪ੍ਰਤੀ ਜਾਗਰੂਕ ਕਰਨਾ ਹੀ ਉਨ੍ਹਾਂ ਦਾ ਪ੍ਰਮੁੱਖ ਨਿਸ਼ਾਨਾ ਹੈ।

ਮਿਸ ਪੂਜਾ ਨੇ ਕਿਹਾ ਕਿ ਇਕ ਔਰਤ ਹੋਣ ਦੇ ਨਾਮ 'ਤੇ ਉਹ ਮਹਿਲਾਵਾਂ ਦੀਆਂ ਸਮੱਸਿਆਵਾਂ ਨੂੰ ਸਮਝਦੀ ਹੈ। ਉਨ੍ਹਾਂ ਕਿਹਾ ਕਿ ਭਾਰਤੀ ਜਨਤਾ ਪਾਰਟੀ ਦੇ ਆਗੂ ਨਰਿੰਦਰ ਮੋਦੀ ਦੇਸ਼ ਨੂੰ ਨਵੀਂ ਦਿਸ਼ਾ ਦੇਣ ਲਈ ਮੈਦਾਨ ਵਿਚ ਆਏ ਹਨ। ਉਨ੍ਹਾਂ ਕਿਹਾ ਕਿ ਮੁਲਕ ਅੱਜ ਨਰਿੰਦਰ ਮੋਦੀ ਦੀ ਅਗਵਾਈ ਦਾ ਇੰਤਜ਼ਾਰ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਉਹ ਪਹਿਲਾਂ ਤੋਂ ਹੀ ਸ਼੍ਰੋਮਣੀ ਅਕਾਲੀ ਦਲ ਤੇ ਭਾਰਤੀ ਜਨਤਾ ਪਾਰਟੀ ਦੀਆਂ ਨੀਤੀਆਂ ਦੀ ਸਮਰਥਕ ਰਹੀ ਹੈ। ਇਸੇ ਕਰਕੇ ਇਸ ਪਾਰਟੀ ਵਿਚ ਸ਼ਮੂਲੀਅਤ ਦਾ ਐਲਾਨ ਕੀਤਾ ਹੈ। ਉਨ੍ਹਾਂ ਕਿਹਾ ਕਿ ਉਹ ਪਾਰਟੀ ਵੱਲੋਂ ਦਿੱਤੀ ਜ਼ਿੰਮੇਵਾਰੀ ਨਿਭਾਏਗੀ।

ਭਾਰਤੀ ਜਨਤਾ ਪਾਰਟੀ ਦੀ ਪੰਜਾਬ ਇਕਾਈ ਦੇ ਪ੍ਰਧਾਨ ਕਮਲ ਸ਼ਰਮਾ ਨੇ ਮਿਸ ਪੂਜਾ ਦਾ ਪਾਰਟੀ ਵਿਚ ਆਉਣ 'ਤੇ ਸਵਾਗਤ ਕੀਤਾ ਤੇ ਕਿਹਾ ਕਿ ਉਨ੍ਹਾਂ ਨੂੰ ਪਾਰਟੀ ਵਿਚ ਬਣਦਾ ਸਤਿਕਾਰ ਦਿੱਤਾ ਜਾਵੇਗਾ। ਪਾਰਟੀ ਦੇ ਸੀਨੀਅਰ ਆਗੂ ਬਲਰਾਮਜੀ ਦਾਸ ਟੰਡਨ ਨੇ ਕਿਹਾ ਕਿ ਕਾਂਗਰਸ ਦੇ ਸਫਾਏ ਦਾ ਮੁੱਢ ਚਾਰ ਰਾਜਾਂ ਵਿਚ ਹੋਈਆਂ ਚੋਣਾਂ ਨੇ ਬੰਨ੍ਹ ਦਿੱਤਾ ਹੈ ਤੇ ਹੁਣ ਕੋਈ ਵੀ ਤਾਕਤ ਨਰਿੰਦਰ ਮੋਦੀ ਨੂੰ ਪ੍ਰਧਾਨ ਮੰਤਰੀ ਬਣਨ ਤੋਂ ਰੋਕ ਨਹੀਂ ਸਕਦੀ।


ਇੰਡੀਅਨ ਰੈਸਟੋਰੈਂਟ ਵਿਕਾਊ ਹੈ

ਇੰਡੀਅਨਐਪੋਲਿਸ ਵਿਚ ਬਹੁਤ ਵਧੀਆ ਚਲਦਾ
ਇੰਡੀਅਨ ਰੈਸਟੋਰੈਂਟ ਵਿਕਾਊ ਹੈ
120 ਸੀਟਾਂ, ਬਹੁਤ ਹੀ ਵਧੀਆ ਬਣਿਆ ਹੋਇਆ
ਵਧੀਆ ਲੋਕੇਸ਼ਨ 'ਤੇ

ਫੋਨ: 317-250-3545



H K TRANSPORT INC
Division of HK Incorporated
1401 West Ray St, Indianapolis, IN 46221
Ph: 317-408-3211, web: www.hktransportinc.com

ਓਨਰ ਅਪਰੇਟਰਾਂ ਅਤੇ ਡਰਾਈਵਰਾਂ ਦੀ ਲੋੜ ਹੈ



ਸਾਰੀਆਂ 48 ਸਟੇਟਾਂ ਲਈ, ਡਰਾਈ ਫਰੇਟ, 100% ਨੋ ਟੱਚ, ਨਵੇਂ ਨਕੋਰ ਟਰੇਲਰ
ਡਾਇਰੈਕਟ ਡਿਪੋਜ਼ਿਟ, ਮੈਡੀਕਲ ਸਹੂਲਤਾਂ ਅਤੇ 5000 ਡਾਲਰ ਸਾਈਨ-ਇਨ ਬੋਨਸ

| ਓਨਰ ਅਪਰੇਟਰਾਂ ਲਈ | ਡਰਾਈਵਰ ਲਈ |
|---|---|
| 92% ਫਲੈਟ ਡਿਸਪੈਚ | 42 ਸੈਂਟ ਤੱਕ ਪ੍ਰਤੀ ਮੀਲ |
| 30 ਸੈਂਟ/ਗੈਲਨ ਤੱਕ ਫਿਊਲ ਡਿਸਕਾਊਂਟ | 95% ਲੋਡ ਯਾਰਡ 'ਚ ਹੁੱਕ ਐਂਡ ਡਰਾਪ |
| ਨਵੇਂ ਨਕੋਰ ਟਰੇਲਰ | ਨਵੇਂ ਨਕੋਰ ਟਰੇਲਰ |
| ਨੈਸ਼ਨਲ ਟਾਇਰ ਰਿਬੇਟ ਪ੍ਰੋਗਰਾਮ | ਵਧੀਆ ਅਤੇ ਸਾਫ ਸੁਥਰੇ ਟਰੱਕ |
| ਹਰ 15 ਦਿਨ ਬਾਅਦ ਅਦਾਇਗੀ | ਹਰ 15 ਦਿਨ ਪਿਛੋਂ ਤਨਖਾਹ |

ਲੋੜੀਂਦੀ ਯੋਗਤਾ:
■ਕਲਾਸ ਏ ਸੀ ਡੀ ਐਲ ਅਤੇ ਸਾਫ-ਸੁਥਰਾ ਰਿਕਾਰਡ ਹੋਵੇ ■ਉਮਰ ਘੱਟੋ ਘੱਟ 23 ਸਾਲ
■ਘੱਟੋ ਘੱਟ 2 ਸਾਲ ਦਾ ਓ ਟੀ ਆਰ ਅਤੇ ਕੁਲ 5 ਸਾਲ ਦਾ ਤਸਦੀਕਯੋਗ ਤਜ਼ਰਬਾ ਹੋਵੇ।

ਤੁਸੀਂ ਸਾਡੇ 'ਲੀਜ਼ ਟੂ ਬਾਈ' ਪ੍ਰੋਗਰਾਮ ਦਾ ਲਾਭ ਵੀ ਉਠਾ ਸਕਦੇ ਹੋ
ਡਾਇਰੈਕਟ ਡਿਪਾਜ਼ਿਟ ਅਤੇ ਪੰਪ 'ਤੇ ਫਿਊਲ ਰਿਬੇਟ

ਸੰਪਰਕ ਕਰੋ: ਫੋਨ 317-408-3211
ਜਾਂ ਵੈਬ ਸਾਈਟ www.hktransportinc.com 'ਤੇ ਅਰਜੀ ਭਰੋ

# ਦੇਵਯਾਨੀ ਕੇਸ: ਭਾਰਤ ਵੱਲੋਂ ਅਮਰੀਕਾ ਨੂੰ ਕਰਾਰਾ ਜਵਾਬ

**ਨਵੀਂ ਦਿੱਲੀ:** ਭਾਰਤ ਨੇ ਨਿਊ ਯਾਰਕ ਵਿਚ ਨਿਯੁਕਤ ਡਿਪਟੀ ਕੌਂਸਲ ਜਨਰਲ ਦੇਵਯਾਨੀ ਖੋਬਰਗੜੇ ਦੀ ਗ੍ਰਿਫਤਾਰੀ ਅਤੇ ਉਸ ਦੀ ਜਾਮਾ ਤਲਾਸ਼ੀ ਨੂੰ ਘਿਨਾਉਣੀ ਕਾਰਵਾਈ ਕਰਾਰ ਦਿੰਦਿਆਂ ਅਮਰੀਕੀ ਡਿਪਲੋਮੈਟਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੇ ਵਿਸ਼ੇਸ਼ ਅਧਿਕਾਰ ਖੋਹ ਲਏ ਹਨ ਅਤੇ ਉਨ੍ਹਾਂ ਨੂੰ ਦਿੱਤੇ ਹਵਾਈ ਅੱਡੇ ਵਾਲੇ ਪਾਸ ਵਾਪਸ ਲੈਣ ਤੇ ਅਮਰੀਕੀ ਸਫਾਰਤਖਾਨੇ ਲਈ ਦਰਾਮਦ ਮਨਜ਼ੂਰੀ ਰੋਕਣ ਸਣੇ ਕਈ ਸਖਤ ਕਦਮ ਚੁੱਕੇ ਹਨ। ਅਮਰੀਕਾ ਦੇ ਸਾਰੇ ਡਿਪਲੋਮੈਟਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਆਪਣੇ ਪਛਾਣ ਪੱਤਰ ਤੁਰੰਤ ਜਮ੍ਹਾਂ ਕਰਾਉਣ ਲਈ ਕਿਹਾ ਗਿਆ ਹੈ। ਹੁਣ ਇਨ੍ਹਾਂ ਨੂੰ ਉਹੀ ਸਹੂਲਤਾਂ ਤੇ ਛੋਟਾਂ ਦਿੱਤੀਆਂ ਜਾਣਗੀਆਂ, ਜਿਹੋ ਜਿਹੀਆਂ ਅਮਰੀਕਾ ਵਿਚ ਭਾਰਤੀ ਡਿਪਲੋਮੈਟਾਂ ਨੂੰ ਅਮਰੀਕਾ ਮੁਹੱਈਆ ਕਰਵਾਉਂਦਾ ਹੈ। ਇਹੀ ਨਹੀਂ ਅਮਰੀਕੀ ਸਫਾਰਤਕਾਨੇ ਦੀ ਸੁਰੱਖਿਆ ਵੀ ਘਟਾ ਲਈ ਹੈ। ਨਵੀਂ ਦਿੱਲੀ ਵਿਚ ਅਮਰੀਕੀ ਸਫਾਰਤਖਾਨੇ ਵਾਲੀ ਸੜਕ ਉਪਰੋਂ ਸਾਰੀਆਂ ਰੋਕਾਂ ਹਟਾ ਲਈਆਂ ਗਈਆਂ ਹਨ। ਹੁਣ ਸਿਰਫ ਚੌਕੀ ਹੀ ਰਹਿ ਗਈ



ਹੈ।

ਚੇਤੇ ਰਹੇ ਕਿ 1999 ਬੈਚ ਦੀ ਭਾਰਤੀ ਵਿਦੇਸ਼ ਸੇਵਾ (ਆਈ.ਐਫ.ਐਸ.) ਦੀ ਅਧਿਕਾਰੀ ਦੇਵਯਾਨੀ (39) ਨੂੰ ਵੀਜ਼ਾ ਧੋਖਾਧੜੀ ਦੇ ਦੋਸ਼ ਵਿਚ ਪਿਛਲੇ ਹਫਤੇ ਨਿਊ ਯਾਰਕ ਵਿਚ ਇਕ ਸੜਕ ਉਪਰ ਹੀ ਉਦੋਂ ਹਿਰਾਸਤ ਵਿਚ ਲੈ ਲਿਆ ਗਿਆ ਸੀ ਜਦੋਂ ਉਹ ਆਪਣੀ ਧੀ ਨੂੰ ਸਕੂਲ ਛੱਡਣ ਜਾ ਰਹੀ ਸੀ। ਉਸ ਨੂੰ ਸ਼ਰੇਆਮ ਹੱਥਕੜੀ ਲਗਾਈ ਗਈ ਅਤੇ ਬਾਅਦ ਵਿਚ 2.50 ਲੱਖ ਡਾਲਰ ਦੇ ਜਾਤੀ ਮੁਚੱਲਕੇ 'ਤੇ ਛੱਡਿਆ ਗਿਆ ਸੀ। ਇਸ ਘਟਨਾ ਮਗਰੋਂ ਨਵੀਂ ਦਿੱਲੀ ਵਿਖੇ ਵਿਦੇਸ਼ ਸਕੱਤਰ ਸੁਜਾਤਾ ਸਿੰਘ ਨੇ ਅਮਰੀਕੀ ਰਾਜਦੂਤ ਨੈਨਸੀ ਪਾਵੈੱਲ ਨੂੰ ਤਲਬ ਕੀਤਾ ਸੀ।

ਇਸੇ ਦੌਰਾਨ ਦੇਵਯਾਨੀ ਦੇ ਪਿਤਾ ਉਤਮ ਖੋਬਰਗੜੇ ਨੇ ਇਸ ਮਾਮਲੇ ਬਾਰੇ ਗ੍ਰਹਿ ਮੰਤਰੀ ਸੁਸ਼ੀਲ ਕੁਮਾਰ ਸ਼ਿੰਦੇ ਨਾਲ ਮੁਲਾਕਾਤ ਕੀਤੀ। ਮੰਤਰੀ ਨੇ ਉਨ੍ਹਾਂ ਨੂੰ ਭਰੋਸਾ ਦਿੱਤਾ ਕਿ ਨਿਆਂ ਲੈਣ ਲਈ ਕੋਈ ਕਸਰ ਨਹੀਂ ਛੱਡੀ ਜਾਵੇਗੀ। ਵਿਦੇਸ਼ ਮੰਤਰੀ ਸਲਮਾਨ ਖੁਰਸ਼ੀਦ ਨੇ ਵੀ ਕਿਹਾ ਹੈ ਕਿ ਅਮਰੀਕਾ ਵੱਲੋਂ ਉਨ੍ਹਾਂ ਦੀ ਡਿਪਲੋਮੈਟ ਨਾਲ ਕੀਤਾ ਗਿਆ ਸਲੂਕ ਗੰਭੀਰ ਮਾਮਲਾ ਹੈ ਤੇ ਇਸ ਬਾਰੇ ਕੋਈ ਢਿੱਲ ਨਹੀਂ ਵਰਤੀ ਜਾਵੇਗੀ।

ਉਧਰ ਅਮਰੀਕਾ ਨੇ ਭਾਰਤੀ ਡਿਪਲੋਮੈਟ ਦੇਵਯਾਨੀ ਖੋਬਰਗੜੇ ਦੀ ਜਾਮਾ ਤਲਾਸ਼ੀ ਲੈਣ ਨੂੰ ਸਹੀ ਕਰਾਰ ਦਿੰਦਿਆਂ ਕਿਹਾ ਹੈ ਕਿ ਭਾਰਤੀ ਡਿਪਲੋਮੈਟ ਦੀ ਗ੍ਰਿਫਤਾਰੀ ਵੇਲੇ ਦੇਸ਼ ਦੇ ਕਾਨੂੰਨ ਅਨੁਸਾਰ ਹੀ ਕਾਰਵਾਈ ਕੀਤੀ ਗਈ। ਕਿਸੇ ਨਾਲ ਕਾਨੂੰਨ ਤੋਂ ਬਾਹਰ ਕੋਈ ਵਧੀਕੀ ਨਹੀਂ ਕੀਤੀ ਗਈ।

ਅਮਰੀਕੀ ਵਫ਼ਦ ਦਾ ਬਾਈਕਾਟ: ਅਮਰੀਕਾ ਵਿਚ ਭਾਰਤੀ ਡਿਪਲੋਮੈਟ ਨਾਲ ਕੀਤੇ ਗਏ ਮਾੜੇ ਸਲੂਕ ਤੋਂ ਨਾਰਾਜ਼ ਗੁਜਰਾਤ ਦੇ ਮੁੱਖ ਮੰਤਰੀ ਤੇ ਭਾਜਪਾ ਦੇ ਪ੍ਰਧਾਨ ਮੰਤਰੀ ਲਈ ਉਮੀਦਵਾਰ ਨਰਿੰਦਰ ਮੋਦੀ ਨੇ ਅਮਰੀਕੀ ਸੰਸਦ ਦੇ ਵਫਦ ਨੂੰ ਨਾ ਮਿਲਣ ਦਾ ਫੈਸਲਾ ਕੀਤਾ ਹੈ। ਇਸੇ ਦੌਰਾਨ ਕਾਂਗਰਸ ਦੇ ਮੀਤ ਪ੍ਰਧਾਨ ਰਾਹੁਲ ਗਾਂਧੀ ਅਤੇ ਗ੍ਰਹਿ ਮੰਤਰੀ ਸੁਸ਼ੀਲ ਕੁਮਾਰ ਸ਼ਿੰਦੇ ਨੇ ਵੀ ਅਮਰੀਕੀ ਵਫਦ ਨਾਲ ਮੁਲਾਕਾਤ ਨਹੀਂ ਕੀਤੀ। ਇਸ ਤੋਂ ਪਹਿਲਾਂ ਲੋਕ ਸਭਾ ਸਪੀਕਰ ਮੀਰਾ ਕੁਮਾਰ ਅਤੇ ਕੌਮੀ ਸੁਰੱਖਿਆ ਸਲਾਹਕਾਰ ਸ਼ਿਵ ਸ਼ੰਕਰ ਮੈਨਨ ਨੇ ਵੀ ਅਮਰੀਕੀ ਟੀਮ ਨੂੰ ਮਿਲਣ ਤੋਂ ਨਾਂਹ ਕਰ ਦਿੱਤੀ ਸੀ।

## ਅਮਰੀਕੀ ਅਦਾਲਤ ਵੱਲੋਂ ਸੋਨੀਆ ਤੋਂ ਜਵਾਬ ਤਲਬ

**ਨਿਊ ਯਾਰਕ:** ਨਵੰਬਰ 1984 ਦੇ ਸਿੱਖ ਕਤਲੇਆਮ ਦੇ ਦੋਸ਼ੀਆਂ ਨੂੰ ਸਰਪ੍ਰਸਤੀ ਦੇਣ ਤੇ ਉਨ੍ਹਾਂ ਨੂੰ ਕਾਂਗਰਸ ਪਾਰਟੀ ਦੀਆਂ ਟਿਕਟਾਂ ਨਾਲ ਨਿਵਾਜਣ ਦੇ ਦੋਸ਼ ਬਾਰੇ ਸਿੱਖ ਜਥੇਬੰਦੀ ਸਿੱਖਜ਼ ਫਾਰ ਜਸਟਿਸ ਵੱਲੋਂ ਦਾਇਰ ਪਟੀਸ਼ਨ 'ਤੇ ਅਮਰੀਕੀ ਅਦਾਲਤ ਨੇ ਕੁੱਲ ਹਿੰਦ ਕਾਂਗਰਸ ਕਮੇਟੀ ਦੀ ਪ੍ਰਧਾਨ ਸੋਨੀਆ ਗਾਂਧੀ ਨੂੰ 2 ਜਨਵਰੀ ਤੱਕ ਜਵਾਬ ਦਾਇਰ ਕਰਨ ਲਈ ਕਿਹਾ ਹੈ।

ਜਥੇਬੰਦੀ ਨੇ ਅਦਾਲਤ ਵਿਚ 4 ਦਸੰਬਰ ਨੂੰ ਆਪਣੀ ਸੋਧੀ ਹੋਈ ਪਟੀਸ਼ਨ ਦਾਇਰ ਕੀਤੀ ਸੀ ਜਿਸ ਵਿਚ ਇਸ ਨੇ ਦੋਸ਼ ਲਾਇਆ ਕਿ ਸੋਨੀਆ ਗਾਂਧੀ ਨੇ ਭਾਰਤ ਵਿਚ ਹੋਏ 1984 ਦੇ ਸਿੱਖ ਕਤਲੇਆਮ ਦੇ ਦੋਸ਼ੀ ਕਾਂਗਰਸ ਦੇ ਆਗੂਆਂ ਨੂੰ ਦੋਸ਼ ਮੁਕਤ ਕਰਦਿਆਂ ਉਨ੍ਹਾਂ ਨੂੰ ਪਾਰਟੀ ਟਿਕਟਾਂ ਨਾਲ ਨਿਵਾਜਿਆ ਤੇ ਉਨ੍ਹਾਂ ਨੂੰ ਆਪਣੀ ਸਰਪ੍ਰਸਤੀ ਦਿੱਤੀ। ਸਿੱਖਜ਼ ਫਾਰ ਜਸਟਿਸ ਦਾ ਇਹ ਕੇਸ ਅਮਰੀਕੀ ਫੈਡਰਲ ਕੋਰਟ ਦੇ ਅਧਿਕਾਰ ਖੇਤਰ ਵਿਚ ਆਉਂਦਾ ਹੈ ਕਿਉਂਕਿ ਇਹ ਕੇਸ 'ਐਲੀਅਨ ਟੋਰਟ ਸਟੈਚੂ ਐਂਡ ਟਾਰਚਰ ਵਿਕਟਮ ਪ੍ਰੋਟੈਕਸ਼ਨ ਐਕਟ 1992' ਉਤੇ ਆਧਾਰਤ ਹੈ।

## ਪੰਜਾਬ-ਹਰਿਆਣਾ 'ਚ ਛਾਈ ਸੰਘਣੀ ਧੁੰਦ

**ਚੰਡੀਗੜ੍ਹ (ਬਿਊਰੋ):** ਪੰਜਾਬ ਅਤੇ ਹਰਿਆਣਾ ਦੇ ਬਹੁਤੇ ਹਿੱਸਿਆਂ ਵਿਚ ਅੱਜਕੱਲ੍ਹ ਸੰਘਣੀ ਧੁੰਦ ਪੈ ਰਹੀ ਹੈ ਕਾਰਨ ਹਵਾਈ, ਰੇਲ ਅਤੇ ਸੜਕੀ ਆਵਾਜਾਈ ਵਿਚ ਲਗਾਤਾਰ ਵਿਘਨ ਪੈ ਰਿਹਾ ਹੈ। ਵਧੇਰੇ ਧੁੰਦ ਪਟਿਆਲਾ, ਅੰਮ੍ਰਿਤਸਰ, ਲੁਧਿਆਣਾ, ਹਿਸਾਰ, ਕਰਨਾਲ ਤੇ ਅੰਬਾਲਾ ਵਿਚ ਪਈ ਹੈ।

ਸੰਘਣੀ ਧੁੰਦ ਕਾਰਨ ਅੰਮ੍ਰਿਤਸਰ ਅਤੇ ਚੰਡੀਗੜ੍ਹ ਦੇ ਹਵਾਈ ਅੱਡਿਆਂ ਤੋਂ ਉਡਾਨਾਂ ਰੱਦ ਕਰਨੀਆਂ ਪਈਆਂ ਜਾਂ ਇਹ ਲੇਟ ਹੋ ਗਈਆਂ। ਇਸੇ ਤਰ੍ਹਾਂ ਰੇਲ ਆਵਾਜਾਈ ਵਿਚ ਵੀ ਵਿਘਨ ਪਿਆ। ਦੂਜੇ ਬੰਨ੍ਹੇ ਖੇਤੀਬਾੜੀ ਵਿਭਾਗ ਦੇ ਮਾਹਿਰਾਂ ਅਤੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਵਿਗਿਆਨੀਆਂ ਨੇ ਕਈ ਦਿਨਾਂ ਤੋਂ ਪੱਸਰੀ ਧੁੰਦ ਨੂੰ ਹਾੜ੍ਹੀ ਦੀ ਮੁੱਖ ਫ਼ਸਲ ਕਣਕ ਲਈ ਲਾਭਦਾਇਕ ਦੱਸਿਆ ਹੈ। ਮਾਹਿਰਾਂ ਮੁਤਾਬਕ ਇਹ ਧੁੰਦ ਜੌਆਂ ਅਤੇ ਕਿਨੂੰਆਂ ਦੀ ਮਿਠਾਸ ਵਾਸਤੇ ਵੀ ਚੰਗੀ ਹੈ।

# ਦਿੱਲੀ ਵਿਚ ਰਾਸ਼ਟਰਪਤੀ ਸ਼ਾਸਨ ਦੀ ਸਿਫਾਰਸ਼

**ਨਵੀਂ ਦਿੱਲੀ:** ਦਿੱਲੀ ਦੇ ਉਪ ਰਾਜਪਾਲ ਨਜੀਬ ਜੰਗ ਨੇ ਦਿੱਲੀ ਵਿਚ ਰਾਸ਼ਟਰਪਤੀ ਸ਼ਾਸਨ ਲਾਉਣ ਦੀ ਸਿਫਾਰਸ਼ ਕੀਤੀ ਹੈ ਕਿਉਂਕਿ ਨਵੀਂ ਸਰਕਾਰ ਦੇ ਗਠਨ ਨੂੰ ਲੈ ਕੇ ਰੇੜਕਾ ਅਜੇ ਤੱਕ ਬਰਕਰਾਰ ਹੈ ਤੇ ਕੋਈ ਵੀ ਸਿਆਸੀ ਪਾਰਟੀ ਸਰਕਾਰ ਬਣਾਉਣ ਦਾ ਦਾਅਵਾ ਨਹੀਂ ਪੇਸ਼ ਕਰ ਰਹੀ। ਸਰਕਾਰੀ ਸੂਤਰਾਂ ਅਨੁਸਾਰ ਸਭ ਤੋਂ ਵੱਡੇ ਦਲ ਦੇ ਰੂਪ ਵਿਚ ਉੱਭਰੀ ਭਾਜਪਾ ਤੇ ਆਮ ਆਦਮੀ ਪਾਰਟੀ ਤੇ ਕਾਂਗਰਸ ਨਾਲ ਵਿਚਾਰ ਕਰਨ ਤੋਂ ਬਾਅਦ ਉਪ ਰਾਜਪਾਲ ਨੇ ਰਾਸ਼ਟਰਪਤੀ ਨੂੰ ਸੌਂਪੀ ਆਪਣੀ ਰਿਪੋਰਟ ਵਿਚ ਰਾਸ਼ਟਰਪਤੀ ਸ਼ਾਸਨ ਲਾਉਣ ਲਈ ਸੁਝਾਅ ਦਿੱਤਾ ਹੈ।

ਕੇਂਦਰੀ ਗ੍ਰਹਿ ਮੰਤਰੀ ਸੁਸ਼ੀਲ ਕੁਮਾਰ ਸ਼ਿੰਦੇ ਨੇ ਕਿਹਾ ਕਿ ਉਪ ਰਾਜਪਾਲ ਨੇ ਕੁਝ ਵਿਕਲਪ ਦਿੱਤੇ ਹਨ। ਇਸ ਰਿਪੋਰਟ ਅਨੁਸਾਰ 'ਆਪ' ਨੇਤਾ ਅਰਵਿੰਦ ਕੇਜਰੀਵਾਲ ਨੇ ਹੋਰ ਸਲਾਹ ਮਸ਼ਵਰੇ ਦੇ ਲਈ ਸਮਾਂ ਮੰਗਿਆ ਹੈ। ਇਸ ਰਿਪੋਰਟ ਵਿਚ ਉਪ ਰਾਜਪਾਲ ਨੇ ਕਿਹਾ ਕਿ ਦਿੱਲੀ 'ਚ ਰਾਸ਼ਟਰਪਤੀ ਰਾਜ ਲਾਉਣਾ ਚਾਹੀਦਾ ਹੈ ਤੇ ਜਦੋਂ ਤੱਕ ਕੋਈ ਸਾਂਝੀ ਸਰਕਾਰ ਨਹੀਂ ਬਣਦੀ, ਵਧਾਨ ਸਭਾ ਨੂੰ ਮੁਅੱਤਲ ਰੱਖਣਾ ਚਾਹੀਦਾ ਹੈ।

ਦਿੱਲੀ 'ਚ ਸਰਕਾਰ ਬਣਾਉਣ ਲਈ 'ਆਪ' ਵੱਲੋਂ ਕਾਂਗਰਸ ਅੱਗੇ ਰੱਖੀਆਂ 18 ਸ਼ਰਤਾਂ ਨੂੰ ਕਾਂਗਰਸ ਨੇ ਮੰਨ ਲਿਆ ਹੈ। ਸ਼ਰਤਾਂ ਮੰਨ ਲੈਣ ਤੋਂ ਬਾਅਦ ਹੁਣ ਦਿੱਲੀ 'ਚ 'ਆਪ' ਪਾਰਟੀ ਦੀ ਸਰਕਾਰ ਬਣਾਉਣ ਦਾ ਰਸਤਾ ਸਾਫ ਹੋ ਗਿਆ ਹੈ। ਕਾਂਗਰਸ ਨੇ ਆਪਣੇ ਜਵਾਬ ਵਿਚ ਲਿਖਿਆ ਕਿ ਕੇਜਰੀਵਾਲ ਦੀਆਂ 16 ਮੰਗਾਂ ਪ੍ਰਸ਼ਾਸਨ ਨਾਲ ਜੁੜੀਆਂ ਹਨ ਜਿਸ ਨੂੰ ਪੂਰਾ ਕਰਨਾ ਸਰਕਾਰ ਦਾ ਕੰਮ ਹੋਵੇਗਾ ਤੇ ਇਨ੍ਹਾਂ ਨੂੰ ਪੂਰਾ ਕਰਨ ਲਈ ਕਾਂਗਰਸ ਸਹਿਯੋਗ ਦੇਵੇਗੀ ਜਦਕਿ ਹੋਰ 2 ਮੰਗਾਂ 'ਤੇ ਕਾਂਗਰਸ ਨੇ ਕਿਹਾ ਕਿ ਲੋਕਾਯੁਕਤ ਪਹਿਲੇ ਤੋਂ ਹੀ ਦਿੱਲੀ ਵਿਚ ਹੈ, ਜੇਕਰ ਆਮ ਆਦਮੀ ਪਾਰਟੀ ਲੋਕਾਯੁਕਤ ਨੂੰ ਹੋਰ ਮਜ਼ਬੂਤ ਕਰਨਾ ਚਾਹੁੰਦੀ ਹੈ ਤਾਂ ਕਾਂਗਰਸ ਸੰਵਿਧਾਨ ਦੇ ਦਾਇਰੇ 'ਚ ਰਹਿ ਕੇ ਮਦਦ ਕਰੇਗੀ।

## ਪਾਕਿ ਵਿਚ 13 ਸਾਲਾ ਬੱਚੇ ਨੂੰ 50 ਸਾਲ ਕੈਦ

**ਲਾਹੌਰ:** ਪਾਕਿਸਤਾਨ ਦੀ ਅਦਾਲਤ ਨੇ ਇਕ 13 ਸਾਲਾ ਬੱਚੇ ਨੂੰ ਵਿਚਾਰ ਅਧੀਨ ਕੈਦੀ ਦੀ ਅਦਾਲਤ ਵਿਚ ਹੱਤਿਆ ਕਰਨ ਦੇ ਦੋਸ਼ ਵਿਚ 50 ਸਾਲ ਕੈਦ ਦੀ ਸਜ਼ਾ ਸੁਣਾਈ ਹੈ। ਅਤਿਵਾਦ ਰੋਕੂ ਅਦਾਲਤ (ਗੁਜਰਾਂਵਾਲਾ ਜ਼ਿਲ੍ਹਾ) ਦੇ ਜੱਜ ਚੌਧਰੀ ਇਮਤਿਆਜ਼ ਅਲੀ ਨੇ ਮੁਲਜ਼ਮ ਮੋਹਰ ਨਵਾਜ਼ ਨੂੰ ਇਹ ਸਜ਼ਾ ਸੁਣਾਈ ਸੀ। ਜ਼ਿਕਰਯੋਗ ਹੈ ਕਿ ਨਵਾਜ਼ (ਮੁਲਜ਼ਮ) ਨੇ ਇਸ ਸਾਲ ਜੂਨ ਮਹੀਨੇ ਵਿਚ ਹਾਫਿਜ਼ ਬਿਆਸ ਦੀ ਅਦਾਲਤ ਵਿਚ ਉਦੋਂ ਹੱਤਿਆ ਕਰ ਦਿੱਤੀ ਸੀ ਜਦੋਂ ਉਸ ਨੂੰ ਇਰਾਦਾ ਕਤਲ ਦੇ ਇਕ ਕੇਸ ਵਿਚ ਪੇਸ਼ੀ ਲਈ ਜੱਜ ਸਾਹਮਣੇ ਪੇਸ਼ ਕੀਤਾ ਜਾ ਰਿਹਾ ਸੀ। ਹਾਫਿਜ਼ ਨੇ ਨਵਾਜ਼ ਦੇ ਪਿਤਾ 'ਤੇ ਹਮਲਾ ਕਰਕੇ ਉਸ ਨੂੰ ਜ਼ਖ਼ਮੀ ਕਰ ਦਿੱਤਾ ਸੀ। ਨਵਾਜ਼ ਨੇ ਦੱਸਿਆ ਕਿ ਉਸ ਨੇ ਬਦਲਾ ਲੈਣ ਲਈ ਇਹ ਕੰਮ ਕੀਤਾ।

## ਬਿਡੇਨ ਵੱਲੋਂ ਪਰਵਾਸੀਆਂ ਨੂੰ ਨਾਗਰਿਕਤਾ ਦਿਤੇ ਜਾਣ ਦੀ ਹਮਾਇਤ

**ਨਿਊ ਯਾਰਕ:** ਅਮਰੀਕਾ ਦੇ ਉਪ ਰਾਸ਼ਟਰਪਤੀ ਜੋ ਬਿਡੇਨ ਨੇ ਪਰਵਾਸੀਆਂ ਨੂੰ ਅਮਰੀਕੀ ਨਾਗਰਿਕਤਾ ਦੇਣ ਦੀ ਹਮਾਇਤ ਕਰਦਿਆਂ ਕਿਹਾ ਹੈ ਕਿ ਦੇਸ਼ ਵਿਚ ਰਹਿ ਰਹੇ ਪਰਵਾਸੀਆਂ ਨੂੰ ਅਮਰੀਕੀ ਨਾਗਰਿਕਤਾ ਦੇਣ ਲਈ ਰਸਤਾ ਕੱਢਿਆ ਜਾਣਾ ਚਾਹੀਦਾ ਹੈ ਕਿਉਂਕਿ ਇਨ੍ਹਾਂ ਵਿਚੋਂ ਬਹੁਤੇ ਹੁਣ ਅਮਰੀਕੀ ਹੀ ਹਨ।

ਅਮਰੀਕਾ ਦੇ ਉਪ ਰਾਸ਼ਟਰਪਤੀ ਬਿਡੇਨ ਨੇ ਪੈਨਸਲਵਾਨੀਆ ਵਿਚ ਰਾਜਸੀ ਇਕੱਤਰਤਾ ਨੂੰ ਸੰਬੋਧਨ ਕਰਦਿਆਂ ਇਹ ਪ੍ਰਗਟਾਵਾ ਕੀਤਾ। ਉਨ੍ਹਾਂ ਕਿਹਾ ਕਿ ਦੇਸ਼ ਵਿਚ ਇਕ ਕਰੋੜ 10 ਲੱਖ ਗੈਰਕਾਨੂੰਨੀ ਰਹਿ ਰਹੇ ਪਰਵਾਸੀਆਂ ਨੂੰ ਅਮਰੀਕੀ ਨਾਗਰਿਕਤਾ ਦੇਣ ਲਈ ਰਸਤਾ ਕੱਢਿਆ ਜਾਣਾ ਚਾਹੀਦਾ ਹੈ ਕਿਉਂਕਿ ਇਹ ਦੇਸ਼ ਦੀ ਸੰਸਦ ਦੀ ਨੈਤਿਕ ਜ਼ਿੰਮੇਵਾਰੀ ਬਣਦੀ ਹੈ ਤੇ ਇਹ ਦੇਸ਼ ਦੀ ਆਰਥਿਕਤਾ ਨਾਲ ਜੁੜਿਆ ਮਸਲਾ ਵੀ ਹੈ।

## ਅਣਦੇਖੀ ਦਾ ਸ਼ਿਕਾਰ ਹੋਈਆਂ ਅਨਮੋਲ ਹੱਥ ਲਿਖਤਾਂ

**ਚੰਡੀਗੜ੍ਹ:** ਸ੍ਰੀ ਗੁਰੂ ਗੋਬਿੰਦ ਸਿੰਘ ਦੀਆਂ ਹੱਥ ਲਿਖਤਾਂ ਦੇ ਅਨਮੋਲ ਵਰਕਿਆਂ ਸਮੇਤ ਪੁਰਾਤਨ ਇਤਿਹਾਸਕ, ਧਾਰਮਿਕ ਤੇ ਸਾਹਿਤਕ ਹੱਥ ਲਿਖਤਾਂ ਪੰਜਾਬ ਸਰਕਾਰ ਦੇ ਪੁਰਾਲੇਖ ਵਿਭਾਗ ਦੀ ਅਣਦੇਖੀ ਦੀ ਭੇਟ ਚੜ੍ਹ ਰਹੀਆਂ ਹਨ। ਸੰਭਾਲ ਦੀ ਘਾਟ ਕਾਰਨ ਇਨ੍ਹਾਂ ਅਨਮੋਲ ਲਿਖਤਾਂ ਦੀ ਹਾਲਤ ਕਾਫੀ ਖਸਤਾ ਹੋ ਗਈ ਹੈ। ਵਿਭਾਗ ਵੱਲੋਂ ਸਰਕਾਰ ਤੋਂ ਸਿੱਖ ਤੇ ਮੁਗਲ ਰਾਜ ਨਾਲ ਸਬੰਧਤ ਖਰੜਿਆਂ ਦੀ ਮਾਈਕਰੋਫਿਲਮਿੰਗ ਲਈ ਡੇਢ ਦਹਾਕਾ ਪਹਿਲਾਂ ਵਿੱਤੀ ਮਦਦ ਮੰਗੀ ਗਈ ਸੀ ਪਰ ਸਰਕਾਰ ਨੇ ਖ਼ਜ਼ਾਨਾ ਖ਼ਾਲੀ ਦਾ ਬਹਾਨਾ ਲਾ ਕੇ ਪੱਲਾ ਝਾੜ ਦਿੱਤਾ ਸੀ।

ਕੇਂਦਰ ਸਰਕਾਰ ਵੱਲੋਂ ਇਤਿਹਾਸਕ ਇਮਾਰਤਾਂ ਤੇ ਪੁਰਾਤਨ ਸਾਹਿਤ ਦੀ ਸੰਭਾਲ ਲਈ ਦਿੱਤੀ ਵਿਸ਼ੇਸ਼ ਗਰਾਂਟ ਨਾਲ ਇਨ੍ਹਾਂ ਦੀ ਡਿਜੀਟਾਈਲੇਸ਼ਨ ਦਾ ਕੰਮ ਸ਼ੁਰੂ ਕੀਤਾ ਗਿਆ ਹੈ। ਵਿਭਾਗ ਵੱਲੋਂ ਪੰਜਾਬ ਸਰਕਾਰ ਨੂੰ ਡੇਢ ਦਹਾਕਾ ਪਹਿਲਾਂ ਲਿਖੇ ਪੱਤਰ ਵਿਚ ਸਾਹਿਤ ਦੀ ਮਾਈਕਰੋਫਿਲਮਿੰਗ ਕਰਨ ਲਈ ਕਿਹਾ ਗਿਆ ਸੀ। ਉਸ ਵੇਲੇ ਸੀ.ਡੀ ਤੇ ਮੈਗਨੈਟਿਕ ਟੇਪਾਂ ਦਾ ਯੁੱਗ ਸ਼ੁਰੂ ਨਹੀ ਹੋਇਆ ਸੀ। ਕੇਂਦਰ ਸਰਕਾਰ ਵੱਲੋਂ ਮਿਲੀ ਪੰਜਾਹ ਲੱਖ ਦੀ ਗਰਾਂਟ ਦਾ ਅੱਧਾ ਪੈਸਾ ਸੰਭਾਲ ਲਈ ਖਰਚ ਕੀਤਾ ਜਾ ਰਿਹਾ ਹੈ ਜਦੋਂ ਕਿ ਬਾਕੀ ਦੀ ਰਕਮ ਦੂਜੇ ਕੰਮਾਂ ਲਈ ਵੰਡ ਦਿੱਤੀ ਗਈ ਹੈ।

ਪਤਾ ਤਾਂ ਇਹ ਵੀ ਲੱਗਾ ਹੈ ਕਿ ਕੇਂਦਰ ਸਰਕਾਰ ਵੱਲੋਂ ਇਸ ਲਈ ਪਹਿਲਾਂ ਵੀ ਇਕ ਵਾਰ ਵਿੱਤੀ ਮਦਦ ਦੀ ਪੇਸ਼ਕਸ਼ ਕੀਤੀ ਗਈ ਸੀ ਪਰ ਸਰਕਾਰ ਵੱਲੋਂ ਆਪਣੇ ਹਿੱਸੇ ਦੀ 30 ਫ਼ੀਸਦੀ ਰਕਮ ਜਮ੍ਹਾਂ ਨਾ ਕਰਾਉਣ ਕਾਰਨ ਵਿਭਾਗ ਇਸ ਦਾ ਲਾਹਾ ਲੈਣ ਤੋਂ ਵਾਂਝਾ ਰਹਿ ਗਿਆ ਸੀ। ਹੱਥ ਲਿਖਤਾਂ ਦੀ ਸੰਭਾਲ ਨਾ ਹੋਣ ਕਾਰਨ ਕਈਆਂ ਦੀ ਸਿਆਹੀ ਸੁੱਕ ਗਈ ਹੈ ਜਦੋਂ ਕਿ ਕਈਆਂ ਦੇ ਵਰਕੇ ਮੁੜ ਗਏ ਹਨ। ਖੋਜ ਵਿਦਿਆਰਥੀਆਂ ਵੱਲੋਂ ਇਨ੍ਹਾਂ ਦੀ ਵਾਰ-ਵਾਰ ਫੋਟੋ ਸਟੈਟ ਕਰਾਉਣ ਨਾਲ ਵੀ ਪੰਨਿਆਂ ਨੂੰ ਨੁਕਸਾਨ ਪੁੱਜਾ ਹੈ।

## ਗੁਰਦੁਆਰਾ ਲਾਂਘੇ ਲਈ ਪਾਕਿ ਵੱਲੋਂ ਪੁਲ ਦੀ ਤਜਵੀਜ਼

**ਇਸਲਾਮਾਬਾਦ:** ਪਾਕਿਸਤਾਨ ਨੇ ਸਰਹੱਦ ਦੇ ਦੋਵੇਂ ਪਾਸੇ ਸਥਿਤ ਗੁਰਦੁਆਰਿਆਂ ਨੂੰ ਜੋੜਨ ਲਈ ਰਾਵੀ ਦਰਿਆ 'ਤੇ ਪੁਲ ਉਸਾਰਨ ਦੀ ਤਜਵੀਜ਼ ਬਣਾਈ ਹੈ। ਸੂਤਰਾਂ ਮੁਤਾਬਕ ਰਾਵੀ ਦਰਿਆ 'ਤੇ ਇਹ ਪੁਲ ਬਣਨ ਨਾਲ ਪਾਕਿਸਤਾਨ ਦੇ ਨਾਰੋਵਾਲ ਤੇ ਭਰਤ ਦੇ ਬਟਾਲਾ ਸਥਿਤ ਗੁਰਦੁਆਰਿਆਂ ਨੂੰ ਸਿੱਧਾ ਰਾਹ ਬਣ ਜਾਵੇਗਾ।

ਨਿਊਜ਼ ਇੰਟਰਨੈਸ਼ਨਲ ਦੀ ਰਿਪੋਰਟ ਮੁਤਾਬਕ ਪਾਕਿਸਤਾਨ ਦੇ ਸੰਘੀ ਮੰਤਰੀ ਅਹਿਸਾਨ ਇਕਬਾਲ ਨੇ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਕੋਲ ਜ਼ਿਲ੍ਹਾ ਨਾਰੋਵਾਲ ਵਿਚ ਦੁਵੱਲੇ ਵਪਾਰ ਤੇ ਸਬੰਧਾਂ ਨੂੰ ਮਜ਼ਬੂਤ ਕਰਨ ਲਈ ਇਹ ਪੁਲ ਉਸਾਰਨ ਦੀ ਤਜਵੀਜ਼ ਰੱਖੀ ਸੀ। ਇਕ ਅਧਿਕਾਰੀ ਨੇ ਦੱਸਿਆ ਕਿ ਜੇਕਰ ਇਸ ਤਜਵੀਜ਼ ਨੂੰ ਭਾਰਤ ਨੇ ਮਨਜ਼ੂਰੀ ਦੇ ਦਿੱਤੀ ਤਾਂ ਸਿੱਖ ਸ਼ਰਧਾਲੂਆਂ ਨੂੰ ਧਾਰਮਿਕ ਸੰਸਥਾਵਾਂ ਦੇ ਦਰਸ਼ਨਾਂ ਵਿਚ ਸੌਖ ਹੋ ਜਾਵੇਗੀ। ਇਸ ਪੁਲ ਦੀ ਉਸਾਰੀ ਨਾਲ ਪਾਕਿਸਤਾਨ ਸਥਿਤ ਗੁਰਦੁਆਰਾ ਦਰਬਾਰ ਸਾਹਿਬ ਕਰਤਾਰਪੁਰ ਤੇ ਬਟਾਲਾ ਸਥਿਤ ਡੇਰਾ ਬਾਬਾ ਨਾਨਕ ਦੇਵ ਜੀ ਨੂੰ ਸਿੱਧਾ ਤੇ ਛੋਟਾ ਰਸਤਾ ਖੁੱਲ੍ਹ ਜਾਵੇਗਾ।


ਪੰਜਾਬ ਵਿਚ ਜ਼ਮੀਨ ਵਿਕਾਊ ਹੈ

ਰੋਪੜ ਜਿਲ੍ਹੇ (ਪੰਜਾਬ) ਵਿਚ 5 ਤੋਂ 14 ਕਿੱਲੇ ਤੱਕ ਬਾਗਬਾਨੀ ਵਾਲੀ ਉਪਜਾਊ ਜ਼ਮੀਨ ਵਿਕਾਊ ਹੈ। ਬਿਜਲੀ-ਪਾਣੀ ਉਪਲਬਧ ਅਤੇ ਫਲਾਂ ਦੇ ਪੌਧਿਆਂ ਦੀ ਬੀਜਾਈ ਸਮੇਤ ਤਿਆਰ ਜ਼ਮੀਨ ਦਾ ਮੁੱਲ 14 ਲੱਖ ਪ੍ਰਤੀ ਏਕੜ, ਬਗੈਰ ਤਿਆਰੀ ਦੇ ਮੁੱਲ 8 ਲੱਖ ਪ੍ਰਤੀ ਏਕੜ।

ਸੰਪਰਕ ਕਰੋ:281-788-4571



ਸੇਲਜ਼ ਮੈਨ/ਵੂਮੈਨ ਦੀ ਜਰੂਰਤ ਹੈ

'ਐਨ.ਕੇ. ਮਰਚਨਡਾਈਜ ਕੰਪਨੀ'

ਨੂੰ ਸੇਲਜ਼ ਮੈਨ/ਵੂਮੈਨ ਦੀ ਜਰੂਰਤ ਹੈ।

ਅਪਲਾਈ ਕਰਨ ਵਾਲੇ ਕੋਲ ਕਾਰ ਹੋਣੀ ਚਾਹੀਦੀ ਹੈ।

ਫੋਨ: 646-261-7290 'ਤੇ ਕਾਲ ਕਰੋ।



*To Advertise with Punjab Times*

*Call: 847-359-0746*

*punjabtimesusa.com*



Punjabi RADIO USA

Uniting Punjabi's All Over

24 ਘੰਟੇ ਸੱਤੇ ਦਿਨ ਸੁਣੋ

Listen on :

Radio Sets (CA, WA, NV)

Dial in

832-551-5029 or 605-475-6868

Android & iPhone App

www.PunjabiRadioUSA.com

Ph: 408-272-5200

# ਸੁਪਰੀਮ ਕੋਰਟ ਵੱਲੋਂ ਹਮਜਿਨਸੀ ਸਬੰਧ ਅਪਰਾਧ ਕਰਾਰ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਦਿੱਲੀ ਹਾਈ ਕੋਰਟ ਵੱਲੋਂ 2009 ਵਿਚ ਦਿੱਤਾ ਉਹ ਫੈਸਲਾ ਪਲਟ ਦਿੱਤਾ ਜਿਸ ਵਿਚ ਸਹਿਮਤੀ ਨਾਲ ਬਣਾਏ ਜਾਂਦੇ ਹਮਜਿਨਸੀ ਸਬੰਧਾਂ ਨੂੰ ਅਪਰਾਧ-ਮੁਕਤ ਕਰਾਰ ਦੇ ਦਿੱਤਾ ਗਿਆ ਸੀ। ਸੁਪਰੀਮ ਕੋਰਟ ਦੇ ਬੈਂਚ ਨੇ ਵੱਖ-ਵੱਖ ਸਮਾਜਕ ਤੇ ਧਾਰਮਿਕ ਜਥੇਬੰਦੀਆਂ ਵੱਲੋਂ ਹਾਈ ਕੋਰਟ ਦੇ ਫੈਸਲੇ ਨੂੰ ਚੁਣੌਤੀ ਦੇਣ ਵਾਲੀਆਂ ਅਪੀਲਾਂ ਇਸ ਆਧਾਰ 'ਤੇ ਪ੍ਰਵਾਨ ਕਰ ਲਈਆਂ ਕਿ ਹਮਜਿਨਸੀ ਸਬੰਧ ਦੇਸ਼ ਦੀਆਂ ਸੱਭਿਆਚਾਰਕ ਤੇ ਧਾਰਮਿਕ ਕਦਰਾਂ-ਕੀਮਤਾਂ ਦੇ ਉਲਟ ਹਨ।

ਬੈਂਚ ਨੇ ਆਖਿਆ ਕਿ ਪਾਰਲੀਮੈਂਟ ਨੂੰ ਆਈ.ਪੀ.ਸੀ ਦੀ ਧਾਰਾ 377 ਖਤਮ ਕਰਨ ਦਾ ਅਧਿਕਾਰ ਹੈ ਪਰ ਜਿੰਨੀ ਦੇਰ ਤੱਕ ਇਹ ਮਦ ਕਾਇਮ ਹੈ, ਓਨੀ ਦੇਰ ਉਹ ਇਸ ਤਰ੍ਹਾਂ ਦੇ ਜਿਨਸੀ ਸਬੰਧਾਂ ਦੀ ਆਗਿਆ ਨਹੀਂ ਦੇ ਸਕਦੀ। ਇਸ ਮਾਮਲੇ 'ਤੇ 15 ਫਰਵਰੀ, 2012 ਤੋਂ ਰੋਜ਼ਾਨਾ ਸੁਣਵਾਈ ਹੋਈ ਤੇ ਇਸ ਸਾਲ ਮਾਰਚ ਵਿਚ ਬੈਂਚ ਨੇ ਆਪਣਾ ਫੈਸਲਾ ਰਾਖਵਾਂ ਕਰ ਲਿਆ ਸੀ।

ਬੈਂਚ ਨੇ ਸੁਣਵਾਈ ਦੌਰਾਨ ਹਮਜਿਨਸੀ ਸਬੰਧਾਂ ਨੂੰ ਅਪਰਾਧਾਂ ਦੀ ਸ਼੍ਰੇਣੀ ਵਿਚੋਂ ਕੱਢਣ ਦੇ ਮੁੱਦੇ 'ਤੇ ਕੇਂਦਰ ਦੀ ਪਹੁੰਚ ਨੂੰ ਨਿੰਦਦਿਆਂ ਆਖਿਆ ਸੀ ਕਿ ਪਾਰਲੀਮੈਂਟ ਅਜਿਹੇ ਅਹਿਮ ਮੁੱਦਿਆਂ 'ਤੇ ਵਿਚਾਰ ਚਰਚਾ ਨਹੀਂ ਕਰਦੀ ਤਾਂ ਨਿਆਂਪਾਲਿਕਾ 'ਤੇ ਆਪਣੀ ਲਛਮਣ ਰੇਖਾ ਉਲੰਘਣ ਦਾ ਦੋਸ਼ ਕਿਉਂ ਲਾਇਆ ਜਾਂਦਾ ਹੈ। ਹਮਜਿਨਸੀ ਸਬੰਧਾਂ ਨੂੰ ਅਪਰਾਧਾਂ ਦੀ ਸ਼੍ਰੇਣੀ ਵਿਚੋਂ ਕੱਢਣ ਦੀ ਪੈਰਵੀ ਕਰਦਿਆਂ ਕੇਂਦਰ ਨੇ ਅਦਾਲਤ ਨੂੰ ਦੱਸਿਆ ਸੀ ਕਿ ਇਹ ਹਮਜਿਨਸੀ ਸਬੰਧਾਂ ਵਿਰੋਧੀ ਕਾਨੂੰਨ ਬਰਤਾਨਵੀ ਬਸਤੀਵਾਦ ਦੀ ਦੇਣ ਸੀ ਜਦਕਿ ਭਾਰਤੀ ਸਮਾਜ ਦਾ ਇਸ ਬਾਰੇ ਰਵੱਈਆ ਕਿਤੇ ਵੱਧ ਸਹਿਣਸ਼ੀਲ ਰਿਹਾ। ਇਸ ਲਈ ਇਹ ਆਗਿਆ ਦੇਣੀ ਚਾਹੀਦੀ ਹੈ।




## ਸਰਕਾਰ ਵੱਲੋਂ ਰੀਵੀਊ ਪਟੀਸ਼ਨ ਦੀ ਤਿਆਰੀ

**ਨਵੀਂ ਦਿੱਲੀ:** ਹਮਜਿਨਸੀ ਸਬੰਧਾਂ ਦੀ ਪੈਰਵੀ ਕਰਨ ਵਾਲੀਆਂ ਜਥੇਬੰਦੀਆਂ ਤੇ ਕੇਂਦਰ ਸਰਕਾਰ ਨੇ ਸੁਪਰੀਮ ਕੋਰਟ ਦੇ ਫੈਸਲੇ 'ਤੇ ਨਿਰਾਸ਼ਾ ਜ਼ਾਹਰ ਕਰਦਿਆਂ ਕਿਹਾ ਕਿ ਇਸ ਬਾਰੇ ਪਟੀਸ਼ਨ ਦਾਇਰ ਕੀਤੀ ਜਾਵੇਗੀ। ਕਾਨੂੰਨ ਮੰਤਰੀ ਕਪਿਲ ਸਿੱਬਲ ਨੇ ਸਰਕਾਰ ਦੇ ਫਿਕਰ ਤੋਂ ਜਾਣੂ ਕਰਵਾਉਂਦਿਆਂ ਕਿਹਾ ਕਿ ਜੇਕਰ ਸਰਵਉੱਚ ਅਦਾਲਤ ਆਪਣਾ ਫ਼ੈਸਲਾ ਨਹੀਂ ਬਦਲਦੀ ਤਾਂ ਕਾਨੂੰਨ ਹੀ ਬਦਲ ਦਿੱਤਾ ਜਾਵੇਗਾ। ਸੁਪਰੀਮ ਕੋਰਟ ਦੇ ਫੈਸਲੇ ਖਿਲਾਫ਼ ਸਰਕਾਰ ਸਾਹਮਣੇ ਖੁੱਲ੍ਹੇ ਰਾਹਾਂ ਬਾਰੇ ਉਨ੍ਹਾਂ ਕਿਹਾ ਕਿ ਸੰਸਦ ਵਿਚ ਸੋਧ ਬਿੱਲ ਛੇਤੀ ਲਿਆਂਦਾ ਜਾ ਸਕਦਾ ਹੈ ਤੇ ਦੂਜਾ ਰਾਹ ਅਦਾਲਤ ਵਿਚ ਰੀਵਿਊ ਪਟੀਸ਼ਨ ਪਾਉਣ ਦਾ ਵੀ ਹੈ। ਕੇਂਦਰੀ ਵਿੱਤ ਮੰਤਰੀ ਪੀ. ਚਿਦੰਬਰਮ ਨੇ ਹਮਜਿਨਸੀਆਂ ਬਾਰੇ ਫ਼ੈਸਲੇ ਨੂੰ ਗਲਤ ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਇਸ ਨੂੰ ਠੀਕ ਕਰਨ ਲਈ ਕਸਰ ਨਹੀਂ ਛੱਡੀ ਜਾਵੇਗੀ।

ਧਾਰਾ 377 ਖ਼ਿਲਾਫ਼ ਪਟੀਸ਼ਨ ਪਾਉਣ ਵਾਲੀ ਨਾਜ਼ ਫਾਊਂਡੇਸ਼ਨ ਦੇ ਵਕੀਲ ਆਨੰਦ ਗਰੋਵਰ ਨੇ ਆਖਿਆ ਕਿ ਫੈਸਲਾ ਤੋਂ ਨਿਰਾਸ਼ਾਜਨਕ ਹੈ। ਉਨ੍ਹਾਂ ਐਲਾਨ ਕੀਤਾ ਕਿ ਉਹ ਹਮਜਿਨਸੀਆ ਦੇ ਹੱਕਾਂ ਦੀ ਰਾਖੀ ਲਈ ਆਪਣਾ ਘੋਲ ਜਾਰੀ ਰੱਖਣਗੇ।

## ਸੋਨੀਆ ਤੇ ਰਾਹੁਲ ਫੈਸਲੇ ਤੋਂ ਨਿਰਾਸ਼

ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਨੇ ਕਿਹਾ ਹੈ ਕਿ ਹਮਜਿਨਸੀ ਸਬੰਧਾਂ ਬਾਰੇ ਦਿੱਲੀ ਹਾਈ ਕੋਰਟ ਦੇ ਫੈਸਲੇ ਨੂੰ ਸੁਪਰੀਮ ਕੋਰਟ ਵੱਲੋਂ ਉਲਟਾਉਣ ਤੋਂ ਉਹ ਬੇਹੱਦ ਨਿਰਾਸ਼ ਹਨ ਤੇ ਆਸ ਹੈ ਕਿ ਸੰਸਦ ਇਸ ਬਾਰੇ ਵਿਚਾਰ ਕਰੇਗੀ। ਉਨ੍ਹਾਂ ਕਿਹਾ ਕਿ ਆਸ ਹੈ ਕਿ ਸੰਸਦ ਹਰ ਭਾਰਤੀ ਦੀ ਆਜ਼ਾਦੀ ਦੇ ਹੱਕਾਂ ਦੀ ਗਾਰੰਟੀ ਵਾਸਤੇ ਇਸ ਮੁੱਦੇ ਦਾ ਸਕਾਰਾਤਮਕ ਹੱਲ ਕੱਢੇਗੀ। ਪਾਰਟੀ ਦੇ ਉਪ ਪ੍ਰਧਾਨ ਰਾਹੁਲ ਗਾਂਧੀ ਨੇ ਕਿਹਾ ਕਿ ਹਮਜਿਨਸੀ ਸਬੰਧ ਕਿਸੇ ਦੀ ਨਿੱਜੀ ਜ਼ਿੰਦਗੀ ਦੀ ਆਜ਼ਾਦੀ ਦਾ ਮਾਮਲਾ ਹੈ। ਦਿੱਲੀ ਹਾਈ ਕੋਰਟ ਦਾ ਫ਼ੈਸਲਾ ਸਹੀ ਸੀ। ਉਹ ਇਸ ਮਾਮਲੇ 'ਤੇ ਮਾਹਿਰਾਂ ਨਾਲ ਸਲਾਹ ਕਰ ਕੇ ਅਗਲੀ ਰਣਨੀਤੀ ਉਲੀਕਣਗੇ।

## ਅਮਰੀਕਾ ਤੇ ਸੰਯੁਕਤ ਰਾਸ਼ਟਰ ਵੱਲੋਂ ਆਲੋਚਨਾ

ਅਮਰੀਕਾ ਦੇ ਵਿਦੇਸ਼ ਮੰਤਰਾਲੇ ਦੀ ਤਰਜਮਾਨ ਜੇਨ ਸਾਕੀ ਨੇ ਕਿਹਾ ਹੈ ਕਿ ਹਮਜਿਨਸੀ ਸਬੰਧਾਂ ਵਾਲਿਆਂ ਨੂੰ ਬਰਾਬਰ ਦੇ ਅਧਿਕਾਰ ਦਿੱਤੇ ਜਾਣ। ਇਨ੍ਹਾਂ ਖ਼ਿਲਾਫ਼ ਕਿਸੇ ਵੀ ਕਾਰਵਾਈ ਦਾ ਅਮਰੀਕਾ ਵਿਰੋਧ ਕਰਦਾ ਹੈ। ਸੰਯੁਕਤ ਰਾਸ਼ਟਰ ਦੇ ਸਕੱਤਰ ਜਨਰਲ ਬਾਨ ਕੀ ਮੂਨ ਨੇ ਕਿਹਾ ਕਿ ਭਾਰਤ ਵਿਚ ਹਮਜਿਨਸੀ ਸਬੰਧ ਰੱਖਣ ਵਾਲਿਆਂ ਨੂੰ ਬਰਾਬਰੀ ਦਾ ਅਧਿਕਾਰ ਦਿੱਤਾ ਜਾਵੇ ਤੇ ਇਨ੍ਹਾਂ ਖ਼ਿਲਾਫ਼ ਕਿਸੇ ਵੀ ਫ਼ੈਸਲੇ ਦਾ ਢੁੱਕਵਾਂ ਹੱਲ ਕੱਢਿਆ ਜਾਵੇ।

# ਰਿਤਿਕ ਰੌਸ਼ਨ ਤੇ ਸੁਜ਼ੈਨ ਦਾ ਤੋੜ-ਵਿਛੋੜਾ



**ਨਵੀਂ ਦਿੱਲੀ:** ਅਦਾਕਾਰ ਰਿਤਿਕ ਰੌਸ਼ਨ ਆਪਣੀ ਬਚਪਨ ਦੀ ਦੋਸਤ ਤੇ ਪਤਨੀ ਸੁਜ਼ੈਨ ਖ਼ਾਨ ਤੋਂ ਵੱਖ ਹੋ ਗਏ ਹਨ। ਵੱਖਰੇ ਹੋਣ ਦਾ ਫ਼ੈਸਲਾ ਸੁਜ਼ੈਨ ਨੇ ਲਿਆ ਜਦਕਿ ਇਸ ਬਾਰੇ ਮੀਡੀਆ ਨੂੰ ਜਾਣਕਾਰੀ ਰਿਤਿਕ ਰੌਸ਼ਨ ਨੇ ਦਿੱਤੀ। ਸੁਜ਼ੈਨ ਖਾਨ ਅਭਿਨੇਤਾ ਸੰਜੇ ਖਾਨ ਦੀ ਬੇਟੀ ਹੈ। ਸੂਤਰਾਂ ਮੁਤਾਬਕ ਦੋਵੇਂ ਜਣੇ ਪਿਛਲੇ ਤਿੰਨ ਮਹੀਨਿਆਂ ਤੋਂ ਵੱਖ ਰਹਿ ਰਹੇ ਸਨ।

13 ਸਾਲਾਂ ਤੋਂ ਵਿਆਹ ਬੰਧਨ ਵਿਚ ਬੱਝੀ ਰਹੀ ਇਸ ਜੋੜੀ ਦੇ ਦੋ ਬੱਚੇ ਸੱਤ ਸਾਲਾ ਰਿਹਾਨ ਤੇ ਪੰਜ ਸਾਲਾ ਰਿਧਾਨ ਹਨ। ਰਿਤਿਕ ਰੌਸ਼ਨ ਦਾ ਕਹਿਣਾ ਹੈ ਕਿ ਸੁਜ਼ੈਨ ਨੇ ਵੱਖ ਹੋਣ ਦਾ ਫ਼ੈਸਲਾ ਲਿਆ ਹੈ। ਇਹ ਦੋਵਾਂ ਦੇ ਪਰਿਵਾਰਾਂ ਲਈ ਬਹੁਤ ਦੁਖਦਾਈ ਫ਼ੈਸਲਾ ਹੈ। ਰਿਤਿਕ ਨੇ ਮੀਡੀਆ ਨੂੰ ਅਪੀਲ ਕੀਤੀ ਕਿ ਇਸ ਘੜੀ ਨਿੱਜਤਾ ਦਾ ਸਨਮਾਨ ਕੀਤਾ ਜਾਵੇ। ਰਿਤਿਕ ਫਿਲਮ 'ਕ੍ਰਿਸ਼-3' ਦੇ ਰਿਲੀਜ਼ ਹੋਣ ਦੀ ਉਡੀਕ ਵਿਚ ਸੀ ਕਿ ਉਨ੍ਹਾਂ ਦੀ ਵਿਆਹੁਤਾ ਜ਼ਿੰਦਗੀ ਨੇ ਹੀ ਦਮ ਤੋੜ ਦਿੱਤਾ।

# ਭਾਰਤ ਵਿਚ ਹਰ ਵਰ੍ਹੇ 13 ਕਰੋੜ ਦੇ ਫਲ ਤੇ ਸਬਜ਼ੀਆਂ ਹੁੰਦੇ ਨੇ ਖਰਾਬ

**ਮੁੰਬਈ:** ਭਾਰਤ ਵਿਚ ਲੋੜ ਮੁਤਾਬਕ ਕੋਲਡ ਸਟੋਰ ਸਹੂਲਤਾਂ ਤੇ ਵਾਤਾਨੁਕੂਲ ਆਵਾਜਾਈ ਦੇ ਸਾਧਨਾਂ ਦੀ ਘਾਟ ਕਾਰਨ ਹਰ ਸਾਲ 13,300 ਕਰੋੜ ਰੁਪਏ ਦੀ ਕੀਮਤ ਦੇ ਤਾਜ਼ਾ ਫਲ ਤੇ ਸਬਜ਼ੀਆਂ ਖ਼ਰਾਬ ਹੋ ਜਾਂਦੀਆਂ ਹਨ।

ਅਮਰੀਕੀ ਕੰਪਨੀ ਐਮਰਸਨ ਮੁਤਾਬਕ ਭਾਰਤ ਵਿਚ ਫਲਾਂ ਤੇ ਸਬਜ਼ੀਆਂ ਦੀ ਪੈਦਾਵਾਰ ਦਾ 18 ਫ਼ੀਸਦੀ ਹਿੱਸਾ ਹਰ ਸਾਲ ਖ਼ਰਾਬ ਹੁੰਦਾ ਹੈ। ਦੇਸ਼ ਦੇ 44 ਹਜ਼ਾਰ ਰੁਪਏ ਕੀਮਤ ਦੇ ਤਾਜ਼ੇ ਫਲ, ਸਬਜ਼ੀਆਂ ਤੇ ਅਨਾਜ ਸਾਲਾਨਾ ਖ਼ਰਾਬ ਹੋ ਜਾਂਦੇ ਹਨ। ਭਾਰਤ ਵਿਚ 6,300 ਕੋਲਡ ਸਟੋਰ ਹਨ ਜੋ ਕਿ ਸਿਰਫ਼ 30.11 ਮਿਲੀਅਨ ਮੀਟ੍ਰਿਕ ਟਨ ਦੀ ਭੰਡਾਰ ਕਰਨ ਦੀ ਸਮਰੱਥਾ ਰੱਖਦੇ ਹਨ।

ਕੰਪਨੀ ਮੁਤਾਬਕ ਸਾਰੇ ਭੋਜਨ ਉਤਪਾਦਾਂ ਦੀ ਪੈਦਾਵਾਰ ਲਈ ਦੇਸ਼ ਵਿਚ 61 ਮਿਲੀਅਨ ਮੀਟ੍ਰਿਕ ਟਨ ਦੀ ਸਮਰੱਥਾ ਰੱਖਣ ਵਾਲੇ ਸਟੋਰ ਹੋਣੇ ਚਾਹੀਦੇ ਹਨ। ਇਸ ਵਾਸਤੇ 2015-16 ਤੱਕ 55 ਹਜ਼ਾਰ ਕਰੋੜ ਰੁਪਏ ਦੇ ਨਿਵੇਸ਼ ਦੀ ਲੋੜ ਹੈ ਤਾਂਕਿ ਭਾਰਤ ਵਿਚ ਫਲਾਂ, ਸਬਜ਼ੀਆਂ ਤੇ ਅਨਾਜ ਨੂੰ ਖ਼ਰਾਬ ਹੋਣ ਤੋਂ ਬਚਾਇਆ ਜਾ ਸਕੇ।

# ਕੈਨੇਡਾ ਦੀ ਹਥਿਆਰ ਨੀਤੀ ਬਾਰੇ ਉਠੇ ਸਵਾਲ

**ਟੋਰਾਂਟੋ:** ਕੈਨੇਡਾ ਵਿਚ ਬਣੇ ਹਥਿਆਰ ਮਨੁੱਖੀ ਹੱਕਾਂ ਦੀ ਉਲੰਘਣਾ ਤੇ ਹਿੰਸਕ ਮਾਮਲਿਆਂ ਵਿਚ ਗਲਤਾਨ ਮੁਲਕਾਂ ਨੂੰ ਵੇਚੇ ਜਾਣ ਦੇ ਖੁਲਾਸੇ ਨੇ ਕੈਨੇਡਿਆਈ ਵਿਦੇਸ਼ ਨੀਤੀ ਬਾਰੇ ਵਿਵਾਦ ਪੈਦਾ ਕਰ ਦਿੱਤਾ ਹੈ। ਕੈਨੇਡੀਅਨ ਮੀਡੀਆ ਨੂੰ ਮਿਲੇ ਅੰਕੜੇ ਦੱਸਦੇ ਹਨ ਕਿ ਕੈਨੇਡਾ ਵੱਲੋਂ ਸਮਾਜਕ ਅਫਰਾ-ਤਫਰੀ ਵਾਲੇ ਮੁਲਕਾਂ ਨੂੰ ਭੇਜੇ ਜਾਂਦੇ ਹਥਿਆਰਾਂ ਵਿਚ ਚੋਖਾ ਵਾਧਾ ਹੋਇਆ ਹੈ ਤੇ ਇਹ ਗੱਲ ਮਨੁੱਖੀ ਹੱਕਾਂ ਤੇ ਕੌਮਾਂਤਰੀ ਹਿੰਸਾ ਦੇ ਮਾਮਲਿਆਂ ਵਿਚ ਫਿਕਰ ਦਾ ਵਿਸ਼ਾ ਬਣ ਗਈ ਹੈ।

ਉਧਰ ਕੈਨੇਡਾ ਦਾ ਵਿਦੇਸ਼ ਮੰਤਰਾਲਾ ਕਹਿੰਦਾ ਹੈ ਕਿ ਉਹ ਹਥਿਆਰ ਵੇਚਣ ਲੱਗਾ ਯਕੀਨੀ ਬਣਾਉਂਦਾ ਹੈ ਕਿ ਇਹ ਹਥਿਆਰ ਮਨੁੱਖੀ ਹੱਕਾਂ ਦੇ ਘਾਣ ਲਈ ਨਾ ਵਰਤੇ ਜਾਣ। ਰਿਪੋਰਟ ਮੁਤਾਬਕ ਬਹਿਰੀਨ, ਅਲਜੀਰੀਆ ਤੇ ਇਰਾਕ ਨੂੰ ਹੋਈ ਹਥਿਆਰਾਂ ਦੀ ਬਰਾਮਦ ਪਿਛਲੇ ਦੋ ਸਾਲਾਂ ਵਿਚ ਸੌ ਫ਼ੀਸਦੀ ਤੋਂ ਟੱਪ ਗਈ ਹੈ। ਇਸ ਤੋਂ ਇਲਾਵਾ ਪਾਕਿਸਤਾਨ ਨੂੰ 98 ਫ਼ੀਸਦੀ, ਮੈਕਸੀਕੋ ਨੂੰ 93 ਫ਼ੀਸਦੀ ਤੇ ਮਿਸਰ ਨੂੰ ਵੀ ਬੀਤੇ ਸਮੇਂ ਦੌਰਾਨ ਕੈਨੇਡਾ ਨੇ ਬੇਸ਼ੁਮਾਰ ਹਥਿਆਰ ਵੇਚੇ ਹਨ।

ਸੂਤਰਾਂ ਮੁਤਾਬਕ ਪਿਛਲੇ ਦਹਾਕੇ ਦੌਰਾਨ ਕੈਨੇਡਾ ਦੀ ਹਥਿਆਰ ਬਰਾਮਦ ਸਾਲਾਨਾ 257 ਮਿਲੀਅਨ ਡਾਲਰਾਂ ਨੂੰ ਪਹੁੰਚ ਜਾਂਦੀ ਹੈ। ਅੰਕੜਿਆਂ ਮੁਤਾਬਕ ਇਨ੍ਹਾਂ ਹਥਿਆਰਾਂ ਵਿਚ ਗੰਨਾਂ, ਗੋਲੀ-ਸਿੱਕਾ, ਹੱਥ ਗੋਲੇ ਤੇ ਤਾਰਪੀਡੋ ਸ਼ਾਮਲ ਹਨ ਪਰ ਮਿਲਟਰੀ ਵਾਹਨ ਤੇ ਲੜਾਕੂ ਜਹਾਜ਼ ਨਹੀਂ ਆਉਂਦੇ। ਇਕ ਹੋਰ ਰਿਪੋਰਟ ਮੁਤਾਬਕ 2007-09 ਦੌਰਾਨ ਖਾੜੀ ਮੁਲਕਾਂ ਨੂੰ ਕੁੱਲ ਦਰਾਮਦ 153 ਮਿਲੀਅਨ ਡਾਲਰ ਰਹੀ ਸੀ। ਇਸੇ ਤਰ੍ਹਾਂ 2011 ਵਿਚ ਸਾਊਦੀ ਅਰਬ ਨੂੰ ਚਾਰ ਅਰਬ ਡਾਲਰਾਂ ਦੇ ਹਥਿਆਰ ਵੇਚੇ ਗਏ।

# ਭਾਰਤ ਜਨਮ ਰਜਿਸਟਰੇਸ਼ਨ ਵਿਚ ਫਾਡੀ

**ਸੰਯੁਕਤ ਰਾਸ਼ਟਰ:** ਭਾਰਤ ਵਿਚ ਪੰਜ ਸਾਲ ਤੋਂ ਘੱਟ ਉਮਰ ਦੇ ਸੱਤ ਕਰੋੜ 10 ਲੱਖ ਅਜਿਹੇ ਬੱਚੇ ਰਹਿੰਦੇ ਹਨ ਜਿਨ੍ਹਾਂ ਦਾ ਜਨਮ ਰਿਕਾਰਡ ਨਹੀਂ ਹੈ ਤੇ ਇਸ ਤਰ੍ਹਾਂ ਦੁਨੀਆਂ ਭਰ ਵਿਚ ਹਰ ਤਿੰਨ ਅਣਰਜਿਸਟਰਡ ਬੱਚਿਆਂ ਵਿਚੋਂ ਇਕ ਭਾਰਤ ਦਾ ਹੈ। ਇਹ ਖੁਲਾਸਾ ਯੂਨੀਸੈਫ ਦੀ ਇਕ ਰਿਪੋਰਟ ਵਿਚ ਕੀਤਾ ਗਿਆ ਹੈ। ਸੰਯੁਕਤ ਰਾਸ਼ਟਰ ਦੀ ਇਸ ਏਜੰਸੀ ਦਾ ਕਹਿਣਾ ਹੈ ਕਿ ਦੁਨੀਆਂ ਵਿਚ ਪੰਜ ਸਾਲ ਤੋਂ ਘੱਟ ਉਮਰ ਦੇ ਤਕਰੀਬਨ 23 ਕਰੋੜ ਬੱਚਿਆਂ ਦੀ ਜਨਮ ਰਜਿਸਟਰੇਸ਼ਨ ਨਹੀਂ ਕੀਤੀ ਜਾਂਦੀ ਤੇ ਉਨ੍ਹਾਂ ਵਿਚੋਂ ਅੱਧੇ ਤੋਂ ਵੱਧ (59 ਫ਼ੀਸਦੀ) ਏਸ਼ੀਆ ਵਿਚ ਹਨ।

ਰਿਪੋਰਟ ਮੁਤਾਬਕ 37 ਫ਼ੀਸਦੀ ਅਣਰਜਿਸਟਰਡ ਬੱਚੇ ਉਪ ਸਹਾਰਾ ਅਫਰੀਕਾ ਦੇ ਹਨ ਤੇ ਬਾਕੀ ਚਾਰ ਫ਼ੀਸਦੀ ਹੋਰ ਖੇਤਰਾਂ ਦੇ ਹਨ। ਇਕੱਲੇ 2012 ਵਿਚ ਪੰਜ ਕਰੋੜ 70 ਲੱਖ ਬੱਚਿਆਂ ਦੇ ਜਨਮ ਦੀ ਰਜਿਸਟਰੇਸ਼ਨ ਨਹੀਂ ਕੀਤੀ ਗਈ। ਇਸ ਤਰ੍ਹਾਂ ਉਸ ਸਾਲ ਦੁਨੀਆਂ ਭਰ ਵਿਚ ਪੈਦਾ ਹੋਏ 10 ਵਿਚੋਂ ਚਾਰ ਬੱਚੇ ਰਜਿਸਟਰੇਸ਼ਨ ਤੋਂ ਰਹਿ ਗਏ। ਯੂਨੀਸੈਫ ਦੀ ਉਪ ਕਾਰਜਕਾਰੀ ਨਿਰਦੇਸ਼ਕ ਗੀਤਾ ਰਾਓ ਗੁਪਤਾ ਮੁਤਾਬਕ ਜਨਮ ਰਜਿਸਟਰੇਸ਼ਨ ਕਿਸੇ ਹੋਰ ਅਧਿਕਾਰ ਤੋਂ ਅਹਿਮ ਹੈ।



ਰਿਪੋਰਟ ਇਹ ਦੱਸਦੀ ਹੈ ਕਿ ਕਿਵੇਂ ਸਮਾਜ ਕਿਸੇ ਬੱਚੇ ਦੀ ਸ਼ਨਾਖ਼ਤ ਤੇ ਵਜੂਦ ਨੂੰ ਮਾਨਤਾ ਦਿੰਦਾ ਹੈ। ਜਨਮ ਰਜਿਸਟਰੇਸ਼ਨ ਇਹ ਗਾਰੰਟੀ ਦਿੰਦਾ ਹੈ ਕਿ ਬੱਚੇ ਨੂੰ ਵਿਸਰਿਆ ਨਹੀਂ ਮੰਨਿਆ ਜਾਵੇਗਾ ਤੇ ਉਸ ਦੇ ਅਧਿਕਾਰ ਨਕਾਰੇ ਨਹੀਂ ਜਾਣਗੇ। ਨਵੀਂ ਰਿਪੋਰਟ ਮੁਤਾਬਕ ਹਰ ਬੱਚੇ ਦੇ ਜਨਮ ਅਧਿਕਾਰਾਂ ਦੇ ਅੰਕੜੇ 161 ਦੇਸ਼ਾਂ ਵਿਚੋਂ ਇਕੱਤਰ ਕੀਤੇ ਗਏ ਹਨ। ਜਿਹਤੇ ਪਹਿਲੇ ਦਸ ਮੁਲਕ ਜਿਨ੍ਹਾਂ ਵਿਚ ਬੱਚੇ ਦੀ ਜਨਮ ਰਜਿਸਟਰੇਸ਼ਨ ਬਹੁਤ ਘੱਟ ਹੈ, ਉਨ੍ਹਾਂ ਵਿਚ ਸੱਤ ਕਰੋੜ 10 ਲੱਖ ਨਾਲ ਭਾਰਤ ਮੋਹਰੀ ਹੈ।

ਉਸ ਮਗਰੋਂ ਇਕ ਕਰੋੜ 70 ਲੱਖ ਨਾਲ ਨਾਈਜੀਰੀਆ ਦੂਜੇ ਸਥਾਨ 'ਤੇ ਆਉਂਦਾ ਹੈ। ਭਾਰਤ ਵਿਚ ਬੱਚਿਆਂ ਦੀ ਰਜਿਸਟਰੇਸ਼ਨ ਕਰਾਉਣ ਵਿਚ ਹਿੰਦੂ ਤੇ ਮੁਸਲਮਾਨ ਹੋਰਨਾਂ ਧਰਮਾਂ ਨਾਲੋਂ ਪਿੱਛੇ ਹਨ। ਜਨਮ ਰਜਿਸਟਰੇਸ਼ਨ ਵਿਚ ਪਛੜੇ ਹੋਰਨਾਂ ਮੁਲਕਾਂ ਵਿਚ ਸੋਮਾਲੀਆ, ਲਿਬੇਰੀਆ, ਇਥੋਪੀਆ, ਜਾਂਬੀਆ, ਚਾਡ, ਤਨਜ਼ਾਨੀਆ, ਯਮਨ, ਗੁਏਨਾ ਬਿਸਾਊ, ਪਾਕਿਸਤਾਨ ਤੇ ਕਾਂਗੋ ਸ਼ਾਮਲ ਹਨ।

# ਸ਼ਾਹਰੁਖ ਖਾਨ ਬਣੇ ਸਭ ਤੋਂ ਸ਼ਕਤੀਸ਼ਾਲੀ ਸ਼ਖਸੀਅਤ

**ਮੁੰਬਈ:** ਕਿੰਗ ਖਾਨ ਸ਼ਾਹਰੁਖ ਨੇ ਬਾਲੀਵੁੱਡ ਦੇ ਮਹਾਨਾਇਕ ਅਮਿਤਾਭ ਬੱਚਨ, ਸਲਮਾਨ ਖਾਨ, ਸਚਿਨ ਤੇਂਦੁਲਕਰ ਨੂੰ ਪਿੱਛੇ ਛੱਡਦਿਆਂ ਭਾਰਤ ਦੀ ਸਭ ਤੋਂ ਸ਼ਕਤੀਸ਼ਾਲੀ ਸ਼ਖਸੀਅਤ ਹੋਣ ਦਾ ਖ਼ਿਤਾਬ ਆਪਣੇ ਨਾਂ ਕੀਤਾ ਹੈ। ਫੋਰਬਸ ਇੰਡੀਆ ਮੈਗਜ਼ੀਨ ਦੇ ਦੂਜੇ ਐਡੀਸ਼ਨ ਵਿਚ ਭਾਰਤ ਦੀਆਂ 100 ਸ਼ਕਤੀਸ਼ਾਲੀ ਸ਼ਖ਼ਸੀਅਤਾਂ ਦੀ ਜਾਰੀ ਕੀਤੀ ਗਈ ਸੂਚੀ ਵਿਚ ਸ਼ਾਹਰੁਖ ਖਾਨ ਚੋਟੀ 'ਤੇ ਹਨ। ਉਹ ਲਗਾਤਾਰ ਦੂਜੀ ਵਾਰ ਦੇਸ਼ ਦੀ ਸਭ ਤੋਂ ਸ਼ਕਤੀਸ਼ਾਲੀ ਸ਼ਖ਼ਸੀਅਤ ਬਣੇ ਹਨ। ਚੇਤੇ ਰਹੇ ਕਿ ਹਾਲ ਹੀ ਵਿਚ ਸ਼ਾਹਰੁਖ ਖਾਨ ਦੀ ਫਿਲਮ 'ਚੇਨਈ ਐਕਸਪ੍ਰੈੱਸ' ਨੇ ਕਮਾਈ ਦੇ ਸਭ ਰਿਕਾਰਡ ਤੋੜ ਦਿੱਤੇ ਸਨ। ਇਸ ਫਿਲਮ ਨੇ ਫਿਲਮਾਂ ਦੇ ਇਤਿਹਾਸ ਵਿਚ ਪਹਿਲੀ ਵਾਰ 200 ਕਰੋੜ ਰੁਪਏ ਦਾ ਕਾਰੋਬਾਰ ਕੀਤਾ ਸੀ।

ਆਪਣੀ ਕਮਾਈ ਤੇ ਲੋਕਪ੍ਰਿਯਤਾ ਦੀ ਬਦੌਲਤ ਸ਼ਾਹਰੁਖ ਇਸ ਸੂਚੀ ਵਿਚ ਸਭ ਤੋਂ ਉਪਰ ਹਨ ਜਦਕਿ ਇਸ ਸੂਚੀ ਵਿਚ ਦੂਜੇ ਨੰਬਰ 'ਤੇ ਭਾਰਤੀ ਕ੍ਰਿਕਟ ਟੀਮ ਦੇ ਕਪਤਾਨ ਮਹਿੰਦਰ ਸਿੰਘ ਧੋਨੀ ਤੇ ਤੀਜੇ ਨੰਬਰ 'ਤੇ ਬਾਲੀਵੁੱਡ ਦੇ ਦਬੰਗ ਸਲਮਾਨ ਖਾਨ ਹਨ। ਹਾਲ ਹੀ ਵਿਚ ਕੌਮਾਂਤਰੀ ਕ੍ਰਿਕਟ ਨੂੰ ਅਲਵਿਦਾ ਕਹਿ ਚੁੱਕੇ ਸਚਿਨ ਤੇਂਦੁਲਕਰ ਚੌਥੇ ਸਥਾਨ 'ਤੇ ਜਦਕਿ ਬਾਲੀਵੁੱਡ ਦੇ ਮਹਾਨਾਇਕ ਅਮਿਤਾਭ ਬੱਚਨ ਨੂੰ ਇਸ ਸੂਚੀ ਵਿਚ ਪੰਜਵਾਂ ਸਥਾਨ ਮਿਲਿਆ ਹੈ।

ਸਰਬੋਤਮ 10 ਸਥਾਨਾਂ ਵਿਚ ਸਿਰਫ਼ ਇਕ ਹੀ ਮਹਿਲਾ ਸ਼ਾਮਲ ਹੈ, ਉਹ ਹੈ ਬਾਲੀਵੁੱਡ ਦੀ ਅਦਾਕਾਰਾ ਕੈਟਰੀਨਾ ਕੈਫ ਜਿਸ ਨੂੰ ਇਸ ਸੂਚੀ ਵਿਚ ਨੌਂਵੀਂ ਥਾਂ ਮਿਲੀ ਹੈ। ਇਸ ਸੂਚੀ ਵਿਚ ਵਿਰਾਟ ਕੋਹਲੀ ਸਭ ਤੋਂ ਘੱਟ ਉਮਰ ਵਾਲੀ ਸ਼ਖਸੀਅਤ ਬਣੇ। ਹਾਲਾਂਕਿ ਇਸ ਵਾਰ ਕਰੀਨਾ ਕਪੂਰ, ਵਰਿੰਦਰ ਸਹਿਵਾਗ ਦੀ ਰੈਂਕਿੰਗ ਘੱਟ ਗਈ।

## ਨਰਾਇਣ ਸਾਈਂ ਨੇ 8 ਔਰਤਾਂ ਨਾਲ ਨਾਜਾਇਜ਼ ਸਬੰਧ ਕਬੂਲੇ

**ਸੂਰਤ:** ਪੁਲਿਸ ਨੇ ਦਾਅਵਾ ਕੀਤਾ ਹੈ ਕਿ ਨਾਰਾਇਣ ਸਾਈਂ ਨੇ ਬਲਾਤਕਾਰ ਦੇ ਦੋਸ਼ ਕਬੂਲ ਲਏ ਹਨ। ਉਸ ਨੇ ਤਕਰੀਬਨ ਅੱਠ ਔਰਤਾਂ ਨਾਲ ਨਾਜਾਇਜ਼ ਸਬੰਧ ਹੋਣਾ ਮੰਨਿਆ ਹੈ। ਸੂਰਤ ਦੇ ਪੁਲਿਸ ਕਮਿਸ਼ਨ ਰਾਕੇਸ਼ ਅਸ਼ਥਾਨਾ ਮੁਤਾਬਕ ਸਖ਼ਤੀ ਨਾਲ ਕੀਤੀ ਪੁੱਛ-ਪੜਤਾਲ ਦੌਰਾਨ ਸਾਈਂ ਨੇ ਆਪਣੇ 'ਤੇ ਲੱਗੇ ਬਲਾਤਕਾਰ ਦੇ ਦੋਸ਼ਾਂ ਨੂੰ ਤਕਰੀਬਨ ਕਬੂਲ ਕਰ ਲਿਆ ਹੈ।

ਸੂਰਤ ਵਾਸੀ ਦੋ ਭੈਣਾਂ ਨੇ ਸਾਈਂ ਤੇ ਬਾਪੂ ਆਸਾ ਰਾਮ 'ਤੇ ਬਲਾਤਕਾਰ ਕਰਨ ਦੇ ਦੋਸ਼ ਲਾਉਂਦਿਆਂ ਸ਼ਿਕਾਇਤ ਦਰਜ ਕਰਵਾਈ ਸੀ। ਸਾਈਂ ਨੇ ਖੁਲਾਸਾ ਕੀਤਾ ਹੈ ਕਿ ਉਸ ਦੇ ਅੱਠ ਮਹਿਲਾ ਸੇਵਿਕਾਵਾਂ ਨਾਲ ਸਰੀਰਕ ਸਬੰਧ ਸਨ। ਇਹ ਵੀ ਖੁਲਾਸਾ ਹੋਇਆ ਹੈ ਕਿ ਸਾਈਂ ਆਪਣੀ ਇਕ ਸੇਵਿਕਾ ਦੇ ਬੱਚੇ ਦਾ ਪਿਤਾ ਵੀ ਹੈ।

# ਜ਼ਹਿਰੀਲਾ ਪਾਣੀ ਪੀ ਰਹੇ ਨੇ ਪੰਜ-ਆਬ ਦੇ ਵਾਸੀ

**ਚੰਡੀਗੜ੍ਹ:** ਪੰਜਾਬ ਦੇ ਪੀਣ ਵਾਲੇ ਪਾਣੀਆਂ ਵਿਚ ਘੁਲੀਆਂ ਧਾਤਾਂ ਦਾ ਜ਼ਹਿਰ ਹੁਣ ਰੋਪੜ ਸਮੇਤ ਕੰਢੀ ਖੇਤਰ ਦੇ ਹੋਰ ਜ਼ਿਲ੍ਹਿਆਂ ਅਤੇ ਅੰਮ੍ਰਿਤਸਰ ਫਿਰ ਵੀ ਫੈਲ ਗਿਆ ਹੈ। ਸੂਬਾ ਸਰਕਾਰ ਵੱਲੋਂ ਤਿਆਰ ਕਰਵਾਈਆਂ ਰਿਪੋਰਟਾਂ ਮੁਤਾਬਕ ਰੋਪੜ ਵਿਚ ਸਭ ਤੋਂ ਜ਼ਿਆਦਾ ਆਰਸੈਨਿਕ ਅਤੇ ਲੋਹਾ ਪਾਇਆ ਜਾ ਰਿਹਾ ਹੈ। ਮਾਲਵੇ ਦੇ ਬਰਨਾਲਾ ਅਤੇ ਮੋਗਾ ਜ਼ਿਲ੍ਹਿਆਂ ਵਿਚ ਯੂਰੇਨੀਅਮ ਦੀ ਮਾਤਰਾ ਪ੍ਰਤੀ ਲੀਟਰ 60 ਮਾਈਕ੍ਰੋਗਰਾਮ ਤੱਕ ਪੁੱਜ ਗਈ ਹੈ।

ਰੋਪੜ ਜ਼ਿਲ੍ਹੇ ਦੇ ਜਲ ਸਪਲਾਈ ਘਰਾਂ ਦੇ ਕੁੱਲ 287 ਸੈਂਪਲ ਪਾਣੀ ਦੇ ਨਿਰੀਖਣ ਲਈ ਭੇਜੇ ਗਏ ਸਨ। ਇਨ੍ਹਾਂ ਵਿਚੋਂ 128 ਫੇਲ੍ਹ ਹੋ ਗਏ। ਮਾਹਿਰਾਂ ਮੁਤਾਬਕ ਇਨ੍ਹਾਂ ਜ਼ਿਲ੍ਹਿਆਂ ਵਿਚ ਆਇਰਨ ਤੇ ਆਰਸੈਨਿਕ ਦੇ ਤੱਤ ਪਹਿਲੀ ਵਾਰ ਸਾਹਮਣੇ ਆਏ ਹਨ। ਅੰਮ੍ਰਿਤਸਰ ਦੇ 70 ਪਿੰਡਾਂ ਵਿਚ ਇਹੀ ਤੱਤ ਨਿਕਲੇ ਹਨ। ਇਸ ਜ਼ਿਲ੍ਹੇ ਦੇ 338 ਪਿੰਡਾਂ ਦਾ ਪਾਣੀ ਲੈਬਾਰਟਰੀ ਲਈ ਭੇਜਿਆ ਗਿਆ ਸੀ। ਫਤਹਿਗੜ੍ਹ ਸਾਹਿਬ ਜ਼ਿਲ੍ਹੇ ਦੇ ਵੀ ਕਈ ਪਿੰਡਾਂ ਵਿਚ ਇਹ ਤੱਤ ਖ਼ਤਰਨਾਕ ਹੱਦ ਤੱਕ ਹਨ। ਇਸ ਜ਼ਿਲ੍ਹੇ ਦੇ 56, ਫਿਰੋਜ਼ਪੁਰ ਦੇ 94, ਹੁਸ਼ਿਆਰਪੁਰ ਦੇ 38 ਅਤੇ ਲੁਧਿਆਣਾ ਦੇ 12 ਪਿੰਡਾਂ ਵਿਚ ਆਰਸੈਨਿਕ ਤੇ ਲੋਹਾ ਨਿਕਲਿਆ ਹੈ। ਇਨ੍ਹਾਂ ਜ਼ਿਲ੍ਹਿਆਂ ਵਿਚ ਜ਼ਹਿਰੀਲੀਆਂ ਧਾਤਾਂ ਦੇ ਜੋ ਤੱਤ ਸਾਹਮਣੇ ਆਏ ਹਨ, ਉਹ ਕੌਮੀ ਤੇ ਕੌਮਾਂਤਰੀ ਪੱਧਰ ਦੀਆਂ ਸਿਹਤ ਸੰਸਥਾਵਾਂ ਵੱਲੋਂ ਨਿਰਧਾਰਤ ਮਾਪਦੰਡਾਂ ਤੋਂ ਵਧੇਰੇ ਹਨ। ਜਲ ਸਪਲਾਈ ਵਿਭਾਗ ਵੱਲੋਂ ਮਾਲਵੇ ਦੇ ਜ਼ਿਲ੍ਹਿਆਂ ਵਿਚ ਯੂਰੇਨੀਅਮ ਦੀ ਪਰਖ ਇਸੇ ਸਾਲ ਜੁਲਾਈ ਵਿਚ ਕਰਵਾਈ ਗਈ ਸੀ। ਵਿਭਾਗ ਵੱਲੋਂ 7332 ਸੈਂਪਲ ਭੇਜੇ ਗਏ ਸਨ ਜਿਨ੍ਹਾਂ ਵਿਚੋਂ 1102 ਫੇਲ੍ਹ ਹੋ ਗਏ।

## 10 ਸਾਲਾ ਬੱਚੇ ਦੇ ਕਾਤਲ ਨੂੰ ਉਮਰ ਕੈਦ

**ਹੁਸ਼ਿਆਰਪੁਰ:** ਹੁਸ਼ਿਆਰਪੁਰ ਦੀ ਅਦਾਲਤ ਨੇ ਜ਼ਿਲ੍ਹੇ ਦੇ ਪਿੰਡ ਜੰਡੋਲੀ ਦੇ ਇਕ ਵਿਅਕਤੀ ਜਸਵਿੰਦਰ ਸਿੰਘ ਨੂੰ ਆਪਣੇ ਹੀ ਪਿੰਡ ਦੇ 10 ਸਾਲਾ ਲੜਕੇ ਬਲਕਾਰ ਚੰਦ ਨੂੰ ਕਤਲ ਕਰਨ ਦੇ ਦੋਸ਼ ਵਿਚ ਉਮਰ ਕੈਦ ਦੀ ਸਜ਼ਾ ਸੁਣਾਈ। ਜਸਵਿੰਦਰ ਸਿੰਘ ਨੂੰ ਮ੍ਰਿਤਕ ਬਲਕਾਰ ਚੰਦ ਤੇ ਉਸ ਦੇ ਪਰਿਵਾਰ ਦਾ ਆਪਣੇ ਖੇਤਾਂ ਵਿਚੋਂ ਲੰਘਣਾ ਪਸੰਦ ਨਹੀਂ ਸੀ। 18 ਅਪਰੈਲ ਨੂੰ ਜਦੋਂ ਬਲਕਾਰ ਤੇ ਉਸ ਦਾ ਪਿਤਾ ਅਸ਼ੋਕ ਪਾਲ ਉਥੋਂ ਲੰਘ ਰਹੇ ਸਨ ਤਾਂ ਦੋਸ਼ੀ ਨੇ ਤੇਜ਼ਧਾਰ ਹਥਿਆਰ ਨਾਲ ਬਲਕਾਰ ਦਾ ਸਿਰ ਧੜ ਤੋਂ ਅਲੱਗ ਕਰ ਦਿੱਤਾ। ਪੁਲਿਸ ਨੇ ਉਸ ਨੂੰ ਗ੍ਰਿਫ਼ਤਾਰ ਕਰਕੇ ਦਫ਼ਾ 302 ਤਹਿਤ ਮਾਮਲਾ ਦਰਜ ਕਰ ਲਿਆ।

# ਸਿਆਸੀ ਪਾਰਟੀਆਂ ਆਰ.ਟੀ.ਆਈ. ਘੇਰੇ ਤੋਂ ਬਾਹਰ ਰਹਿਣਗੀਆਂ

**ਨਵੀਂ ਦਿੱਲੀ:** ਸੰਸਦੀ ਕਮੇਟੀ ਨੇ ਸਿਆਸੀ ਦਲਾਂ ਨੂੰ ਸੂਚਨਾ ਅਧਿਕਾਰ ਕਾਨੂੰਨ (ਆਰ.ਟੀ.ਆਈ.) ਦੇ ਘੇਰੇ ਵਿਚੋਂ ਬਾਹਰ ਰੱਖਣ ਦਾ ਸਮਰਥਨ ਕੀਤਾ ਹੈ। ਚੇਤੇ ਰਹੇ ਕਿ ਕੇਂਦਰੀ ਸੂਚਨਾ ਕਮਿਸ਼ਨ ਇਸ ਦੇ ਖ਼ਿਲਾਫ਼ ਸੀ। ਕਮਿਸ਼ਨ ਦਾ ਕਹਿਣਾ ਹੈ ਕਿ ਰਜਿਸਟਰਡ ਜਾਂ ਮਾਨਤਾ ਪ੍ਰਾਪਤ ਸਿਆਸੀ ਪਾਰਟੀਆਂ ਲੋਕ ਅਥਾਰਟੀ ਤੇ ਆਰ.ਟੀ.ਆਈ. ਤਹਿਤ ਆਉਂਦੀਆਂ ਹਨ। ਇਹ ਪਾਰਟੀਆਂ ਲੋਕ ਅਥਾਰਟੀ ਹੋਣ ਦੇ ਨਾਤੇ ਆਮਦਨ ਕਰ ਸਣੇ ਕਈ ਛੋਟਾਂ ਲੈਂਦੀਆਂ ਹਨ।

ਕਾਨੂੰਨ ਤੇ ਪਰਸੋਨਲ ਮਾਮਲਿਆਂ ਸਬੰਧੀ ਸੰਸਦੀ ਕਮੇਟੀ ਨੇ ਸੰਸਦ ਵਿਚ ਪੇਸ਼ ਕੀਤੀ ਰਿਪੋਰਟ ਵਿਚ ਸਿਫ਼ਾਰਸ਼ ਕੀਤੀ ਹੈ ਕਿ ਸਿਆਸੀ ਪਾਰਟੀਆਂ ਆਰ.ਟੀ.ਆਈ. ਦੇ ਘੇਰੇ ਵਿਚ ਨਹੀਂ ਆਉਣੀਆਂ ਚਾਹੀਦੀਆਂ। ਆਰ.ਟੀ.ਆਈ. (ਸੋਧ) ਬਿੱਲ 2013 ਇਸ ਸਾਲ ਅਗਸਤ ਵਿਚ ਲੋਕ ਸਭਾ ਅੰਦਰ ਪੇਸ਼ ਹੋਇਆ ਸੀ ਜਿਸ ਵਿਚ ਕਾਨੂੰਨ ਦੀ ਧਾਰਾ 2 ਵਿਚ ਕਿਹਾ ਗਿਆ ਹੈ ਕਿ ਵਿਅਕਤੀਆਂ ਦਾ ਕੋਈ ਵੀ ਸਮੂਹ ਜਾਂ ਇਕਾਈ, ਜੋ ਜਨ-ਪ੍ਰਤੀਨਿਧ ਕਾਨੂੰਨ 1951 ਤਹਿਤ ਸਿਆਸੀ ਦਲ ਦੇ ਰੂਪ ਵਿਚ ਰਜਿਸਟਰਡ ਜਾਂ ਮਾਨਤਾ ਪ੍ਰਾਪਤ ਹੈ, ਨੂੰ ਲੋਕ ਅਥਾਰਟੀ ਨਹੀਂ ਮੰਨਿਆ ਜਾਵੇਗਾ।

ਉਧਰ, ਕੇਂਦਰੀ ਸੂਚਨਾ ਕਮਿਸ਼ਨ ਨੇ ਆਪਣੇ ਹੁਕਮ ਵਿਚ ਕਾਂਗਰਸ, ਭਾਜਪਾ, ਬਸਪਾ, ਸੀ.ਪੀ.ਆਈ. ਤੇ ਸੀ.ਪੀ.ਐਮ. ਨੂੰ ਸਿਆਸੀ ਅਥਾਰਟੀ ਮੰਨਿਆ ਸੀ। ਅਟਾਰਨੀ ਜਨਰਲ ਜੀ.ਈ. ਵਾਹਨਵਟੀ ਤੇ ਕਾਨੂੰਨ ਸਕੱਤਰ ਬੀ.ਏ. ਅਗਰਵਾਲ ਸਣੇ ਕਈ ਉੱਚ ਅਧਿਕਾਰੀ ਕਮੇਟੀ ਅੱਗੇ ਪੇਸ਼ ਹੋਏ। ਅਟਾਰਨੀ ਜਨਰਲ ਨੂੰ ਸ਼ੱਕ ਸੀ ਕਿ ਤਜਵੀਜ਼ਸ਼ੁਦਾ ਸੋਧਾਂ ਨਿਆਂਇਕ ਸਮੀਖਿਆ ਅੱਗੇ ਟਿਕ ਨਹੀਂ ਸਕਣਗੀਆਂ, ਕਿਉਂਕਿ ਇਹ ਇਕ ਵਰਗ ਦੇ ਅੰਦਰ ਵਰਗ ਪੈਦਾ ਕਰ ਰਹੀਆਂ ਸਨ। ਕਾਨੂੰਨ ਸਕੱਤਰ ਨੇ ਇਸ ਦੇ ਉਲਟ ਕਿਹਾ ਕਿ ਇਹ ਪੂਰੀ ਤਰ੍ਹਾਂ ਠੋਸ ਹੈ, ਕਿਉਂਕਿ ਸੰਸਦ ਕੇਂਦਰੀ ਸੂਚਨਾ ਕਮਿਸ਼ਨ ਦੇ ਹੁਕਮ ਨੂੰ ਰੱਦ ਕਰਨ ਲਈ ਕਾਨੂੰਨੀ ਤੌਰ 'ਤੇ ਸਮਰੱਥ ਹੈ। ਕਮੇਟੀ ਨੇ ਅਟਾਰਨੀ ਜਨਰਲ ਦੇ ਵਿਚਾਰਾਂ ਨੂੰ ਰੱਦ ਕਰਦਿਆਂ ਆਖ ਦਿੱਤਾ ਕਿ ਉਹ ਕਾਨੂੰਨ ਸਕੱਤਰ ਨਾਲ ਸਹਿਮਤ ਹੈ। ਕਮੇਟੀ ਦੇ ਮੈਂਬਰ ਤੇ ਰਾਜ ਸਭਾ ਦੇ ਨਾਮਜ਼ਦ ਮੈਂਬਰ ਅਨੂ ਆਗਾ ਨੇ ਇਸ ਰਿਪੋਰਟ 'ਤੇ ਅਸਹਿਮਤੀ ਨੋਟ ਦਿੰਦਿਆਂ ਕਿਹਾ ਹੈ ਕਿ ਉਹ ਸਿਆਸੀ ਪਾਰਟੀਆਂ ਨੂੰ ਲੋਕ ਅਥਾਰਟੀ ਮੰਨਦੀ ਹੈ, ਕਿਉਂਕਿ ਉਹ ਸਰਕਾਰ ਤੋਂ ਭਾਰੀ ਵਿੱਤੀ ਸਮਰਥਨ ਲੈਂਦੀਆਂ ਹਨ। ਛੇ ਮੁੱਖ ਸਿਆਸੀ ਦਲਾਂ ਸਬੰਧੀ ਕਮਿਸ਼ਨ ਦਾ ਹੁਕਮ ਇਸ ਸਾਲ 3 ਜੂਨ ਨੂੰ ਆਇਆ ਸੀ। ਇਸ ਲਈ ਸੋਧਿਆ ਕਾਨੂੰਨ ਵੀ ਜੂਨ ਤੋਂ ਲਾਗੂ ਹੋਵੇਗਾ।

# ਗਵਾਹਾਂ ਬਾਰੇ ਸੱਜਣ ਕੁਮਾਰ ਦੀ ਅਪੀਲ ਖਾਰਜ

**ਨਵੀਂ ਦਿੱਲੀ (ਬਿਊਰੋ):** ਦਿੱਲੀ ਦੀ ਅਦਾਲਤ ਨੇ ਸੀ.ਬੀ.ਆਈ ਦੇ ਨੌਂ ਗਵਾਹ ਵਾਪਸ ਲੈਣ ਬਾਰੇ ਕਾਂਗਰਸੀ ਆਗੂ ਸੱਜਣ ਕੁਮਾਰ ਦੀ ਅਪੀਲ ਖਾਰਜ ਕਰ ਦਿੱਤੀ ਹੈ। ਅਦਾਲਤ ਨੇ ਨਵੰਬਰ 1984 ਦੇ ਸਿੱਖ ਕਤਲੇਆਮ ਵਿਚ ਮਾਰੇ ਗਏ ਸੁਰਜੀਤ ਸਿੰਘ ਦੇ ਮਾਮਲੇ ਵਿਚ ਸੱਜਣ ਕੁਮਾਰ, ਬ੍ਰਹਮਾਨੰਦ ਗੁਪਤਾ, ਪੇਰੂ ਤੇ ਵੇਦ ਪ੍ਰਕਾਸ਼ ਦੀ ਅਰਜ਼ੀ ਨੂੰ ਖਾਰਜ ਕਰ ਦਿੱਤਾ ਜਿਸ ਵਿਚ ਮੁਲਜ਼ਮਾਂ ਨੇ ਮੰਗ ਕੀਤੀ ਸੀ ਕਿ ਉਨ੍ਹਾਂ ਵਿਰੁਧ ਸੀ.ਬੀ.ਆਈ ਦੇ ਗਵਾਹਾਂ ਦੀ ਗਵਾਹੀ ਨਾ ਲਈ ਜਾਵੇ ਕਿਉਂਕਿ ਇਹ ਗਵਾਹੀ ਗੈਰਜ਼ਰੂਰੀ ਹੈ।

ਅਦਾਲਤ ਨੇ ਅਗਲੀ ਸੁਣਵਾਈ ਲਈ ਅਗਲੇ ਸਾਲ 10, 13 ਤੇ 15 ਜਨਵਰੀ ਦੀਆਂ ਤਰੀਕਾਂ ਤੈਅ ਕੀਤੀਆਂ ਹਨ ਤੇ ਇਨ੍ਹਾਂ ਦਿਨਾਂ ਦੌਰਾਨ ਸੀ.ਬੀ.ਆਈ ਦੇ ਗਵਾਹ ਭੁਗਤਣਗੇ।

ਅਦਾਲਤ ਨੇ ਮੁਲਜ਼ਮਾਂ ਦੀ ਅਪੀਲ ਨੂੰ ਰੱਦ ਕਰਦਿਆਂ ਕਿਹਾ ਕਿ ਇਹ ਸੀ.ਬੀ.ਆਈ ਉੱਤੇ ਨਿਰਭਰ ਕਰਦਾ ਹੈ ਕਿ ਉਸ ਨੇ ਇਸ ਕੇਸ ਵਿਚ ਕਿਹੜੇ ਗਵਾਹ ਭੁਗਤਾਉਣੇ ਹਨ ਅਤੇ ਕਿਹੜੇ ਨਹੀਂ, ਇਸ ਮਾਮਲੇ 'ਚ ਬਚਾਅ ਪੱਖ ਕੋਈ ਇਤਰਾਜ ਨਹੀਂ ਕਰ ਸਕਦਾ। ਜਦੋਂ ਬਚਾਅ ਪੱਖ ਦੇ ਵਕੀਲ ਨੇ ਅਦਾਲਤ ਤੋਂ ਗਵਾਹਾਂ ਦੇ ਬਾਰੇ ਜਾਣਕਾਰੀ ਮੰਗੀ ਤਾਂ ਅਦਾਲਤ ਨੇ ਇਹ ਕਹਿੰਦਿਆਂ ਨਾਂਹ ਕਰ ਦਿੱਤੀ ਕਿ ਗਵਾਹਾਂ ਨੂੰ ਪਹਿਲਾਂ ਹੀ ਧਮਕੀਆਂ ਮਿਲ ਰਹੀਆਂ ਹਨ।

# ਅਦਾਲਤ ਵੱਲੋਂ ਸੂਬਿਆਂ ਨੂੰ ਆਪਸੀ ਮਸਲੇ ਨਜਿੱਠਣ ਦੀ ਸਲਾਹ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਪੰਜਾਬ, ਹਰਿਆਣਾ, ਹਿਮਾਚਲ ਪ੍ਰਦੇਸ਼ ਅਤੇ ਜੰਮੂ-ਕਸ਼ਮੀਰ ਤੋਂ ਇਲਾਵਾ ਭਾਖੜਾ ਬਿਆਸ ਮੈਨੇਜਮੈਂਟ ਬੋਰਡ (ਬੀ.ਬੀ.ਐਮ.ਬੀ.) ਨੂੰ ਆਦੇਸ਼ ਦਿੱਤੇ ਹਨ ਕਿ ਉਹ ਦਰਿਆਵਾਂ ਉੱਤੇ ਬਿਜਲੀ ਪ੍ਰੋਜੈਕਟਾਂ ਸਬੰਧੀ ਮਿਲ ਬੈਠ ਕੇ ਆਪਸੀ ਮਤਭੇਦ ਘਟਾਉਣ ਲਈ ਹੰਭਲਾ ਮਾਰਨ। ਸੁਪਰੀਮ ਕੋਰਟ ਦੇ ਜਸਟਿਸ ਸੀ.ਕੇ. ਪ੍ਰਸਾਦ ਤੇ ਕੁਰੀਅਨ ਜੋਜ਼ੇਫ਼ ਉੱਤੇ ਆਧਾਰਤ ਬੈਂਚ ਨੇ ਇਹ ਹੁਕਮ ਉਦੋਂ ਪਾਸ ਕੀਤੇ ਜਦੋਂ ਸੂਬਿਆਂ ਵੱਲੋਂ ਪੇਸ਼ ਹੋਏ ਵਕੀਲਾਂ ਨੇ ਅਦਾਲਤ ਨੂੰ ਦੱਸਿਆ ਕਿ ਉਨ੍ਹਾਂ ਦੇ ਮੁਵੱਕਲਾਂ ਨੇ ਮੁੱਦੇ ਉਠਾ ਕੇ ਅਦਾਲਤ ਨੂੰ ਹਰਿਆਣਾ ਸੂਬੇ ਵੱਲੋਂ 2009 ਵਿਚ ਦਾਇਰ ਕੇਸ ਵਿਚ ਫੈਸਲਾ ਕਰਨ ਨੇੜੇ ਪਹੁੰਚਾ ਦਿੱਤਾ ਹੈ।

ਅਦਾਲਤ ਨੇ ਸਬੰਧਤ ਪਾਰਟੀਆਂ ਨੂੰ ਕਿਹਾ ਕਿ ਉਹ ਸਾਂਝੇ ਮਾਮਲਿਆਂ ਦੀ ਨਿਸ਼ਾਨਦੇਹੀ ਕਰਨ ਲਈ ਹੋਰ ਯਤਨ ਕਰਨ ਤਾਂ ਜੋ ਅਦਾਲਤ ਕੋਲ ਫ਼ੈਸਲਾ ਲੈਣ ਲਈ ਸਿਰਫ਼ ਅਹਿਮ ਮਸਲੇ ਹੀ ਰਹਿਣ। ਆਪਸੀ ਸਹਿਮਤੀ ਬਣਾਉਣ ਲਈ ਵਧੇਰੇ ਸਮਾਂ ਦਿੰਦਿਆਂ ਅਦਾਲਤ ਨੇ ਇਸ ਮਾਮਲੇ ਦੀ ਅਗਲੀ ਪੇਸ਼ੀ ਜਨਵਰੀ 2014 ਵਿਚ ਤੀਜੇ ਹਫ਼ਤੇ ਦੀ ਪਾ ਦਿੱਤੀ ਹੈ। ਹਰਿਆਣਾ ਦਾ ਮੁੱਖ ਨੁਕਤਾ ਇਹ ਹੈ ਕਿ ਸੁਪਰੀਮ ਕੋਰਟ ਇਹ ਫ਼ੈਸਲਾ ਦੇਵੇ ਕਿ ਕੀ ਹਰਿਆਣਾ ਦਾ ਰਾਵੀ ਦਰਿਆ ਉੱਤੇ ਬਣੇ ਪਣ ਬਿਜਲੀ ਪ੍ਰੋਜੈਕਟਾਂ 'ਤੇ ਬਣਨ ਵਾਲੇ ਪ੍ਰੋਜੈਕਟਾਂ ਨਾਲ ਜੁੜਨ ਦਾ ਕਾਨੂੰਨੀ ਹੱਕ ਹੈ ਤੇ ਉਸ ਅਨੁਸਾਰ ਸੂਬੇ ਨੂੰ ਇਨ੍ਹਾਂ ਪ੍ਰੋਜੈਕਟਾਂ ਤੋਂ ਬਿਜਲੀ ਉਤਪਾਦਨ ਵਿਚੋਂ ਹਿੱਸਾ ਮਿਲੇ।

ਹਰਿਆਣਾ ਨੇ ਸੁਪਰੀਮ ਕੋਰਟ ਤੋਂ ਫੈਸਲਾ ਲੈਣ ਲਈ 10 ਮੁੱਦੇ ਰੱਖੇ ਹਨ। ਪੰਜਾਬ ਤੇ ਜੰਮੂ-ਕਸ਼ਮੀਰ ਨੇ ਅੱਠ-ਅੱਠ ਮੁੱਦੇ ਰੱਖੇ ਹਨ। ਹਿਮਾਚਲ ਪ੍ਰਦੇਸ਼ ਦੇ ਦੋ ਅਤੇ ਬੀ.ਬੀ.ਐਮ.ਬੀ. ਦਾ ਇੱਕ ਮੁੱਦਾ ਹੈ। ਐਡੀਸ਼ਨਲ ਸੋਲਿਸਟਰ ਜਨਰਲ ਮੋਹਨ ਜੈਨ ਨੇ ਅਦਾਲਤ ਨੂੰ ਦੱਸਿਆ ਕਿ ਕੇਂਦਰ ਦਾ ਸਟੈਂਡ ਨਿਰਪੱਖ ਹੈ ਤੇ ਸਿਰਫ ਸੁਪਰੀਮ ਕੋਰਟ ਦੇ ਫੈਸਲੇ ਨੂੰ ਲਾਗੂ ਕਰਨ ਤਕ ਹੈ।

ਸੰਵਿਧਾਨ ਦੀ ਧਾਰਾ 131 ਅਧੀਨ ਹਰਿਆਣਾ ਵੱਲੋਂ ਦਾਇਰ ਕੇਸ ਉੱਤੇ ਸਵਾਲ ਉਠਾਉਂਦਿਆਂ ਪੰਜਾਬ ਨੇ ਆਪਣਾ ਪੱਖ ਪੇਸ਼ ਕਰਦਿਆਂ ਕਿਹਾ ਕਿ ਉਸ ਨੂੰ ਆਪਣੇ ਅਧਿਕਾਰ ਖੇਤਰ ਵਾਲੇ ਇਲਾਕੇ ਵਿਚ ਵਗਦੇ ਦਰਿਆਵਾਂ ਉੱਤੇ ਪਾਣੀ ਦੀ ਬਿਨਾਂ ਖਪਤ ਵਰਤੋਂ ਤੋਂ ਬਿਜਲੀ ਪੈਦਾ ਕਰਨ ਦਾ ਕਾਨੂੰਨੀ ਅਧਿਕਾਰ ਹੈ। ਇਸ ਲਈ ਇਹ ਫੈਸਲਾ ਦਿੱਤਾ ਜਾਵੇ ਕਿ ਹਰਿਆਣਾ ਦਾ ਆਨੰਦਪੁਰ ਸਾਹਿਬ ਪਣ ਬਿਜਲੀ ਪ੍ਰੋਜੈਕਟ, ਥੀਨ ਡੈਮ ਪ੍ਰੋਜੈਕਟ, ਸ਼ਾਹਪੁਰ ਕੰਢੀ ਪਣ ਬਿਜਲੀ ਪ੍ਰੋਜੈਕਟ ਯੋਜਨਾ ਵਿਚ ਕੋਈ ਕਾਨੂੰਨੀ ਹੱਕ ਨਹੀਂ ਬਣਦਾ।

# ਬਰਤਾਨੀਆ ਵਿਚ ਕੰਮ ਲਈ ਅੰਗਰੇਜ਼ੀ ਵਿਚ ਮੁਹਾਰਤ ਜ਼ਰੂਰੀ ਕਰਾਰ

**ਲੰਡਨ:** ਬਰਤਾਨੀਆ ਵੱਲੋਂ ਆਵਾਸੀਆਂ ਲਈ ਕਰੜੇ ਟੈਸਟਾਂ ਦੀ ਲੜੀ ਸ਼ੁਰੂ ਕੀਤੀ ਜਾ ਰਹੀ ਹੈ। ਸਰਕਾਰੀ ਸਹੂਲਤਾਂ ਹਾਸਲ ਕਰਨ ਲਈ ਇਹ ਟੈਸਟ ਪਾਸ ਕਰਨੇ ਲਾਜ਼ਮੀ ਹੋਣਗੇ। ਆਵਾਸੀਆਂ ਨੂੰ ਅੰਗਰੇਜ਼ੀ ਵਿਚ ਮੁਹਾਰਤ ਹੋਣੀ ਚਾਹੀਦੀ ਹੈ ਤੇ ਸਾਬਤ ਕਰਨਾ ਹੋਵੇਗਾ ਕਿ ਉਹ ਸਹੀ ਢੰਗ ਨਾਲ ਕੰਮ ਦੀ ਭਾਲ ਵਿਚ ਬਰਤਾਨੀਆ ਆ ਰਹੇ ਹਨ। ਇਹ ਨਿਯਮ ਵਿਦੇਸ਼ੀ ਤੇ ਉਨ੍ਹਾਂ ਬ੍ਰਿਟਿਸ਼ ਨਾਗਰਿਕਾਂ 'ਤੇ ਲਾਗੂ ਹੋਵੇਗਾ ਜਿਹੜੇ ਦੇਸ਼ ਤੋਂ ਬਾਹਰ ਰਹਿ ਕੇ ਪਰਤਣਗੇ।

ਕੰਮ ਤੇ ਪੈਨਸ਼ਨ ਮੰਤਰੀ ਆਈ.ਡੀ. ਸਮਿੱਥ ਨੇ ਕਿਹਾ ਕਿ ਇਨ੍ਹਾਂ ਨਵੇਂ ਟੈਸਟਾਂ ਦੀ ਲੜੀ ਨਾਲ ਸਹੀ ਕਾਮਿਆਂ ਤੇ ਕੰਮ ਲੱਭਣ ਵਾਲਿਆਂ ਨੂੰ ਮਦਦ ਮਿਲੇਗੀ ਤੇ ਬਾਹਰੋਂ ਆ ਕੇ ਫਾਇਦਾ ਲੈਣ ਵਾਲਿਆਂ 'ਤੇ ਰੋਕ ਲੱਗੇਗੀ। ਇਹ ਟੈਸਟ ਦੇਸ਼ ਦੀ ਅਰਥ ਵਿਵਸਥਾ ਨੂੰ ਸੁਰੱਖਿਅਤ ਕਰਨ ਦੀ ਲੰਮੀ ਯੋਜਨਾ ਦਾ ਹਿੱਸਾ ਹੈ। ਪਰਵਾਸੀ ਤਾਂ ਹੀ ਸਰਕਾਰੀ ਸਹੂਲਤਾਂ ਦਾ ਲਾਭ ਲੈ ਸਕਣਗੇ ਜੇ ਉਹ ਸਾਬਤ ਕਰਨਗੇ ਕਿ ਉਹ ਕਾਨੂੰਨੀ ਤੌਰ 'ਤੇ ਬਰਤਾਨੀਆ ਵਿਚ ਰਹਿ ਸਕਦੇ ਹਨ। ਇਹ ਟੈਸਟ ਯੂਰਪੀ ਯੂਨੀਅਨ ਨੇਮਾਂ ਤਹਿਤ ਪਹਿਲੀ ਜਨਵਰੀ 2014 ਤੋਂ ਚੁੱਕੇ ਜਾਣ ਵਾਲੇ ਸਰਹੱਦ ਕੰਟਰੋਲ ਦੇ ਮੱਦੇਨਜ਼ਰ ਲਿਆਂਦੇ ਗਏ ਹਨ। ਇਹ ਫੈਸਲਾ ਰੋਮਾਨੀਆ ਤੇ ਬੁਲਗਾਰੀਆ ਦੇ ਨਾਗਰਿਕਾਂ ਦੀ ਆਮਦ ਨਾਲ ਬਰਤਾਨੀਆ ਅਰਥ ਵਿਵਸਥਾ 'ਤੇ ਪੈਣ ਵਾਲੇ ਪ੍ਰਭਾਵ ਨੂੰ ਵੀ ਮੁੱਖ ਰੱਖ ਕੇ ਕੀਤਾ ਗਿਆ ਹੈ। ਚੇਤੇ ਰਹੇ ਕਿ ਬਰਤਾਨੀਆ ਯੂਰਪੀ ਕਮਿਸ਼ਨ ਨਾਲ ਪਹਿਲਾਂ ਹੀ ਕਾਨੂੰਨੀ ਲੜਾਈ ਲੜ ਰਿਹਾ ਹੈ। ਯੂਰਪੀ ਕਮਿਸ਼ਨ ਦਾ ਕਹਿਣਾ ਹੈ ਕਿ ਸਰਕਾਰੀ ਸਹੂਲਤਾਂ ਦੇਣ ਤੋਂ ਪਹਿਲਾਂ ਆਵਾਸੀਆਂ ਦਾ ਟੈਸਟ ਲੈਣਾ ਗੈਰਕਾਨੂੰਨੀ ਹੈ।


ਕੱਰੀ ਕੁਕ, ਹੈਲਪਰ ਤੇ ਵੇਟਰ ਦੀ ਲੋੜ ਹੈ

ਵਚੀਟਾ, ਕੈਨਸਸ ਵਿਚ ਭਾਰਤੀ ਰੈਸਟੋਰੈਂਟ ਲਈ
ਕੱਰੀ ਕੁਕ, ਹੈਲਪਰ ਅਤੇ ਵੇਟਰ ਦੀ ਲੋੜ ਹੈ
ਚੰਗੀ ਤਨਖਾਹ, ਰਿਹਾਇਸ਼ ਮੁਫਤ

ਸੰਪਰਕ ਕਰੋ: 316-708-9896

51-52-1-2



ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

National Truck Driving School

ਸੈਕਰਾਮੈਂਟੋ ਅਤੇ ਯੂਬਾ ਸਿਟੀ ਕੈਲੀਫੋਰਨੀਆ

ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ



Call For Special Price

Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-419-5058

1816 Main Ave., Secramento CA, 95838

**Punjab Times**

**Established in 2000**
**13th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@sbcglobal.net
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh
**Graphics:**
Mandeep Singh

**Our Columnists**
Ashok Bhaura
Tarlochan Singh Dupalpur
Baljit Basi
Major Kular
**California**
Shiara Dhindsa
661-703-6664
**New York**
**Iqbal S. Jabowalia**
**917-375-6395**
**Circulation**
**Harbhajan Singh**
**917-856-5229**
**Photographer**
**Kamaljit Singh Virdi**
**Ph. 847-502-2703**

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 95 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਲੋਕਪਾਲ ਬਿੱਲ ਆਖਰ ਪਾਸ

**ਨਵੀਂ ਦਿੱਲੀ:** ਕਰੀਬ ਸਾਢੇ ਚਾਰ ਦਹਾਕਿਆਂ ਤੋਂ ਲਮਕਦਾ ਆ ਰਿਹਾ ਇਤਿਹਾਸਕ ਭ੍ਰਿਸ਼ਟਾਚਾਰ ਰੋਕੂ ਬਿੱਲ, ਲੋਕਪਾਲ ਰਾਜ ਸਭਾ ਵਿਚ ਪਾਸ ਹੋ ਗਿਆ। ਦੋਵਾਂ ਸਦਨਾਂ ਵਿਚ ਪਾਸ ਹੋਣ ਬਾਅਦ ਇਸ ਨੂੰ ਰਾਸ਼ਟਰਪਤੀ ਦੀ ਪ੍ਰਵਾਨਗੀ ਲਈ ਭੇਜਿਆ ਜਾਵੇਗਾ ਜਿਸ ਤੋਂ ਬਾਅਦ ਇਹ ਕਾਨੂੰਨ ਬਣ ਜਾਵੇਗਾ। ਪਿਛਲੇ ਦੋ ਸਾਲਾਂ ਤੋਂ ਰਾਜ ਸਭਾ ਵਿਚ ਲਮਕ ਰਿਹਾ ਲੋਕਪਾਲ ਤੇ ਲੋਕਾਯੁਕਤ ਬਿੱਲ-2011, ਰਾਜ ਸਭਾ ਨੇ ਕਰੀਬ ਪੰਜ ਘੰਟੇ ਦੀ ਬਹਿਸ ਬਾਅਦ ਜ਼ੁਬਾਨੀ ਵੋਟਾਂ ਨਾਲ ਪਾਸ ਕਰ ਦਿੱਤਾ।

ਜ਼ਿਕਰਯੋਗ ਹੈ ਕਿ ਦਸੰਬਰ 2011 ਦੌਰਾਨ ਲੋਕਪਾਲ ਬਿੱਲ ਲੋਕ ਸਭਾ ਵਿਚ ਲੰਬੀ ਬਹਿਸ ਬਾਅਦ ਪਾਸ ਹੋ ਗਿਆ ਸੀ ਪਰ ਰਾਜ ਸਭਾ ਵਿਚ ਵਿਰੋਧ ਹੋਣ ਕਾਰਨ ਇਸ ਨੂੰ ਵਿਚਾਰਨ ਲਈ ਸਿਲੈਕਟ ਕਮੇਟੀ ਕੋਲ ਭੇਜ ਦਿੱਤਾ ਗਿਆ ਸੀ। ਉੱਘੇ ਸਮਾਜ ਸੇਵੀ ਅੰਨਾ ਹਜ਼ਾਰੇ ਦੀ ਜ਼ਿੱਦ ਅਤੇ ਅੰਦੋਲਨ ਕਾਰਨ ਇਸ ਵਿਚ ਕੁਝ ਅਹਿਮ ਸੋਧਾਂ ਕੀਤੀਆਂ ਗਈਆਂ ਹਨ। ਇਸ ਬਿੱਲ ਵਿਚ ਜਿਹੜੀਆਂ ਅਹਿਮ ਸੋਧਾਂ ਪ੍ਰਵਾਨ ਕੀਤੀਆਂ ਗਈਆਂ ਹਨ, ਉਨ੍ਹਾਂ ਵਿਚ ਇਸ ਦੇ ਦਾਇਰੇ ਵਿਚ ਪ੍ਰਧਾਨ ਮੰਤਰੀ ਨੂੰ ਲਿਆਉਣਾ ਅਤੇ ਲੋਕਪਾਲ ਨੂੰ ਰਾਜਾਂ ਦੇ ਲੋਕਾਯੁਕਤ ਨਾਲੋਂ ਅਲੱਗ ਕਰਨਾ ਸ਼ਾਮਲ ਹਨ।

ਯਾਦ ਰਹੇ ਕਿ ਪਹਿਲਾਂ ਭਾਰਤੀ ਜਨਤਾ ਪਾਰਟੀ ਦੀ ਇਸ ਬਿੱਲ ਰਾਏ ਹੋਰ ਸੀ ਪਰ ਹੁਣ ਸਰਬ ਪਾਰਟੀ ਮੀਟਿੰਗ ਦੌਰਾਨ ਇਸ ਪਾਰਟੀ ਨੇ ਸਾਫ ਕਰ ਦਿੱਤਾ ਕਿ ਇਸ ਨੂੰ ਇਸ ਬਿੱਲ 'ਤੇ ਹੁਣ ਕੋਈ ਇਤਰਾਜ਼ ਨਹੀਂ ਹੈ। ਸਮਾਜਵਾਦੀ ਪਾਰਟੀ ਨੇ ਇਸ ਬਿੱਲ ਦਾ ਡਟ ਕੇ ਵਿਰੋਧ ਕਤਿਾ ਅਤੇ ਸੰਸਦ ਵਿਚੋਂ ਬਾਈਕਾਟ ਵੀ ਕੀਤਾ।

# ਨਰੇਂਦਰ ਮੋਦੀ ਦੀ ਪੰਜਾਬ ਰੈਲੀ ਫਿਰ ਮੁਲਤਵੀ

**ਚੰਡੀਗੜ੍ਹ:** ਭਾਜਪਾ ਆਗੂ ਅਤੇ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਉਮੀਦਵਾਰ ਨਰੇਂਦਰ ਮੋਦੀ ਦੀ 21 ਦਸੰਬਰ ਨੂੰ ਜਗਰਾਉਂ ਵਿਖੇ ਕੀਤੀ ਜਾਣ ਵਾਲੀ ਰੈਲੀ ਇਕ ਵਾਰ ਫਿਰ ਮੁਲਤਵੀ ਕਰ ਦਿੱਤੀ ਗਈ ਹੈ। ਸ਼੍ਰੋਮਣੀ ਅਕਾਲੀ ਦਲ ਦੇ ਸੁਖਬੀਰ ਸਿੰਘ ਬਾਦਲ ਅਤੇ ਪੰਜਾਬ ਭਾਜਪਾ ਦੇ ਪ੍ਰਧਾਨ ਕਮਲ ਸ਼ਰਮਾ ਨੇ ਐਲਾਨ ਕੀਤਾ ਹੈ ਕਿ ਇਹ 'ਫਤਿਹ ਰੈਲੀ' ਹੁਣ ਫਰਵਰੀ ਵਿਚ ਕੀਤੀ ਜਾਵੇਗੀ ਅਤੇ ਤਰੀਕ ਦਾ ਐਲਾਨ ਜਲਦੀ ਕਰ ਦਿੱਤਾ ਜਾਵੇਗਾ।

ਸ਼੍ਰੋਮਣੀ ਅਕਾਲੀ ਦਲ ਦੇ ਬੁਲਾਰੇ ਡਾ. ਦਲਜੀਤ ਸਿੰਘ ਚੀਮਾ ਨੇ ਆਖਿਆ ਹੈ ਕਿ ਅਗਲੇ ਤਿੰਨ ਦਿਨਾਂ ਲਈ ਖਰਾਬ ਮੌਸਮ ਅਤੇ 21 ਦਸੰਬਰ ਨੂੰ ਮੀਂਹ ਪੈਣ ਦੀ ਭਵਿੱਖਬਾਣੀ ਕਾਰਨ ਰੈਲੀ ਮੁਲਤਵੀ ਕੀਤੀ ਗਈ ਹੈ। ਮੌਸਮ ਵਿਭਾਗ ਦੀ ਭਵਿੱਖਬਾਣੀ ਦੇ ਮੱਦੇਨਜ਼ਰ ਮਹਿਸੂਸ ਕੀਤਾ ਗਿਆ ਕਿ ਧੁੰਦ ਅਤੇ ਮੀਂਹ ਕਾਰਨ ਜਿੱਥੇ ਲੋਕਾਂ ਨੂੰ ਪ੍ਰੇਸ਼ਾਨੀ ਹੋਵੇਗੀ, ਉਥੇ ਸ੍ਰੀ ਨਰੇਂਦਰ ਮੋਦੀ ਸਮੇਤ ਐਨ.ਡੀ.ਏ. ਨੇਤਾਵਾਂ ਲਈ ਵੀ ਹਵਾਈ ਸਫ਼ਰ ਮੁਸ਼ਕਿਲ ਹੋ ਜਾਵੇਗਾ। ਇਸ ਲਈ ਇਹ ਰੈਲੀ ਮੁਲਤਵੀ ਕੀਤੀ ਗਈ ਹੈ। ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਵੀ ਕਿਹਾ ਹੈ ਕਿ ਸ੍ਰੀ



ਨਰੇਂਦਰ ਮੋਦੀ ਦੀ ਰੈਲੀ ਮੌਸਮ ਖ਼ਰਾਬ ਹੋਣ ਕਰ ਕੇ ਮੁਲਤਵੀ ਕੀਤੀ ਗਈ ਹੈ। ਇਹ ਰੈਲੀ ਕਿਸੇ ਵੀ ਦਬਾਅ ਹੇਠ ਆ ਕੇ ਮੁਲਤਵੀ ਨਹੀਂ ਕੀਤੀ ਗਈ।

ਉੱਧਰ, ਭਾਰਤੀ ਜਨਤਾ ਪਾਰਟੀ ਦੀ ਪੰਜਾਬ ਇਕਾਈ ਵੱਲੋਂ ਜਗਰਾਉਂ ਵਿਖੇ 21 ਦਸੰਬਰ ਨੂੰ ਕਰਵਾਈ ਜਾਣ ਵਾਲੀ ਰੈਲੀ ਅਣਮਿੱਥੇ ਸਮੇਂ ਲਈ ਮੁਲਤਵੀ ਹੋਣ ਕਾਰਨ ਰਾਜਨੀਤਕ ਹਲਕਿਆਂ ਵਿਚ ਕਈ ਸਵਾਲ ਖੜ੍ਹੇ ਹੋ ਗਏ ਹਨ।

ਛੇਤੇ ਰਹੇ ਕਿ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸਿਮਰਜੀਤ ਸਿੰਘ ਮਾਨ ਨੇ ਮੋਦੀ ਦੀ ਰੈਲੀ ਦੇ ਬਰਾਬਰ ਮੁੱਲਾਂਪੁਰ ਵਿਚ ਉਸੇ ਦਿਨ 'ਦੁਸ਼ਮਣ ਭਜਾਓ ਰੈਲੀ' ਕਰਨ ਦਾ ਐਲਾਨ ਕੀਤਾ ਹੋਇਆ ਸੀ। ਉਨ੍ਹਾਂ ਦਾ ਕਹਿਣਾ ਹੇ ਕਿ ਨਰੇਂਦਰ ਮੋਦੀ ਘੱਟਗਿਣਤੀ ਵਿਰੋਧੀ ਹੈ ਅਤੇ ਉਸ ਦੇ ਰਾਜ ਵਾਲੇ ਸੂਬੇ ਗੁਜਰਾਤ ਵਿਚੋਂ ਸਿੱਖ ਕਿਸਾਨਾਂ ਨੂੰ ਉਜਾੜਿਆ ਜਾ ਰਿਹਾ ਹੈ।

# ਬੇਅੰਤ ਸਿੰਘ ਦੀ ਯਾਦ ਵਿਚ ਡਾਕ ਟਿਕਟ

**ਨਵੀਂ ਦਿੱਲੀ:** ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੇ ਪੰਜਾਬ ਦੇ ਮਰਹੂਮ ਮੁੱਖ ਮੰਤਰੀ ਬੇਅੰਤ ਸਿੰਘ ਦੀ ਯਾਦ ਵਿਚ ਡਾਕ ਟਿਕਟ ਜਾਰੀ ਕੀਤੀ ਹੈ। ਯਾਦ ਰਹੇ ਕਿ ਬੇਅੰਤ ਸਿੰਘ ਉਤੇ ਆਪਣੇ ਰਾਜ ਦੌਰਾਨ ਸਿੱਖਾਂ ਦਾ ਘਾਣ ਕਰਨ ਦਾ ਦੋਸ਼ ਲਗਦਾ ਹੈ ਪਰ ਕਈ ਲੋਕਾਂ ਦਾ ਕਹਿਣਾ ਹੈ ਕਿ ਪੰਜਾਬ ਵਿਚ ਅਮਨ ਕਾਇਮ ਕਰਨ ਲਈ ਬੇਅੰਤ ਸਿੰਘ ਦੀ ਅਹਿਮ ਭੂਮਿਕਾ ਨਿਭਾਈ ਸੀ।

# ਮਨਮੋਹਨ ਸਿੰਘ ਦਾ ਪੱਤਾ ਸਾਫ!

*(ਸਫਾ ਇਕ ਦੀ ਬਾਕੀ)*

ਜ਼ਿਕਰਯੋਗ ਹੈ ਕਿ ਭਾਜਪਾ ਦੇ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਨਰੇਂਦਰ ਮੋਦੀ ਦਾ ਨਾਂ ਪੇਸ਼ ਕੀਤਾ ਹੈ ਤੇ ਕਾਂਗਰਸ 'ਤੇ ਇਹ ਦੋਸ਼ ਲੱਗਦਾ ਹੈ ਕਿ ਉਹ ਦੇਸ਼ ਦੇ ਅਗਲੇ ਪ੍ਰਧਾਨ ਮੰਤਰੀ ਲਈ ਪਾਰਟੀ ਆਗੂ ਦਾ ਨਾਂ ਐਲਾਨਣ ਵਿਚ ਹਿਚਕਚਾਹਟ ਮਹਿਸੂਸ ਕਰ ਰਹੀ ਹੈ। ਜਿਸ ਦਿਨ ਵਿਧਾਨ ਸਭਾ ਚੋਣਾਂ ਦੇ ਨਤੀਜੇ ਆਏ ਸਨ, ਉਸ ਦਿਨ ਹੀ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਨੇ ਐਲਾਨ ਕੀਤਾ ਸੀ ਕਿ ਪਾਰਟੀ ਢੁਕਵੇਂ ਸਮੇਂ 'ਤੇ ਪ੍ਰਧਾਨ ਮੰਤਰੀ ਪਦ ਲਈ ਪਾਰਟੀ ਆਗੂ ਦਾ ਨਾਂ ਪੇਸ਼ ਕਰੇਗੀ। ਕਾਂਗਰਸ ਨੇ ਰਾਹੁਲ ਗਾਂਧੀ ਨੂੰ ਪ੍ਰਧਾਨ ਮੰਤਰੀ ਪਦ ਲਈ ਪਾਰਟੀ ਦਾ ਉਮੀਦਵਾਰ ਐਲਾਨਣ ਬਾਰੇ ਅਜੇ ਕੁਝ ਸਪਸ਼ਟ ਨਹੀਂ ਕੀਤਾ।

ਰਾਹੁਲ ਗਾਂਧੀ ਨੂੰ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਕੁੱਲ ਹਿੰਦ ਕਾਂਗਰਸ ਕਮੇਟੀ ਦੀ ਮੀਟਿੰਗ ਬੁਲਾਏ ਜਾਣ ਬਾਰੇ ਸਵਾਲ ਨੂੰ ਤਰਕਹੀਣ ਕਰਾਰ ਦਿੰਦਿਆਂ ਸ੍ਰੀ ਦਿਵੇਦੀ ਨੇ ਕਿਹਾ ਕਿ ਕੁੱਲ ਹਿੰਦ ਕਾਂਗਰਸ ਪਾਰਟੀ ਦੀ ਮੀਟਿੰਗ ਬੁਲਾਉਣ ਦਾ ਫੈਸਲਾ ਕਾਂਗਰਸ ਵਰਕਿੰਗ ਕਮੇਟੀ ਦਾ ਹੈ ਤੇ ਉਹ ਹੀ ਇਸ ਮੀਟਿੰਗ ਲਈ ਏਜੰਡਾ ਪੇਸ਼ ਕਰੇਗੀ। ਉਨ੍ਹਾਂ ਦੱਸਿਆ ਕਿ ਕੁੱਲ ਹਿੰਦ ਕਾਂਗਰਸ ਕਮੇਟੀ ਦੀ ਮੀਟਿੰਗ ਇਸ ਸਾਲ ਜਨਵਰੀ ਵਿਚ ਜੈਪੁਰ ਵਿਚ ਹੋਈ ਸੀ ਤੇ ਇਸ ਮੌਕੇ 'ਚਿੰਤਨ ਸ਼ਿਵਰ' ਦੌਰਾਨ ਹੀ ਰਾਹੁਲ ਗਾਂਧੀ ਦਾ ਨਾਂ ਕਾਂਗਰਸ ਪਾਰਟੀ ਦੇ ਮੀਤ ਪ੍ਰਧਾਨ ਲਈ ਅੱਗੇ ਆਇਆ ਸੀ।

ਉਨ੍ਹਾਂ ਕਿਹਾ ਕਿ ਇਸ ਮੀਟਿੰਗ ਵਿਚ ਦੇਸ਼ ਦੀ ਰਾਜਸੀ ਸਥਿਤੀ ਤੇ ਹੋਰ ਅਹਿਮ ਮਸਲਿਆਂ ਬਾਰੇ ਵੀ ਚਰਚਾ ਹੋ ਸਕਦੀ ਹੈ। ਇਹ ਵੀ ਜ਼ਿਕਰਯੋਗ ਹੈ ਕਿ ਤਾਜ਼ਾ ਵਿਧਾਨ ਸਭਾ ਚੋਣਾਂ ਵਿਚ ਕਾਂਗਰਸ ਨੂੰ ਮਿਲੀ ਹਾਰ ਤੋਂ ਬਾਅਦ ਉਸ ਦੀਆਂ ਭਾਈਵਾਲ ਪਾਰਟੀਆਂ ਬਿਫਰੀਆਂ ਬੈਠੀਆਂ ਹਨ। ਡੀ.ਐਮ.ਕੇ. ਨੇ ਤਾਂ ਐਲਾਨ ਵੀ ਕਰ ਦਿੱਤਾ ਹੈ ਕਿ ਉਹ ਲੋਕ ਸਭਾ ਚੋਣਾਂ ਵਿਚ ਕਾਂਗਰਸ ਨਾਲ ਗੱਠਜੋੜ ਨਹੀਂ ਕਰੇਗੀ। ਕਾਂਗਰਸ ਪਾਰਟੀ ਇਸ ਸਮੇਂ ਅੰਦਰੂਨੀ ਚਿੰਤਨ ਵਿਚ ਜੁਟੀ ਹੋਈ ਹੈ।

# ਬੰਦੀ ਸਿੱਖਾਂ ਵਿਚੋਂ ਬਹੁਤੇ ਪੰਜਾਬ ਦੀਆਂ ਜੇਲ੍ਹਾਂ ਅੰਦਰ ਕੈਦ

*(ਸਫਾ ਇਕ ਦੀ ਬਾਕੀ)*

ਮੋਹਨ ਸਿੰਘ ਦੀ 72 ਸਾਲ, ਸਰੂਪ ਸਿੰਘ ਦੀ 64 ਸਾਲ, ਬਲਵਿੰਦਰ ਸਿੰਘ ਦੀ 61 ਸਾਲ ਤੇ ਕੇਂਦਰੀ ਜੇਲ੍ਹ ਲੁਧਿਆਣਾ ਵਿਚ ਬੰਦ ਮਾਨ ਸਿੰਘ ਦੀ 69 ਸਾਲ ਹੈ। ਜੇਲ੍ਹਾਂ ਅੰਦਰ ਵੀ ਇਨ੍ਹਾਂ ਦੀ ਬਿਰਧ ਅਵਸਥਾ ਨੂੰ ਵੇਖਦੇ ਹੋਏ ਇਨ੍ਹਾਂ ਨੂੰ ਬਾਪੂ ਜਿਹੇ ਸਤਿਕਾਰਤ ਸ਼ਬਦ ਨਾਲ ਬੁਲਾਇਆ ਜਾਂਦਾ ਹੈ।

ਸੰਵਿਧਾਨਕ ਤੌਰ 'ਤੇ ਪੰਜਾਬ ਗੁੱਡ ਕੰਡਕਟ ਪਰਿਜਨਰਜ਼ (ਆਰਜ਼ੀ ਰਿਹਾਈ) ਐਕਟ, 1962 ਅਧੀਨ ਇਨ੍ਹਾਂ ਨੂੰ ਪੈਰੋਲ ਹਾਸਲ ਕਰਨ ਲਈ ਚਾਰਾਜੋਈ ਕਰਨ ਤੇ ਇਸ ਤਹਿਤ ਵੀ ਇਨਸਾਫ਼ ਨਾ ਮਿਲਣ ਦੀ ਸੂਰਤ ਵਿਚ ਹਾਈਕੋਰਟ ਤੇ ਸੁਪਰੀਮ ਕੋਰਟ ਤੱਕ ਗੁਹਾਰ ਲਾਉਣ ਦਾ ਹੱਕ ਹੈ ਪਰ ਇਨ੍ਹਾਂ ਨੂੰ ਦਹਾਕਿਆਂਬੱਧੀ ਰਿਹਾਈ ਨਾ ਮਿਲਣ ਪਿੱਛੇ ਰਾਜ ਸਰਕਾਰ ਦੀ ਨੀਅਤ 'ਤੇ ਸਵਾਲ ਉੱਠਦਾ ਹੈ। ਦੂਜੇ ਪਾਸੇ ਖ਼ੁਫ਼ੀਆ ਏਜੰਸੀਆਂ ਵੀ ਅੜਿੱਕਾ ਬਣਦੀਆਂ ਹਨ। ਇਸ ਬਾਰੇ ਸੂਚਨਾ ਅਧਿਕਾਰ ਕਾਨੂੰਨ ਦੇ ਕਾਰਕੁਨ ਤੇ ਹਾਈਕੋਰਟ ਦੇ ਸੀਨੀਅਰ ਵਕੀਲ ਹਰੀ ਚੰਦ ਅਰੋੜਾ ਦਾ ਕਹਿਣਾ ਹੈ ਕਿ ਪੰਜਾਬ ਗੁੱਡ ਕੰਡਕਟ ਪਰਿਜਨਰਜ਼ (ਆਰਜ਼ੀ ਰਿਹਾਈ) ਐਕਟ, 1962 ਦੀ ਧਾਰਾ-6 ਅਧੀਨ ਕਿਸੇ ਕੈਦੀ ਨੂੰ ਰਿਹਾ ਜਾ ਪੈਰੋਲ ਬਖ਼ਸ਼ਣ ਦਾ ਕੇਸ ਆਉਂਦਾ ਹੈ ਤਾਂ ਸਰਕਾਰ ਜਾਂ ਕਿਸੇ ਸਬੰਧਤ ਤੇ ਜ਼ਿੰਮੇਵਾਰ ਸਰਕਾਰੀ ਉੱਚ-ਅਧਿਕਾਰੀ ਵੱਲੋਂ ਸਬੰਧਤ ਜ਼ਿਲ੍ਹਾ ਮੈਜਿਸਟਰੇਟ (ਜਿਥੋਂ ਦਾ ਉਹ ਕੈਦੀ ਰਹਿਣ ਵਾਲਾ ਹੋਵੇ) ਨਾਲ ਸਲਾਹ-ਮਸ਼ਵਰਾ ਕਰ ਕੇ ਤੈਅ ਕਰਨਾ ਹੁੰਦਾ ਹੈ



ਕਿ ਬਾਹਰ ਆਉਣ 'ਤੇ ਘੱਟੋ-ਘੱਟ ਆਪਣੇ ਜੱਦੀ ਇਲਾਕੇ ਨੂੰ ਉਸ ਤੋਂ ਤਾਂ ਖ਼ਤਰਾ ਹੈ। ਇਸ ਵਿਚ ਅੱਗੇ 14 ਵਰ੍ਹਿਆਂ ਤੋਂ ਘੱਟ ਸਜ਼ਾ ਵਾਲੇ ਕੈਦੀਆਂ ਬਾਰੇ ਰਾਜਪਾਲ ਨੂੰ ਸਿਫ਼ਾਰਸ਼ ਭੇਜਣੀ ਹੁੰਦੀ ਹੈ ਤੇ ਇਸ ਤੋਂ ਵੱਧ ਵਾਲਿਆਂ ਨੂੰ ਰਿਹਾ ਕਰਨ ਬਾਰੇ ਸਰਕਾਰ ਵੱਲੋਂ ਆਪਣੇ ਪੱਧਰ 'ਤੇ ਹੀ ਨੀਤੀ ਬਣਾ ਸਕਣ ਦਾ ਪ੍ਰਬੰਧ ਹੈ।

ਉਕਤ ਸੂਚੀ ਮੁਤਾਬਕ ਵੱਡੀ ਗਿਣਤੀ ਸਿੱਖ ਕੈਦੀ ਸਾਲ 1995 ਤੋਂ ਵੀ ਪਹਿਲਾਂ ਤੋਂ ਪੰਜਾਬ ਤੇ ਦੇਸ਼ ਦੀਆਂ ਹੋਰ ਜੇਲ੍ਹਾਂ ਵਿਚ ਬੰਦ ਹਨ। ਪੰਜਾਬ ਵਿਚ ਪੰਥਕ ਸਰਕਾਰ ਹੋਣ ਦਾ ਦਾਅਵਾ ਕਰਨ ਵਾਲੀ ਸੱਤਾਧਾਰੀ ਧਿਰ ਦੀ ਗੰਭੀਰਤਾ ਦਾ ਅੰਦਾਜ਼ਾ ਇਥੋਂ ਹੀ ਲਾਇਆ ਜਾ ਸਕਦਾ ਹੈ ਕਿ ਉੱਚ ਸੁਰੱਖਿਆ ਜੇਲ੍ਹ ਨਾਭਾ ਵਿਚ ਸਾਲ 1992 ਤੋਂ ਬੰਦ ਕਪੂਰਥਲਾ ਜ਼ਿਲ੍ਹੇ ਦੇ ਪਿੰਡ ਅਕਾਲਗੜ੍ਹ ਦੇ ਲਾਲ ਸਿੰਘ (ਕਰੀਬ 50 ਸਾਲ) ਨਾਂ ਦੇ ਸਿੱਖ ਕੈਦੀ ਨੂੰ ਗੁਜਰਾਤ ਪੁਲਿਸ ਵੱਲੋਂ ਅਸਲਾ ਐਕਟ ਤੇ ਅਜਿਹੇ ਹੀ ਕੁਝ ਹੋਰ ਕੇਸਾਂ ਤਹਿਤ ਕਾਬੂ ਕੀਤਾ ਗਿਆ ਸੀ। ਵੱਖ-ਵੱਖ ਸਮੇਂ ਦੋ ਦਰਜਨ ਤੋਂ ਵੀ ਵੱਧ ਵਾਰ ਪੈਰੋਲ ਕੱਟ ਚੁੱਕਣ, ਇਸੇ ਦੌਰਾਨ ਬਾਹਰ ਜਾ ਕੇ ਵਿਆਹ ਕਰਵਾਉਣ, ਇਕ ਬੱਚੀ ਦਾ ਪਿਤਾ ਬਣ ਚੁੱਕਾ ਹੋਣ ਤੇ ਬੁੱਢੇ ਮਾਪਿਆਂ ਦੇ ਅਕਾਲ ਚਲਾਣਾ ਕਰਨ ਤੇ ਸੁਧਰ ਚੁੱਕਿਆ ਹੋਣ ਜਿਹੇ ਸਬੂਤ ਦੇ ਚੁੱਕਾ ਹੋਣ ਦੇ ਬਾਵਜੂਦ ਇਹ ਫਿਰ ਅੰਦਰ ਹੀ ਬੰਦ ਹੈ। ਹਾਲਾਂਕਿ ਪੰਜਾਬ ਤੇ ਹਰਿਆਣਾ ਹਾਈਕੋਰਟ ਵੱਲੋਂ ਇਸ ਨੂੰ ਨਿਯਮਿਤ ਪੈਰੋਲ ਬਖ਼ਸ਼ੀ ਜਾ ਚੁੱਕੀ ਹੈ ਪਰ ਗੁਜਰਾਤ ਸਰਕਾਰ ਨੇ ਕੁਝ ਦਿਨ ਪਹਿਲਾਂ ਹੀ ਇਸ ਨੂੰ ਸੁਪਰੀਮ ਕੋਰਟ ਵਿਚ ਚੁਣੌਤੀ ਦੇ ਕੇ ਫਿਰ ਅੰਦਰ ਕਰਵਾ ਦਿੱਤਾ। ਇਹ ਸੂਚੀ ਤਿਆਰ ਕਰਨ ਵਾਲੇ ਐਡਵੋਕੇਟ ਜਸਪਾਲ ਸਿੰਘ ਮੰਝਪੁਰ ਨੇ ਪੰਜਾਬ ਸਰਕਾਰ 'ਤੇ ਸਿੱਖ ਵੱਖਵਾਦੀਆਂ ਬਾਰੇ ਪੁਰਾਣੀਆਂ ਧਾਰਨਾਵਾਂ ਨੂੰ ਹੀ ਆਧਾਰ ਬਣਾ ਕੇ ਇਨ੍ਹਾਂ ਸਿੱਖਾਂ ਨੂੰ ਆਪਣੇ ਹੀ ਦੇਸ਼ ਅੰਦਰ ਕਾਨੂੰਨੀ ਰਾਹਾਂ 'ਤੇ ਤੁਰਨ ਨਾ ਦੇਣ ਦਾ ਦੋਸ਼ ਲਾਇਆ ਹੈ। ਇਨ੍ਹਾਂ ਨੂੰ ਜੇਲ੍ਹਾਂ ਅੰਦਰਲੇ ਆਪਣੇ ਚੰਗੇ ਆਚਰਨ ਦੇ ਬਲਬੂਤੇ ਸੰਵਿਧਾਨਕ ਤੌਰ 'ਤੇ ਜੇ ਘੱਟੋ-ਘੱਟ ਆਰਜ਼ੀ ਰਿਹਾਈ ਲਈ ਵਿਚਾਰੇ ਜਾਣ ਦੀ ਹੀ ਗੱਲ ਹੈ ਤਾਂ ਇਸ ਬਾਰੇ ਕਰੀਬ ਇਕ ਸਾਲ ਪਹਿਲਾਂ ਤੱਕ ਹੀ ਪੰਜਾਬ ਦੀਆਂ ਜੇਲ੍ਹਾਂ ਦੇ ਡਾਇਰੈਕਟਰ ਜਨਰਲ ਪੁਲਿਸ ਵਜੋਂ ਸੇਵਾ ਨਿਭਾਉਣ ਵਾਲੇ ਸੇਵਾਮੁਕਤ ਆਈ.ਪੀ.ਐਸ. ਸ਼ਸ਼ੀ ਕਾਂਤ ਨੇ ਪੰਜਾਬ ਸਰਕਾਰ ਦੇ ਹੀ ਅਧਿਕਾਰਤ ਰਿਕਾਰਡ ਦੇ ਆਧਾਰ ਉਤੇ ਆਪਣੇ ਕਾਰਜਕਾਲ ਦੌਰਾਨ ਕਿਸੇ ਵੀ ਸਿਆਸੀ ਸਿੱਖ ਕੈਦੀ ਦੀ ਕੋਈ ਸ਼ਿਕਾਇਤ ਨਾ ਆਈ ਹੋਣ ਦਾ ਦਾਅਵਾ ਕੀਤਾ ਹੈ।

ਐਡਵੋਕੇਟ ਮੰਝਪੁਰ ਨੇ ਇਨ੍ਹਾਂ ਸਿਆਸੀ ਸਿੱਖ ਕੈਦੀਆਂ (ਤਿਹਾੜ ਜੇਲ੍ਹ ਵਿਚ ਬੰਦ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ, ਜਗਤਾਰ ਸਿੰਘ ਹਵਾਰਾ, ਕੇਂਦਰੀ ਜੇਲ੍ਹ ਪਟਿਆਲਾ ਵਿਚ ਬੰਦ ਭਾਈ ਬਲਵੰਤ ਸਿੰਘ ਰਾਜੋਆਣਾ ਤੋਂ ਇਲਾਵਾ) ਨੂੰ ਪੈਰੋਲ ਤੇ ਰਿਹਾਈ ਦੇਣ ਦੇ ਸਬੰਧ ਵਿਚ ਪੱਖਪਾਤ ਕੀਤੇ ਜਾਣ ਦੇ ਸਬੂਤ ਵਜੋਂ ਇਕੱਲੀ ਕੇਂਦਰੀ ਜੇਲ੍ਹ ਪਟਿਆਲਾ ਬਾਰੇ ਪਿਛਲੇ ਸਮੇਂ ਦੌਰਾਨ 80 ਅਜਿਹੇ ਕੈਦੀਆਂ ਨੂੰ ਪੈਰੋਲ ਬਖ਼ਸ਼ੇ ਜਾਣ ਦੇ ਅਧਿਕਾਰਤ ਅੰਕੜੇ ਹੀ ਕਾਫ਼ੀ ਹਨ ਜੋ ਨਾ ਸਿਰਫ਼ ਕਤਲ, ਜਬਰ ਜਨਾਹ ਤੇ ਨਸ਼ਾ ਤਸਕਰੀ ਜਿਹੇ ਸੰਗੀਨ ਮਾਮਲਿਆਂ ਦੇ ਦੋਸ਼ੀ ਹਨ, ਬਲਕਿ ਇਨ੍ਹਾਂ ਵਿਚੋਂ ਅੱਧੇ ਤਾਂ ਪੈਰੋਲ ਕੱਟ ਕੇ ਵਾਪਸ ਹੀ ਨਹੀਂ ਮੁੜੇ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਸਰਬਜੀਤ ਸਿੰਘ ਥਿਆੜਾ
ਜਗਦੀਸ਼ਰ ਸਿੰਘ ਕਲੇਰ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਰਿੰਦਰ ਸਿੰਘ ਗਿੱਲ
ਹੈਪੀ ਹੀਰ
ਯਾਦਵਿੰਦਰ ਸਿੰਘ ਰਿੰਪੀ

## Matrimonial

### ਕੰਨਿਆਂ ਦੀ ਲੋੜ

ਸੈਣੀ ਸਿੱਖ, 30 ਸਾਲ, 5'-11", ਪੀ ਜੀ ਡੀ ਬੀ ਐਮ ਸੋਹਣੇ ਸੁਨੱਖੇ ਅਮਰੀਕਾ ਵਿਚ ਵਰਕ ਪਰਮਿਟ 'ਤੇ ਕੰਮ ਕਰਦੇ, ਮਾਤਾ-ਪਿਤਾ ਦੇ ਨਾਲ ਰਹਿੰਦੇ ਲੜਕੇ ਲਈ ਯੋਗ ਲੜਕੀ ਦੀ ਲੋੜ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ। ਸੰਪਰਕ ਕਰੋ, ਫੋਨ: 804-502-9507

*47-5*

Wanted suitable girl from USA, Canada, for US citizen Amritdhari Sikh male 34, living in Ohio, truck driver, own house, divorced after 2 years of marriage, one daughter living with mom. Undocumented girls & divorcee without baby can also be considered. Contact: Ph:513-305-4654

*46-4*

# ਖਾੜਕੂ ਲਹੌਰੀਆ ਦੀ ਪੈਰੋਲ 'ਤੇ ਰਿਹਾਈ ਮੰਗੀ

**ਖੰਨਾ:** ਬੈਂਕ ਡਕੈਤੀ ਸਮੇਤ ਤਿੰਨ ਵੱਖ ਵੱਖ ਕੇਸਾਂ ਵਿਚ 18 ਸਾਲ ਪਹਿਲਾਂ ਗ੍ਰਿਫ਼ਤਾਰ ਦਇਆ ਸਿੰਘ ਲਹੌਰੀਆ ਨੂੰ ਭਾਰੀ ਸੁਰੱਖਿਆ ਹੇਠ ਖੰਨਾ ਦੀ ਅਦਾਲਤ ਵਿਚ ਪੇਸ਼ ਕੀਤਾ ਗਿਆ। ਕੇਸ ਦੀ ਅਗਲੀ ਸੁਣਵਾਈ ਹੁਣ 28 ਦਸੰਬਰ ਨੂੰ ਵੀਡੀਓ ਕਾਨਫਰੰਸਿੰਗ ਜ਼ਰੀਏ ਹੋਵੇਗੀ। ਇਸ ਦੌਰਾਨ ਲਹੌਰੀਆ ਦੀ ਪਤਨੀ ਨੇ ਉਸ ਨੂੰ ਪੈਰੋਲ 'ਤੇ ਛੱਡੇ ਜਾਣ ਦੀ ਮੰਗ ਕੀਤੀ ਹੈ।

ਲਹੌਰੀਆ ਨੂੰ ਵੱਡੀ ਉੱਚ ਸੁਰੱਖਿਆ ਵਾਲੀ ਬੱਸ ਵਿਚ ਤਿਹਾੜ ਜੇਲ੍ਹ ਦਿੱਲੀ ਤੋਂ ਖੰਨਾ ਲਿਆਂਦਾ ਗਿਆ। ਇਸ ਕਾਫਲੇ ਵਿਚ ਇਕ ਬੱਸ ਤੋਂ ਇਲਾਵਾ ਦਿੱਲੀ ਪੁਲਿਸ ਦੀਆਂ ਦੋ ਇਨੋਵਾ ਗੱਡੀਆਂ ਵੀ ਸਨ ਜਿਨ੍ਹਾਂ 'ਤੇ 35-40 ਦੇ ਕਰੀਬ ਦਿੱਲੀ ਪੁਲਿਸ ਦੇ ਜਵਾਨ ਤੇ ਅਫ਼ਸਰ ਸਵਾਰ ਸਨ। ਪੇਸ਼ੀ ਦੇ ਮੱਦੇਨਜ਼ਰ ਖੰਨੇ ਦਾ ਕੋਰਟ ਕੰਪਲੈਕਸ ਪੁਲਿਸ ਛਾਉਣੀ ਵਿਚ ਤਬਦੀਲ ਹੋ ਗਿਆ। ਲਹੌਰੀਆ ਨੂੰ ਜੱਜ ਹਰਜਿੰਦਰ ਸਿੰਘ ਦੀ ਅਦਾਲਤ ਵਿਚ ਪੇਸ਼ ਕੀਤਾ ਗਿਆ। ਮਾਮੂਲੀ ਪੁਛਗਿੱਛ ਤੋਂ ਬਾਅਦ ਕੇਸ ਦੀ ਅਗਲੀ ਤਾਰੀਖ 28 ਦਸੰਬਰ ਪਾ ਦਿੱਤੀ ਤੇ ਅਗਲੀ ਸੁਣਵਾਈ ਵੀਡੀਓ ਕਾਨਫਰੰਸ ਜ਼ਰੀਏ ਹੋਵੇਗੀ।



ਸ. ਲਹੌਰੀਆ ਦੀ ਪੇਸ਼ੀ ਮੌਕੇ ਉਸ ਦੀ ਪਤਨੀ ਕਮਲਜੀਤ ਕੌਰ ਤੇ ਭੈਣ ਸੁਖਵੰਤ ਕੌਰ ਮੁਲਾਕਾਤ ਲਈ ਆਏ ਸਨ ਪਰ ਸੁਰੱਖਿਆ ਕਾਰਨਾਂ ਕਰਕੇ ਉਨ੍ਹਾਂ ਨੂੰ ਥੋੜ੍ਹਾ ਸਮਾਂ ਹੀ ਦਿੱਤਾ ਗਿਆ। ਇਸ ਮੌਕੇ ਲਹੌਰੀਆ ਦੀ ਪਤਨੀ ਕਮਲਜੀਤ ਕੌਰ ਨੇ ਉਸ ਦੇ ਪਤੀ 'ਤੇ ਚੱਲ ਰਹੇ ਕੇਸਾਂ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਉਹ 1992 ਵਿਚ ਅਮਰੀਕਾ ਚਲਿਆ ਗਿਆ ਸੀ ਪਰ 1995 ਵਿਚ ਭਾਰਤ ਸਰਕਾਰ ਲਾਹੌਰੀਆ ਨੂੰ ਦਿੱਲੀ ਬੰਬ ਧਮਾਕੇ, ਜੈਪੁਰ ਅਗਵਾ, ਕਲਕੱਤਾ ਪਾਸਪੋਰਟ ਮਾਮਲਾ ਤੇ ਖੰਨਾ ਬੈਂਕ ਡਕੈਤੀ ਵਾਲੇ ਕੇਸ ਵਿਚ ਪਾ ਕੇ ਅਮਰੀਕਾ ਸਰਕਾਰ ਦੀ ਇਜਾਜ਼ਤ ਨਾਲ ਭਾਰਤ ਲੈ ਆਈ।

ਉਸ ਨੇ ਦੱਸਿਆ ਕਿ ਕਲਕੱਤਾ ਪਾਸਪੋਰਟ ਮਾਮਲੇ ਵਿਚ ਉਸ ਨੂੰ ਵੀ ਸੱਤ ਸਾਲ ਦੀ ਸਜ਼ਾ ਹੋਈ ਸੀ ਪਰ ਉਸ ਨੂੰ 11 ਸਾਲ ਜੇਲ੍ਹ ਵਿਚ ਰਹਿਣਾ ਪਿਆ। ਉਨ੍ਹਾਂ ਦੱਸਿਆ ਕਿ ਉਸ ਦੇ ਪਤੀ 'ਤੇ ਚੱਲ ਰਹੇ ਦਿੱਲੀ ਬੰਬ ਕਾਂਡ ਜਿਸ ਵਿਚ ਪ੍ਰੋਫੈਸਰ ਦਵਿੰਦਰ ਸਿੰਘ ਭੁੱਲਰ ਨੂੰ ਫਾਂਸੀ ਦੀ ਸਜ਼ਾ ਹੋਈ ਹੈ, ਵਿਚ ਲਹੌਰੀਆ ਦਿੱਲੀ ਦੀ ਤਿਹਾੜ ਜੇਲ ਵਿਚ ਪਿਛਲੇ 18 ਸਾਲਾਂ ਤੋਂ ਬੰਦ ਹੈ ਪਰ ਉਸ ਨੂੰ ਅੱਜ ਤੱਕ ਪੈਰੋਲ 'ਤੇ ਛੁੱਟੀ ਨਹੀਂ ਮਿਲੀ। ਕਮਲਜੀਤ ਕੌਰ ਨੇ ਕੇਂਦਰ ਸਰਕਾਰ ਤੋਂ ਮੰਗ ਕੀਤੀ ਕਿ ਉਸ ਦੇ ਪਤੀ ਨੂੰ ਹੋਰ ਕੈਦੀਆਂ ਦੀ ਤਰ੍ਹਾਂ ਪੈਰੋਲ 'ਤੇ ਛੁੱਟੀ ਦਿੱਤੀ ਜਾਵੇ।

ਉਧਰ, ਲਹੌਰੀਆ ਦੇ ਵਕੀਲ ਜਗਮੋਹਣ ਸਿੰਘ ਨੇ ਦੱਸਿਆ ਕਿ ਉਸ 'ਤੇ ਸਥਾਨਕ ਬੈਂਕ ਆਫ਼ ਇੰਡੀਆ ਵਿਚੋਂ 8 ਲੱਖ ਰੁਪਏ ਦਾ ਡਾਕਾ ਮਾਰਨ ਦਾ ਮਾਮਲਾ ਦਰਜ ਕੀਤਾ ਗਿਆ ਸੀ ਜੋ 2007 ਵਿਚ ਬੰਦ ਹੋ ਗਿਆ ਤੇ ਅਦਾਲਤ ਨੇ ਉਸ ਨੂੰ ਇਸ ਮਾਮਲੇ ਵਿਚ ਬਰੀ ਕਰ ਦਿੱਤਾ ਸੀ ਪਰ ਹੁਣ ਉਹੀ ਕੇਸ ਮੁੜ ਚਲਾਇਆ ਗਿਆ ਹੈ ਜਿਸ ਵਿਚ ਹੁਣ ਤੱਕ ਕੋਈ ਵੀ ਦਸਤਾਵੇਜ਼ ਅਦਾਲਤ ਨੂੰ ਨਹੀਂ ਮਿਲਿਆ।

# ਸਦੀ ਹੰਢਾ ਚੁੱਕਾ ਹੈ ਪਰਵਾਸੀ ਪੰਜਾਬੀ ਜੋੜਾ

**ਲੰਡਨ:** ਭਾਰਤੀ ਮੂਲ ਦੇ ਜੋੜੇ ਨੇ ਆਪਣੇ ਵਿਆਹ ਦੀ 88ਵੀਂ ਵਰ੍ਹੇਗੰਢ ਮਨਾਈ। ਕਰਮ ਚੰਦ 108 ਤੇ ਉਨ੍ਹਾਂ ਦੀ ਪਤਨੀ ਕਰਤਾਰੀ 101 ਸਾਲ ਦੀ ਹੋ ਗਈ ਹੈ ਤੇ 1925 ਵਿਚ ਜਦੋਂ ਉਨ੍ਹਾਂ ਦਾ ਵਿਆਹ ਹੋਇਆ ਸੀ ਤਾਂ ਭਾਰਤ 'ਤੇ ਅੰਗਰੇਜ਼ਾਂ ਦੀ ਹਕੂਮਤ ਸੀ। ਕਰਮ ਚੰਦ ਤੇ ਕਰਤਾਰੀ 1965 ਵਿਚ ਉੱਤਰੀ ਇੰਗਲੈਂਡ ਦੇ ਬ੍ਰੈਡਫੋਰਡ ਵਿਖੇ ਆ ਕੇ ਟਿਕ ਗਏ ਸਨ। ਇਨ੍ਹਾਂ ਦੇ ਅੱਠ ਬੱਚੇ, 27 ਪੋਤੇ, ਪੋਤੀਆਂ ਤੇ 23 ਪੜਪੋਤੀਆਂ ਹਨ।



'ਡੇਲੀ ਐਕਸਪ੍ਰੈਸ' ਅਖ਼ਬਾਰ ਨਾਲ ਗੱਲਬਾਤ ਦੌਰਾਨ ਜਦੋਂ ਇਨ੍ਹਾਂ ਤੋਂ ਲੰਮੀ ਤੇ ਖੁਸ਼ਹਾਲ ਵਿਆਹੁਤਾ ਜ਼ਿੰਦਗੀ ਦਾ ਰਾਜ਼ ਪੁੱਛਿਆ ਗਿਆ ਤਾਂ ਸ੍ਰੀ ਚੰਦ ਨੇ ਕਿਹਾ ਕਿ ਅਹਿਮ ਗੱਲ ਇਹ ਹੈ ਕਿ ਕੋਈ ਲੁਕੋਅ ਤੇ ਬਹਿਸਬਾਜ਼ੀ ਨਹੀਂ ਹੋਣੀ ਚਾਹੀਦੀ। ਉਹ ਦੋਵੇਂ ਜੀਅ ਬਹੁਤ ਖੁਸ਼ ਹਨ ਤੇ ਵਿਆਹੁਤਾ ਜ਼ਿੰਦਗੀ ਦੀ ਇਕ ਹੋਰ ਵਰ੍ਹੇਗੰਢ ਮਨਾ ਕੇ ਇਹ ਸੁਪਨਾ ਪੂਰਾ ਹੋ ਗਿਆ। ਇੰਨਾ ਲੰਮੇ ਸਮੇਂ ਦਾ ਸਾਥ ਵਾਕਈ ਇਕ ਮਿਹਰ ਹੈ। ਉਨ੍ਹਾਂ ਨੂੰ ਆਪਣੇ ਪੂਰੇ ਪਰਿਵਾਰ 'ਤੇ ਬਹੁਤ ਮਾਣ ਹੈ ਤੇ ਸਾਰੇ ਮੈਂਬਰਾਂ ਨਾਲ ਪਿਆਰ ਵੰਡਦੇ ਹਨ।

ਪੰਜਾਬੀ ਮੂਲ ਦਾ ਇਹ ਵਿਆਹੁਤਾ ਜੋੜਾ ਆਪਣੇ ਸਭ ਤੋਂ ਛੋਟੇ ਪੁੱਤਰ ਸਤਪਾਲ ਤੇ ਉਸ ਦੀ ਪਤਨੀ ਤੇ ਉਨ੍ਹਾਂ ਦੇ ਚਾਰਾਂ ਵਿਚੋਂ ਦੋ ਬੱਚਿਆਂ ਨਾਲ ਰਹਿੰਦੇ ਹਨ। ਸ੍ਰੀ ਚੰਦ ਨੇ ਮੰਨਿਆ ਕਿ ਉਹ ਸ਼ਾਮ ਦੇ ਖਾਣੇ ਤੋਂ ਪਹਿਲਾਂ ਇਕ ਸਿਗਰਟ ਪੀਂਦੇ ਹਨ ਤੇ ਹਫਤੇ ਵਿਚ ਚਾਰ ਕੁ ਪੈੱਗ ਵਿਸਕੀ ਜਾਂ ਬ੍ਰੈਂਡੀ ਪੀਂਦੇ ਹਨ।

ਉਨ੍ਹਾਂ ਕਿਹਾ ਕਿ ਖਾਓ-ਪੀਓ ਮਰਜ਼ੀ ਦਾ ਪਰ ਹਿਸਾਬ ਨਾਲ। ਸ੍ਰੀ ਚੰਦ ਹੁਣ ਬਿਨਾਂ ਮਦਦ ਤੋਂ ਬਹੁਤਾ ਤੁਰ-ਫਿਰ ਨਹੀਂ ਸਕਦਾ ਪਰ ਉਨ੍ਹਾਂ ਦੀ ਪਤਨੀ ਅਜੇ ਵੀ ਸਰਗਮ ਹੈ ਤੇ ਉਨ੍ਹਾਂ ਦੇ ਦੰਦ ਵੀ ਕਾਇਮ ਹਨ।

# ਸਿੱਖ ਕਤਲੇਆਮ ਦੀ ਜਾਂਚ ਲਈ ਸੰਯੁਕਤ ਰਾਸ਼ਟਰ ਨੂੰ ਅਪੀਲ ਕੀਤੀ

**ਚੰਡੀਗੜ੍ਹ:** ਵਿਸ਼ਵ ਮਾਨਵ ਅਧਿਕਾਰ ਦਿਵਸ ਮੌਕੇ ਸਿੱਖ ਜਥੇਬੰਦੀਆਂ ਨੇ ਭਾਰਤ ਵਿਚ ਯੂ.ਐਨ. ਦੇ ਰੈਜ਼ੀਡੈਂਟ ਕੋਆਰਡੀਨੇਟਰ ਲੀਜ਼ਾ ਗ੍ਰੈਂਡ ਨੂੰ ਮੰਗ ਪੱਤਰ ਦੇ ਕੇ ਮੰਗ ਕੀਤੀ ਕਿ ਉਹ ਭਾਰਤ ਵਿਚ 1984 ਵਿਚ ਕਾਤਲ ਦਸਤਿਆਂ ਦੀ ਅਗਵਾਈ ਕਰਨ ਵਾਲਿਆਂ ਦੀ ਲਗਾਤਾਰ ਪੁਸ਼ਤਪਨਾਹੀ ਕੀਤੇ ਜਾਣ ਬਾਰੇ ਮਨੁੱਖੀ ਅਧਿਕਾਰਾਂ ਬਾਰੇ ਕੌਂਸਲ ਨੂੰ ਜਾਣੂ ਕਰਵਾਏ। ਆਲ ਇੰਡਿਆ ਸਿੱਖ ਸਟੂਡੈਂਟਸ ਫੈਡਰੇਸ਼ਨ ਤੇ ਸਿੱਖਸ ਫਾਰ ਜਸਟਿਸ ਵੱਲੋਂ ਯੂ.ਐਨ. ਨੂੰ ਸੌਂਪੇ ਗਏ ਮੰਗ ਪੱਤਰ ਦੇ ਨਾਲ ਸਿੱਖ ਨਸਲਕੁਸ਼ੀ ਪਟੀਸ਼ਨ ਦੀ ਕਾਪੀ ਵੀ ਦਿੱਤੀ ਗਈ। 1984 ਦੇ ਸੈਂਕੜੇ ਪੀੜਤਾਂ ਤੇ ਵਿਧਵਾਵਾਂ ਨੇ ਨਵੀਂ ਦਿੱਲੀ ਵਿਚ ਯੂ.ਐਨ. ਦੇ ਦਫ਼ਤਰ ਦੇ ਬਾਹਰ ਇਨਸਾਫ ਰੈਲੀ ਕੀਤੀ। ਫੈਡਰੇਸ਼ਨ ਪ੍ਰਧਾਨ ਕਰਨੈਲ ਸਿੰਘ ਪੀਰ ਮੁਹੰਮਦ ਦੇ ਨਾਲ ਪੀੜਤ ਉਥੇ ਇਕੱਠੇ ਹੋਏ ਤਾਂ ਜੋ ਯੂ.ਐਨ. ਨੂੰ ਬੇਨਤੀ ਕੀਤੀ ਜਾਵੇ ਤੇ ਨਵੰਬਰ 1984 ਦੇਸ਼ ਵਿਆਪੀ ਸਿੱਖ ਕਤਲੇਆਮ ਦੀ ਜਾਂਚ ਕਰਵਾਈ ਜਾਵੇ ਤੇ ਇਸ ਨਸਲਕੁਸ਼ੀ ਬਾਰੇ ਯੂ.ਐਨ. ਕਨਵੈਨਸ਼ਨ ਤਹਿਤ ਨਸਲਕੁਸ਼ੀ ਵਜੋਂ ਮਾਨਤਾ ਦਿੱਤੀ ਜਾਵੇ। ਇਸ ਮੌਕੇ ਸ. ਪੀਰ ਮੁਹੰਮਦ ਨੇ ਆਖਿਆ ਕਿ ਇਹ ਇੰਨਸਾਫ ਰੈਲੀ ਵਿਸ਼ਵ ਭਾਈਚਾਰੇ ਨੂੰ ਇਹ ਯਾਦ ਦਿਵਾਉਂਦੀ ਹੈ ਕਿ ਨਵੰਬਰ 1984 ਸਿੱਖ ਨਸਲਕੁਸ਼ੀ ਦੇ ਪੀੜਤਾਂ ਨੂੰ 29 ਸਾਲ ਬੀਤ ਜਾਣ ਦੇ ਬਾਵਜੂਦ ਅੱਜ ਤੱਕ ਇਨਸਾਫ ਨਹੀਂ ਮਿਲਿਆ।


ਕੀ ਤੁਹਾਡੀ ਟਰੱਕਿੰਗ ਕੰਪਨੀ ਨੂੰ ਕੈਸ਼ ਫਲੋ ਦੀ ਤੰਗੀ ਹੈ?

ਅਸੀਂ ਤੁਹਾਡੀ ਮਦਦ ਕਰ ਸਕਦੇ ਹਾਂ

ਅਸੀਂ ਤੁਹਾਡੇ ਫਰੇਟ ਬਿਲ ਖਰੀਦ ਕੇ ਤੁਹਾਡਾ ਕੈਸ਼ ਫਲੋ ਵਧਾ ਸਕਦੇ ਹਾਂ। ਜਦੋਂ ਤੁਸੀਂ ਆਪਣਾ ਲੋਡ ਪਹੁੰਚਦਾ ਕਰੋ ਤਾਂ ਫਰੇਟ ਬਿਲ ਸਾਨੂੰ ਭੇਜੋ, ਤੁਰੰਤ ਅਦਾਇਗੀ ਪਾਓ।



*ਸਸਤੀਆਂ ਦਰਾਂ
*ਇਕ ਵਾਰ ਦਾ ਕਮਿਸ਼ਨ
*ਘੱਟੋ ਘੱਟ ਦੀ ਕੋਈ ਸ਼ਰਤ ਨਹੀਂ

Rates as low as 2.0%

ਸੰਪਰਕ ਕਰੋ: ਪਾਲ ਫੋਨ 1-800-705-3863

Attention: Trucking Companies-Improve Your Cash Flow

*Low Rates
*One-Time Discounts
*No Minimums

Call Paul at 1-800-705-3863

Transportation Funding Group, Inc.

Minneapolis , MN 55426

# ਸ਼ੇਰ-ਏ-ਪੰਜਾਬ ਦੇ ਰਾਜ ਪ੍ਰਬੰਧ ਬਾਰੇ ਅਹਿਮ ਦਸਤਾਵੇਜ਼ ਮਿਲੇ

**ਚੰਡੀਗੜ੍ਹ:** ਪੰਜਾਬ ਸਰਕਾਰ ਦੇ ਪੁਰਾਲੇਖ ਵਿਭਾਗ ਦੇ ਗੋਦਾਮ ਵਿਚ ਹੁਣ ਤੱਕ ਗੁੰਮਨਾਮ ਰਿਹਾ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ 'ਖ਼ਾਲਸਾ ਰਾਜ ਪ੍ਰਬੰਧ' ਦਾ 200 ਸਾਲ ਪੁਰਾਣਾ ਦਫ਼ਤਰੀ ਰਿਕਾਰਡ ਮਿਲਿਆ ਹੈ। 1811 ਤੋਂ 1839 ਤੱਕ ਦਾ ਇਹ ਰਿਕਾਰਡ ਸ਼ੁੱਧ ਫ਼ਾਰਸੀ ਵਿਚ ਹੈ, ਸ਼ਾਇਦ ਇਸੇ ਕਾਰਨ ਤਕਰੀਬਨ ਸਾਢੇ ਤਿੰਨ ਹਜ਼ਾਰ ਜਿਲਦਾਂ ਵਿਚ ਦਰਜ ਇਹ ਰਿਕਾਰਡ 'ਤੇ ਕਿਸੇ ਦੀ ਨਜ਼ਰ ਨਹੀਂ ਗਈ ਪਰ ਹੁਣ ਜਦੋਂ ਪੰਜਾਬ ਡਿਜ਼ੀਟਲ ਲਾਇਬ੍ਰੇਰੀ ਚੰਡੀਗੜ੍ਹ ਨੇ ਕੰਪਿਊਟਰੀਕਰਨ ਲਈ ਪੰਜਾਬ ਸਰਕਾਰ ਦੇ ਪੁਰਾਲੇਖ ਵਿਭਾਗ ਦਾ ਗੋਦਾਮ ਫਰੋਲਿਆ ਤਾਂ ਉਪਰੋਕਤ ਰਿਕਾਰਡ ਸਾਹਮਣੇ ਆਇਆ ਜੋ 'ਖ਼ਾਲਸਾ ਦਰਬਾਰ ਰਿਕਾਰਡ' ਸਿਰਲੇਖ ਹੇਠ ਹਜ਼ਾਰਾਂ ਜਿਲਦਾਂ ਦੇ ਰੂਪ ਵਿਚ ਹੈ।

ਇਸ ਵਿਚ ਖ਼ਾਲਸਾ ਰਾਜ ਦਾ ਪ੍ਰਸ਼ਾਸਕੀ/ਦਫ਼ਤਰੀ ਪ੍ਰਬੰਧ ਕਿਵੇਂ ਚੱਲਦਾ ਸੀ, ਕਿਵੇਂ 'ਸਰਕਾਰ ਖ਼ਾਲਸਾ' ਅਧੀਨ ਸੇਵਾਵਾਂ ਦੇਣ ਵਾਲੇ ਮੁਲਾਜ਼ਮਾਂ/ਅਧਿਕਾਰੀਆਂ ਨੂੰ ਤਨਖ਼ਾਹਾਂ ਦਿੱਤੀਆਂ ਜਾਂਦੀਆਂ ਸਨ, ਵਜ਼ੀਰ, ਉਨ੍ਹਾਂ ਦੇ ਸੇਵਾ ਨਿਯਮ, ਮਾਲੀਆ ਰਿਕਾਰਡ ਕਿਵੇਂ ਦਿਨ ਪ੍ਰਤੀ ਦਿਨ

**ਪੁਰਾਲੇਖ ਵਿਭਾਗ ਦੇ ਗੋਦਾਮ 'ਚ ਰੁਲ ਰਿਹਾ ਸੀ ਰਿਕਾਰਡ**



ਤਿਆਰ ਕੀਤਾ ਜਾਂਦਾ ਸੀ, ਖ਼ਾਲਸਾ ਫੌਜ ਵਿਚ ਭਰਤੀ ਦੇ ਨਿਯਮ, ਫੌਜ ਅਧਿਕਾਰੀਆਂ ਨੂੰ ਕਿਵੇਂ ਤਨਖ਼ਾਹਾਂ ਤੇ ਫੌਜ ਦਿੱਤੀ ਜਾਂਦੀ ਸੀ, ਜਗੀਰਾਂ, ਤੋਹਫ਼ੇ ਤੇ ਹੈਰਾਨ ਕਰ ਦੇਣ ਵਾਲੀਆਂ ਬੇਸ਼ੁਮਾਰ ਜਾਣਕਾਰੀਆਂ ਮੌਜੂਦ ਹਨ।

ਵਿਭਾਗ ਦੀ ਮੰਨੀਏ ਤਾਂ ਇਹ ਰਿਕਾਰਡ 1947 ਦੌਰਾਨ ਲਾਹੌਰ ਤੋਂ ਇਧਰ ਆ ਗਿਆ ਸੀ ਤੇ ਉਸ ਤੋਂ ਬਾਅਦ ਇਹ ਰਿਕਾਰਡ ਪੁਰਾਲੇਖ ਵਿਭਾਗ ਕੋਲ ਪਹੁੰਚ ਗਿਆ ਪਰ ਹੈਰਾਨੀਜਨਕ ਗੱਲ ਇਹ ਹੈ ਕਿ ਇਸ ਰਿਕਾਰਡ ਬਾਰੇ ਇਤਿਹਾਸਕਾਰਾਂ ਜਾਂ ਸ਼੍ਰੋਮਣੀ ਕਮੇਟੀ ਨੂੰ ਕੋਈ ਜਾਣਕਾਰੀ ਨਹੀਂ ਹੈ। ਇਸੇ ਕਾਰਨ ਇਸ ਰਿਕਾਰਡ ਦਾ ਕਿਸੇ ਨੇ ਅਧਿਐਨ ਨਹੀਂ ਕੀਤਾ। ਵਿਭਾਗ ਦੇ ਆਰਕਾਇਵਿਸਟ ਪਰਮਿੰਦਰ ਕੌਰ ਸੰਧੂ ਮੁਤਾਬਕ ਇਹ ਰਿਕਾਰਡ ਜਿਸ ਕਾਗ਼ਜ਼ 'ਤੇ ਦਰਜ ਹੈ, ਉਹ ਕਾਗਜ਼ ਹੱਥੀਂ ਤਿਆਰ ਕੀਤਾ ਹੋਇਆ ਹੈ ਤੇ ਰਸਾਇਣ ਮੁਕਤ (ਐਸਿਡ ਫਰੀ) ਹੈ। ਇਸੇ ਕਾਰਨ 200 ਸਾਲ ਤੋਂ ਵੀ ਪੁਰਾਣਾ ਹੋਣ ਦੇ ਬਾਵਜੂਦ ਕਾਗਜ਼ ਦੀ ਹਾਲਤ ਦਰੁਸਤ ਹੈ।

ਇਕ ਜਿਲਦ ਵਿਚ ਮੌਜੂਦ ਕੁਝ ਅੰਸ਼ ਹਨ ਖ਼ਾਲਸਾ ਫੌਜ ਦੇ ਕਰਨਲ ਗੁਲਾਬ ਸਿੰਘ ਅਧੀਨ ਆਉਂਦੀ ਪਲਟਨ ਦੇ ਮੁਖੀ ਜਵਾਲਾ ਸਿੰਘ ਨੂੰ 928 ਸਿਪਾਹੀ ਤੇ ਪ੍ਰਤੀ ਮਹੀਨੇ 7915 ਤਨਖਾਹ, ਦੂਜੀ ਪਲਟਨ ਦੇ ਮੁਖੀ ਕਾਹਨ ਸਿੰਘ ਨੂੰ 884 ਸਿਪਾਹੀ ਦਿੱਤੇ ਗਏ ਹਨ ਤੇ 7638 ਪ੍ਰਤੀ ਮਹੀਨਾ ਤਨਖਾਹ ਲਾਈ ਗਈ ਹੈ। ਰਿਕਾਰਡ ਵਿਚ ਖ਼ਾਲਸਾ ਰਾਜ ਦੀਆਂ ਵਿੱਤੀ ਸਕੀਮਾਂ, ਮਹਾਰਾਜੇ ਦੇ ਤੋਸ਼ਾਖਾਨੇ, ਵਜ਼ੀਰਾਂ ਦੀਆਂ ਜ਼ਿੰਮੇਵਾਰੀਆਂ, ਜਮ੍ਹਾਂ-ਖਰਚ ਖਾਤੇ, ਮੁਲਾਜ਼ਮਾਂ ਦੇ ਸ਼ਿਕਵੇ-ਸ਼ਿਕਾਇਤਾਂ ਆਦਿ ਵਿਸਥਾਰ ਵਿਚ ਦਰਜ ਹਨ।

ਹਾਸਲ ਜਾਣਕਾਰੀ ਮੁਤਾਬਕ ਸ਼੍ਰੋਮਣੀ ਕਮੇਟੀ ਦਾ ਕੋਈ ਨਾ ਕੋਈ ਨੁਮਾਇੰਦਾ ਕਈ ਵਾਰ ਕਮੇਟੀ ਦੇ ਵਰ੍ਹਿਆਂ ਪੁਰਾਣੇ ਦਸਤਾਵੇਜ਼ ਆਦਿ ਹਾਸਲ ਕਰਨ ਲਈ ਵਿਭਾਗ ਨਾਲ ਸੰਪਰਕ ਕਰਦਾ ਰਿਹਾ ਹੈ ਪਰ ਉਪਰੋਕਤ ਰਿਕਾਰਡ ਬਾਰੇ ਕਮੇਟੀ ਦਾ ਵਿਭਾਗ ਨਾਲ ਕੋਈ ਰਾਬਤਾ ਨਹੀਂ ਹੋਇਆ। ਵਿਭਾਗ ਦੇ ਡਾਇਰੈਕਟਰ ਐਨ.ਪੀ. ਐਸ ਰੰਧਾਵਾ ਨੇ ਹੁਣ ਵਿਭਾਗ ਕੋਲ ਮੌਜੂਦ ਸੈਂਕੜੇ ਸਾਲ ਪੁਰਾਣੀਆਂ ਹੱਥ ਲਿਖਤਾਂ ਨੂੰ ਆਉਂਦੀਆਂ ਪੀੜ੍ਹੀਆਂ ਲਈ ਹਮੇਸ਼ਾਂ ਵਾਸਤੇ ਸੰਭਾਲ ਸਕਣ ਦੇ ਮਕਸਦ ਨਾਲ ਇਨ੍ਹਾਂ ਲਿਖਤਾਂ ਦੇ ਕੰਪਿਊਟ੍ਰੀਕਰਨ ਦਾ ਪ੍ਰਾਜੈਕਟ ਆਰੰਭ ਕਰਵਾਇਆ ਹੈ।

ਇਸ ਬਾਰੇ ਸ਼੍ਰੋਮਣੀ ਕਮੇਟੀ ਦੇ ਸਕੱਤਰ ਦਲਮੇਘ ਸਿੰਘ ਦਾ ਕਹਿਣਾ ਹੈ ਕਿ ਕਮੇਟੀ, ਵਿਭਾਗ ਤੋਂ ਉਪਰੋਕਤ ਰਿਕਾਰਡ ਹਾਸਲ ਕਰਕੇ ਸਿੱਖ ਰੈਫਰੈਂਸ ਲਾਇਬ੍ਰੇਰੀ ਵਿਚ ਰੱਖੇਗੀ ਤੇ ਫ਼ਾਰਸੀ ਦੇ ਇਸ ਰਿਕਾਰਡ ਦੇ ਯੂਨੀਵਰਸਿਟੀਆਂ ਦੇ ਵਿਦਵਾਨਾਂ ਤੋਂ ਅਧਿਐਨ ਕਰਾਉਣ ਦੇ ਯਤਨ ਕੀਤੇ ਜਾਣਗੇ।

## ਸੰਤ ਸਮਾਜ ਵੱਲੋਂ ਬਿਕਰਮੀ ਕੈਲੰਡਰ ਲਾਗੂ ਕਰਨ ਦੀ ਅਪੀਲ

**ਅੰਮ੍ਰਿਤਸਰ:** ਸੰਤ ਸਮਾਜ ਦੇ ਆਗੂਆਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੂੰ ਮਿਲ ਕੇ ਸਿੱਖ ਜਗਤ ਵਿਚ ਨਾਨਕਸ਼ਾਹੀ ਕੈਲੰਡਰ ਨੂੰ ਲੈ ਕੇ ਚੱਲ ਰਹੇ ਵਿਵਾਦ ਨੂੰ ਹੱਲ ਕਰਨ ਲਈ ਪੁਰਾਣਾ ਬਿਕਰਮੀ ਕੈਲੰਡਰ ਹੀ ਲਾਗੂ ਕਰਨ ਦੀ ਮੰਗ ਰੱਖੀ ਹੈ। ਇਸ ਤੋਂ ਇਲਾਵਾ ਉਨ੍ਹਾਂ ਅੰਮ੍ਰਿਤ ਸੰਚਾਰ ਤੇ ਨਿਤਨੇਮ ਦੀਆਂ ਬਾਣੀਆਂ ਨੂੰ ਇਕਸਾਰਤਾ ਵਿਚ ਲਾਗੂ ਕਰਨ ਲਈ ਅਪੀਲ ਕੀਤੀ ਹੈ ਜਦੋਂਕਿ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਇਹ ਮਾਮਲਾ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਵਿਚ ਵਿਚਾਰਨ ਦਾ ਭਰੋਸਾ ਦਿੱਤਾ ਹੈ।

ਸੰਤ ਸਮਾਜ ਦੇ ਵਫ਼ਦ ਵਿਚ ਸਾਬਕਾ ਜਥੇਦਾਰ ਭਾਈ ਜਸਬੀਰ ਸਿੰਘ ਰੋਡੇ, ਨਿਹੰਗ ਸਿੰਘ ਜਥੇਬੰਦੀ ਦੇ ਮੁਖੀ ਬਾਬਾ ਬਲਬੀਰ ਸਿੰਘ, ਸੰਤ ਹਰੀ ਸਿੰਘ ਰੰਧਾਵੇ ਵਾਲੇ, ਸੁਖਚੈਨ ਸਿੰਘ ਧਰਮੂੰਪੁਰਾ ਤੇ ਹੋਰ ਸ਼ਾਮਲ ਸਨ। ਵਫ਼ਦ ਨੇ ਸ੍ਰੀ ਅਕਾਲ ਤਖ਼ਤ ਦੇ ਸਕੱਤਰੇਤ ਵਿਖੇ ਜਥੇਦਾਰ ਨਾਲ ਮੁਲਾਕਾਤ ਕੀਤੀ ਤੇ ਆਪਣੀਆਂ ਮੰਗਾਂ ਬਾਰੇ ਪੱਤਰ ਸੌਂਪਿਆ। ਜ਼ਿਕਰਯੋਗ ਹੈ ਕਿ 2003 ਵਿਚ ਪਾਲ ਸਿੰਘ ਪੁਰੇਵਾਲ ਵੱਲੋਂ ਬਣਾਏ ਗਏ ਨਾਨਕਸ਼ਾਹੀ



ਕੈਲੰਡਰ ਨੂੰ ਲਾਗੂ ਕੀਤਾ ਗਿਆ ਸੀ ਪਰ ਇਸ ਕੈਲੰਡਰ ਨੂੰ ਤਖ਼ਤ ਸ੍ਰੀ ਹਜ਼ੂਰ ਸਾਹਿਬ ਤੇ ਤਖ਼ਤ ਸ੍ਰੀ ਪਟਨਾ ਸਾਹਿਬ ਸਮੇਤ ਸੰਤ ਸਮਾਜ ਵੱਲੋਂ ਪ੍ਰਵਾਨ ਨਹੀਂ ਕੀਤਾ ਗਿਆ ਸੀ।

ਹੁਣ 2010 ਵਿਚ ਸੋਧੇ ਹੋਏ ਨਾਨਕਸ਼ਾਹੀ ਕੈਲੰਡਰ ਨੂੰ ਲਾਗੂ ਕੀਤਾ ਗਿਆ ਹੈ ਪਰ ਇਸ ਕੈਲੰਡਰ 'ਤੇ ਵੀ ਵਿਵਾਦ ਬਰਕਰਾਰ ਹੈ। ਇਸ ਦੌਰਾਨ ਗਿਆਨੀ ਗੁਰਬਚਨ ਸਿੰਘ ਨੇ ਕਿਹਾ ਕਿ ਸੰਤ ਸਮਾਜ ਵੱਲੋਂ ਕੀਤੀਆਂ ਗਈਆਂ ਮੰਗਾਂ ਨੂੰ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਵਿਚ ਵਿਚਾਰਨ ਮਗਰੋਂ ਅਗਲਾ ਫੈਸਲਾ ਕੀਤਾ ਜਾਵੇਗਾ।

## ਕਤਲੇਆਮ '84 ਦੇ ਪੀੜਤਾਂ ਦੀ ਸਹਾਇਤਾ ਬਾਰੇ ਕਿਤਾਬਚਾ ਜਾਰੀ

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ 1984 ਦੇ ਧਰਮੀ ਫ਼ੌਜੀ ਤੇ ਸਿੱਖ ਨਸਲਕੁਸ਼ੀ ਦੇ ਪੀੜਤ ਪਰਿਵਾਰਾਂ ਨੂੰ ਦਿੱਤੀ ਸਹਾਇਤਾ ਦੇ ਵੇਰਵਿਆਂ ਬਾਰੇ ਇਕ ਕਿਤਾਬਚਾ ਜਾਰੀ ਕੀਤਾ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਦੱਸਿਆ ਕਿ ਇਸ ਕਿਤਾਬਚੇ ਵਿਚ ਕਮੇਟੀ ਵੱਲੋਂ 1984 ਵਿਚ ਸ਼ਹੀਦ ਹੋਏ ਧਰਮੀ ਫ਼ੌਜੀਆਂ ਦੇ 65 ਪਰਿਵਾਰਾਂ ਨੂੰ ਇਕ-ਇਕ ਲੱਖ ਰੁਪਏ, 296 ਧਰਮੀ ਫ਼ੌਜੀਆਂ ਨੂੰ 51-51 ਹਜ਼ਾਰ ਰੁਪਏ ਤੇ 882 ਪੀੜਤਾਂ ਨੂੰ 50-50 ਹਜ਼ਾਰ ਰੁਪਏ ਸਹਾਇਤਾ ਦਿੱਤੀ ਗਈ ਹੈ ਜੋ ਛੇ ਕਰੋੜ 56 ਹਜ਼ਾਰ ਰੁਪਏ ਹੈ।

ਉਪਰੋਕਤ ਸਹਾਇਤਾ ਤੋਂ ਇਲਾਵਾ ਸ਼੍ਰੋਮਣੀ ਕਮੇਟੀ ਵੱਲੋਂ 1984 ਦੇ ਸਿੱਖ ਕਤਲੇਆਮ ਦੇ ਪੀੜਤ ਪਰਿਵਾਰਾਂ ਦੇ ਬੱਚਿਆਂ ਦੀ ਪੜ੍ਹਾਈ ਲਈ 50 ਲੱਖ 91 ਹਜ਼ਾਰ 579 ਰੁਪਏ ਸਹਾਇਤਾ ਵੀ ਦਿੱਤੀ ਹੈ ਤੇ ਇਹ ਸਾਰੀ ਰਕਮ ਸੱਤ ਕਰੋੜ, ਸੱਤ ਲੱਖ, 87 ਹਜ਼ਾਰ, 579 ਰੁਪਏ ਹੈ।ਉਨ੍ਹਾਂ ਦੱਸਿਆ ਕਿ ਸ਼੍ਰੋਮਣੀ ਕਮੇਟੀ ਵੱਲੋਂ ਜੋਧਪੁਰ ਜੇਲ੍ਹ ਵਿਚ ਨਜ਼ਰਬੰਦ ਸਿੱਖਾਂ ਦੇ ਮੁਕੱਦਮਿਆਂ ਲਈ ਤਕਰੀਬਨ 39 ਲੱਖ 50 ਹਜ਼ਾਰ 411 ਰੁਪਏ ਵਕੀਲਾਂ ਨੂੰ ਫੀਸਾਂ ਦੇ ਰੂਪ ਵਿਚ ਖਰਚੇ ਗਏ ਹਨ।

## ਤਖਤ ਕੇਸਗੜ੍ਹ ਦੇ ਖਰਚੇ ਵਿਚ ਦੋ ਕਰੋੜ ਰੁਪਏ ਦਾ ਵਾਧਾ

**ਆਨੰਦਪੁਰ ਸਾਹਿਬ:** ਸਬਸਿਡੀ ਵਾਲੇ ਗੈਸ ਸਿਲੰਡਰ ਨਾ ਮਿਲਣ ਕਾਰਨ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਸਾਲਾਨਾ ਬਜਟ 'ਤੇ ਦੋ ਕਰੋੜ ਅੱਠ ਲੱਖ ਰੁਪਏ ਦਾ ਵਾਧੂ ਬੋਝ ਪੈ ਰਿਹਾ ਹੈ। ਕੁਝ ਮਹੀਨੇ ਪਹਿਲਾਂ ਕੇਂਦਰ ਸਰਕਾਰ ਨੇ ਰਸੋਈ ਗੈਸ ਦੇ ਰੇਟਾਂ ਤੋਂ ਸਬਸਿਡੀ ਚੁੱਕੀ ਹੈ ਜਿਸ ਨਾਲ ਰੇਟਾਂ ਵਿਚ ਦੁੱਗਣੇ ਤੋਂ ਵੀ ਜ਼ਿਆਦਾ ਦਾ ਵਾਧਾ ਹੋਇਆ ਹੈ। ਆਮ ਲੋਕਾਂ ਨੂੰ ਆਧਾਰ ਕਾਰਡ ਰਾਹੀਂ ਸਿੱਧੀ ਬੈਂਕ ਖਾਤੇ ਵਿਚ ਸਬਸਿਡੀ ਮਿਲੇਗੀ ਪਰ ਧਾਰਮਿਕ ਸਥਾਨਾਂ ਨੂੰ ਇਹ ਸਬਸਿਡੀ ਮੁਹੱਈਆ ਨਹੀਂ ਹੋ ਰਹੀ।

ਆਨੰਦਪੁਰ ਸਾਹਿਬ ਤੋਂ ਲੋਕ ਸਭਾ ਮੈਂਬਰ ਰਵਨੀਤ ਸਿੰਘ ਬਿੱਟੂ ਨੇ ਦਾਅਵਾ ਕੀਤਾ ਸੀ ਕਿ ਧਾਰਮਿਕ ਸਥਾਨਾਂ ਲਈ ਸਸਤੇ ਭਾਅ ਵਿਚ ਗੈਸ ਮੁਹੱਈਆ ਕਰਵਾਉਣ ਲਈ ਉਹ ਕੇਂਦਰ ਸਰਕਾਰ ਨਾਲ ਗੱਲਬਾਤ ਕਰਨਗੇ ਪਰ ਹਾਲੇ ਤੱਕ ਕੁਝ ਵੀ ਅਮਲੀ ਰੂਪ ਵਿਚ ਨਹੀਂ ਹੋਇਆ। ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਮੈਨੇਜਰ ਸੁਖਵਿੰਦਰ ਸਿੰਘ ਗਰੇਵਾਲ ਮੁਤਾਬਕ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਗੁਰਦੁਆਰਾ ਪਤਾਲਪੁਰੀ ਸਾਹਿਬ, ਗੁਰਦੁਆਰਾ ਪਰਿਵਾਰ ਵਿਛੋੜਾ ਸਾਹਿਬ, ਬਾਬਾ ਗੁਰਦਿੱਤਾ ਜੀ ਤੇ ਗੁਰਦੁਆਰਾ ਬਿਭੌਰ ਸਾਹਿਬ ਵਿਚ ਵਰਤੇ ਜਾਣ

**ਰਸੋਈ ਗੈਸ ਦੇ ਰੇਟਾਂ ਤੋਂ ਸਬਸਿਡੀ ਖਤਮ ਕਰਨ ਨਾਲ ਰੇਟਾਂ ਵਿਚ ਦੁੱਗਣੇ ਤੋਂ ਵੀ ਜ਼ਿਆਦਾ ਵਾਧਾ**

ਵਾਲੇ ਰਸੋਈ ਗੈਸ ਸਿਲੰਡਰਾਂ ਦੀ ਗਿਣਤੀ ਪਿਛਲੇ ਸਾਲਾਂ ਵਿਚ 17,619 ਸੀ ਤੇ ਚਾਲੂ ਸਾਲ ਵਿਚ ਇਹ ਅੰਕੜਾ 22,500 ਤੱਕ ਪਹੁੰਚ ਜਾਵੇਗਾ।

ਇਨ੍ਹਾਂ ਤੋਂ ਇਲਾਵਾ ਹੋਲੇ-ਮਹੱਲੇ ਮੌਕੇ ਦਸ ਹਜ਼ਾਰ ਸਿਲੰਡਰਾਂ ਦੀ ਵਰਤੋਂ ਹੁੰਦੀ ਹੈ। ਇਸ ਤਰ੍ਹਾਂ ਕੁਲ ਸਿਲੰਡਰਾਂ ਦੀ ਗਿਣਤੀ 32,500 ਹੈ ਤੇ ਇਨ੍ਹਾਂ ਦੀ ਕੀਮਤ ਸਸਤੇ ਰੇਟ ਮੁਤਾਬਕ (ਪ੍ਰਤੀ ਸਿਲੰਡਰ 360 ਰੁਪਏ ਦੇ ਹਿਸਾਬ ਨਾਲ) ਇਕ ਕਰੋੜ 17 ਲੱਖ ਰੁਪਏ ਬਣਦੀ ਹੈ ਪਰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਨੂੰ ਇਹ ਸਿਲੰਡਰ ਔਸਤਨ ਇਕ ਹਜ਼ਾਰ ਰੁਪਏ ਦੇ ਹਿਸਾਬ ਨਾਲ ਤਿੰਨ ਕਰੋੜ 25 ਲੱਖ ਰੁਪਏ ਵਿਚ ਪੈਂਦੇ ਹਨ। ਇਸ ਤਰ੍ਹਾਂ ਹਰ ਸਾਲ ਦੋ ਕਰੋੜ ਅੱਠ ਲੱਖ ਰੁਪਏ ਵਾਧੂ ਅਦਾ ਕਰਨੇ ਪੈ ਰਹੇ ਹਨ।

# ਹਰਿਮੰਦਰ ਸਾਹਿਬ ਵਿਚ ਕੰਧ ਕਲਾ ਦੀ ਸੰਭਾਲ ਦਾ ਕਾਰਜ ਅਰੰਭ

**ਅੰਮ੍ਰਿਤਸਰ:** ਦਿੱਲੀ ਦੀ ਕੰਪਨੀ ਦੇ ਮਾਹਰਾਂ ਨੇ ਸ੍ਰੀ ਹਰਿਮੰਦਰ ਸਾਹਿਬ ਅੰਦਰ ਖ਼ਰਾਬ ਹੋਈ ਕੰਧ ਕਲਾ ਤੇ ਸੋਨੇ ਦੇ ਪੱਤਰਿਆਂ ਦੀ ਚਮਕ ਨੂੰ ਮੁੜ ਪਹਿਲਾਂ ਵਾਂਗ ਬਣਾਉਣ ਤੇ ਇਸ ਦੀ ਸਾਂਭ-ਸੰਭਾਲ ਲਈ ਕੰਮ ਸ਼ੁਰੂ ਕਰ ਦਿੱਤਾ ਹੈ। ਮਾਹਰਾਂ ਦੀ ਟੀਮ ਵੱਲੋਂ ਇਹ ਕੰਮ ਸ੍ਰੀ ਹਰਿਮੰਦਰ ਸਾਹਿਬ ਦੀ ਪਹਿਲੀ ਮੰਜ਼ਿਲ ਤੋਂ ਸ਼ੁਰੂ ਕੀਤਾ ਗਿਆ ਹੈ ਤੇ ਪਹਿਲੇ ਪੜਾਅ ਵਿਚ ਖਰਾਬ ਹੋਈ ਕੰਧ ਕਲਾ ਨੂੰ ਠੀਕ ਕਰਨ ਦਾ ਕੰਮ ਹੋਵੇਗਾ ਜਦੋਂਕਿ ਦੂਜੇ ਪੜਾਅ ਵਿਚ ਖਰਾਬ ਹੋਏ ਸੋਨੇ ਦੇ ਪੱਤਰਿਆਂ ਨੂੰ ਠੀਕ ਕਰਨ ਦਾ ਕੰਮ ਕੀਤਾ ਜਾਵੇਗਾ।

ਇਸ ਬਾਰੇ ਮਾਹਰਾਂ ਵੱਲੋਂ ਪਹਿਲੀ ਮੰਜ਼ਿਲ 'ਤੇ ਛੱਤ ਕੋਲ ਖ਼ਰਾਬ ਹੋਈ ਕੰਧ ਕਲਾ ਦੇ ਪ੍ਰਭਾਵਿਤ ਖੇਤਰ ਦੀ ਸਾਫ਼ ਸਫ਼ਾਈ ਕੀਤੀ ਜਾ ਰਹੀ ਹੈ। ਇਸ ਬਾਰੇ ਉਨ੍ਹਾਂ ਵੱਲੋਂ ਸਾਫ਼-ਸਫ਼ਾਈ ਲਈ ਰਸਾਇਣ ਤੇ ਹੋਰ ਵੱਖ ਵੱਖ ਵਸਤਾਂ ਦੀ ਵਰਤੋਂ ਕੀਤੀ ਜਾ ਰਹੀ ਹੈ। ਪ੍ਰਭਾਵਿਤ ਖੇਤਰ ਨੂੰ ਪਹਿਲਾਂ ਬੁਰਸ਼ ਨਾਲ ਸਾਫ਼ ਕਰਨ ਮਗਰੋਂ ਇਸ ਦੇ ਕਾਲੇ ਹੋਏ ਰੰਗ ਨੂੰ ਸਾਫ਼ ਕੀਤਾ ਜਾ ਰਿਹਾ ਹੈ। ਇਸ ਤੋਂ ਬਾਅਦ ਜਿਨ੍ਹਾਂ ਥਾਵਾਂ ਤੋਂ ਕੰਧ ਕਲਾ ਦੇ ਰੰਗ ਅਲੋਪ ਹੋ ਚੁੱਕੇ ਹਨ, ਉਥੇ ਨਵੇਂ ਰੰਗਾਂ ਦੀ ਵਰਤੋਂ ਕੀਤੀ ਜਾਵੇਗੀ। ਇਸ ਵਿਚ ਲੰਮਾ



ਸਮਾਂ ਲੱਗਣ ਦੀ ਸੰਭਾਵਨਾ ਹੈ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਦੱਸਿਆ ਕਿ ਇਸ ਰੂਹਾਨੀ ਅਸਥਾਨ ਦੇ ਅੰਦਰੂਨੀ ਹਿੱਸੇ ਵਿਚ ਹੋਈ ਇਸ ਬਹੁਮੁੱਲੀ ਕੰਧ ਕਲਾ, ਨਕਾਸ਼ੀ, ਜੜਤ ਵਰਕ ਤੇ ਸੋਨੇ ਦੇ ਕੰਮ ਦੀ ਸੰਭਾਲ ਲਈ ਮਾਹਰਾਂ ਦੀ ਮਦਦ ਲਈ ਗਈ ਹੈ ਤੇ ਮਾਹਰ ਕੰਪਨੀ ਦੇ ਨੁਮਾਇੰਦਿਆਂ ਨੇ ਕੰਮ ਸ਼ੁਰੂ ਕਰ ਦਿੱਤਾ ਹੈ। ਮਾਹਰਾਂ ਵੱਲੋਂ ਪਹਿਲਾਂ ਪ੍ਰਭਾਵਿਤ ਖੇਤਰ 'ਤੇ ਤਜਰਬੇ ਵਜੋਂ ਕੰਮ ਕੀਤਾ ਗਿਆ ਸੀ ਜਿਸ ਦੀ ਪ੍ਰਯੋਗਸ਼ਾਲਾ ਵਿਚ ਜਾਂਚ ਕੀਤੀ ਗਈ ਤੇ ਨਤੀਜੇ ਠੀਕ ਆਉਣ 'ਤੇ ਹੁਣ ਪੱਕੇ ਤੌਰ 'ਤੇ ਕੰਮ ਸ਼ੁਰੂ ਕੀਤਾ ਗਿਆ ਹੈ।

ਉਨ੍ਹਾਂ ਕਿਹਾ ਕਿ ਪੁਰਾਤਨ ਕੰਧ ਕਲਾ ਨਾਲ ਕੋਈ ਛੇੜ ਛਾੜ ਨਹੀਂ ਕੀਤੀ ਜਾਵੇਗੀ। ਸਿਰਫ਼ ਉਨ੍ਹਾਂ ਥਾਵਾਂ 'ਤੇ ਹੀ ਨਵੀਂ ਕੰਧ ਕਲਾ ਹੋਵੇਗੀ ਜਿਥੇ ਪੂਰੀ ਤਰ੍ਹਾਂ ਕੰਧ ਕਲਾ ਖ਼ਤਮ ਹੋ ਚੁੱਕੀ ਹੈ। ਇਸੇ ਤਰ੍ਹਾਂ ਪੁਰਾਣੇ ਸੋਨੇ ਦੇ ਪੱਤਰਿਆਂ ਨੂੰ ਹੀ ਠੀਕ ਕੀਤਾ ਜਾਵੇਗਾ। ਸਿਰਫ਼ ਉਨ੍ਹਾਂ ਥਾਵਾਂ 'ਤੇ ਹੀ ਨਵੇਂ ਸੋਨੇ ਦੇ ਪੱਤਰੇ ਵਰਤੇ ਜਾਣਗੇ ਜਿਥੇ ਪੁਰਾਣੇ ਖਰਾਬ ਹੋ ਚੁੱਕੇ ਹਨ ਤੇ ਉਨ੍ਹਾਂ ਨੂੰ ਦਰੁਸਤ ਨਹੀਂ ਕੀਤਾ ਜਾ ਸਕਦਾ।

ਸ਼੍ਰੋਮਣੀ ਕਮੇਟੀ ਵੱਲੋਂ ਯਤਨ ਕੀਤਾ ਜਾ ਰਿਹਾ ਹੈ ਕਿ ਇਸ ਪੁਰਾਤਨ ਤੇ ਬਹੁਮੁੱਲੀ ਕਲਾ ਨੂੰ ਪੁਰਾਤਨ ਸਰੂਪ ਵਿਚ ਹੀ ਸੰਭਾਲ ਕੇ ਰੱਖਿਆ ਜਾਵੇ। ਦੱਸਣਯੋਗ ਹੈ ਕਿ ਸ੍ਰੀ ਹਰਿਮੰਦਰ ਸਾਹਿਬ ਅੰਦਰ ਪਹਿਲੀ ਮੰਜ਼ਿਲ ਤੇ ਮੁੱਖ ਅਸਥਾਨ 'ਤੇ ਬਹੁਮੁੱਲੀ ਕੰਧ ਕਲਾ, ਨਕਾਸ਼ੀ ਤੇ ਸੋਨੇ ਦੇ ਪੱਤਰਿਆਂ 'ਤੇ ਵਿਸ਼ੇਸ਼ ਕਲਾ ਦਾ ਕੰਮ ਕੀਤਾ ਹੋਇਆ ਹੈ ਜੋ ਤਕਰੀਬਨ ਸਦੀ ਤੋਂ ਵਧੇਰੇ ਪੁਰਾਣਾ ਹੈ। ਪ੍ਰਦੂਸ਼ਣ ਕਾਰਨ ਇਹ ਕੰਧ ਕਲਾ ਖਰਾਬ ਹੋ ਰਹੀ ਹੈ ਤੇ ਸੋਨੇ ਦੇ ਪੱਤਰੇ ਕਾਲੇ ਪੈ ਗਏ ਹਨ। ਇਸੇ ਤਰ੍ਹਾਂ ਖਾਸ ਕਰਕੇ ਉਪਰਲੀ ਮੰਜ਼ਿਲ ਨੂੰ ਜਾਣ ਵਾਲੀਆਂ ਪੌੜੀਆਂ 'ਤੇ ਸ਼ਰਧਾਲੂਆਂ ਦੇ ਹੱਥ ਲੱਗਣ ਕਾਰਨ ਕੰਧ ਕਲਾ ਖਤਮ ਹੋ ਚੁੱਕੀ ਹੈ।

ਉਪਰਲੀ ਮੰਜ਼ਲ ਵਿਚ ਹੀ ਕੰਧ ਕਲਾ ਨੂੰ ਬਚਾਉਣ ਦੇ ਮੰਤਵ ਨਾਲ ਸ਼੍ਰੋਮਣੀ ਕਮੇਟੀ ਵੱਲੋਂ ਇਸ ਦੇ ਅੱਗੇ ਸ਼ੀਸ਼ੇ ਲਾ ਦਿੱਤੇ ਗਏ ਸਨ ਜਿਸ ਨਾਲ ਇਸ ਕੰਧ ਕਲਾ ਨੂੰ ਹਵਾ ਆਦਿ ਨਾ ਮਿਲਣ ਕਾਰਨ ਹੋਰ ਪ੍ਰਭਾਵਿਤ ਹੋਈ ਹੈ। ਇਹ ਕੰਧ ਕਲਾ ਤੇ ਸੋਨੇ ਦੇ ਪੱਤਰੇ ਲਾਉਣ ਦਾ ਕੰਮ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਸਮੇਂ ਹੋਇਆ ਸੀ। ਉਨ੍ਹਾਂ ਵੱਲੋਂ ਹੀ ਸ੍ਰੀ ਹਰਿਮੰਦਰ ਸਾਹਿਬ ਦੇ ਬਾਹਰ ਵੀ ਸੋਨੇ ਦੇ ਪੱਤਰੇ ਲਵਾਏ ਗਏ ਸਨ। ਇਨ੍ਹਾਂ ਪੱਤਰਿਆਂ ਨੂੰ ਪਹਿਲੀ ਵਾਰ 1995 ਵਿਚ ਇੰਗਲੈਂਡ ਦੀ ਸਿੱਖ ਜਥੇਬੰਦੀ ਗੁਰੂ ਨਾਨਕ ਨਿਸ਼ਕਾਮ ਸੇਵਾ ਜਥਾ ਬਰਮਿੰਘਮ ਵੱਲੋਂ ਸੇਵਾ ਦੇ ਰੂਪ ਵਿਚ ਬਦਲਿਆ ਗਿਆ ਸੀ ਪਰ ਇਹ ਪੱਤਰੇ ਜਲਦੀ ਹੀ ਪ੍ਰਦੂਸ਼ਣ ਕਾਰਨ ਖਰਾਬ ਹੋਣ ਲੱਗ ਪਏ ਹਨ ਤੇ ਇਨ੍ਹਾਂ ਦੀ ਸਾਂਭ ਸੰਭਾਲ ਲਈ ਸ਼੍ਰੋਮਣੀ ਕਮੇਟੀ ਵੱਲੋਂ ਹਰ ਵਰ੍ਹੇ ਇਨ੍ਹਾਂ ਦੀ ਵਿਸ਼ੇਸ਼ ਰਸਾਇਣ ਨਾਲ ਧੁਆਈ ਕਰਵਾਈ ਜਾਂਦੀ ਹੈ।

# ਧਰਨਿਆਂ ਨਾਲ ਨਜਿੱਠਣ ਲਈ ਨਵੀਂ ਫੋਰਸ!

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਦੰਗਾ ਵਿਰੋਧੀ ਦਲ ਦੇ ਦੋ ਅਜਿਹੇ ਯੂਨਿਟ ਤਿਆਰ ਕੀਤਾ ਹਨ ਜੋ ਸੰਘਰਸ਼ ਕਰ ਰਹੀਆਂ ਜਥੇਬੰਦੀਆਂ ਤੇ ਹੋਰ ਪ੍ਰਦਰਸ਼ਨਾਂ ਦੌਰਾਨ ਭੰਨ-ਤੋੜ ਤੇ ਸਾੜ-ਫੂਕ ਦੀਆਂ ਕੀਤੀਆਂ ਜਾਂਦੀਆਂ ਕਾਰਵਾਈਆਂ ਨੂੰ ਨੱਥ ਪਾਉਣ ਲਈ 24 ਘੰਟੇ ਤਿਆਰ-ਬਰ-ਤਿਆਰ ਰਹਿਣਗੇ। ਪੰਜਾਬ ਸਰਕਾਰ ਵੱਲੋਂ ਇਸ ਦਲ ਦੇ ਪੁਲਿਸ ਅਧਿਕਾਰੀਆਂ ਤੇ ਮੁਲਾਜ਼ਮਾਂ ਨੂੰ ਸਾਲਾਨਾ ਪੌਣੇ ਦੋ ਕਰੋੜ ਰੁਪਏ ਦੀ ਵਿੱਤੀ ਰਾਸ਼ੀ ਵਿਸ਼ੇਸ਼ ਭੱਤੇ ਵਜੋਂ ਦੇਣ ਦੀ ਤਿਆਰੀ ਵੀ ਕਰ ਲਈ ਗਈ ਹੈ।




ਫਿਲਹਾਲ ਇਨ੍ਹਾਂ ਦੋ ਦਲਾਂ ਵਿਚ ਤਕਰੀਬਨ 700 ਪੁਲਿਸ ਅਧਿਕਾਰੀ ਤੇ ਮੁਲਾਜ਼ਮ ਸ਼ਾਮਲ ਕੀਤੇ ਹਨ। ਇਹ ਦਲ ਵਧੀਕ ਡਾਇਰੈਕਟਰ ਜਨਰਲ ਪੁਲਿਸ (ਆਰਮਡ) ਜਲੰਧਰ ਦੀ ਅਗਵਾਈ ਹੇਠ ਕੰਮ ਕਰਨਗੇ। ਪੰਜਾਬ ਪੁਲਿਸ ਵੱਲੋਂ ਇਨ੍ਹਾਂ ਦਲਾਂ ਵਿਚ ਸ਼ਾਮਲ ਮੁਲਾਜ਼ਮਾਂ ਤੇ ਅਧਿਕਾਰੀਆਂ ਨੂੰ 15 ਫੀਸਦੀ ਵਿਸ਼ੇਸ਼ ਭੱਤਾ ਦੇਣ ਦੀ ਤਜਵੀਜ਼ ਬਣਾਈ ਗਈ ਹੈ। ਸੂਤਰਾਂ ਮੁਤਾਬਕ ਗ੍ਰਹਿ ਮਾਮਲੇ ਤੇ ਨਿਆਂ ਵਿਭਾਗ ਦੇ ਇੰਚਾਰਜ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਵੀ ਇਸ ਤਜਵੀਜ਼ ਉਪਰ ਆਪਣੀ ਮੋਹਰ ਲਾ ਦਿੱਤੀ ਹੈ। ਗ੍ਰਹਿ ਵਿਭਾਗ ਮੁਤਾਬਕ ਪੰਜਾਬ ਵਿਚ ਵੱਖ-ਵੱਖ ਗ਼ੈਰ-ਸਮਾਜੀ ਅਨਸਰਾਂ ਤੇ ਦੇਸ਼ ਵਿਰੋਧੀ ਜਥੇਬੰਦੀਆਂ ਤੇ ਉਨ੍ਹਾਂ ਦੇ ਸਮਰਥਕਾਂ ਵੱਲੋਂ ਅਕਸਰ ਵੱਖ-ਵੱਖ ਮੁੱਦਿਆਂ ਉਪਰ ਭੰਨ-ਤੋੜ ਤੇ ਸਾੜ-ਫੂਕ ਦੀਆਂ ਕਾਰਵਾਈਆਂ ਕੀਤੀਆਂ ਜਾਂਦੀਆਂ ਹਨ। ਇਸ ਤੋਂ ਇਲਾਵਾ ਹੜਤਾਲਾਂ ਆਦਿ ਮੌਕੇ ਵੀ ਆਮ ਲੋਕਾਂ ਨੂੰ ਭੜਕਾ ਕੇ ਕਾਨੂੰਨ ਤੋੜੇ ਜਾ ਰਹੇ ਹਨ ਜਿਸ ਨਾਲ ਸੂਬੇ ਦਾ ਵੱਡੇ ਪੱਧਰ 'ਤੇ ਮਾਲੀ ਨੁਕਸਾਨ ਹੁੰਦਾ ਹੈ। ਇਹ ਦਲ ਅਜਿਹੀਆਂ ਸਰਗਰਮੀਆਂ ਨੂੰ ਰੋਕਣ ਲਈ ਹੰਗਾਮੀ ਹਾਲਤ ਵਿਚ ਆਪਣਾ ਕਮਾਲ ਵਿਖਾਉਣਗੇ। ਫੋਰਸ ਦੇ ਅਧਿਕਾਰੀਆਂ ਤੇ ਮੁਲਾਜ਼ਮਾਂ ਨੂੰ ਸੱਟ-ਫੇਟ ਲੱਗਣ ਜਾਂ ਹੋਰ ਕਿਸੇ ਤਰ੍ਹਾਂ ਦਾ ਜਾਨੀ ਨੁਕਸਾਨ ਹੋਣ ਦਾ ਖ਼ਤਰਾ ਵਧੇਰੇ ਹੋਣ ਦੇ ਮੱਦੇਨਜ਼ਰ ਆਮ ਫੋਰਸ ਤੋਂ ਵਾਧੂ ਵਿਸ਼ੇਸ਼ ਭੱਤਾ ਦੇਣ ਦੀ ਤਜਵੀਜ਼ ਬਣਾਈ ਗਈ ਹੈ। ਇਸ ਫੋਰਸ ਵਿਚਲੇ 690 ਅਧਿਕਾਰੀਆਂ ਤੇ ਮੁਲਾਜ਼ਮਾਂ ਨੂੰ ਉਨ੍ਹਾਂ ਦੀਆਂ ਮੁੱਢਲੀਆਂ ਤਨਖ਼ਾਹਾਂ ਦਾ 15 ਫੀਸਦੀ ਵਿਸ਼ੇਸ਼ ਭੱਤੇ ਵਜੋਂ ਦੇਣ ਦੀ ਤਜਵੀਜ਼ ਬਣਾਈ ਗਈ ਹੈ। ਇਸ ਨਾਲ ਸਰਕਾਰ ਉਪਰ ਤਕਰੀਬਨ ਪੌਣੇ ਦੋ ਕਰੋੜ ਰੁਪਏ ਦਾ ਸਾਲਾਨਾ ਵਿੱਤੀ ਬੋਝ ਪਵੇਗਾ।

# ਸਾਬਕਾ ਅਕਾਲੀ ਸਰਪੰਚਾਂ ਨੇ ਲਾਇਆ ਅਰਬਾਂ ਰੁਪਏ ਦਾ ਰਗੜਾ

**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ ਲੋੜਵੰਦ ਲੋਕਾਂ ਲਈ ਸ਼ੁਰੂ ਕੀਤੀ ਬੁਢਾਪਾ ਤੇ ਵਿਧਵਾ ਪੈਨਸ਼ਨ ਸਕੀਮ ਦਾ ਸਵਾ ਦੋ ਅਰਬ ਰੁਪਿਆ ਸਾਬਕਾ ਅਕਾਲੀ ਸਰਪੰਚਾਂ ਦੀਆਂ ਜੇਬਾਂ ਵਿਚ ਚਲਾ ਗਿਆ ਤੇ ਸੂਬਾ ਸਰਕਾਰ ਸਭ ਕੁਝ ਜਾਣਦੀ ਹੋਈ ਵੀ ਕਾਰਵਾਈ ਕਰਨ ਤੋਂ ਅਸਮਰਥਾ ਵਿਖਾ ਰਹੀ ਹੈ। ਇਹ ਸਰਪੰਚ ਬਜ਼ੁਰਗਾਂ ਨੂੰ ਪੈਨਸ਼ਨਾਂ ਲਈ ਭੇਜੇ 222.07 ਕਰੋੜ ਰੁਪਏ ਬਾਰੇ ਕੋਈ ਵੀ ਹਿਸਾਬ ਦੇਣ ਤੋਂ ਚੁੱਪ ਧਾਰੀ ਬੈਠੇ ਹਨ। ਸਮਾਜਿਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਵਿਭਾਗ ਪੰਜਾਬ ਵੱਲੋਂ ਆਰ.ਟੀ.ਆਈ ਤਹਿਤ ਦਿੱਤੇ ਵੇਰਵਿਆਂ ਮੁਤਾਬਕ ਜਿਨ੍ਹਾਂ ਤਤਕਾਲੀ ਸਰਪੰਚਾਂ ਨੇ ਲੰਮੇ ਸਮੇਂ ਮਗਰੋਂ ਵੀ ਪੈਨਸ਼ਨਾਂ ਦਾ ਕੋਈ ਹਿਸਾਬ-ਕਿਤਾਬ ਨਹੀਂ ਦਿੱਤਾ ਉਨ੍ਹਾਂ ਵਿਚ ਬਹੁਗਿਣਤੀ ਅਕਾਲੀ ਸਰਪੰਚਾਂ ਦੀ ਹੈ। ਹੁਣ ਨਵੇਂ ਸਰਪੰਚ ਬਣਨ ਮਗਰੋਂ ਸਰਕਾਰ ਨੂੰ ਪੁਰਾਣੇ ਸਰਪੰਚਾਂ ਤੋਂ ਪੈਸਾ ਵਸੂਲਣ ਦੀ ਮੁਸ਼ਕਲ ਖੜ੍ਹੀ ਹੋ ਗਈ ਹੈ। ਪੰਜਾਬ ਸਰਕਾਰ ਵੱਲੋਂ ਸਾਲ 2007-08 ਤੋਂ 2012-13 ਤੱਕ ਬੁਢਾਪਾ, ਵਿਧਵਾ, ਆਸ਼ਰਿਤ ਬੱਚਿਆਂ ਤੇ ਅਪੰਗਤਾ ਪੈਨਸ਼ਨ ਦੀ ਕੁੱਲ ਰਕਮ 2597.06 ਕਰੋੜ ਰੁਪਏ ਜਾਰੀ ਕੀਤੀ ਗਈ ਸੀ ਜਿਸ ਵਿਚੋਂ 222.07 ਕਰੋੜ ਰੁਪਏ ਦੀ ਏ.ਪੀ.ਆਰਜ਼ (ਐਕੂਚਲ ਪੇਈ ਰਸੀਟ) ਤਤਕਾਲੀ ਸਰਪੰਚਾਂ ਵੱਲ ਬਕਾਇਆ ਖੜ੍ਹੀ ਹੈ।

ਇਸ ਵਿਚ 80 ਫੀਸਦੀ ਰਕਮ ਬੁਢਾਪਾ ਪੈਨਸ਼ਨਾਂ ਦੀ ਹੈ। ਸਾਬਕਾ ਪੰਚਾਇਤ ਮੰਤਰੀ ਰਣਜੀਤ ਸਿੰਘ ਬ੍ਰਹਮਪੁਰਾ ਦਾ ਜ਼ਿਲ੍ਹਾ ਤਰਨਤਾਰਨ ਇਸ ਮਾਮਲੇ ਵਿਚ ਪਹਿਲੇ ਨੰਬਰ 'ਤੇ ਹੈ ਜਿਥੋਂ ਦੇ ਤਤਕਾਲੀ ਸਰਪੰਚਾਂ ਨੇ 52.2 ਕਰੋੜ ਰੁਪਏ ਦੀ ਪੈਨਸ਼ਨਾਂ ਦੀ ਰਕਮ ਖ਼ੁਰਦ-ਬੁਰਦ ਕੀਤੀ ਹੈ।

ਮੌਜੂਦਾ ਪੰਚਾਇਤ ਮੰਤਰੀ ਸੁਰਜੀਤ ਸਿੰਘ ਰੱਖੜਾ ਦਾ ਜ਼ਿਲ੍ਹਾ ਪਟਿਆਲਾ ਦੂਜੇ ਨੰਬਰ 'ਤੇ ਹੈ ਜਿਥੋਂ ਦੇ ਤਤਕਾਲੀ ਸਰਪੰਚਾਂ ਨੇ ਪੰਜ ਵਰ੍ਹਿਆਂ ਵਿਚ 22.05 ਕਰੋੜ ਦੀ ਰਕਮ ਆਪਣੀ ਜੇਬ ਵਿਚ ਪਾ ਲਈ ਹੈ। ਵੇਰਵਿਆਂ 'ਤੇ ਝਾਤ ਮਾਰੀਏ ਤਾਂ ਸਾਲ 2008-09 ਵਿਚ ਪੈਨਸ਼ਨਾਂ ਦੀ 316.31 ਕਰੋੜ ਦੀ ਰਕਮ ਵਿਚੋਂ 94 ਲੱਖ ਰੁਪਏ ਦੀ ਰਕਮ ਸਰਪੰਚ ਹੀ ਛੱਕ ਗਏ ਹਨ ਜਿਨ੍ਹਾਂ ਦਾ ਲੇਖਾ- ਜੋਖਾ ਸਰਪੰਚਾਂ ਨੇ ਸਰਕਾਰ ਨੂੰ ਪੰਜ ਵਰ੍ਹਿਆਂ ਮਗਰੋਂ ਵੀ ਨਹੀਂ ਦਿੱਤਾ ਹੈ। ਸਾਲ 2010-11 ਵਿਚ 598.06 ਕਰੋੜ ਰੁਪਏ ਵਿਚੋਂ 21.99 ਕਰੋੜ ਰੁਪਏ, ਸਾਲ 2011-12 ਵਿਚ 523.27 ਕਰੋੜ ਦੀ ਰਕਮ ਵਿਚੋਂ 68.58 ਕਰੋੜ ਰੁਪਏ ਸਰਪੰਚਾਂ ਨੇ ਖ਼ੁਰਦ-ਬੁਰਦ ਕੀਤੇ ਹਨ। ਪਿੰਡ ਬਾਦਲ ਦਾ ਤਤਕਾਲੀ ਸਰਪੰਚ ਵੀ ਬੁਢਾਪਾ ਪੈਨਸ਼ਨ ਛਕਣ ਦੇ ਦੋਸ਼ਾਂ ਵਿਚ ਮੁਅੱਤਲ ਹੋ ਚੁੱਕਾ ਹੈ। ਉਧਰ ਇਸ ਮਾਮਲੇ 'ਚ ਨਵਾਂ ਸ਼ਹਿਰ ਦਾ ਰਿਕਾਰਡ ਸਭ ਤੋਂ ਚੰਗਾ ਹੈ। ਸਾਲ 2011-12 ਤੱਕ ਇਸ ਜ਼ਿਲ੍ਹੇ 'ਚ ਭੇਜੀ ਸੌ ਫੀਸਦੀ ਪੈਨਸ਼ਨ ਰਕਮ ਵੰਡੀ ਗਈ ਹੈ ਤੇ ਹਿਸਾਬ-ਕਿਤਾਬ ਵੀ ਦਿੱਤਾ ਹੈ।

# ਸਿਆਸੀ ਆਗੂਆਂ ਨੂੰ ਬੇਨਕਾਬ ਕਰੇਗਾ ਸ਼ਸ਼ੀ ਕਾਂਤ

**ਚੰਡੀਗੜ੍ਹ:** ਪੰਜਾਬ ਦੇ ਸਾਬਕਾ ਡੀ.ਜੀ.ਪੀ (ਜੇਲ੍ਹ) ਸ਼ਸ਼ੀ ਕਾਂਤ ਨੇ ਦਾਅਵਾ ਕੀਤਾ ਹੈ ਕਿ ਪੰਜਾਬ ਦੇ ਡਰੱਗ ਮਾਫੀਏ ਨੂੰ ਸਰਪ੍ਰਸਤੀ ਦੇਣ ਵਾਲੇ ਸਿਆਸੀ ਆਗੂਆਂ ਦੇ ਨਾਂਅ ਉਹ ਅਗਲੇ ਦਿਨੀਂ ਹਲਫ਼ਨਾਮੇ ਰਾਹੀਂ ਪੰਜਾਬ-ਹਰਿਆਣਾ ਹਾਈਕੋਰਟ ਵਿਚ ਨਸ਼ਰ ਕਰਨਗੇ। ਉਨ੍ਹਾਂ ਨੇ ਪੰਜਾਬ ਪੁਲਿਸ ਨੂੰ ਵੀ ਨਸੀਹਤ ਦਿੱਤੀ ਕਿ ਉਹ ਸਿਆਸੀ ਆਗੂਆਂ ਦੇ ਇਸ਼ਾਰਿਆਂ 'ਤੇ ਗ਼ੈਰ-ਕਾਨੂੰਨੀ ਕੰਮ ਕਰਨ ਤੋਂ ਗੁਰੇਜ਼ ਕਰੇ ਜਾਂ ਫਿਰ ਇਨ੍ਹਾਂ ਕੰਮਾਂ ਲਈ ਕਟਹਿਰੇ ਵਿਚ ਖੜਨ ਲਈ ਤਿਆਰ ਰਹੇ।

ਸਾਬਕਾ ਡੀ.ਜੀ.ਪੀ ਨੇ ਕਿਹਾ ਕਿ ਜਲਦ ਹੀ ਸੂਬਾ ਸਰਕਾਰ ਤੇ ਪੁਲਿਸ ਵੱਲੋਂ ਕੀਤੀਆਂ ਜਾ ਰਹੀਆਂ ਜ਼ਿਆਦਤੀਆਂ ਨੂੰ ਨੱਥ ਪਾਉਣ ਲਈ 'ਪੀਪਲਜ਼ ਕਮਿਸ਼ਨ' ਗਠਿਤ ਕੀਤੇ ਜਾਣਗੇ। ਇਹ ਕਮਿਸ਼ਨ ਸੇਵਾਮੁਕਤ ਜੱਜਾਂ, ਵਕੀਲਾਂ ਤੇ ਗ਼ੈਰ-ਸਿਆਸੀ ਉੱਚ ਸ਼ਖ਼ਸੀਅਤਾਂ ਦੇ ਅਧਾਰਿਤ ਬਣਾ ਕੇ ਪੰਜਾਬ ਵਿਚ 'ਇਨਸਾਫ਼ ਦਾ ਇਨਕਲਾਬ' ਲਿਆਂਦਾ ਜਾਵੇਗਾ। ਦੱਸਣਯੋਗ ਹੈ ਕਿ ਡਰੱਗ ਦੇ ਮਾਮਲੇ ਵਿਚ ਪਹਿਲਾਂ ਹਾਈਕੋਰਟ ਵਿਚ ਚੱਲ ਰਹੀ ਜਨ ਹਿੱਤ ਪਟੀਸ਼ਨ ਬਾਰੇ ਅਦਾਲਤ ਨੇ ਭਾਰਤ ਸਰਕਾਰ, ਨਾਰਕੋਟਿਕ ਕੰਟਰੋਲ ਬਿਊਰੋ (ਐਨ.ਸੀ.ਬੀ) ਤੇ ਬਾਰਡਰ ਸਕਿਓਰਟੀ ਫੋਰਸ (ਬੀ.ਐਸ.ਐਫ) ਨੂੰ ਪਾਰਟੀ ਬਣਾਇਆ ਹੈ।

ਸ੍ਰੀ ਕਾਂਤ ਨੇ ਕਿਹਾ ਕਿ ਭੋਲਾ ਡਰੱਗ ਮਾਫੀਆ ਨੂੰ ਫੜਨ ਨਾਲ ਜਿਥੇ ਲਾਭ ਹੋਇਆ ਹੈ, ਉਥੇ ਨੁਕਸਾਨ ਵੀ ਹੋਏ ਹਨ ਕਿਉਂਕਿ ਇਸ ਮਾਫੀਏ ਨਾਲ ਸਿਆਸੀ ਆਗੂਆਂ ਦੇ ਜੁੜੇ ਹੋਣ ਦਾ ਪ੍ਰਤੱਖ ਪ੍ਰਮਾਣ ਸਾਹਮਣੇ ਆਉਣ ਦੇ ਬਾਵਜੂਦ ਸਰਕਾਰ ਨੇ ਅੱਖਾਂ ਮੀਟ ਲਈਆਂ ਹਨ ਤੇ ਦਾਗ਼ੀ ਸਿਆਸੀ ਆਗੂਆਂ ਤੋਂ ਧਿਆਨ ਹਟਾਉਣ ਲਈ ਇਸ ਮਾਮਲੇ ਵਿਚ ਐਨ.ਆਰ.ਆਈਜ਼ ਦੀ ਭੂਮਿਕਾ ਨੂੰ ਵੱਡੇ ਪੱਧਰ ਉਤੇ ਉਛਾਲਿਆ ਜਾ ਰਿਹਾ ਹੈ। ਉਨ੍ਹਾਂ ਤਿੱਖੀ ਸੁਰ ਵਿਚ ਕਿਹਾ ਕਿ ਇਕ ਪਾਸੇ ਪੰਜਾਬ ਸਰਕਾਰ ਕੁਝ ਵਿਸ਼ੇਸ਼ ਅਫਸਰਾਂ ਨੂੰ ਬਚਾਉਣ ਲਈ ਸਰਕਾਰੀ ਪੱਧਰ 'ਤੇ ਕਰੋੜਾਂ ਰੁਪਏ ਖਰਚ ਕੇ ਵਕੀਲਾਂ ਦੀ ਫੌਜ ਖੜੀ ਕਰਦੀ ਆ ਰਹੀ ਹੈ।

# ਚੋਣ ਕਮਿਸ਼ਨ ਲੀਡਰਾਂ 'ਤੇ ਕੱਸੇਗਾ ਸ਼ਿਕੰਜਾ

**ਚੰਡੀਗੜ੍ਹ:** ਅਪਰਾਧਿਕ ਮਾਮਲਿਆਂ ਦਾ ਸਾਹਮਣਾ ਕਰ ਰਹੇ ਪੰਜਾਬ ਦੇ ਕਈ ਸਿਆਸੀ ਆਗੂ ਚੋਣ ਕਮਿਸ਼ਨ ਦੇ ਨਿਸ਼ਾਨੇ 'ਤੇ ਹਨ। ਭਾਰਤ ਦਾ ਚੋਣ ਕਮਿਸ਼ਨ ਵੀ ਸੁਪਰੀਮ ਕੋਰਟ ਦਾ ਫੈਸਲਾ ਆਉਣ ਤੋਂ ਬਾਅਦ ਸੰਗੀਨ ਅਪਰਾਧਾਂ ਵਿਚ ਸ਼ਾਮਲ ਰਾਜਸੀ ਵਿਅਕਤੀਆਂ ਦੇ ਸਿਆਸੀ ਭਵਿੱਖ ਬਾਰੇ ਸਖ਼ਤ ਫੈਸਲੇ ਲੈਣ ਜਾ ਰਿਹਾ ਹੈ।

ਪੰਜਾਬ ਨਾਲ ਸਬੰਧਤ ਸ਼੍ਰੋਮਣੀ ਅਕਾਲੀ ਦਲ ਤੇ ਕਾਂਗਰਸ ਦੇ ਕਈ ਆਗੂ ਅਪਰਾਧਿਕ ਮਾਮਲਿਆਂ ਦਾ ਸਾਹਮਣਾ ਕਰ ਰਹੇ ਹਨ। ਅਜਿਹੇ ਸਿਆਸਤਦਾਨਾਂ ਵਿਚ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ, ਉਨ੍ਹਾਂ ਦੇ ਸਪੁੱਤਰ ਰਣਇੰਦਰ ਸਿੰਘ ਟਿੱਕੂ, ਸਾਬਕਾ ਮੰਤਰੀ ਚੌਧਰੀ ਜਗਜੀਤ ਸਿੰਘ, ਕਾਂਗਰਸ ਦੇ ਸਾਬਕਾ ਵਿਧਾਇਕ ਸੁਖਪਾਲ ਸਿੰਘ ਖਹਿਰਾ ਤੇ ਗੁਰਪ੍ਰੀਤ ਸਿੰਘ ਕਾਂਗੜ, ਅਕਾਲੀ ਦਲ ਦੇ ਆਗੂ ਜਿਨ੍ਹਾਂ ਖਿਲਾਫ਼ ਦਰਜ ਮਾਮਲੇ ਅਦਾਲਤਾਂ ਵਿਚ ਸੁਣਵਾਈ ਅਧੀਨ ਹਨ, ਉਨ੍ਹਾਂ ਵਿਚ ਸਾਬਕਾ ਮੰਤਰੀਆਂ ਜਥੇਦਾਰ ਤੋਤਾ ਸਿੰਘ, ਨਿਰਮਲ ਸਿੰਘ ਕਾਹਲੋਂ, ਸੁੱਚਾ ਸਿੰਘ ਲੰਗਾਹ, ਵਿਰਸਾ ਸਿੰਘ ਵਲਟੋਹਾ ਤੇ ਸਿੱਖਿਆ ਮੰਤਰੀ ਤੇ ਸਪੁੱਤਰ ਗੁਰਪ੍ਰੀਤ ਸਿੰਘ ਮਲੂਕਾ ਸ਼ਾਮਲ ਹਨ। ਪੰਜਾਬ ਦੇ ਸਿੱਖਿਆ ਮੰਤਰੀ ਸਿਕੰਦਰ ਸਿੰਘ ਮਲੂਕਾ ਤੇ ਬੀਬੀ ਜਗੀਰ ਕੌਰ ਦਾ ਨਾਂ ਵੀ ਇਸੇ ਸੂਚੀ ਵਿਚ ਸ਼ਾਮਲ ਹੈ ਕਿਉਂਕਿ ਉਨ੍ਹਾਂ ਵਿਰੁੱਧ ਦਰਜ ਮਾਮਲੇ ਪੁਲਿਸ ਨੇ ਤਾਂ ਰੱਦ ਕਰਨ ਦਾ ਫੈਸਲਾ ਕਰ ਲਿਆ ਹੈ ਪਰ ਅਦਾਲਤ ਵੱਲੋਂ ਰੱਦ ਕੀਤੀਆਂ ਰਿਪੋਰਟਾਂ ਸਵੀਕਾਰ ਨਹੀਂ ਕੀਤੀਆਂ ਗਈਆਂ।

ਚੋਣ ਕਮਿਸ਼ਨ ਨੇ ਸੂਬਿਆਂ ਤੋਂ ਅਜਿਹੇ ਵਿਅਕਤੀਆਂ ਦੀ ਸੂਚੀ ਮੰਗੀ ਹੈ ਜਿਨ੍ਹਾਂ ਮਾਮਲਿਆਂ ਵਿਚ ਪੰਜ ਸਾਲ ਜਾਂ ਇਸ ਤੋਂ ਵਧੇਰੇ ਸਜ਼ਾ ਹੋ ਸਕਦੀ ਹੈ। ਕਮਿਸ਼ਨ ਵੱਲੋਂ ਕੇਂਦਰ ਸਰਕਾਰ ਨੂੰ ਕਿਹਾ ਗਿਆ ਹੈ ਕਿ ਅਜਿਹੇ ਰਾਜਸੀ ਵਿਅਕਤੀਆਂ ਦੇ ਰਾਜਸੀ ਭਵਿੱਖ ਭਾਵ ਚੋਣ ਲੜਨ ਬਾਰੇ ਫੈਸਲਾ ਲਿਆ ਜਾਵੇ ਕਿਉਂਕਿ ਸਜ਼ਾ ਹੋਣ ਦੀ ਸੂਰਤ ਵਿਚ ਮੈਂਬਰੀ ਰੱਦ ਹੋਣਾ ਤਾਂ ਤੈਅ ਹੈ। ਪੰਜਾਬ ਪੁਲਿਸ ਵੱਲੋਂ ਚੋਣ ਕਮਿਸ਼ਨ ਨੂੰ ਜਿਹੜੀ ਜਾਣਕਾਰੀ ਭੇਜੀ ਗਈ ਹੈ ਉਸ ਵਿਚ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ, ਸਿੱਖਿਆ ਮੰਤਰੀ ਸਿਕੰਦਰ ਸਿੰਘ ਮਲੂਕਾ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ, ਸੁਖਪਾਲ ਸਿੰਘ ਖਹਿਰਾ, ਗੁਰਪ੍ਰੀਤ ਸਿੰਘ ਕਾਂਗੜ, ਗੁਰਪ੍ਰੀਤ ਸਿੰਘ ਮਲੂਕਾ ਆਦਿ ਦੇ ਨਾਂ ਸ਼ਾਮਲ ਹਨ।

ਪੰਜਾਬ ਦੇ ਮੁੱਖ ਚੋਣ ਅਧਿਕਾਰੀ ਰਾਮਿੰਦਰ ਸਿੰਘ ਦਾ ਕਹਿਣਾ ਹੈ ਕਿ ਕਮਿਸ਼ਨ ਵੱਲੋਂ ਵਿਜੀਲੈਂਸ ਬਿਊਰੋ ਤੋਂ ਵੀ ਰਾਜਸੀ ਵਿਅਕਤੀਆਂ ਵਿਰੁੱਧ ਦਰਜ ਮਾਮਲਿਆਂ ਬਾਰੇ ਜਾਣਕਾਰੀ ਮੰਗੀ ਗਈ ਹੈ। ਜ਼ਿਕਰਯੋਗ ਹੈ ਕਿ ਸੁਪਰੀਮ ਕੋਰਟ ਨੇ ਤਿੰਨ ਜਾਂ ਤਿੰਨ ਸਾਲ ਤੋਂ ਵੱਧ ਸਜ਼ਾ ਹੋਣ 'ਤੇ ਚੋਣ ਲੜਨ ਦੇ ਅਯੋਗ ਕਰਾਰ ਦੇਣ ਤੇ ਮੈਂਬਰੀ ਰੱਦ ਕਰਨ ਦਾ ਇਤਿਹਾਸਕ ਫੈਸਲਾ ਸੁਣਾਇਆ ਸੀ। ਕੇਂਦਰ ਸਰਕਾਰ ਵੱਲੋਂ ਅਜਿਹੇ ਸਿਆਸਤਦਾਨਾਂ ਨੂੰ ਬਚਾਉਣ ਲਈ ਬੇਸ਼ੱਕ ਆਰਡੀਨੈਂਸ ਜਾਰੀ ਕੀਤਾ ਗਿਆ ਸੀ ਪਰ ਭਾਰੀ ਵਿਰੋਧ ਤੋਂ ਬਾਅਦ ਆਰਡੀਨੈਂਸ ਵਾਪਸ ਲੈ ਲਿਆ ਗਿਆ ਸੀ। ਚੋਣ ਕਮਿਸ਼ਨ ਨੇ ਵੀ ਇਸ ਮਾਮਲੇ 'ਤੇ ਸਰਕਾਰ ਉਪਰ ਦਬਾਅ ਵਧਾਇਆ ਹੈ ਕਿ ਸਰਕਾਰ ਅਪਰਾਧਿਕ ਮਾਮਲਿਆਂ ਦਾ ਸਾਹਮਣਾ ਕਰ ਰਹੇ ਵਿਅਕਤੀਆਂ ਵਿਰੁੱਧ ਸਖ਼ਤ ਫੈਸਲਾ ਲਵੇ।

# ਨਿਵੇਸ਼ਕਾਰਾਂ ਨੂੰ ਬਾਦਲ ਸਰਕਾਰ ਤੋਂ ਸਾਵਧਾਨ ਰਹਿਣ ਦੀ ਸਲਾਹ

## ਨਿਵੇਸ਼ਕਾਰ ਸੰਮੇਲਨ ਬਾਦਲਾਂ ਦੇ ਨਿੱਜੀ ਪ੍ਰੋਜੈਕਟ ਪ੍ਰਫੁੱਲਤ ਕਰਨ ਦੀ ਚਾਲ: ਕਾਂਗਰਸ

**ਚੰਡੀਗੜ੍ਹ:** ਪੰਜਾਬ ਕਾਂਗਰਸ ਨੇ ਨਿਵੇਸ਼ਕਾਰਾਂ ਨੂੰ ਸੂਬਾ ਸਰਕਾਰ ਵੱਲੋਂ ਬੀਤੀ 9 ਤੇ 10 ਦਸੰਬਰ ਨੂੰ ਮੁਹਾਲੀ ਵਿਖੇ ਕਰਵਾਏ ਗਏ ਪੰਜਾਬ ਨਿਵੇਸ਼ਕਾਰ ਸੰਮੇਲਨ (ਪ੍ਰੋਗਰੈਸਿਵ ਪੰਜਾਬ ਇਨਵੈਸਟਰ ਸਮਿੱਟ) ਵਿਚ ਦਿੱਤੀਆਂ ਤਸੱਲੀਆਂ ਤੋਂ ਸਾਵਧਾਨ ਰਹਿਣ ਦੀ ਸਲਾਹ ਦਿੱਤੀ ਹੈ। ਕਾਂਗਰਸ ਨੇ ਦੋਸ਼ ਲਾਇਆ ਕਿ ਪੰਜਾਬ ਦੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਆਪਣੀ ਨਵੀਂ ਉਦਯੋਗਕ ਨੀਤੀ ਰਾਹੀਂ ਮਹਿਜ਼ ਬਾਹਰੀ ਧਨਾਢ ਉਦਯੋਗਪਤੀਆਂ ਨੂੰ ਮੋਟੀਆਂ ਛੋਟਾਂ ਨਾਲ ਨਿਵਾਜਣ ਤੇ ਬਾਦਲ ਪਰਿਵਾਰ ਦੇ ਨਿੱਜੀ ਪ੍ਰਾਜੈਕਟਾਂ ਨੂੰ ਪ੍ਰਫੁੱਲਤ ਕਰਨ ਤੱਕ ਹੀ ਸੀਮਤ ਹਨ।



ਇਸ ਨੀਤੀ ਰਾਹੀਂ ਪੰਜਾਬ ਵਿਚ ਕਈ ਸਾਲਾਂ ਤੋਂ ਬਿਜਲੀ ਦੀ ਘਾਟ, ਭ੍ਰਿਸ਼ਟਾਚਾਰ ਤੇ ਟੈਕਸ ਦੇ ਬੋਝ ਹੇਠ ਦੱਬ ਕੇ ਬੰਦ ਹੋ ਰਹੇ ਲਘੂ, ਦਰਮਿਆਨੇ ਤੇ ਵੱਡੇ ਉਦਯੋਗਿਕ ਯੂਨਿਟਾਂ ਨੂੰ ਕੋਈ ਰਾਹਤ ਨਹੀਂ ਦਿੱਤੀ ਗਈ। ਪੰਜਾਬ ਕਾਂਗਰਸ ਵੱਲੋਂ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ ਤੋਂ ਮੰਡੀ ਗੋਬਿੰਦਗੜ੍ਹ ਦੇ ਉਦਯੋਗ ਬਾਰੇ ਆਰ.ਟੀ.ਆਈ ਰਾਹੀਂ ਹਾਸਲ ਕੀਤੀ ਜਾਣਕਾਰੀ ਬੜੀ ਹੈਰਾਨੀਜਨਕ ਹੈ ਜਿਸ ਵਿਚ ਸਥਾਨਕ 31 ਰੋਲਿੰਗ ਮਿੱਲਾਂ ਤੇ ਫਰਨੈਸਾਂ ਪਿਛਲੇ ਛੇ ਮਹੀਨਿਆਂ ਦੌਰਾਨ ਆਪਣੇ ਬਿਜਲੀ ਦੇ ਕੁਨੈਕਸ਼ਨ ਕਟਵਾ ਚੁੱਕੀਆਂ ਹਨ।

ਮੰਡੀ ਗੋਬਿੰਦਗੜ੍ਹ ਵਿਚ ਕੁੱਲ 345 ਰੋਲਿੰਗ ਮਿੱਲਾਂ ਤੇ ਫਰਨੈਸਾਂ ਹਨ। ਇਨ੍ਹਾਂ ਅੰਕੜਿਆਂ ਵਿਚ ਦੱਸਿਆ ਗਿਆ ਹੈ ਕਿ ਸਾਲ 2005-06 ਦੌਰਾਨ ਪੰਜਾਬ ਵਿਚ ਕੁੱਲ 2,05,422 ਸਮਾਲ ਸਕੇਲ ਯੂਨਿਟ ਸਨ ਜੋ ਘਟ ਕੇ 1,70,500 ਰਹਿ ਗਏ ਹਨ। ਇਸੇ ਤਰ੍ਹਾਂ ਸਾਲ 2005-06 ਦੌਰਾਨ 525 ਦਰਮਿਆਨੇ ਤੇ ਵੱਡੇ ਉਦਯੋਗਿਕ ਯੂਨਿਟ ਸਨ ਜੋ ਘੱਟ ਕੇ ਤਕਰੀਬਨ 450 ਰਹਿ ਗਏ ਹਨ। ਪੰਜਾਬ ਕਾਂਗਰਸ ਨੇ ਸਰਕਾਰ ਵੱਲੋਂ ਕਰਵਾਏ ਦੋ ਰੋਜ਼ਾ ਪੰਜਾਬ ਨਿਵੇਸ਼ਕਾਰ ਸੰਮੇਲਨ ਨੂੰ ਇਕ ਸ਼ੋਸ਼ਾ ਦੱਸਿਆ।

ਉਸ ਨੇ ਨਿਵੇਸ਼ਕਾਰਾਂ ਨੂੰ ਸੁਚੇਤ ਕੀਤਾ ਕਿ ਕਿਸੇ ਤਰ੍ਹਾਂ ਦੀ ਗਲਤਫ਼ਹਿਮੀ ਵਿਚ ਆ ਕੇ ਸਰਕਾਰ ਦੇ ਵੱਡੇ ਦਾਅਵਿਆਂ ਦੇ ਸ਼ਿਕਾਰ ਹੋਣ ਤੋਂ ਬਚਿਆ ਜਾਵੇ। ਪੰਜਾਬ ਕਾਂਗਰਸ ਦੇ ਬੁਲਾਰੇ ਸੁਖਪਾਲ ਸਿੰਘ ਖਹਿਰਾ ਨੇ ਪੰਜਾਬ ਦੇ ਉਦਯੋਗ ਖੇਤਰ ਨਾਲ ਸਬੰਧਤ ਲੰਮੇ-ਚੌੜੇ ਅੰਕੜੇ ਪੇਸ਼ ਕਰਕੇ ਇਹ ਦੋਸ਼ ਲਾਏ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਜਾਰੀ ਕੀਤੀ ਨਵੀਂ ਉਦਯੋਗਿਕ ਨੀਤੀ ਬਾਦਲ ਪਰਿਵਾਰ ਦੇ ਵਪਾਰਕ ਹਿੱਤ ਪਾਲਣ ਦੇ ਆਧਾਰਤ ਹੈ। ਚੰਡੀਗੜ੍ਹ ਦੇ ਨੇੜੇ ਪਿੰਡ ਪੱਲਣਪੁਰ ਵਿਖੇ ਬਾਦਲ ਪਰਿਵਾਰ ਵੱਲੋਂ ਮੈਟਰੋ ਈਕੋ ਗਰੀਨਜ਼ ਪ੍ਰਾਈਵੇਟ ਲਿਮਟਿਡ ਕੰਪਨੀ ਦੇ ਨਾਂਅ ਹੇਠ ਬਣਾਏ ਜਾ ਰਹੇ ਸੱਤ ਤਾਰਾ ਲਗਜ਼ਰੀ ਰਿਜ਼ੋਰਟ ਨੂੰ ਲਾਭ ਪਹੁੰਚਾਉਣ ਲਈ ਹੀ ਸਰਕਾਰ ਨੇ ਨਵੀਂ ਉਦਯੋਗਿਕ ਨੀਤੀ ਵਿਚ ਸੈਰ-ਸਪਾਟਾ ਖੇਤਰ ਨੂੰ ਵੱਡੀਆਂ ਰਿਆਇਤਾਂ ਦਿੱਤੀਆਂ ਹਨ।

ਉਨ੍ਹਾਂ ਇਸ ਨਵੀਂ ਉਦਯੋਗਿਕ ਨੀਤੀ ਨੂੰ ਰੱਦ ਕਰਦਿਆਂ ਦੋਸ਼ ਲਾਇਆ ਕਿ ਬਾਦਲ ਪਰਿਵਾਰ ਖ਼ੁਦ ਹੋਟਲਾਂ, ਟਰਾਂਸਪੋਰਟ, ਕੇਬਲ, ਮਨੋਰੰਜਨ ਉਦਯੋਗ ਤੇ ਰੀਅਲ ਅਸਟੇਟ ਡਿਵੈਲਪਰ ਦਾ ਵਪਾਰ ਕਰਦਾ ਹੈ, ਇਸ ਲਈ ਨਿਵੇਸ਼ਕਾਰਾਂ ਨੂੰ ਪੰਜਾਬ ਸਰਕਾਰ ਦੀਆਂ ਗੱਲਾਂ ਵਿਚ ਆਉਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ। ਸ. ਖਹਿਰਾ ਨੇ ਇਸ ਮੌਕੇ ਮੰਡੀ ਗੋਬਿੰਦਗੜ੍ਹ, ਬਟਾਲਾ, ਗੋਰਾਇਆ, ਲੁਧਿਆਣਾ, ਜਲੰਧਰ ਤੇ ਮੁਹਾਲੀ ਜਿਹੇ ਛੇ ਮਹੱਤਵਪੂਰਨ ਸਨਅਤੀ ਕੇਂਦਰਾਂ ਦੇ ਅੰਕੜੇ ਪੇਸ਼ ਕੀਤੇ। ਉਨ੍ਹਾਂ ਕਿਹਾ ਕਿ ਇਨ੍ਹਾਂ ਤੱਥਾਂ ਤੋਂ ਅਕਾਲੀ-ਭਾਜਪਾ ਸਰਕਾਰ ਦੇ ਵੱਡੇ ਦਾਅਵੇ ਝੂਠੇ ਸਾਬਤ ਹੁੰਦੇ ਹਨ।

ਜ਼ਿਕਰਯੋਗ ਹੈ ਕਿ ਉਪ ਮੁੱਖ ਮੰਤਰੀ ਸ. ਬਾਦਲ ਦਾਅਵਾ ਕਰ ਰਹੇ ਹਨ ਕਿ ਇਸ ਨਿਵੇਸ਼ਕਾਰ ਮਿਲਣੀ ਨਾਲ ਸੂਬੇ ਦੀ ਆਰਥਿਕਤਾ ਨੂੰ ਵੱਡਾ ਹੁਲਾਰਾ ਮਿਲੇਗਾ ਤੇ ਤਕਰੀਬਨ ਢਾਈ ਦਰਜਨ ਵੱਡੀਆਂ ਕੰਪਨੀਆਂ ਇਸ ਦੌਰਾਨ ਪੰਜਾਬ ਸਰਕਾਰ ਨਾਲ ਸਮਝੌਤੇ ਕਰਨਗੀਆਂ, ਜਿਸ ਨਾਲ ਅਗਲੇ ਮਹੀਨਿਆਂ ਦੌਰਾਨ ਸੂਬੇ ਨੂੰ 50 ਹਜ਼ਾਰ ਕਰੋੜ ਰੁਪਏ ਦਾ ਨਿਵੇਸ਼ ਹੋਣ ਦੇ ਆਸਾਰ ਹਨ।

# ਪੰਜਾਬ ਸਰਕਾਰ ਦੇ ਸੰਗਤ ਦਰਸ਼ਨ ਗੈਰਕਾਨੂੰਨੀ !



ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੱਲੋਂ ਲਾਏ ਇਕ ਸੰਗਤ ਦਰਸ਼ਨ ਦੀ ਝਲਕ।

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੱਲੋਂ ਸੂਬੇ ਦੇ ਲੋਕਾਂ ਨਾਲ ਰਾਬਤਾ ਕਾਇਮ ਕਰਨ ਤੇ ਗ੍ਰਾਂਟਾਂ ਦੇ ਗੱਫੇ ਦੇਣ ਦੇ ਮਕਸਦ ਨਾਲ ਕੀਤੇ ਜਾ ਰਹੇ ਸੰਗਤ ਦਰਸ਼ਨ ਪ੍ਰੋਗਰਾਮਾਂ ਦਾ ਕੋਈ ਕਾਨੂੰਨੀ ਜਾਂ ਸੰਵਿਧਾਨਕ ਆਧਾਰ ਨਹੀਂ ਹੈ। ਇਸ ਬਾਰੇ ਐਡਵੋਕੇਟ ਦਿਨੇਸ਼ ਚੱਢਾ ਵੱਲੋਂ ਸੂਚਨਾ ਅਧਿਕਾਰ ਕਾਨੂੰਨ ਤਹਿਤ ਮੁੱਖ ਮੰਤਰੀ ਵੱਲੋਂ ਸਾਲ 2002 ਤੋਂ ਨਵੰਬਰ 2013 ਤੱਕ ਕੀਤੇ ਸੰਗਤ ਦਰਸ਼ਨਾਂ ਦੀ ਜਾਣਕਾਰੀ ਮੰਗੀ ਗਈ ਤਾਂ ਪੰਜਾਬ ਸਰਕਾਰ ਤੇ ਮੁੱਖ ਮੰਤਰੀ ਦੀਆਂ ਪ੍ਰਮੁੱਖ ਸਰਗਰਮੀਆਂ ਵਿਚ ਸ਼ੁਮਾਰ ਇਸ ਸੰਗਤ ਦਰਸ਼ਨ ਪ੍ਰੋਗਰਾਮ ਨੂੰ ਲੈ ਕੇ ਮੁੱਖ ਮੰਤਰੀ ਦੇ ਦੌਰਿਆਂ ਤੇ ਵੰਡੇ ਜਾਂ ਐਲਾਨੇ ਜਾ ਰਹੇ ਫੰਡਾਂ ਬਾਰੇ ਤਾਂ ਪੂਰੀ ਤਰ੍ਹਾਂ ਚੁੱਪੀ ਹੀ ਧਾਰ ਲਈ ਗਈ।

ਇਸ ਬਾਰੇ ਕਿਹਾ ਗਿਆ ਕਿ ਇਹ ਪ੍ਰੋਗਰਾਮ ਵੱਖ-ਵੱਖ ਹਲਕਿਆਂ ਵਿਚ ਸਬੰਧਤ ਡਿਪਟੀ ਕਮਿਸ਼ਨਰਾਂ ਵੱਲੋਂ ਕਰਵਾਏ ਗਏ ਤੇ ਇਸੇ ਪੱਤਰ ਰਾਹੀਂ ਨਾਲ ਹੀ ਸਪਸ਼ਟ ਕਰ ਦਿੱਤਾ ਗਿਆ ਕਿ ਸੰਗਤ ਦਰਸ਼ਨ ਪ੍ਰੋਗਰਾਮ ਕਰਵਾਉਣ ਬਾਰੇ ਕੋਈ ਵੀ ਨੋਟੀਫਿਕੇਸ਼ਨ, ਦਫਤਰੀ ਹੁਕਮ, ਐਕਟ, ਗਾਈਡਲਾਈਨਜ਼, ਨਿਯਮ ਜਾਂ ਹਦਾਇਤਾਂ ਨਹੀਂ ਹਨ। ਮੁੱਖ ਮੰਤਰੀ ਦਫ਼ਤਰ ਤੋਂ ਮਿਲੇ ਗੋਲ ਜਵਾਬ ਤੋਂ ਇਹ ਸਿੱਧੇ ਤੌਰ 'ਤੇ ਕਿਹਾ ਜਾ ਸਕਦਾ ਹੈ ਕਿ ਜਾਂ ਤਾਂ ਬਿਨਾਂ ਕਿਸੇ ਕਾਨੂੰਨੀ ਆਧਾਰ ਤੋਂ ਇਹ ਪ੍ਰੋਗਰਾਮ ਗੈਰ ਕਾਨੂੰਨੀ ਤਰੀਕੇ ਨਾਲ ਚੱਲ ਰਿਹਾ ਹੈ ਜਾਂ ਫਿਰ ਮੁੱਖ ਮੰਤਰੀ ਦਫ਼ਤਰ ਤੇ ਪੰਜਾਬ ਸਰਕਾਰ ਇਸ ਪ੍ਰੋਗਰਾਮ ਦੀ ਰੂਪਰੇਖਾ, ਇਸ ਤਹਿਤ ਕੀਤੀ ਜਾਂਦੀ ਇਲਾਕਿਆਂ ਦੀ ਚੋਣ, ਵੰਡੇ ਜਾਂਦੇ ਪੈਸੇ, ਅਧਿਕਾਰੀਆਂ ਨੂੰ ਇਸ ਪ੍ਰੋਗਰਾਮ ਵਿਚ ਸ਼ਾਮਲ ਕਰਵਾਏ ਜਾਂਦੇ ਲੋਕਾਂ ਦੇ ਕੰਮ ਕਰਨ ਬਾਰੇ ਜਾਰੀ ਕੀਤੀਆਂ ਜਾਂਦੀਆਂ ਹਦਾਇਤਾਂ ਆਦਿ ਬਾਰੇ ਕਿਸੇ ਵੀ ਸੂਰਤ ਵਿਚ ਜਨਤਕ ਖੁਲਾਸੇ ਹੀ ਨਹੀਂ ਕਰਨਾ ਚਾਹੁੰਦੀ।

ਮੁੱਖ ਮੰਤਰੀ ਵੱਲੋਂ ਕੀਤੇ ਜਾ ਰਹੇ ਸੰਗਤ ਦਰਸ਼ਨ ਪ੍ਰੋਗਰਾਮਾਂ ਦੀ ਜ਼ਿਲ੍ਹਾ ਵਾਰ ਸੂਚੀ ਕਿ ਕਿਸ ਜ਼ਿਲ੍ਹੇ ਵਿਚ ਕਿੰਨੇ ਪ੍ਰੋਗਰਾਮ ਹੋਏ ਹਨ, ਵੀ ਮੁੱਖ ਮੰਤਰੀ ਦਫ਼ਤਰ ਵਿਚ ਮੌਜੂਦ ਨਾ ਹੋਣਾ ਕਈ ਸਵਾਲ ਖੜ੍ਹੇ ਕਰ ਰਿਹਾ ਹੈ।

# ਮੰਤਰੀਆਂ ਨੇ 'ਚੋਣ ਪ੍ਰਚਾਰ' 'ਚ ਲੰਘਾਇਆ ਵਰ੍ਹਾ

## ਸਰਕਾਰੀ ਦਫਤਰਾਂ ਵਿਚ ਨਾਮਾਤਰ ਭਰੀ ਹਾਜ਼ਰੀ

**ਚੰਡੀਗੜ੍ਹ:** ਪੰਜਾਬ ਸਿਵਲ ਸਕੱਤਰੇਤ ਨੂੰ ਤਕਰੀਬਨ ਸਾਰਾ ਵਰ੍ਹਾ ਮੰਤਰੀਆਂ ਦੇ ਦਰਸ਼ਨਾਂ ਨੂੰ ਤਰਸਣਾ ਪਿਆ। ਇਸ ਪਿੱਛੇ ਮੁੱਖ ਕਾਰਨ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਸਣੇ ਸਾਰੇ ਮੰਤਰੀਆਂ ਦਾ ਪੰਜਾਬ ਸਮੇਤ ਹੋਰ ਸੂਬਿਆਂ ਵਿਚ ਹੋਈਆਂ ਵੱਖ-ਵੱਖ ਚੋਣਾਂ ਵਿਚ ਰੁੱਝੇ ਰਹਿਣਾ ਦੱਸਿਆ ਜਾ ਰਿਹਾ ਹੈ। ਸਾਲ ਦੇ ਆਰੰਭ ਵਿਚ ਹੀ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਚੋਣਾਂ ਦਾ ਅਮਲ ਸ਼ੁਰੂ ਹੋਇਆ ਤਾਂ ਸਾਰੀ ਸਰਕਾਰ ਨੇ ਮਹੀਨੇ ਭਰ ਲਈ ਦਿੱਲੀ ਵਿਚ ਡੇਰੇ ਲਾਈ ਰੱਖੇ।

ਇਸ ਤੋਂ ਬਾਅਦ ਹਾਕਮ ਧਿਰ ਨੇ ਖੁਦ ਸਹੇੜੀ ਮੋਗਾ ਉਪ ਚੋਣ ਦਾ ਪ੍ਰਚਾਰ ਆਰੰਭ ਦਿੱਤਾ ਤੇ ਸਾਰੀ ਸਰਕਾਰ ਮਹੀਨਾ ਭਰ ਮੋਗਾ ਵਿਚ ਬੈਠੀ ਰਹੀ। ਮੋਗਾ ਉਪ ਚੋਣ ਦਾ ਕੰਮ ਕਾਰ ਖ਼ਤਮ ਹੀ ਹੋਇਆ ਸੀ ਕਿ ਪੰਜਾਬ ਵਿਚ ਪੰਚਾਇਤ ਸਮਿਤੀਆਂ ਤੇ ਜ਼ਿਲ੍ਹਾ ਪ੍ਰੀਸ਼ਦ ਦੀਆਂ ਚੋਣਾਂ ਦਾ ਅਮਲ ਸ਼ੁਰੂ ਹੋ ਗਿਆ। ਹੁਣੇ ਜਿਹੇ ਹੋਈਆਂ ਦਿੱਲੀ ਵਿਧਾਨ ਸਭਾ ਚੋਣਾਂ ਦੌਰਾਨ ਤਾਂ ਪੰਜਾਬ ਸਰਕਾਰ ਦੇ ਸਾਰੇ ਮੰਤਰੀ ਮੰਡਲ ਨੇ ਦਿੱਲੀ ਡੇਰੇ ਲਾ ਲਏ ਸਨ।

ਰਹਿੰਦੀ ਕਸਰ ਪਿਛਲੇ ਦਿਨੀਂ ਹੋਏ ਵਿਸ਼ਵ ਕਬੱਡੀ ਕੱਪ ਨੇ ਕੱਢ ਦਿੱਤੀ। ਕਬੱਡੀ ਦੇ ਮੈਚਾਂ ਦੌਰਾਨ ਮੰਤਰੀਆਂ ਤੇ ਮੁੱਖ ਸੰਸਦੀ ਸਕੱਤਰਾਂ ਨੂੰ ਦਫ਼ਤਰ ਆਉਣ ਦਾ ਸਮਾਂ ਨਹੀਂ ਮਿਲਿਆ। ਅਜਿਹੀ ਹਾਲਤ ਵਿਚ ਅਧਿਕਾਰੀ ਵੀ ਵਿਹਲੇ ਹੀ ਬੈਠੇ ਹਨ। ਪਿਛਲੇ ਦਿਨੀਂ ਹੋਏ ਨਿਵੇਸ਼ ਸੰਮੇਲਨ ਦੌਰਾਨ ਜ਼ਰੂਰ ਕੁਝ ਕੁ ਅਧਿਕਾਰੀਆਂ ਨੂੰ ਹੱਥਾਂ ਪੈਰਾਂ ਦੀ ਪਈ ਰਹੀ। ਦੇਖਿਆ ਜਾਵੇ ਤਾਂ ਇਹ ਸਾਲ ਹੀ ਸੱਤਾਧਾਰੀ ਆਗੂਆਂ ਲਈ ਅਜਿਹਾ ਰਿਹਾ ਜਦੋਂ ਮੰਤਰੀਆਂ ਨੇ ਦਫ਼ਤਰਾਂ ਵਿਚ ਆਉਣ ਦੀ ਥਾਂ ਪਿੰਡਾਂ ਵਿਚ ਵਿਚਰਨਾ ਚਾਹਿਆ।

ਮੰਤਰੀਆਂ ਦੀ ਗੈਰਹਾਜ਼ਰੀ ਕਾਰਨ ਜ਼ਿਆਦਾਤਰ ਅਫਸਰਾਂ ਦੀਆਂ ਵੀ ਮੌਜਾਂ ਲੱਗੀਆਂ ਰਹੀਆਂ। ਕੁਝ ਅਫ਼ਸਰ ਮੰਤਰੀਆਂ ਦੀ ਗੈਰਹਾਜ਼ਰੀ ਦਾ ਲਾਭ ਲੈਂਦੇ ਹੋਏ ਦਫ਼ਤਰੀ ਕੰਮਕਾਰ ਨਿਪਟਾਉਣ ਨੂੰ ਤਰਜੀਹ ਦਿੰਦੇ ਹਨ ਪਰ ਜ਼ਿਆਦਾਤਰ ਸਰਕਾਰੀ ਚਾਹ ਤੇ ਸਮੋਸਿਆਂ ਦਾ ਆਨੰਦ ਲੈ ਕੇ ਦਿਹਾੜੀ ਪੂਰੀ ਕਰਨ ਵਿਚ ਹੀ ਭਲਾਈ ਸਮਝਦੇ ਹਨ। ਹਾਲਾਂਕਿ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਆਪਣੇ ਸਾਥੀ ਮੰਤਰੀਆਂ



ਨੂੰ ਨਸੀਹਤ ਦਿੰਦਿਆਂ ਕਿਹਾ ਸੀ ਕਿ ਸਮੂਹ ਮੰਤਰੀ ਹਫ਼ਤੇ ਵਿਚ ਚਾਰ ਦਿਨ ਆਪਣੇ ਦਫ਼ਤਰਾਂ ਵਿਚ ਜ਼ਰੂਰ ਬੈਠਣ।

ਸ. ਬਾਦਲ ਦੇ ਇਨ੍ਹਾਂ ਬੋਲਾਂ 'ਤੇ ਕੋਈ ਮੰਤਰੀ ਹੀ ਖਰਾ ਉਤਰਿਆ ਹੈ। ਇਥੋਂ ਤੱਕ ਕਿ ਮੁੱਖ ਮੰਤਰੀ ਤੇ ਉਪ ਮੁੱਖ ਮੰਤਰੀ ਨੇ ਵੀ ਜ਼ਿਆਦਾਤਰ ਸਰਕਾਰ ਆਪਣੇ ਦਫ਼ਤਰਾਂ ਤੋਂ ਬਾਹਰੋਂ ਹੀ ਚਲਾਈ ਹੈ। ਲੋਕ ਸੰਪਰਕ ਵਿਭਾਗ ਕੁਝ ਸਮਾਂ ਤਾਂ ਲੋਕਾਂ ਨੂੰ ਇਹ ਜਾਣਕਾਰੀ ਭੇਜਦਾ ਰਿਹਾ ਕਿ ਮੁੱਖ ਮੰਤਰੀ ਆਪਣੇ ਰੁਝੇਵਿਆਂ ਕਾਰਨ ਲੋਕਾਂ ਨੂੰ ਮਿਲ ਨਹੀਂ ਸਕਣਗੇ, ਹੁਣ ਤਾਂ ਇਸ ਵਿਭਾਗ ਨੇ ਲੋਕਾਂ ਨੂੰ ਇਹ ਜਾਣਕਾਰੀ ਵੀ ਦੇਣੀ ਛੱਡ ਦਿੱਤੀ ਹੈ ਕਿਉਂਕਿ ਮੁੱਖ ਮੰਤਰੀ ਨੇ ਵੀ ਇਕ ਤਰ੍ਹਾਂ ਨਾਲ ਚੰਡੀਗੜ੍ਹ ਵਿਚ ਲੋਕਾਂ ਨੂੰ ਮਿਲਣਾ ਛੱਡ ਹੀ ਦਿੱਤਾ ਹੈ।

ਜ਼ਿਕਰਯੋਗ ਹੈ ਕਿ ਸਾਲ 2012 ਦੌਰਾਨ ਵੀ ਮੁੱਖ ਮੰਤਰੀ ਦੇ ਉਪ ਮੁੱਖ ਮੰਤਰੀ ਜ਼ਿਆਦਾਤਰ ਸਕੱਤਰੇਤ ਤੋਂ ਬਾਹਰ ਹੀ ਰਹੇ। ਦੋਵੇਂ ਬਾਦਲਾਂ ਦੀਆਂ ਲੰਮੀਆਂ ਵਿਦੇਸ਼ ਯਾਤਰਾਵਾਂ ਦੇ ਨਾਲ-ਨਾਲ ਹੋਰ ਰੁਝੇਵੇਂ ਹੀ ਅਜਿਹੇ ਰਹੇ ਜਦੋਂ ਆਮ ਲੋਕ ਦਰਸ਼ਨ ਨਹੀਂ ਕਰ ਸਕੇ। ਸ. ਬਾਦਲ ਸੰਗਤ ਦਰਸ਼ਨਾਂ ਰਾਹੀਂ ਆਪਣੇ ਜੱਦੀ ਜ਼ਿਲ੍ਹੇ ਮੁਕਤਸਰ ਦੇ ਲੋਕਾਂ ਨੂੰ ਜ਼ਰੂਰ ਕਦੇ ਕਦਾਈਂ ਦਰਸ਼ਨ ਦੇ ਦਿੰਦੇ ਹਨ।

# ਸ਼ਾਮਲਾਟਾਂ ਬਾਰੇ ਅਦਾਲਤ ਨੂੰ ਵੀ ਰਾਹ ਨਹੀਂ ਦੇ ਰਹੀ ਪੰਜਾਬ ਸਰਕਾਰ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਸ਼ਾਮਲਾਟ ਜ਼ਮੀਨਾਂ ਦੱਬਣ ਦੇ ਮਾਮਲੇ ਵਿਚ ਪੰਜਾਬ ਸਰਕਾਰ ਵੱਲੋਂ ਕੀਤੀਆਂ ਜਾ ਰਹੀਆਂ ਕਾਰਵਾਈਆਂ ਨੇ ਪੰਜਾਬ ਹਰਿਆਣਾ ਹਾਈ ਕੋਰਟ ਦੇ ਬੈਂਚ ਨੂੰ ਵੀ ਚੱਕਰਾਂ ਵਿਚ ਪਾ ਦਿੱਤਾ ਹੈ। ਸਰਕਾਰ ਵੱਲੋਂ ਦਿੱਤੀਆਂ ਜਾ ਰਹੀਆਂ ਸਫਾਈਆਂ 'ਤੇ ਹਾਈ ਕੋਰਟ ਨੇ ਸਖ਼ਤ ਨਾਰਾਜ਼ਗੀ ਜਤਾਈ ਹੈ।

ਜਸਟਿਸ ਜਸਬੀਰ ਸਿੰਘ ਤੇ ਜਸਟਿਸ ਗੁਰਮੀਤ ਸਿੰਘ ਸੰਧਾਵਾਲੀਆ ਦੇ ਬੈਂਚ ਨੇ ਇਸ ਕੇਸ 'ਤੇ ਸੁਣਵਾਈ ਮੁੜ ਸ਼ੁਰੂ ਹੋਣ 'ਤੇ ਇਹ ਗੱਲ ਦ੍ਰਿੜ੍ਹਾਈ ਕਿ ਪੰਜਾਬ ਸਰਕਾਰ ਨੇ ਇਕ ਪਾਸੇ ਜਸਟਿਸ ਕੁਲਦੀਪ ਸਿੰਘ ਕਮਿਸ਼ਨ ਦੀ ਕਾਇਮੀ ਖਿਲਾਫ਼ ਸੁਪਰੀਮ ਕੋਰਟ ਵਿਚ ਪਟੀਸ਼ਨ ਦਾਇਰ ਕੀਤੀ ਹੋਈ ਤੇ ਦੂਜੇ ਪਾਸੇ ਇਹ ਕਮਿਸ਼ਨ ਦੀਆਂ ਸਿਫਾਰਸ਼ਾਂ ਨੂੰ ਲਾਗੂ ਕਰਨ ਲਈ ਕਮੇਟੀ ਬਿਠਾਉਣ ਦਾ ਦਾਅਵਾ ਕਰ ਰਹੀ ਹੈ।

ਜੇਕਰ ਸਰਕਾਰ ਸਿਫਾਰਸ਼ਾਂ ਲਾਗੂ ਕਰਨ ਲਈ ਵਾਕਈ ਸੁਹਿਰਦ ਹੈ ਤਾਂ ਇਹ ਵਿਸ਼ੇਸ਼ ਲੀਵ ਪਟੀਸ਼ਨ ਵਾਪਸ ਲੈਂਦੀ। ਬੈਂਚ ਨੇ ਆਖਿਆ ਕਿ ਸਰਕਾਰ ਦਾ ਸਟੈਂਡ ਸਪਸ਼ਟ ਨਹੀਂ ਤੇ ਇਸ ਮਾਮਲੇ 'ਤੇ ਅੰਤਮ ਹਲਫ਼ਨਾਮਾ ਦਾਖਲ ਕਰਨ ਲਈ ਕਿਹਾ ਹੈ।

ਸਰਕਾਰ ਨੇ ਇਸ ਔਖੀ ਸਥਿਤੀ ਵਿਚੋਂ ਨਿਕਲਣ ਦੀ ਕੋਸ਼ਿਸ਼ ਕਰਦਿਆਂ ਕਿਹਾ ਕਿ ਸ਼ਾਮਲਾਟ ਜ਼ਮੀਨਾਂ ਦੱਬਣ ਦੇ ਮਾਮਲਿਆਂ ਬਾਰੇ ਜਸਟਿਸ ਕੁਲਦੀਪ ਸਿੰਘ ਕਮਿਸ਼ਨ ਦੀ ਰਿਪੋਰਟ ਦੀ ਘੋਖ ਕਰਨ ਲਈ ਹੀ ਕਮੇਟੀ ਕਾਇਮ ਕੀਤੀ ਗਈ ਹੈ ਜਿਸ ਦਾ ਮੰਤਵ ਕਮਿਸ਼ਨ ਦੀਆਂ ਸਿਫਾਰਸ਼ਾਂ ਨੂੰ ਖੂੰਢਾ ਕਰਨਾ ਨਹੀਂ ਸਗੋਂ ਇਨ੍ਹਾਂ 'ਤੇ ਅਮਲ ਦੇ ਸੁਝਾਅ ਲੈਣਾ ਹੈ। ਇਸ ਕਹਿਣ 'ਤੇ ਹਾਈ ਕੋਰਟ ਨੇ ਸਰਕਾਰ ਦੀ ਇਸ ਦੋਗਲੀ ਪਹੁੰਚ ਦੀ ਆਲੋਚਨਾ ਕੀਤੀ।

ਪਿਛਲੀ ਪੇਸ਼ੀ ਮੌਕੇ ਬੈਂਚ ਨੇ ਸੂਬਾ ਸਰਕਾਰ ਦੇ ਵਕੀਲ ਨੂੰ ਇਕ ਹਲਫ਼ਨਾਮਾ ਦਾਖ਼ਲ ਕਰਕੇ ਇਹ ਸਪਸ਼ਟ ਕਰਨ ਲਈ ਆਖਿਆ ਸੀ ਕਿ ਕੀ ਹਾਈ ਕੋਰਟ ਵੱਲੋਂ ਕਾਇਮ ਕੀਤੇ ਗਏ ਟ੍ਰਿਬਿਊਨਲ ਦੇ ਜ਼ੇਰੇ-ਗੌਰ ਮੁੱਦੇ ਦੀ ਘੋਖ ਕਰਨ ਲਈ ਸੂਬੇ ਦੇ ਅਫਸਰਾਂ 'ਤੇ ਆਧਾਰਤ ਕਮੇਟੀ ਕਾਇਮ ਕੀਤੀ ਗਈ ਹੈ ਜਾਂ ਕੋਈ ਟ੍ਰਿਬਿਊਨਲ। ਸਰਕਾਰ ਨੂੰ ਇਹ ਵੀ ਸਪਸ਼ਟ ਕਰਨ ਲਈ ਕਿਹਾ ਗਿਆ ਸੀ ਕਿ ਉਹ ਸੁਪਰੀਮ ਕੋਰਟ ਦੇ ਸਾਬਕਾ ਜੱਜ ਦੀ ਅਗਵਾਈ ਵਾਲੇ ਟ੍ਰਿਬਿਊਨਲ ਦੇ ਗਠਨ ਖਿਲਾਫ਼ ਵਿਸ਼ੇਸ਼ ਲੀਵ ਪਟੀਸ਼ਨ 'ਤੇ ਜ਼ੋਰ ਕਿਉਂ ਦੇ ਰਹੀ ਹੈ।

ਇਸ ਦੌਰਾਨ, ਮਾਲ, ਮੁੜ ਵਸੇਬਾ ਤੇ ਆਫ਼ਤ ਪ੍ਰਬੰਧ ਵਿਭਾਗ ਦੇ ਵਿੱਤ ਕਮਿਸ਼ਨਰ ਐਨ.ਐਸ ਕੰਗ ਵੱਲੋਂ ਬੈਂਚ ਕੋਲ ਇਕ ਹਲਫ਼ਨਾਮਾ ਦਾਖ਼ਲ ਕੀਤਾ ਗਿਆ ਜਿਸ ਵਿਚ ਕਿਹਾ ਗਿਆ ਸੀ ਕਿ ਸੁਪਰੀਮ ਕੋਰਟ ਵੱਲੋਂ ਟ੍ਰਿਬਿਊਨਲ ਦੇ ਗਠਨ 'ਤੇ ਰੋਕ ਨਾ ਲਾਉਣ ਕਰਕੇ ਇਸ ਦੀਆਂ ਸਿਫਾਰਸ਼ਾਂ 'ਤੇ ਅਮਲ ਯਕੀਨੀ ਬਣਾਉਣ ਲਈ ਕਮੇਟੀ ਕਾਇਮ ਕੀਤੀ ਗਈ ਸੀ।

ਮੁਹਾਲੀ ਦੇ ਡਿਪਟੀ ਕਮਿਸ਼ਨਰ ਨੂੰ ਜ਼ਿਲ੍ਹੇ ਦੇ ਅੱਠ ਪਿੰਡਾਂ ਦੀਆਂ ਸ਼ਾਮਲਾਟ ਜ਼ਮੀਨਾਂ 'ਤੇ ਕਬਜ਼ਿਆਂ ਬਾਰੇ ਜਾਣਕਾਰੀ ਭੇਜਣ ਲਈ ਕਿਹਾ ਗਿਆ ਸੀ। ਇਨ੍ਹਾਂ ਪਿੰਡਾਂ ਦੀਆਂ ਜ਼ਮੀਨਾਂ ਬਾਰੇ ਵਿਸ਼ੇਸ਼ ਟ੍ਰਿਬਿਊਨਲ ਦੀ ਅੰਤ੍ਰਿਮ ਰਿਪੋਰਟ ਵਿਚ ਘੋਖ ਕੀਤੀ ਗਈ ਸੀ। ਡੀ.ਸੀ ਨੂੰ ਡੇਰਾਬਸੀ ਤਹਿਸੀਲ ਦੇ ਪਿੰਡ ਬਲਟਾਣਾ ਤੇ ਖਰੜ ਤਹਿਸੀਲ ਦੇ ਪਿੰਡ ਮਾਜਰੀ ਦੇ ਮਾਲ ਰਿਕਾਰਡ ਨਾਲ ਹੋਈ ਛੇੜਛਾੜ ਦੀ ਵੀ ਘੋਖ ਕਰਨ ਦੇ ਹੁਕਮ ਦਿੱਤੇ ਗਏ ਸਨ।

# ਕੇ.ਪੀ.ਐਸ ਗਿੱਲ ਦੇ ਰਿਸ਼ਤੇਦਾਰ ਨੇ ਸੁਰੱਖਿਆ ਮੰਗੀ

**ਚੰਡੀਗੜ੍ਹ:** ਪੰਜਾਬ ਵਿਚ ਅੱਤਵਾਦ ਦੇ ਦੌਰ ਦੌਰਾਨ ਸੂਬੇ ਦੇ ਪੁਲਿਸ ਮੁਖੀ ਰਹੇ ਕੇ.ਪੀ.ਐਸ ਗਿੱਲ ਦੇ ਇਕ ਨੇੜਲੇ ਰਿਸ਼ਤੇਦਾਰ ਨੇ ਖ਼ੁਦ ਨੂੰ ਖ਼ਾਲਿਸਤਾਨ ਪੱਖੀ ਖਾੜਕੂ ਜਥੇਬੰਦੀਆਂ ਤੋਂ ਜਾਨ-ਮਾਲ ਦਾ ਖ਼ਤਰਾ ਹੋਣ ਦਾ ਦਾਅਵਾ ਕਰਦਿਆਂ ਕਿਸੇ ਏਜੰਸੀ ਤੋਂ ਸੁਰੱਖਿਆ ਪ੍ਰਦਾਨ ਕਰਨ ਦੀ ਮੰਗ ਕੀਤੀ ਹੈ। ਪਟੀਸ਼ਨਰ ਦਾ ਨਾਂਅ ਜਗਦੀਪ ਸਿੰਘ ਗਿੱਲ ਹੈ ਤੇ ਉਹ ਮੋਗਾ ਜ਼ਿਲ੍ਹੇ ਦੇ ਪਿੰਡ ਤਲਵੰਡੀ ਮੱਲ੍ਹੀਆਂ ਦਾ ਰਹਿਣ ਹੈ।

'ਸਮਾਜਿਕ ਜਾਗ੍ਰਿਤੀ ਫਰੰਟ' ਨਾਮੀ ਜਥੇਬੰਦੀ ਦਾ ਚੇਅਰਮੈਨ ਹੋਣ ਦਾ ਦਾਅਵਾ ਕਰ ਰਹੇ ਇਸ ਵਿਅਕਤੀ ਨੂੰ ਇਸੇ ਸਿਲਸਿਲੇ ਵਿਚ ਪਹਿਲਾਂ ਤੋਂ ਹੀ ਪੰਜਾਬ ਪੁਲਿਸ ਦੀ ਸੁਰੱਖਿਆ ਪ੍ਰਾਪਤ ਹੈ ਪਰ ਉਹ ਤਕਰੀਬਨ ਇਕ ਮਹੀਨੇ ਪਹਿਲਾਂ ਹੀ ਕਿਸੇ ਖਾੜਕੂ ਜਥੇਬੰਦੀ ਦੇ ਨਾਂ 'ਤੇ ਪ੍ਰਾਪਤ ਹੋਏ ਧਮਕੀ ਪੱਤਰ ਦਾ ਹਵਾਲਾ ਦਿੰਦੇ ਹੋਏ ਹੁਣ ਹਾਈਕੋਰਟ ਦੀ ਸ਼ਰਨ ਵਿਚ ਪਹੁੰਚਿਆ ਹੈ। ਹਾਈਕੋਰਟ ਦੇ ਜਸਟਿਸ ਅਮੋਲ ਰਤਨ ਸਿੰਘ ਵੱਲੋਂ ਉਸ ਦੀ ਇਸ ਪਟੀਸ਼ਨ 'ਤੇ ਸੁਣਵਾਈ ਕਰਦਿਆਂ ਪੰਜਾਬ ਸਰਕਾਰ, ਏ.ਡੀ.ਜੀ.ਪੀ (ਸੁਰੱਖਿਆ) ਤੇ ਲੁਧਿਆਣਾ ਦੇ ਐਸ.ਐਸ.ਪੀ ਨੂੰ ਨੋਟਿਸ ਜਾਰੀ ਕੀਤੇ ਹਨ। ਹਾਈਕੋਰਟ ਵੱਲੋਂ ਇਸ ਬਾਰੇ ਪੰਜਾਬ ਸਰਕਾਰ ਤੇ ਹੋਰਨਾਂ ਤੋਂ ਆਉਂਦੀ 14 ਜਨਵਰੀ ਤੱਕ ਜਵਾਬ ਮੰਗਿਆ ਗਿਆ ਹੈ।

# ਦਾਗੀ ਸਿਆਸਤਦਾਨਾਂ ਨੂੰ ਤੱਤੀ ਹਵਾ ਨਹੀਂ ਲੱਗਣ ਦੇ ਰਹੀ ਪੁਲਿਸ

**ਚੰਡੀਗੜ੍ਹ:** ਪੰਜਾਬ ਪੁਲਿਸ ਨੇ ਅਪਰਾਧਿਕ ਮਾਮਲਿਆਂ ਵਿਚ ਨਾਮਜ਼ਦ ਪ੍ਰਭਾਵਸ਼ਾਲੀ ਸਿਆਸਤਦਾਨਾਂ ਨੂੰ ਕਾਨੂੰਨੀ ਮਾਰ ਤੋਂ ਬਚਾਉਣ ਲਈ ਵੱਡੀ ਭੂਮਿਕਾ ਨਿਭਾਈ ਹੈ। ਇਹ ਤੱਥ ਸੂਬਾ ਸਰਕਾਰ ਵੱਲੋਂ ਚੋਣ ਕਮਿਸ਼ਨ ਨੂੰ ਸਿਆਸੀ ਲੋਕਾਂ ਵਿਰੁੱਧ ਦਰਜ ਮਾਮਲਿਆਂ ਦੀ ਸੌਂਪੀ ਸੂਚੀ ਦੌਰਾਨ ਸਾਹਮਣੇ ਆਏ ਹਨ। ਜਿਹੜੇ ਸਿਆਸੀ ਆਗੂਆਂ ਨੂੰ ਅਜਿਹੇ ਮਾਮਲਿਆਂ ਵਿਚ ਵੱਡੀ ਰਾਹਤ ਮਿਲੀ ਹੈ, ਉਨ੍ਹਾਂ ਵਿਚ ਮਾਲ ਮੰਤਰੀ ਬਿਕਰਮ ਸਿੰਘ ਮਜੀਠੀਆ, ਸਿੱਖਿਆ ਮੰਤਰੀ ਸਿਕੰਦਰ ਸਿੰਘ ਮਲੂਕਾ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਾਬਕਾ ਪ੍ਰਧਾਨ ਤੇ ਵਿਧਾਇਕਾ ਬੀਬੀ ਜਗੀਰ ਕੌਰ, ਕਾਂਗਰਸੀ ਵਿਧਾਇਕ ਜੀਤ ਮਹਿੰਦਰ ਸਿੰਘ ਸਿੱਧੂ, ਮੁੱਖ ਸੰਸਦੀ ਸਕੱਤਰ ਇੰਦਰਬੀਰ ਸਿੰਘ ਬੁਲਾਰੀਆ, ਅਮਰਪਾਲ ਸਿੰਘ ਬੋਨੀ ਅਜਨਾਲਾ, ਸੀਨੀਅਰ ਅਕਾਲੀ ਆਗੂ ਅਲਵਿੰਦਰ ਪਾਲ ਸਿੰਘ ਪੱਖੋਕੇ ਤੇ ਵਿਧਾਇਕ ਜੋਗਿੰਦਰ ਪਾਲ ਜੈਨ ਆਦਿ ਸ਼ਾਮਲ ਹਨ।

ਕੁਝ ਰਾਜਸੀ ਲੋਕ ਅਜੇ ਵੀ ਅਦਾਲਤੀ ਚੱਕਰਾਂ ਵਿਚ ਫਸੇ ਹੋਏ ਹਨ, ਉਨ੍ਹਾਂ ਵਿਚ ਕਾਂਗਰਸ ਦੇ ਮੀਤ ਪ੍ਰਧਾਨ ਤੇ ਸਾਬਕਾ ਵਿਧਾਇਕ ਗੁਰਪ੍ਰੀਤ ਸਿੰਘ ਕਾਂਗੜ, ਸਿੱਖਿਆ ਮੰਤਰੀ ਦੇ ਪੁੱਤਰ ਗੁਰਪ੍ਰੀਤ ਸਿੰਘ ਮਲੂਕਾ, ਕਾਂਗਰਸ ਦੇ ਬੁਲਾਰੇ ਸੁਖਪਾਲ ਸਿੰਘ ਖਹਿਰਾ, ਉਨ੍ਹਾਂ ਦੇ ਪੁੱਤਰ ਮਹਿਤਾਬ ਸਿੰਘ ਖਹਿਰਾ ਤੇ ਹੋਰ ਆਗੂਆਂ ਦੇ ਨਾਂ ਸ਼ਾਮਲ ਹੈ।ਸਿੱਖਿਆ ਮੰਤਰੀ ਸਿਕੰਦਰ ਸਿੰਘ ਮਲੂਕਾ ਖਿਲਾਫ਼ ਦਿਆਲਪੁਰਾ ਥਾਣੇ ਵਿਚ ਫੌਜਦਾਰੀ ਦਾ ਜੋ ਮਾਮਲਾ ਦਰਜ ਕੀਤਾ ਗਿਆ ਸੀ, ਪੁਲਿਸ ਨੇ ਉਸ ਮਾਮਲੇ ਨੂੰ ਰੱਦ ਕਰਨ ਲਈ 'ਕੈਂਸਲੇਸ਼ਨ ਰਿਪੋਰਟ' ਅਦਾਲਤ ਵਿਚ ਪੇਸ਼ ਕਰ ਦਿੱਤੀ ਹੈ।

ਵਿਧਾਇਕਾ ਬੀਬੀ ਜਗੀਰ ਕੌਰ ਵਿਰੁੱਧ ਪੁਲਿਸ ਨੇ ਧਾਰਾ 171 ਬੀ, 171ਸੀ, 171 ਐਚ ਤੇ 506 ਆਈ.ਪੀ.ਸੀ ਦਾ ਮਾਮਲਾ ਦਰਜ ਕੀਤਾ ਸੀ। ਸ਼ਿਕਾਇਤਕਰਤਾ ਸੁਖਪਾਲ ਸਿੰਘ ਖਹਿਰਾ ਨੇ ਬੀਬੀ 'ਤੇ ਵੋਟਰਾਂ ਨੂੰ ਸ਼ਰਾਬ ਵੰਡਣ ਦੇ ਦੋਸ਼ ਲਾਏ ਸਨ। ਪੁਲਿਸ ਨੇ ਮੌਕੇ ਤੋਂ ਸ਼ਰਾਬ ਦੀਆਂ 183 ਪੇਟੀਆਂ ਵੀ ਬਰਾਮਦ ਕੀਤੀਆਂ ਸਨ। ਪੁਲਿਸ ਨੂੰ ਇਸ ਮਾਮਲੇ ਵਿਚ ਹੁਣ ਤੱਕ ਠੋਸ ਸਬੂਤ ਨਹੀਂ ਲੱਭੇ ਤੇ ਅਦਾਲਤ ਵਿਚ ਦੋ ਮਾਰਚ ਨੂੰ 'ਕੈਂਸਲੇਸ਼ਨ ਰਿਪੋਰਟ' ਦਾਇਰ ਕਰ ਦਿੱਤੀ ਗਈ। ਸੁਖਪਾਲ ਸਿੰਘ ਖਹਿਰਾ ਦਾ ਕਹਿਣਾ ਹੈ ਕਿ ਇਹ ਵਾਕਿਆ ਚੋਣ ਨਿਗਰਾਨ ਤੇ ਰਿਟਰਨਿੰਗ ਅਫਸਰ ਦੀ ਮੌਜੂਦਗੀ ਵਿਚ ਵਾਪਰਿਆ ਸੀ।

ਮਾਲ ਮੰਤਰੀ ਬਿਕਰਮ ਸਿੰਘ ਮਜੀਠੀਆ 'ਤੇ ਤਲਵੰਡੀ ਸਾਬੋ ਪੁਲਿਸ ਨੇ ਸੱਤ ਮਾਰਚ 2009 ਨੂੰ ਇਰਾਦਾ ਕਤਲ ਤੇ ਹੋਰ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਸੀ। ਇਸ ਮਾਮਲੇ ਵਿਚ ਜੂਨ 2012 ਨੂੰ ਅਨਟਰੇਸ ਰਿਪੋਰਟ ਦਾਖ਼ਲ ਕਰ ਦਿੱਤੀ। ਕਾਂਗਰਸੀ ਵਿਧਾਇਕ ਜੀਤਮਹਿੰਦਰ ਸਿੰਘ ਸਿੱਧੂ ਵਿਰੁੱਧ ਵੀ ਪੁਲਿਸ ਨੇ ਅੱਠ ਜੂਨ 2009 ਨੂੰ ਜੋ ਮਾਮਲਾ ਦਰਜ ਕੀਤਾ ਸੀ, ਦਾ ਵੀ ਚਲਾਨ ਪੇਸ਼ ਕਰਨ ਦੀ ਥਾਂ ਪੁਲਿਸ ਨੇ ਅਨਟਰੇਸ ਰਿਪੋਰਟ ਅਦਾਲਤ ਨੂੰ ਭੇਜੀ। ਮੁੱਖ ਸੰਸਦੀ ਸਕੱਤਰ ਇੰਦਰਬੀਰ ਸਿੰਘ ਬੁਲਾਰੀਆ ਖਿਲਾਫ਼ 420 ਤੇ ਹੋਰਾਂ ਧਾਰਾਵਾਂ ਦੇ ਮਾਮਲੇ ਵਿਚ 'ਕੈਂਸਲੇਸ਼ਨ' ਦਾ ਰਸਤਾ ਅਪਨਾਇਆ ਗਿਆ।

## ਚੋਣ ਕਮਿਸ਼ਨ ਵੱਲੋਂ ਸਖ਼ਤੀ ਦੀ ਤਿਆਰੀ

ਚੋਣ ਕਮਿਸ਼ਨ ਨੇ ਆਗਾਮੀ ਲੋਕ ਸਭਾ ਚੋਣਾਂ ਨੂੰ ਧਿਆਨ ਵਿਚ ਰੱਖਦਿਆਂ ਸਿਆਸਤਦਾਨਾਂ ਖ਼ਿਲਾਫ਼ ਦਰਜ ਮਾਮਲਿਆਂ ਬਾਰੇ ਜਾਣਕਾਰੀ ਇਕੱਤਰ ਕਰਨੀ ਸ਼ੁਰੂ ਕੀਤੀ ਹੋਈ ਹੈ। ਪੁਲਿਸ ਮੁਤਾਬਕ ਕੈਂਸਲੇਸ਼ਨ ਉਸ ਮਾਮਲੇ ਵਿਚ ਦਾਖ਼ਲ ਕੀਤੀ ਜਾਂਦੀ ਹੈ ਜੋ ਮਾਮਲਾ ਝੂਠਾ ਹੁੰਦਾ ਹੋਵੇ।

ਇਸੇ ਤਰ੍ਹਾਂ ਅਨਟਰੇਸ ਉਨ੍ਹਾਂ ਮਾਮਲਿਆਂ ਵਿਚ ਦਾਖਲ ਕੀਤੀ ਜਾਂਦੀ ਹੈ ਜਿਨ੍ਹਾਂ ਮਾਮਲਿਆਂ ਵਿਚ ਨਾਮਜ਼ਦ ਵਿਅਕਤੀਆਂ ਬਾਰੇ ਤਫ਼ਤੀਸ਼ੀ ਅਫਸਰਾਂ ਨੂੰ ਕੋਈ ਥਹੁ ਪਤਾ ਨਾ ਲੱਗੇ ਜਾਂ ਸਬੂਤਾਂ ਦੀ ਅਣਹੋਂਦ ਹੋਵੇ।

ਇਹ ਮਾਮਲੇ ਲੋਕ ਸਭਾ ਚੋਣਾਂ 2009 ਅਤੇ ਵਿਧਾਨ ਸਭਾ ਚੋਣਾਂ 2012 ਨਾਲ ਹੀ ਸਬੰਧਤ ਹਨ। ਸੂਬਾ ਸਰਕਾਰ ਦੀ ਇਸ ਰਿਪੋਰਟ ਮੁਤਾਬਕ ਲੋਕ ਪ੍ਰਤੀਨਿਧਤਾ ਕਾਨੂੰਨ 1951 ਤਹਿਤ ਦਰਜ ਮਾਮਲੇ ਰਸਮੀ ਕਾਰਵਾਈ ਹੀ ਜਾਪ ਰਹੇ ਹਨ।

# ਚੋਣਾਂ ਤੋਂ ਪਹਿਲਾਂ ਹੀ ਫਸਲੀ ਬਟੇਰਿਆਂ ਦੀ ਉਡਾਰੀ ਸ਼ੁਰੂ

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਗੱਲ ਕੁਝ ਹਫਤੇ ਪਹਿਲਾਂ ਦੀ ਹੈ। ਭਾਰਤ ਦੀ ਕੌਮੀ ਇੱਕਮੁੱਠਤਾ ਕੌਂਸਲ ਦੀ ਆਮ ਚਰਚਾ ਵਿਚ ਦਿਖਾਈ ਦੇਣ ਵਾਲੀ ਇੱਕ ਬੀਬੀ ਨੇ ਐਲਾਨ ਕਰ ਦਿੱਤਾ ਕਿ ਉਹ ਭਾਰਤ ਸਰਕਾਰ ਦੇ ਖਿਲਾਫ ਲੱਗ ਰਹੇ ਭ੍ਰਿਸ਼ਟਾਚਾਰ ਦੇ ਦੋਸ਼ਾਂ ਤੋਂ ਏਨੀ ਦੁਖੀ ਹੈ ਕਿ ਇਸ ਇੱਕਮੁੱਠਤਾ ਕੌਂਸਲ ਤੋਂ ਅਸਤੀਫਾ ਦੇ ਰਹੀ ਹੈ। ਬਹੁਤ ਸਾਰੇ ਲੋਕਾਂ ਦੇ ਲਈ ਇਹ ਖਬਰ ਸੀ ਪਰ ਸਾਡੇ ਲਈ ਨਹੀਂ। ਅਸੀਂ ਉਸ ਬੀਬੀ ਤੇ ਉਸ ਵਰਗੇ ਕਈ ਹੋਰਨਾਂ ਨੂੰ ਜਾਣਦੇ ਹਾਂ। ਮੌਸਮ ਬਦਲਣ ਨਾਲ ਪਰਵਾਸੀ ਪੰਛੀਆਂ ਦੀਆਂ ਉਡਾਰੀਆਂ ਸਾਡੇ ਲਈ ਨਵੀਂ ਗੱਲ ਨਹੀਂ, ਚਿਰਾਂ ਤੋਂ ਚੱਲਦੇ ਇਸ ਵਿਹਾਰ ਕਾਰਨ ਸਾਇਬੇਰੀਆ ਤੋਂ ਉਡ ਕੇ ਉਹ ਅੱਜ ਵੀ ਹਰੀਕੇ ਪੱਤਣ ਦੀ ਝੀਲ ਤੱਕ ਹਰ ਸਾਲ ਆਉਂਦੇ ਰਹਿੰਦੇ ਹਨ। ਇਹ ਰਾਜਸੀ ਲੋਕ ਵੀ ਉਨ੍ਹਾਂ ਪਰਵਾਸੀ ਪੰਛੀਆਂ ਵਰਗੇ ਹਨ। ਜਿਸ ਪਾਰਟੀ ਦੇ ਅੱਗੇ ਆਉਣ ਦੀ ਥੋੜ੍ਹੀ ਜਿਹੀ ਸੰਭਾਵਨਾ ਦਿੱਸ ਪਵੇ, ਉਸ ਵੱਲ ਛੇ ਮਹੀਨੇ ਪਹਿਲਾਂ ਤੁਰ ਪੈਂਦੇ ਹਨ। ਇਸ ਪਿੱਛੇ ਕਾਰਨ ਇਹ ਹੁੰਦਾ ਹੈ ਕਿ ਇਨ੍ਹਾਂ ਵਿਚੋਂ ਕੁਝ ਲੋਕਾਂ ਦੇ ਘਰ ਦੀ ਰਸੋਈ ਦਾ ਦਾਣਾ-ਪਾਣੀ ਵੀ ਅਤੇ ਕਾਰਾਂ ਦਾ ਤੇਲ ਵੀ ਇਸੇ ਚੱਕਰ ਵਿਚੋਂ ਚੱਲਦਾ ਹੈ। ਉਹ ਬੀਬੀ ਸਾਢੇ ਚਾਰ ਸਾਲ ਕਾਂਗਰਸ ਵਾਲਿਆਂ ਦੀ ਸੇਵਾ ਕਰਦੀ ਰਹੀ, ਟੂ-ਜੀ ਸਪੈਕਟਰਮ ਦਾ ਪੌਣੇ ਦੋ ਲੱਖ ਕਰੋੜ ਰੁਪਏ ਦਾ ਘੁਟਾਲਾ ਜ਼ਾਹਰ ਹੋਣ ਦੇ ਬਾਅਦ ਵੀ ਸਰਕਾਰ ਦੀ ਵਕੀਲ ਬਣੀ ਰਹੀ, ਉਦੋਂ ਉਸ ਨੂੰ ਭ੍ਰਿਸ਼ਟਾਚਾਰ ਨਹੀਂ ਸੀ ਦਿੱਸਿਆ ਅਤੇ ਅਗਲੀ ਚੋਣ ਦੇ ਪਹਿਲੇ ਬੁੱਲਿਆਂ ਨਾਲ ਹੀ ਹਵਾਈ-ਕੁੱਕੜ ਬਣ ਕੇ ਭਾਜਪਾ ਦੇ ਵਿਹੜੇ ਨੂੰ ਤੁਰ ਪਈ ਹੈ।

ਕਾਂਗਰਸ ਪਾਰਟੀ ਦੀ ਅੰਦਰੂਨੀ ਸਥਿਤੀ ਦੀਆਂ ਜਿਹੜੀਆਂ ਖਬਰਾਂ ਇਸ ਵੇਲੇ ਮਿਲ ਰਹੀਆਂ ਹਨ, ਉਨ੍ਹਾਂ ਤੋਂ ਸਾਫ ਲੱਭਦਾ ਹੈ ਕਿ ਉਥੇ ਇੱਦਾਂ ਦੀ ਭਾਜੜ ਪਈ ਹੋਈ ਹੈ, ਜਿਵੇਂ ਕਿਸੇ ਦੂਸਰੀ ਰਿਆਸਤ ਦੀ ਫੌਜ ਦੀ ਚੜ੍ਹਾਈ ਬਾਰੇ ਸੁਣ ਕੇ ਪੁਰਾਣੇ ਰਾਜੇ-ਨਵਾਬਾਂ ਦੇ ਮਹਿਲਾਂ ਵਿਚ ਪੈ ਜਾਇਆ ਕਰਦੀ ਸੀ। ਹਰ ਆਗੂ ਨੂੰ ਆਪਾ-ਧਾਪੀ ਦੇ ਦੌਰੇ ਪੈਂਦੇ ਸੁਣੀਂਦੇ ਹਨ ਤੇ ਇਸੇ ਲਈ ਸੋਨੀਆ ਗਾਂਧੀ ਦੇ ਆਪਣੇ ਸੈਨਾਪਤੀ ਇੱਕ ਦੂਸਰੇ ਦੇ ਖਿਲਾਫ ਬਿਆਨ ਦੇਣ ਲੱਗ ਪਏ ਹਨ। ਅੱਗੇ ਕਦੀ ਕਾਂਗਰਸ ਦਾ ਕੋਈ ਬੇਨੀ ਪ੍ਰਸਾਦ ਵਰਮਾ ਸਮਾਜਵਾਦੀ ਪਾਰਟੀ ਦੇ ਮੁਲਾਇਮ ਸਿੰਘ ਦੇ ਖਿਲਾਫ ਵੀ ਕੁਝ ਬੋਲਦਾ ਤਾਂ ਪਾਰਟੀ ਉਸ ਨੂੰ ਸੱਦ ਕੇ ਬਿਆਨ ਵਾਪਸ ਲੈਣ ਨੂੰ ਕਹਿੰਦੀ ਜਾਂ ਉਸ ਦੀ ਥਾਂ ਆਪ ਸਫਾਈ ਪੇਸ਼ ਕਰਦੀ ਸੀ, ਹੁਣ ਸੱਤਿਆਵਰਤ ਚਤੁਰਵੇਦੀ ਵਰਗਾ ਸੀਨੀਅਰ ਆਗੂ ਉਠ ਕੇ ਆਪਣੀ ਪਾਰਟੀ ਦੇ ਮੀਤ ਪ੍ਰਧਾਨ ਅਤੇ ਰਾਹੁਲ ਗਾਂਧੀ ਦੇ ਨੇੜੂ ਦਿਗਵਿਜੇ ਸਿੰਘ ਦੇ ਖਿਲਾਫ ਬਿਆਨ ਦਾਗ ਦੇਵੇ ਤਾਂ ਕੋਈ ਕੱਟਣ ਵਾਲਾ ਨਹੀਂ। ਉਸ ਵੱਲੋਂ ਦਾਗਿਆ ਬਿਆਨ ਜਿੰਨਾ ਦਿਗਵਿਜੇ ਸਿੰਘ ਦੇ ਖਿਲਾਫ ਹੈ, ਉਸ ਤੋਂ ਵੱਧ ਕਾਂਗਰਸ ਹਾਈ ਕਮਾਨ ਦੇ ਵਿਰੁਧ ਜਾਂਦਾ ਹੈ ਕਿ ਉਹ ਚਾਪਲੂਸਾਂ ਦੀ ਗੱਲ ਨੂੰ ਵੱਧ ਵਜ਼ਨ ਦਿੰਦੀ ਹੋਣ ਕਾਰਨ ਚਾਰ ਰਾਜਾਂ ਦੀਆਂ ਚੋਣਾਂ ਵਿਚ ਹਾਰ ਗਈ ਹੈ। ਸੋਨੀਆ ਗਾਂਧੀ ਸਣੇ ਸਾਰੇ ਵੱਡੇ ਆਗੂ ਇਸ ਬਿਆਨ ਬਾਰੇ ਚੁੱਪ ਵੱਟ ਗਏ ਹਨ, ਕਿਉਂਕਿ ਉਹ



ਸੁਨੀਲ ਸ਼ਾਸਤਰੀ

ਜਾਣਦੇ ਹਨ ਕਿ ਇਹ ਸ਼ੁਰੂਆਤ ਹੈ, ਅੱਗੋਂ ਕੁਝ ਕਿਹਾ ਗਿਆ ਤਾਂ ਮੌਕੇ ਦੀ ਉਡੀਕ ਵਿਚ ਬੈਠੇ ਕਈ ਹੋਰ ਲੋਕ ਵੀ ਬੋਲਣ ਲੱਗ ਪੈਣਗੇ।

ਜਿਨ੍ਹਾਂ ਲੋਕਾਂ ਦੇ ਉਡਾਰੀ ਮਾਰਨ ਦਾ ਬਹਾਨਾ ਭਾਲਣ ਤੋਂ ਕਾਂਗਰਸ ਹਾਈ ਕਮਾਨ ਡਰ ਕੇ ਚੁੱਪ ਹੋਈ ਹੈ, ਉਨ੍ਹਾਂ ਨੇ ਉਂਜ ਵੀ ਉਸ ਕੋਲ ਨਹੀਂ ਰਹਿਣਾ। ਹੁਣੇ-ਹੁਣੇ ਖਬਰ ਆਈ ਹੈ ਕਿ ਲਾਲ ਬਹਾਦਰ ਸ਼ਾਸਤਰੀ ਦਾ ਪੁੱਤਰ ਸੁਨੀਲ ਸ਼ਾਸਤਰੀ ਵੀ ਕਾਂਗਰਸ ਪਾਰਟੀ ਛੱਡ ਕੇ ਭਾਰਤੀ ਜਨਤਾ ਪਾਰਟੀ ਵਾਲਿਆਂ ਨਾਲ ਜਾ ਰਲਿਆ ਹੈ। ਭਾਜਪਾ ਆਗੂ ਇਸ ਨੂੰ ਬਹੁਤ ਵੱਡੀ ਖਬਰ ਬਣਾ ਕੇ ਪੇਸ਼ ਕਰ ਰਹੇ ਹਨ ਪਰ ਅਸਲ ਵਿਚ ਇਹ ਕਿੰਨੀ ਵੱਡੀ ਖਬਰ ਹੈ, ਰਾਜਨੀਤੀ ਨਾਲ ਜੁੜੀਆਂ ਘਟਨਾਵਾਂ ਦਾ ਚੇਤਾ ਰੱਖ ਸਕਦੇ ਕਿਸੇ ਵੀ ਵਿਅਕਤੀ ਨੂੰ ਇਸ ਦਾ ਪਤਾ ਹੈ। ਇਹੋ ਸੁਨੀਲ ਸ਼ਾਸਤਰੀ ਪਹਿਲਾਂ ਵੀ ਅਟਲ ਬਿਹਾਰੀ ਵਾਜਪਾਈ ਸਰਕਾਰ ਵੇਲੇ ਭਾਜਪਾ ਵਿਚ ਹੁੰਦਾ ਸੀ ਅਤੇ ਉਦੋਂ ਉਹ ਪਾਰਟੀ ਦੇ ਬੁਲਾਰੇ ਵਜੋਂ ਰੋਜ਼ ਪੱਤਰਕਾਰਾਂ ਦੇ ਸਾਹਮਣੇ ਪੇਸ਼ ਹੋਇਆ ਕਰਦਾ ਸੀ। ਡਾ. ਮਨਮੋਹਨ ਸਿੰਘ ਦੀ ਸਰਕਾਰ ਆਈ ਤੋਂ ਇਹ ਸੋਚ ਕੇ ਭਾਜਪਾ ਵਿਚ ਟਿਕਿਆ ਰਿਹਾ ਕਿ ਪੰਜ ਸਾਲਾਂ ਦੀ ਗੱਲ ਹੈ, ਅਗਲੀ ਵਾਰ ਫਿਰ ਆਪਣੇ ਭਾਜਪਾ ਵਾਲੇ ਮਿੱਤਰਾਂ ਦੇ ਪੈਰ ਹੇਠ ਬਟੇਰਾ ਆ ਜਾਣਾ ਹੈ। ਉਸ ਦਾ ਸੁਫਨਾ ਅਧੂਰਾ ਰਿਹਾ ਤੇ ਅਗਲੀ ਵਾਰ ਫਿਰ ਕਾਂਗਰਸੀ ਅਗਵਾਈ ਹੇਠ ਸਰਕਾਰ ਬਣ ਗਈ। ਪੰਜ ਸਾਲ ਕੱਟ ਲਏ ਸਨ, ਜਿਵੇਂ ਮੋਗੇ ਵਾਲਾ ਜੁਗਿੰਦਰ ਪਾਲ ਜੈਨ ਪੰਜਾਂ ਪਿੱਛੋਂ ਪੰਜ ਕੁ ਹੋਰ ਸਾਲ ਕੱਟਣ ਦੀ ਥਾਂ ਰਾਜ-ਦਰਬਾਰ ਦੇ ਗਲਿਆਰਿਆਂ ਨੂੰ ਦੌੜ ਗਿਆ ਹੈ, ਮਨਮੋਹਨ ਸਿੰਘ ਦੇ ਦੂਸਰੀ ਵਾਰ ਪ੍ਰਧਾਨ ਮੰਤਰੀ ਬਣਨ ਤੋਂ ਚੌਥੇ ਮਹੀਨੇ ਹੀ ਸੁਨੀਲ ਸ਼ਾਸਤਰੀ ਕਾਂਗਰਸ ਭਵਨ ਵਿਚ ਜਾ ਵੜਿਆ। ਉਦੋਂ ਸੁਨੀਲ ਨੇ ਇਹ ਕਿਹਾ ਸੀ ਕਿ ਬੜੀ ਭੁੱਲ ਹੋ ਗਈ ਸੀ, ਮੇਰੇ ਪਿਤਾ ਕਾਂਗਰਸ ਵੱਲੋਂ ਪ੍ਰਧਾਨ ਮੰਤਰੀ ਸਨ ਅਤੇ ਮੈਂ ਭਾਜਪਾ ਵਿਚ ਜਾਣ ਦੀ ਗਲਤੀ ਕਰ ਬੈਠਾ ਸਾਂ, ਹੁਣ ਇਹ ਮੇਰੇ ਲਈ ਇੱਕ ਤਰ੍ਹਾਂ ਦੀ ਘਰ-ਵਾਪਸੀ ਹੈ।

ਚੱਲਦੇ ਚੱਲਦੇ ਇਹ ਦੱਸ ਦੇਣਾ ਸ਼ਾਇਦ ਪਾਠਕਾਂ ਨੂੰ ਦਿਲਚਸਪ ਲੱਗੇ ਕਿ ਜਿਹੜੇ ਸੁਨੀਲ ਸ਼ਾਸਤਰੀ ਨੂੰ ਕਾਂਗਰਸ ਵਿਚ ਵਾਪਸ ਜਾਣਾ ਪਿਤਾ ਦੀ ਵਿਰਾਸਤ ਦੇ ਵਿਹੜੇ ਵਿਚ ਘਰ-ਵਾਪਸੀ ਲੱਗਾ ਸੀ, ਉਸ ਦੀ ਆਪਣੇ ਪਿਤਾ ਦੇ ਵਕਤ ਦੀ ਇੱਕ ਘਟਨਾ ਵੀ ਉਹ ਆਪ ਲਿਖ ਚੁੱਕਾ ਹੈ ਕਿ ਉਹ ਆਪਣੇ ਪਿਤਾ ਦੇ ਪ੍ਰਧਾਨ ਮੰਤਰੀ ਹੋਣ ਕਰ ਕੇ ਟੌਹਰ ਵਾਲੀ ਗੱਡੀ ਦੀ ਸਵਾਰੀ ਕਰਨਾ ਚਾਹੁੰਦਾ ਸੀ। ਇੱਕ ਦਿਨ ਉਸ ਨੇ ਪਿਤਾ ਜੀ ਦੀ ਸਰਕਾਰੀ ਕਾਰ ਦੇ ਡਰਾਈਵਰ ਨੂੰ ਗੱਡੀ ਲੈ ਕੇ ਘਰ ਆਉਣ ਨੂੰ ਕਿਹਾ ਤੇ ਜਦੋਂ ਉਹ ਆਇਆ ਤਾਂ ਉਸ ਤੋਂ ਚਾਬੀ ਫੜ ਕੇ ਕਾਰ ਲੈ ਕੇ ਆਪ ਘੁੰਮਣ ਤੁਰ ਗਿਆ। ਇਹ ਗੱਲ ਪ੍ਰਧਾਨ ਮੰਤਰੀ ਸ੍ਰੀ ਸ਼ਾਸਤਰੀ ਨੂੰ ਪਤਾ ਲੱਗ ਗਈ। ਉਨ੍ਹਾਂ ਨੇ ਡਰਾਈਵਰ ਨੂੰ ਗੱਡੀ ਦੀ ਲਾਗ-ਬੁੱਕ ਪੁੱਛੀ ਅਤੇ ਉਸ ਵਿਚ ਸੁਨੀਲ ਦੇ ਸਫਰ ਵਾਲੇ ਕਿਲੋਮੀਟਰਾਂ ਦੇ ਪੈਸੇ ਪੱਲਿਓਂ ਭਰ ਕੇ ਅਗਲੇ ਦਿਨ ਕਿਸ਼ਤਾਂ ਉਤੇ ਕਾਰ ਖਰੀਦ ਲਈ ਸੀ। ਸਾਰੇ ਦੇਸ਼ ਦੇ ਸਤਿਕਾਰੇ ਹੋਏ ਪਿਤਾ ਜੀ ਨੂੰ ਕਰਜ਼ਾਈ ਕਰਨ ਵਾਲੇ ਇਸ ਪੁੱਤਰ ਨੂੰ ਚਾਰ ਕੁ ਸਾਲ ਪਹਿਲਾਂ ਪਿਤਾ ਦੀ ਪਾਰਟੀ ਵਿਚ ਮੁੜਨਾ ਘਰ-ਵਾਪਸੀ ਜਾਪਦੀ ਸੀ ਤੇ ਹੁਣ ਫਿਰ ਭਾਜਪਾ ਵੱਲ ਜਾਣ ਵੇਲੇ ਉਸ ਨੂੰ ਪਿਤਾ ਦੇ ਵਿਚਾਰਾਂ ਦੀ ਵਿਰਾਸਤ ਵੀ ਭੁੱਲ ਗਈ ਹੈ।



ਜੁਗਿੰਦਰਪਾਲ ਜੈਨ (ਐਨ ਸੱਜੇ) ਦੀ ਅਕਾਲੀ ਦਲ ਵਿਚ ਸ਼ਮੂਲੀਅਤ

ਵਿਚਾਰਾਂ ਦੀ ਵਿਰਾਸਤ ਕੀ ਸੀ ਲਾਲ ਬਹਾਦਰ ਸ਼ਾਸਤਰੀ ਦੀ? ਇਸ ਦੀ ਇੱਕ ਮਿਸਾਲ 1965 ਦੀ ਜੰਗ ਤੋਂ ਪਹਿਲਾਂ ਦੇ ਉਨ੍ਹਾ ਦੇ ਦਿੱਲੀ ਵਿਚ ਕੀਤੇ ਭਾਸ਼ਣ ਤੋਂ ਮਿਲਦੀ ਹੈ। ਜੰਗ ਦਾ ਮਾਹੌਲ ਬਣਿਆ ਪਿਆ ਸੀ ਅਤੇ ਰੇਡੀਓ ਬੀ ਬੀ ਸੀ ਵਲੋਂ ਇਹ ਰਿਪੋਰਟ ਪੇਸ਼ ਕਰ ਦਿੱਤੀ ਗਈ ਸੀ ਕਿ ਹਿੰਦੂ ਮਾਨਸਿਕਤਾ ਦਾ ਪ੍ਰਧਾਨ ਮੰਤਰੀ ਲਾਲ ਬਹਾਦਰ ਸ਼ਾਸਤਰੀ ਪਾਕਿਸਤਾਨ ਨਾਲ ਜੰਗ ਲੜਨ ਲਈ ਤਿਆਰ ਹੋ ਰਿਹਾ ਹੈ। ਦਿੱਲੀ ਵਿਚ ਉਦੋਂ ਇੱਕ ਰੈਲੀ ਹੋਈ ਤਾਂ ਉਸ ਵਿਚ ਸ੍ਰੀ ਸ਼ਾਸਤਰੀ ਨੇ ਇਸ ਦਾ ਠੋਕਵਾਂ ਉਤਰ ਦਿੰਦਿਆਂ ਕਿਹਾ ਸੀ, "ਮੈਂ ਇੱਕ ਹਿੰਦੂ ਹਾਂ, ਇਸ ਰੈਲੀ ਦੀ ਪ੍ਰਧਾਨਗੀ ਕਰ ਰਹੇ ਮੀਰ ਮੁਸ਼ਤਾਕ ਇੱਕ ਮੁਸਲਮਾਨ ਹਨ ਤੇ ਹੁਣੇ ਜਿਸ ਫਰੈਂਕ ਐਨਥੋਨੀ ਨੇ ਭਾਸ਼ਣ ਕੀਤਾ ਹੈ, ਉਹ ਈਸਾਈ ਭਾਈਚਾਰੇ ਤੋਂ ਹਨ। ਸਾਡੇ ਨਾਲ ਸਿੱਖ ਅਤੇ ਪਾਰਸੀ ਵੀ ਬੈਠੇ ਹਨ। ਸਾਡੇ ਸਾਰਿਆਂ ਦੀ ਸਾਂਝ ਦੀ ਤੰਦ ਹੀ ਇਹ ਹੈ ਕਿ ਅਸੀਂ ਹਿੰਦੂ, ਮੁਸਲਿਮ, ਈਸਾਈ, ਸਿੱਖ, ਪਾਰਸੀ ਅਤੇ ਸਾਰੇ ਹੋਰ ਧਰਮਾਂ ਦੇ ਲੋਕ ਭਾਰਤੀ ਹਾਂ। ਸਾਡੇ ਕੋਲ ਮੰਦਰ ਤੇ ਮਸਜਿਦਾਂ ਹਨ, ਗੁਰਦੁਆਰੇ ਤੇ ਚਰਚ ਹਨ ਪਰ ਅਸੀਂ ਇਨ੍ਹਾਂ ਸਭ ਨੂੰ ਰਾਜਨੀਤੀ ਵਾਸਤੇ ਵਰਤਣ ਦਾ ਕੰਮ ਨਹੀਂ ਕਰਦੇ। ਭਾਰਤ ਤੇ ਪਾਕਿਸਤਾਨ ਦਾ ਇਹੋ ਫਰਕ ਹੈ। ਪਾਕਿਸਤਾਨ ਆਪਣੇ ਇਸਲਾਮੀ ਦੇਸ਼ ਹੋਣ ਦਾ ਐਲਾਨ ਕਰਦਾ ਹੈ ਅਤੇ ਧਰਮ ਨੂੰ ਰਾਜਨੀਤਕ ਮੁੱਦੇ ਦੇ ਤੌਰ ਉਤੇ ਵਰਤਦਾ ਹੈ, ਸਾਨੂੰ ਭਾਰਤੀ ਲੋਕਾਂ ਨੂੰ ਆਜ਼ਾਦੀ ਹੈ ਕਿ ਅਸੀਂ ਆਪਣੀ ਮਰਜ਼ੀ ਦਾ ਧਰਮ ਚੁਣ ਸਕਦੇ ਹਾਂ ਤੇ ਉਸ ਦੀ ਪੂਜਾ ਕਰ ਸਕਦੇ ਹਾਂ। ਜਿਥੋਂ ਰਾਜਨੀਤੀ ਦੀ ਹੱਦ ਸ਼ੁਰੂ ਹੁੰਦੀ ਹੈ, ਉਥੇ ਜਾ ਕੇ ਸਾਡੇ ਵਿਚੋਂ ਹਰ ਕੋਈ ਦੂਸਰਿਆਂ ਦੇ ਨਾਲ ਭਾਰਤੀ ਹੁੰਦਾ ਹੈ, ਸਿਰਫ ਭਾਰਤੀ।" ਜੇ ਪਿਤਾ ਦੇ ਨੇਕ ਵਿਚਾਰਾਂ ਦੀ ਵਿਰਾਸਤ ਦਾ ਚੇਤਾ ਹੁੰਦਾ ਤਾਂ ਸੁਨੀਲ ਸ਼ਾਸਤਰੀ ਉਸ ਪਾਰਟੀ ਵਿਚ ਕਦੀ ਨਾ ਜਾਂਦਾ, ਜਿਹੜੀ ਅਯੁੱਧਿਆ ਵਿਚ ਇੱਕ ਮਸਜਿਦ ਢਾਹ ਕੇ ਉਸ ਦੀ ਥਾਂ ਮੰਦਰ ਬਣਾਉਣ ਦੇ ਨਾਅਰੇ ਤੋਂ ਤੁਰੀ ਹੋਈ ਇਸ ਸੰਕਲਪ ਲਈ ਵਚਨਬੱਧਤਾ ਪ੍ਰਗਟ ਕਰਨ ਤੱਕ ਜਾਂਦੀ ਹੈ ਕਿ ਭਾਰਤ ਨੂੰ ਇੱਕ ਹਿੰਦੂ ਰਾਸ਼ਟਰ ਹੋਣ ਦਾ ਹੱਕ ਹੈ।

ਅੱਗੋਂ ਜਿਸ ਪਾਰਟੀ ਵਿਚ ਉਹ ਚਲਾ ਗਿਆ ਹੈ, ਉਸ ਪਾਰਟੀ ਦੇ ਆਗੂ ਅਸੂਲਾਂ ਦੀ ਦੁਹਾਈ ਬੜੀ ਦਿੰਦੇ ਹਨ ਪਰ ਜਦੋਂ ਅਸੂਲਾਂ ਉਤੇ ਅਮਲ ਦਾ ਸਵਾਲ ਆਵੇ ਤਾਂ ਸਿਰਫ ਰਾਜ-ਸੱਤਾ ਦੀ ਪ੍ਰਾਪਤੀ ਦਾ ਫਾਰਮੂਲਾ ਸਭ ਅਸੂਲਾਂ ਨੂੰ ਪਿੱਛੇ ਪਾ ਦਿੰਦਾ ਹੈ। ਐਮਰਜੈਂਸੀ ਦੇ ਖਿਲਾਫ ਲੜਾਈ ਦਾ ਉਹ ਸਭ ਤੋਂ ਵੱਧ ਦਾਅਵਾ ਕਰਦੇ ਹਨ ਪਰ ਐਮਰਜੈਂਸੀ ਲਵਾਉਣ ਤੇ ਉਸ ਦੌਰਾਨ ਜ਼ਿਆਦਤੀਆਂ ਦੇ ਸਭ ਤੋਂ ਵੱਧ ਜ਼ਿੰਮੇਵਾਰ ਸੰਜੇ ਗਾਂਧੀ ਦੀ ਪਤਨੀ ਅਤੇ ਪੁੱਤਰ ਨੂੰ ਆਪਣੀ ਪਾਰਟੀ ਵਿਚ ਇਸ ਵਾਸਤੇ ਰੱਖਦੇ ਹਨ ਕਿ ਉਹ ਨਹਿਰੂ-ਗਾਂਧੀ ਪਰਿਵਾਰ ਵਿਚ ਪਾਟਕ ਦਾ ਪ੍ਰਭਾਵ ਦੇਣ ਲਈ ਚਾਹੀਦੇ ਹਨ। ਹਾਲੇ ਕੁਝ ਸਾਲ ਹੋਏ ਹਨ, ਜਦੋਂ ਇਰਾਕ ਨਾਲ ਅਨਾਜ ਬਦਲੇ ਤੇਲ ਦੇ ਸੌਦੇ ਵਿਚ ਕਮਾਈ ਕਰ ਜਾਣ ਦਾ ਦੋਸ਼ ਲੱਗਣ ਪਿੱਛੋਂ ਭਾਜਪਾ ਨੇ ਕਈ ਦਿਨ ਪਾਰਲੀਮੈਂਟ ਕਾਠ ਮਾਰ ਛੱਡੀ ਅਤੇ ਉਦੋਂ ਦੇ ਵਿਦੇਸ਼ ਮੰਤਰੀ ਨਟਵਰ ਸਿੰਘ ਦਾ ਅਸਤੀਫਾ ਦਿਵਾ ਕੇ ਮੰਨੀ ਸੀ। ਨਟਵਰ ਸਿੰਘ ਉਸ ਕੇਸ ਵਿਚ ਦੋਸ਼ੀ ਵੀ ਸੀ। ਉਹ ਕਾਂਗਰਸ ਤੋਂ ਇਸ ਗੱਲੋਂ ਨਾਰਾਜ਼ ਹੋ ਗਿਆ ਕਿ ਭਾਜਪਾ ਦੇ ਹਮਲੇ ਤੋਂ ਉਸ ਦਾ ਬਚਾਅ ਨਹੀਂ ਕਰ ਸਕੀ ਪਰ ਇਸ ਵਾਰ ਦੀਆਂ ਵਿਧਾਨ ਸਭਾ ਚੋਣਾਂ ਲਈ ਰਾਜਸਥਾਨ ਤੋਂ ਇੱਕ ਟਿਕਟ ਉਸੇ ਨਟਵਰ ਸਿੰਘ ਦੇ ਉਸੇ ਪੁੱਤਰ ਨੂੰ ਭਾਜਪਾ ਨੇ ਦੇ ਦਿੱਤੀ ਜਿਸ ਨੂੰ ਅਨਾਜ ਬਦਲੇ ਤੇਲ ਦਾ ਮੁੱਖ ਦੋਸ਼ੀ ਆਖਿਆ ਸੀ। ਹੁਣ ਨਟਵਰ ਸਿੰਘ ਨੂੰ ਭਾਜਪਾ ਚੰਗੀ ਲੱਗਣ ਲੱਗੀ ਹੈ ਤੇ ਭਾਜਪਾ ਨੂੰ ਉਹ ਨਟਵਰ ਸਿੰਘ ਚੰਗਾ ਲੱਗਣ ਲੱਗ ਪਿਆ ਹੈ, ਜਿਸ ਨੂੰ ਉਹ ਮੁਲਕ ਵੇਚਣ ਵਾਲਾ ਆਖਦੀ ਰਹੀ ਸੀ।

ਪੰਜਾਬੀ ਦਾ 'ਗੌਂਅ ਭੁੰਨਾਵੇ ਜੌਂਅ' ਵਾਲਾ ਮੁਹਾਵਰਾ ਬਹੁਤ ਸਾਰੇ ਲੋਕਾਂ ਨੇ ਸੁਣਿਆ ਹੋਵੇਗਾ। ਇਸ ਦੀ ਮਿਸਾਲ ਵੀ ਹਰ ਵਾਰ ਚੋਣਾਂ ਵੇਲੇ ਸਾਹਮਣੇ ਆਉਂਦੀ ਹੈ, ਜਦੋਂ ਕੁਝ ਲੋਕ ਇਹੋ ਜਿਹੇ ਛੜੱਪੇ ਮਾਰ ਜਾਂਦੇ ਹਨ ਕਿ ਵੇਖਣ ਵਾਲੇ ਲੋਕ ਦੰਗ ਰਹਿ ਜਾਣ। ਭਾਰਤੀ ਜਨਤਾ ਪਾਰਟੀ ਅੰਦਰ ਇਸ ਵੇਲੇ ਜਿਹੜਾ ਮਾਹੌਲ ਬਣਿਆ ਪਿਆ ਹੈ, ਉਸ ਨੂੰ ਉਹ ਲੋਕ ਪਾਰਟੀ ਦਾ 'ਮੋਦੀ-ਮਈ' ਰੰਗ ਆਖ ਕੇ ਪ੍ਰਚਾਰਦੇ ਹਨ। ਇਹ ਵੀ ਸਭ ਨੂੰ ਪਤਾ ਹੈ ਕਿ ਨਰਿੰਦਰ ਮੋਦੀ ਤੇ ਲਾਲ ਕ੍ਰਿਸ਼ਨ ਅਡਵਾਨੀ ਦੀ ਆਪੋ ਵਿਚ ਬਣਦੀ ਨਹੀਂ। ਜਦੋਂ ਮੋਦੀ ਦੀ ਅਡਵਾਨੀ ਨਾਲ ਨਹੀਂ ਬਣਦੀ ਤਾਂ ਜਿਨ੍ਹਾਂ ਲੋਕਾਂ ਦੀ ਅਡਵਾਨੀ ਨਾਲ ਨਹੀਂ ਬਣਦੀ, ਉਹ ਸਾਰੇ ਮੋਦੀ ਲਈ ਆਪਣੇ ਬਣਦੇ ਜਾਂਦੇ ਹਨ। ਬਿਹਾਰ ਤੋਂ ਇੱਕ ਸਾਬਕਾ ਸੀਨੀਅਰ ਅਫਸਰ ਆਰ ਕੇ ਸਿੰਘ ਭਾਜਪਾ ਵਿਚ ਸ਼ਾਮਲ ਹੋ ਗਿਆ ਹੈ। ਸਾਰੇ ਭਾਰਤ ਦਾ ਗ੍ਰਹਿ ਵਿਭਾਗ ਦਾ ਸੈਕਟਰੀ ਰਹਿ ਚੁੱਕਾ ਆਰ ਕੇ ਸਿੰਘ 1990 ਵਿਚ ਬਿਹਾਰ ਦੇ ਸਮੱਸਤੀਪੁਰ ਜ਼ਿਲ੍ਹੇ ਦਾ ਡਿਸਟ੍ਰਿਕਟ ਮੈਜਿਸਟਰੇਟ ਹੁੰਦਾ ਸੀ ਤੇ ਅਯੁੱਧਿਆ ਨੂੰ ਰੱਥ ਲੈ ਕੇ ਜਾਂਦੇ ਲਾਲ ਕ੍ਰਿਸ਼ਨ ਅਡਵਾਨੀ ਨੂੰ ਗ੍ਰਿਫਤਾਰ ਕਰਨ ਦੀ ਹਿੰਮਤ ਉਸੇ ਨੇ ਕੀਤੀ ਸੀ। ਛੇ ਮਹੀਨੇ ਪਹਿਲਾਂ ਦੇਸ਼ ਦੇ ਗ੍ਰਹਿ ਸਕੱਤਰ ਵਜੋਂ ਰਿਟਾਇਰ ਹੋਇਆ ਇਹ ਬੰਦਾ ਨਿਤੀਸ਼ ਕੁਮਾਰ ਦੇ ਕਹੇ ਉਤੇ ਜਨਤਾ ਦਲ ਯੂਨਾਈਟਿਡ ਵਿਚ ਜਾਣ ਨੂੰ ਤਿਆਰ ਸੀ, ਪਰ ਜਦੋਂ ਅਡਵਾਨੀ ਵਿਰੋਧੀ ਹੋਣ ਕਰ ਕੇ ਇਸ ਨੂੰ ਨਰਿੰਦਰ ਮੋਦੀ ਨੇ ਕੁੰਡੀ ਪਾਈ ਤਾਂ ਉਹ 'ਮੋਦੀ-ਮਈ' ਭਾਜਪਾ ਦੇ ਰੰਗ ਵਿਚ ਰੰਗਿਆ ਜਾਣ ਲਈ ਤਿਆਰ ਹੋ ਗਿਆ ਹੈ।

ਕਾਂਗਰਸ ਪਾਰਟੀ ਜਿਸ ਭਾਜੜ ਦੀ ਸ਼ਿਕਾਰ ਹੈ, ਉਸ ਵਿਚੋਂ ਕਈ ਲੋਕ ਪੱਲਾ ਛੁਡਾਉਣ ਦੀ ਸੋਚ ਸਕਦੇ ਹੈ ਪਰ ਜਿੱਧਰ ਨੂੰ ਵਹਿਣ ਵਗ ਰਿਹਾ ਜਾਪਦਾ ਹੈ, ਉਧਰ ਵੀ ਤਰਦਾ ਮਾਲ ਛਕਣ ਦੇ ਸ਼ੌਕੀਨਾਂ ਦੀ ਧਾੜ ਇਕੱਠੀ ਹੋ ਰਹੀ ਹੈ। ਇਹ ਲੋਕ ਅੱਜ ਤੱਕ ਕਿਸੇ ਦੇ ਮਿੱਤ ਨਹੀਂ ਹੋਏ, ਅੱਗੋਂ ਵੀ ਗੱਡੀ ਦੇ ਦਰਵਾਜ਼ੇ ਵਿਚ ਖੜੋਤੇ ਉਨ੍ਹਾਂ ਮੁਸਾਫਰਾਂ ਵਾਂਗ ਹੀ ਹੋਣਗੇ, ਜਿਨ੍ਹਾਂ ਨੂੰ ਜਿੱਥੇ ਪਸੰਦ ਦਾ ਸਟੇਸ਼ਨ ਦਿੱਸ ਪਵੇ, ਛਾਲਾਂ ਮਾਰ ਜਾਇਆ ਕਰਦੇ ਹਨ।

# ਸਿੱਖ ਕੈਬ ਚਾਲਕ 'ਤੇ ਹਮਲਾ ਕਰਨ ਵਾਲੇ ਨੂੰ 40 ਮਹੀਨੇ ਕੈਦ

**ਵਾਸ਼ਿੰਗਟਨ:** ਵਾਸ਼ਿੰਗਟਨ ਵਿਚ ਬੀਤੇ ਵਰ੍ਹੇ ਸਿੱਖ ਕੈਬ ਚਾਲਕ ਦੀ ਬੁਰੀ ਤਰ੍ਹਾਂ ਕੁੱਟਮਾਰ ਕਰਨ ਵਾਲੇ ਅਮਰੀਕੀ ਵਿਅਕਤੀ ਨੂੰ ਨਸਲੀ ਜੁਰਮ ਦੇ ਦੋਸ਼ ਹੇਠ 40 ਮਹੀਨਿਆਂ ਦੀ ਕੈਦ ਦੀ ਸਜ਼ਾ ਸੁਣਾਈ ਗਈ ਹੈ। ਇਸਤਗਾਸਾ ਪੱਖ ਦੇ ਵਕੀਲ ਨੇ 50 ਸਾਲਾ ਦੋਸ਼ੀ ਜੇਮੀ ਡਬਲਿਊ ਲਾਰਸਨ ਲਈ ਚਾਰ ਸਾਲ ਦੀ ਸਜ਼ਾ ਮੰਗੀ ਸੀ ਜਦਕਿ ਬਚਾਅ ਪੱਖ ਦੇ ਵਕੀਲ ਨੇ ਢਾਈ ਸਾਲ ਦੀ ਸਜ਼ਾ ਦੇਣ ਲਈ ਕਿਹਾ ਸੀ।

ਸੀਆਟਲ ਵਿਚ ਲਾਰਸਨ ਨੂੰ ਸਜ਼ਾ ਸੁਣਾਉਂਦਿਆਂ ਜ਼ਿਲ੍ਹਾ ਜੱਜ ਜੌਹਨ ਕੋਗੇਨੌਰ ਨੇ ਕਿਹਾ ਕਿ ਦੋਸ਼ੀ ਦਾ ਵਿਵਹਾਰ ਕਿਸੇ ਤਰ੍ਹਾਂ ਵੀ ਸਹਿਯੋਗ ਵਾਲਾ ਨਹੀਂ। ਉਸ ਨੇ ਟੈਕਸੀ ਚਾਲਕ ਕਸ਼ਮੀਰਾ ਹੋਠੀ (ਭਾਰਤ ਵਾਸੀ) 'ਤੇ ਹਮਲਾ ਕੀਤਾ ਸੀ ਤੇ ਨਸਲੀ ਟਿੱਪਣੀਆਂ ਕੀਤੀਆਂ ਸਨ। ਜੱਜ ਨੇ ਕਿਹਾ ਕਿ ਲਾਰਸਨ ਵੱਲੋਂ ਵਰਤੀ ਗਈ ਭੱਦੀ ਤੇ ਨਸਲੀ ਭਾਸ਼ਾ ਉਨ੍ਹਾਂ ਨੇ ਅੱਜ ਤਕ ਨਹੀਂ ਸੁਣੀ ਸੀ। ਲਾਰਸਨ ਨੇ ਜੂਨ ਵਿਚ ਆਪਣਾ ਗੁਨਾਹ ਕਬੂਲ ਕਰਦਿਆਂ ਇਹ ਕਹਿ ਕੇ ਮੁਆਫ਼ੀ ਮੰਗੀ ਸੀ ਕਿ ਉਸ ਨੇ ਸ਼ਰਾਬੀ ਹਾਲਤ ਵਿਚ ਹੋਠੀ 'ਤੇ ਹਮਲਾ ਕੀਤਾ ਸੀ।

ਜ਼ਿਕਰਯੋਗ ਹੈ ਕਿ 17 ਅਕਤੂਬਰ, 2012 ਨੂੰ ਟੈਕਸੀ ਚਾਲਕ ਕਸ਼ਮੀਰਾ ਹੋਠੀ ਔਬਰਨ ਵਿਚ ਸ਼ਰਾਬੀ ਲਾਰਸਨ ਨੂੰ ਘਰ ਛੱਡਣ ਲਈ ਜਾ ਰਿਹਾ ਸੀ। ਰਸਤੇ ਵਿਚ ਲਾਰਸਨ ਨੇ ਮੁਸਲਮਾਨਾਂ ਲਈ ਭੱਦੀ ਸ਼ਬਦਾਵਲੀ ਵਰਤਿਆਂ ਟਿੱਪਣੀਆਂ ਕੀਤੀਆਂ ਤੇ ਹੋਠੀ ਨੂੰ ਕੁੱਟਣਾ ਸ਼ੁਰੂ ਕਰ ਦਿੱਤਾ। ਉਸ ਨੇ ਹੋਠੀ ਦੀ ਦਾੜ੍ਹੀ ਪੁੱਟੀ ਤੇ ਅੰਦਰੂਨੀ ਸੱਟਾਂ ਮਾਰੀਆਂ ਜਿਸ ਕਰਕੇ ਉਹ (ਹੋਠੀ) ਅੱਠ ਦਿਨ ਹਸਪਤਾਲ ਵਿਚ ਰਿਹਾ।

Radio Chann Pardesi
ਰੇਡੀਓ ਚੰਨ ਪ੍ਰਦੇਸੀ
ਫੋਨ 832-225-5354 'ਤੇ ਕਾਲ ਕਰਕੇ ਅਤੇ ਵੈਬਸਾਈਟ www.channpardesi.com ਰਾਹੀਂ 24 ਘੰਟੇ 7 ਦਿਨ ਸੁਣੋ
ਹੋਰ ਜਾਣਕਾਰੀ ਲਈ ਕਾਲ ਕਰੋ
ਦਰਸ਼ਨ ਸਿੰਘ ਬਸਰਾਓਂ, ਫੋਨ: 815-557-4991
ਸਰਵਣ ਸਿੰਘ ਟਿਵਾਣਾ, ਫੋਨ:219-670-4579

ਜਾਇਦਾਦ ਦੀ ਖਰੀਦ-ਵੇਚ
ਚੰਡੀਗੜ੍ਹ, ਮੋਹਾਲੀ, ਪੰਚਕੂਲਾ ਅਤੇ ਆਸ-ਪਾਸ ਦੇ ਇਲਾਕਿਆਂ ਵਿਚ ਜ਼ਮੀਨ-ਜਾਇਦਾਦ ਦੀ ਖਰੀਦ-ਵੇਚ ਲਈ ਸੰਪਰਕ ਕਰੋ
ਪੁਨੀਆ ਰੀਅਲ ਅਸਟੇਟ:94173-34049
ਅਸੀਂ ਜਾਇਦਾਦ ਦੀ ਮੈਨੇਜਮੈਂਟ ਦਾ ਕੰਮ ਵੀ ਕਰਦੇ ਹਾਂ

To Advertise with Punjab Times
Call: 847-359-0746

ਪੰਜਾਬ ਟਾਈਮਜ਼

*ਸਨਿਚਰਵਾਰ, 21 ਦਸੰਬਰ 2013*

## ਸਿਦਕ ਤੇ ਸੇਧ ਦਾ ਸਫਰ

ਹਰਿਆਣੇ ਤੋਂ ਮੁਹਾਲੀ ਪੁੱਜ ਕੇ ਮੋਰਚੇ ਉਤੇ ਬੈਠੇ ਸਿਦਕੀ ਜਿਉੜੇ ਭਾਈ ਗੁਰਬਖਸ਼ ਸਿੰਘ ਖਾਲਸਾ ਨੇ ਸਿੱਖ ਸੰਘਰਸ਼ ਦੇ ਬੰਦੀ ਸਿੰਘਾਂ ਦੀ ਰਿਹਾਈ ਦਾ ਮੁੱਦਾ ਬੁਲੰਦੀਆਂ ਉਤੇ ਪਹੁੰਚਾ ਦਿੱਤਾ ਹੈ। ਪਿਛਲੇ ਸਮੇਂ ਦੌਰਾਨ ਇਸ ਮਸਲੇ ਨਾਲ ਜੁੜੇ ਵੱਖ-ਵੱਖ ਪੱਖਾਂ ਬਾਰੇ ਚੋਖੀ ਚਰਚਾ ਚੱਲੀ ਹੈ। ਭਾਈ ਗੁਰਬਖਸ਼ ਸਿੰਘ ਨੇ ਸਿਦਕ, ਸਿਰੜ ਅਤੇ ਹਠ ਹੀ ਇੰਨਾ ਦਿਖਾਇਆ ਹੈ ਕਿ ਉਸ ਨੂੰ ਸ਼ਾਬਾਸ਼ ਤਾਂ ਮਿਲਣੀ ਹੀ ਸੀ। ਦੂਜੇ ਬੰਨੇ ਉਨ੍ਹਾਂ ਲੋਕਾਂ ਨੂੰ ਉਲਾਂਭੇ ਵੀ ਬਥੇਰੇ ਮਿਲੇ ਹਨ ਜਿਹੜੇ ਇਸ ਮੁੱਦੇ ਬਾਰੇ ਚੁੱਪ ਹਨ ਅਤੇ ਅਜੇ ਵੀ ਇਸ ਨੂੰ ਢੰਗ ਨਾਲ ਗੌਲ ਨਹੀਂ ਰਹੇ। ਅਗਾਂਹ, ਮਿਹਣੇ ਮਾਰਨ ਵਾਲਿਆਂ ਦਾ ਵੀ ਕੋਈ ਅੰਤ ਨਹੀਂ। ਕੁਝ ਨੂੰ ਇਹ ਵੀ ਉਜ਼ਰ ਹੈ ਕਿ ਮੀਡੀਆ ਨੇ ਗੁਰਬਖਸ਼ ਸਿੰਘ ਦੇ ਸੰਘਰਸ਼ ਬਾਰੇ ਬਣਦੀ ਗੱਲ ਵੀ ਨਹੀਂ ਕੀਤੀ। ਇਹ ਗੱਲ ਸੱਚ ਵੀ ਹੈ। ਉਸ ਵੱਲੋਂ ਬੰਦੀ ਸਿੰਘਾਂ ਦੀ ਰਿਹਾਈ ਲਈ ਅਰੰਭੇ ਸੰਘਰਸ਼ ਤਹਿਤ ਰੱਖੇ ਮਰਨ ਵਰਤ ਦੀ ਖਬਰ ਤੱਕ ਨਸ਼ਰ ਨਹੀਂ ਕੀਤੀ ਗਈ। ਮੁੱਦਾ ਉਦੋਂ ਹੀ ਭਖਿਆ ਜਦੋਂ ਕੁਝ ਜਥੇਬੰਦੀਆਂ ਨੇ ਉਸ ਦੀ ਆਵਾਜ਼ ਵਿਚ ਆਪਣੀ ਆਵਾਜ਼ ਰਲਾਈ। ਚੰਗੀ ਗੱਲ ਹੈ ਕਿ ਇਹ ਸੰਘਰਸ਼ ਦਿਨ-ਬਦਿਨ ਪ੍ਰਚੰਡ ਹੋ ਰਿਹਾ ਹੈ। ਸੰਘਰਸ਼ ਨੂੰ ਦੇਸ਼-ਵਿਦੇਸ਼ ਵਿਚ ਪੰਥ ਦਰਦੀਆਂ ਅਤੇ ਮਾਨਵੀ ਹੱਕਾਂ ਦੇ ਮੁੱਦਈਆਂ ਤੋਂ ਹਮਾਇਤ ਵੀ ਮਿਲ ਰਹੀ ਹੈ। ਮਾੜੀ ਗੱਲ ਇਹ ਹੈ ਕਿ ਇਸ ਹਮਾਇਤ ਦਾ ਘੇਰਾ ਬਹੁਤ ਸੀਮਤ ਹੈ। ਅਜੇ ਤੱਕ ਤੱਤੀਆਂ ਅਖਵਾਉਂਦੀਆਂ ਧਿਰਾਂ ਹੀ ਗੁਰਬਖਸ਼ ਸਿੰਘ ਦੀ ਹਮਾਇਤ ਵਿਚ ਨਿੱਤਰੀਆਂ ਹਨ। ਬਾਕੀ ਧਿਰਾਂ ਤਕਰੀਬਨ ਖਾਮੋਸ਼, ਇਕ ਪਾਸੇ ਖੜ੍ਹੀਆਂ ਇਹ ਸਭ ਕੁਝ ਤੱਕ ਰਹੀਆਂ ਹਨ।

ਇਥੇ ਇਹ ਵੀ ਇਕ ਸਵਾਲ ਹੈ ਕਿ ਵੱਧ ਤੋਂ ਵੱਧ ਹਮਾਇਤ ਜੁਟਾਉਣ ਲਈ ਤਰੱਦਦ ਕਿੰਨਾ ਕੁ ਕੀਤਾ ਗਿਆ ਹੈ? ਇਹ ਸਵਾਲ ਇਸ ਲਈ ਅਹਿਮ ਹੈ ਕਿ ਇਸੇ ਨੇ ਹੀ ਅਗਾਂਹ ਤੈਅ ਕਰਨਾ ਹੈ ਕਿ ਸਿਰੜ ਦੇ ਇਸ ਸਫਰ ਨੂੰ ਕਿਸ ਸੇਧ ਵਿਚ ਲੈ ਕੇ ਜਾਣਾ ਹੈ। ਇਹ ਸੱਚ ਹੈ ਕਿ ਪਿਛਲੇ ਸਮੇਂ ਦੌਰਾਨ ਸਿੱਖਾਂ ਨਾਲ ਜ਼ਿਆਦਤੀਆਂ ਹੋਈਆਂ ਹਨ ਪਰ ਜੇ ਆਪਣੇ ਆਲੇ-ਦੁਆਲੇ ਨਜ਼ਰ ਦੌੜਾਈ ਜਾਵੇ ਤਾਂ ਭਲੀ-ਭਾਂਤ ਪਤਾ ਲੱਗ ਜਾਂਦਾ ਹੈ ਕਿ ਅਗਲਿਆਂ ਨੇ ਲੜਨ-ਖੜ੍ਹਨ ਵਾਲੀ ਹਰ ਧਿਰ ਨਾਲ ਇਹੀ ਵਿਹਾਰ ਕੀਤਾ ਹੈ। ਮਨੀਪੁਰ ਦੀ ਮੁਟਿਆਰ ਇਰੋਮ ਸ਼ਰਮੀਲਾ ਚਾਨੂ ਨੇ ਭਾਰਤੀ ਫੌਜ ਦੀਆਂ ਜ਼ਿਆਦਤੀਆਂ ਖਿਲਾਫ ਆਪਣਾ ਮਰਨ ਵਰਤ 14 ਸਾਲ ਪਹਿਲਾਂ 2 ਨਵੰਬਰ 2000 ਨੂੰ ਸ਼ੁਰੂ ਕੀਤਾ ਸੀ। ਉਦੋਂ ਸਟੇਟ ਨੇ 3 ਦਿਨ ਬਾਅਦ ਹੀ ਉਸ ਉਤੇ ਖੁਦਕੁਸ਼ੀ ਕਰਨ ਦੇ ਦੋਸ਼ ਲਾ ਕੇ ਕੇਸ ਦਰਜ ਕਰ ਲਿਆ ਸੀ ਜਿਸ ਦੀਆਂ ਪੇਸ਼ੀਆਂ ਉਹ ਦਿੱਲੀ ਦੀਆਂ ਅਦਾਲਤਾਂ ਵਿਚ ਅੱਜ ਵੀ ਭੁਗਤ ਰਹੀ ਹੈ। ਅੱਜ ਤੱਕ ਉਸ ਦੀ ਆਵਾਜ਼ ਸੁਣੀ ਨਹੀਂ ਗਈ। ਹਾਂ, ਇਕ ਗੱਲ ਜ਼ਰੂਰ ਹੋਈ ਹੈ ਕਿ ਉਹ ਮਨੀਪੁਰ ਦੀ ਆਵਾਜ਼ ਭਾਰਤ ਭਰ ਦੇ ਲੋਕਾਂ ਅੱਗੇ ਰੱਖਣ ਵਿਚ ਕਾਮਯਾਬ ਰਹੀ ਹੈ। ਭਾਈ ਗੁਰਬਖਸ਼ ਸਿੰਘ ਵੱਲੋਂ ਵਿੱਢੇ ਸੰਘਰਸ਼ ਨੇ ਵੀ ਇਹੀ ਕੁਝ ਕੀਤਾ ਹੈ। ਉਸ ਨੇ ਬੰਦੀ ਸਿੰਘਾਂ ਦਾ ਮੁੱਦਾ ਉਥੇ ਤੱਕ ਅਪੜਾ ਦਿੱਤਾ ਹੈ ਜਿਥੋਂ ਹੁਣ ਪਿਛਾਂਹ ਨਹੀਂ ਮੁੜਿਆ ਜਾ ਸਕਦਾ।

ਅਸਲ ਵਿਚ ਭਾਈ ਗੁਰਬਖਸ਼ ਸਿੰਘ ਵੱਲੋਂ ਛੇੜਿਆ ਇਹ ਮੁੱਦਾ ਮਨੁੱਖੀ ਹੱਕਾਂ ਨਾਲ ਜੁੜਿਆ ਹੋਇਆ ਹੈ। ਭਾਰਤ ਵਿਚ ਜਿੱਥੇ ਕਿਤੇ ਵੀ ਕੋਈ ਸੰਘਰਸ਼ ਚੱਲਿਆ ਹੈ, ਉਸ ਦਾ ਰੂਪ-ਸਰੂਪ ਭਾਵੇਂ ਕੋਈ ਵੀ ਹੋਵੇ, ਇਸ ਤਰ੍ਹਾਂ ਦੀਆਂ ਜ਼ਿਆਦਤੀਆਂ ਆਮ ਹਨ। ਸਟੇਟ ਕਈ ਤਰ੍ਹਾਂ ਦੇ ਬਹਾਨੇ ਬਣਾ ਕੇ ਸੰਘਰਸ਼ ਨੂੰ ਖੁੰਡਾ ਕਰਨ ਦਾ ਯਤਨ ਕਰਦੀ ਹੈ, ਜਾਂ ਬਹੁਤੇ ਮਾਮਲਿਆਂ ਵਿਚ ਹਿੰਸਾ ਦਾ ਪ੍ਰਚਾਰ ਕਰ ਕੇ ਜੂਝ ਰਹੀ ਧਿਰ ਉਤੇ ਕਹਿਰ ਢਾਹੁਣ ਦਾ ਰਾਹ ਲੱਭ ਲੈਂਦੀ ਹੈ। ਸਿਰੜ ਅਤੇ ਸੇਧ, ਇਸ ਸੋਚ-ਵਿਚਾਰ ਦੀ ਮੰਗ ਕਰਦੇ ਹਨ ਕਿ ਸਟੇਟ ਦੇ ਇਸ ਹੱਲੇ ਨੂੰ ਕਿਸ ਢੰਗ-ਤਰੀਕੇ ਪਛਾੜਿਆ ਜਾ ਸਕਦਾ ਹੈ। ਕਿਸੇ ਧਿਰ ਦੀ ਲੜਾਈ ਜਿੰਨੀ ਮੋਕਲੀ ਹੋਵੇਗੀ, ਸਟੇਟ ਨੂੰ ਉਸ ਉਤੇ ਕਹਿਰ ਢਾਹੁਣਾ ਉਨਾ ਹੀ ਔਖਾ ਹੋਵੇਗਾ, ਪਰ ਜੇ ਜੂਝ ਰਹੀ ਧਿਰ ਇਕ ਸੀਮਤ ਦਾਇਰੇ ਵਿਚ ਹੀ ਵਿਚਰਦੀ ਰਹੇ, ਤਾਂ ਸਟੇਟ ਨੂੰ ਚੜ੍ਹਾਈ ਕਰਨ ਦਾ ਸੌਖਾ ਬਹਾਨਾ ਮਿਲ ਜਾਂਦਾ ਹੈ। ਇਸੇ ਕਰ ਕੇ ਅਜਿਹੇ ਮਸਲੇ ਵਡੇਰੇ ਪ੍ਰਸੰਗ ਉਸਾਰਨ ਅਤੇ ਹਰ ਸੀਮਾ ਤੋੜਨ ਦੀ ਮੰਗ ਕਰਦੇ ਹਨ। ਹੁਣ ਤੱਕ ਭਾਈ ਗੁਰਬਖਸ਼ ਸਿੰਘ ਵੱਲੋਂ ਉਠਾਏ ਮਸਲੇ ਨੂੰ ਸਿਆਸੀ ਰੰਗ ਵਿਚ ਰੱਖ ਕੇ ਪੇਸ਼ ਕੀਤਾ ਗਿਆ ਹੈ। ਜ਼ਾਹਿਰ ਹੈ ਕਿ ਜਿੰਨੀ ਦੇਰ ਇਹ ਮੁੱਦਾ ਸਿਆਸਤ ਦੇ ਘੇਰੇ ਵਿਚ ਹੈ, ਇਸ ਦੇ ਅਗਾਂਹ ਵਧਣ ਦੀ ਸੀਮਾ ਹਰ ਸਮੇਂ ਬਣੀ ਰਹੇਗੀ। ਸਟੇਟ ਵੱਲੋਂ ਝਪੱਟਾ ਮਾਰ ਕੇ ਸੰਘਰਸ਼ ਨੂੰ ਖਦੇੜਨ ਦਾ ਖਦਸ਼ਾ ਵੀ ਬਣਿਆ ਰਹੇਗਾ। ਭਾਈ ਗੁਰਬਖਸ਼ ਸਿੰਘ ਸੰਘਰਸ਼ ਨੂੰ ਉਸ ਪੱਧਰ ਉਤੇ ਲੈ ਗਿਆ ਹੈ ਜਿਥੇ ਹੁਣ ਇਸ ਨੂੰ ਹੋਰ ਮੋਕਲਾ ਕੀਤੇ ਬਗੈਰ ਅਗਾਂਹ ਵਧਣਾ ਸੌਖਾ ਨਹੀਂ। ਇਹ ਹੁਣ ਇਸ ਸੰਘਰਸ਼ ਦੀ ਅਗਵਾਈ ਕਰ ਰਹੀਆਂ ਧਿਰਾਂ ਉਤੇ ਨਿਰਭਰ ਹੈ ਕਿ ਉਨ੍ਹਾਂ ਨੇ ਇਸ ਸੰਘਰਸ਼ ਨੂੰ ਕਿਸ ਲੀਹ ਉਤੇ ਲੈ ਕੇ ਜਾਣਾ ਹੈ। ਇਤਿਹਾਸ ਵਿਚ ਇਹ ਕਦੀ ਵੀ ਨਹੀਂ ਹੋਇਆ ਕਿ ਤੁਹਾਨੂੰ ਘਰੇ ਬੈਠਿਆਂ ਹਮਾਇਤ ਹਾਸਲ ਹੋ ਗਈ ਹੋਵੇ। ਉਲਾਂਭੇ ਕੁਝ ਸਮੇਂ ਲਈ, ਕੁਝ ਕੁ ਲੋਕਾਂ ਦੀ ਹੀ ਹਮਾਇਤ ਹਾਸਲ ਕਰ ਸਕਦੇ ਹਨ, ਅਸਲ ਨਿਤਾਰਾ ਤਾਂ ਉਸ ਸੇਧ ਨੇ ਕਰਨਾ ਹੈ ਜਿਸ ਪਾਸੇ ਸੰਘਰਸ਼ ਨੂੰ ਲੈ ਕੇ ਜਾਣਾ ਹੁੰਦਾ ਹੈ। ਇਹ ਗੱਲ ਐਨ ਸਪਸ਼ਟ ਹੋ ਚੁੱਕੀ ਹੈ ਕਿ ਸਿਰੜ ਨਾਲ ਸਭ ਕੁਝ ਹਾਸਲ ਕੀਤਾ ਜਾ ਸਕਦਾ ਹੈ ਪਰ ਜੇ ਇਸ ਸਿਰੜ ਅਤੇ ਸਿਦਕ ਨੂੰ ਮੋਕਲੀ ਸੇਧ ਦੇ ਰਾਹ ਪਾ ਦਿੱਤਾ ਜਾਵੇ ਤਾਂ ਸੋਨੇ ਉਤੇ ਸੁਹਾਗੇ ਵਾਲੀ ਗੱਲ ਬਣਦੀ ਹੈ। ਮੁਖਾਲਿਫ ਧਿਰਾਂ ਵੀ ਭਾਈ ਗੁਰਬਖਸ਼ ਸਿੰਘ ਵੱਲੋਂ ਉਠਾਏ ਮੁੱਦੇ ਨਾਲ ਸਹਿਮਤੀ ਜਤਾ ਰਹੀਆਂ ਹਨ। ਇਸ ਸਹਿਮਤੀ ਨੂੰ ਸਹਿਯੋਗ ਵਿਚ ਬਦਲਣ ਦੀ ਜ਼ਿੰਮੇਵਾਰੀ ਹੁਣ ਉਸ ਲੀਡਰਸ਼ਿਪ ਦੀ ਹੈ ਜੋ ਇਸ ਸੰਘਰਸ਼ ਲਈ ਸੇਧ ਮਿਥ ਰਹੀ ਹੈ। ਜ਼ਿਆਦਤੀ ਦੇ ਇਸ ਦੌਰ ਵਿਚ ਭਾਈ ਗੁਰਬਖਸ਼ ਸਿੰਘ ਖਾਲਸਾ ਨੇ ਆਪਣਾ ਕੰਮ ਬਾਖੂਬੀ ਕਰ ਦਿਖਾਇਆ ਹੈ, ਹੁਣ ਲੀਡਰਸ਼ਿਪ ਦੀ ਵਾਰੀ ਹੈ ਕਿ ਉਹ ਇਸ ਸੰਘਰਸ਼ ਨੂੰ ਤੋੜ ਤੱਕ ਲੈ ਕੇ ਜਾਣ ਲਈ ਮੋਕਲੇ ਰਾਹਾਂ ਦੀ ਤਲਾਸ਼ ਕਰੇ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਕੌਡੀਆਂ ਪਈਆਂ ਮੈਦਾਨ ਅੰਦਰ*

ਪਾਈਆਂ ਐਸੀਆਂ ਕੌਡੀਆਂ ਮੈਦਾਨ ਅੰਦਰ, ਚਾਅ ਲੋਕਾਂ ਦਾ ਚੌਗੁਣਾ ਕਰ ਛੱਡਿਆ।
ਤੱਕ ਤੱਕ ਕੇ ਭਿੜਦੇ ਜੁੱਸਿਆਂ ਨੂੰ, ਜੋਸ਼ ਦਿਲਾਂ ਵਿਚ ਡਾਢਾ ਭਰ ਛੱਡਿਆ।
ਇੱਦਾਂ ਬੱਝਿਆ ਰੰਗ ਕਬੱਡੀਆਂ ਦਾ, ਚਾਰੇ ਪਾਸੇ ਹੀ ਚਰਚਾ ਛੌਣ ਲੱਗ ਪਈ।
ਲੋਕ ਦੇਖ ਕੇ ਅਤਿ ਪ੍ਰਸੰਨ ਹੋ ਗਏ, ਨੱਪ ਨੱਪ ਖਿਡਾਰੀਆ ਹੋਣ ਲੱਗ ਪਈ।
ਦੂਜੇ ਬੰਨੇ ਦੇਖੋ ਰੰਗ ਅਫਸਰਾਂ ਦੇ, ਕੋਈ ਮਿਲੇ ਨਾ ਦਫਤਰੀਂ ਭਾਲਿਆਂ ਵੀ।
ਕਹਿਣ ਅਸੀਂ ਹੀ ਕਰਨੇ ਪ੍ਰਬੰਧ ਸਾਰੇ, ਤੇ ਹੋਣਾ ਸਭ ਇਹ ਜਫਰ ਦੇ ਜਾਲ਼ਿਆਂ ਹੀ।

# ਸਿਆਸੀ ਕੈਦੀਆਂ ਦੀ ਰਿਹਾਈ ਅਤੇ ਸਥਾਪਤੀ ਦੀ ਬਦਨੀਤੀ

ਭਾਰਤੀ ਸਟੇਟ ਵੱਲੋਂ ਦਿੱਤੀਆਂ ਸਜ਼ਾਵਾਂ ਪੂਰੀਆਂ ਕਰ ਚੁੱਕੇ ਸਿੱਖ ਕੈਦੀਆਂ ਨੂੰ ਰਿਹਾਅ ਨਾ ਕਰਨ ਵਿਰੁੱਧ ਭਾਈ ਗੁਰਬਖ਼ਸ਼ ਸਿੰਘ ਵਲੋਂ 14 ਨਵੰਬਰ ਤੋਂ ਸ਼ੁਰੂ ਕੀਤਾ ਸੰਘਰਸ਼ ਦੂਜੇ ਮਹੀਨੇ ਵਿਚ ਦਾਖ਼ਲ ਹੋ ਗਿਆ ਹੈ। ਇਸ ਬਾਰੇ ਬਾਦਲ ਹਕੂਮਤ ਨੇ ਪੂਰੀ ਤਰ੍ਹਾਂ ਸਾਜ਼ਿਸ਼ੀ ਵਤੀਰਾ ਅਖ਼ਤਿਆਰ ਕੀਤਾ ਹੋਇਆ ਹੈ। ਉਹ ਜਿਵੇਂ ਕਿਵੇਂ ਇਸ ਸ਼ਾਂਤਮਈ ਸੰਘਰਸ਼ ਨੂੰ ਖਦੇੜਨ ਦੀ ਬਦਨੀਅਤ ਨਾਲ ਅਣਮਿੱਥੇ ਸਮੇਂ ਲਈ ਭੁੱਖ ਹੜਤਾਲ ਕਰਨ ਵਾਲਿਆਂ ਨੂੰ ਗ੍ਰਿਫ਼ਤਾਰ ਕਰਨ, ਮੁਹਾਲੀ ਦੇ ਗੁਰਦੁਆਰਾ ਅੰਬ ਸਾਹਿਬ ਦੇ ਪ੍ਰਬੰਧਕਾਂ ਦੀ ਬਾਂਹ ਮਰੋੜ ਕੇ ਸੰਘਰਸ਼ ਵਿਚ ਖ਼ਲਲ ਪਵਾਉਣ ਵਰਗੇ ਹੋਛੇ ਹੱਥਕੰਡਿਆਂ 'ਤੇ ਵੀ ਉਤਰ ਚੁੱਕੀ ਹੈ। ਉਨ੍ਹਾਂ ਨੂੰ ਇਨ੍ਹਾਂ ਦੇ ਮਨੁੱਖੀ ਹੱਕਾਂ ਦੀ ਬਜਾਏ ਵਿਸ਼ਵ ਕਬੱਡੀ ਕੱਪ ਦੇ ਜਸ਼ਨਾਂ ਅਤੇ ਕਾਰਪੋਰੇਟ ਘਰਾਣਿਆਂ ਦੇ ਪੂੰਜੀ-ਨਿਵੇਸ਼ ਸੰਮੇਲਨ ਤੇ ਲਹਿੰਦੇ ਪੰਜਾਬ ਦੇ ਮੁੱਖ ਮੰਤਰੀ ਮੀਆਂ ਮੁਹੰਮਦ ਸ਼ਾਹਬਾਜ਼ ਸ਼ਰੀਫ਼ ਵਰਗਿਆਂ ਦੀ ਧੂਮ-ਧੜੱਕੇਦਾਰ ਖ਼ਾਤਰਦਾਰੀ ਵਰਗੇ ਸ਼ਾਹੀ ਕੰਮਾਂ ਦਾ ਫ਼ਿਕਰ ਹੈ।

ਭਾਈ ਗੁਰਬਖ਼ਸ਼ ਸਿੰਘ ਵਲੋਂ ਇਸ ਸਬੰਧ ਵਿਚ ਸੰਘਰਸ਼ ਸ਼ੁਰੂ ਕਰ ਦੇਣ ਅਤੇ ਮੀਡੀਆ ਜ਼ਰੀਏ ਇਹ ਮਸਲਾ ਆਲਮੀ ਪੱਧਰ 'ਤੇ ਚਰਚਾ ਵਿਚ ਆ ਜਾਣ ਤੋਂ ਬਾਅਦ ਹੁਕਮਰਾਨ ਹੁਣ ਇਹ ਨਹੀਂ ਕਹਿ ਸਕਦੇ ਕਿ ਉਨ੍ਹਾਂ ਨੂੰ ਕੋਈ ਜਾਣਕਾਰੀ ਨਹੀਂ ਹੈ। ਇਸ ਪੂਰੀ ਤਰ੍ਹਾਂ ਜਾਇਜ਼ ਸੰਘਰਸ਼ ਦਾ ਨੋਟਿਸ ਲੈ ਕੇ ਇਸ ਨੂੰ ਹੱਲ ਕਰਨ ਦੀ ਕੋਈ ਸਿਆਸੀ ਪਹਿਲਕਦਮੀਂ ਨਾ ਕਰਨਾ ਦਰਸਾਉਂਦਾ ਹੈ ਕਿ ਉਨ੍ਹਾਂ ਦਾ ਇਰਾਦਾ ਇਸ ਨੂੰ ਗੰਭੀਰਤਾ ਨਾਲ ਲੈਣ ਦੀ ਬਜਾਏ ਅੱਖੋਂ-ਪਰੋਖੇ ਕਰ ਕੇ ਅਤੇ ਗੁੱਝੀਆਂ ਚਾਲਾਂ ਚੱਲ ਕੇ ਇਸ ਦਾ ਦਮ ਕੱਢ ਦੇਣ ਦਾ ਹੈ।

ਮੌਕੇ ਦੇ ਹੁਕਮਰਾਨ ਹੋਣ ਕਾਰਨ ਇਸ ਨੂੰ ਹੱਲ ਕਰਨ ਲਈ ਪਹਿਲਕਦਮੀਂ ਲੈਣ ਦੀ ਮੁੱਖ ਜ਼ਿੰਮੇਵਾਰੀ ਅਕਾਲੀਆਂ ਦੀ ਹੈ। ਘੱਟੋ-ਘੱਟ ਬਤੌਰ ਪ੍ਰਸ਼ਾਸਕ ਸਮੇਂ-ਸਮੇਂ 'ਤੇ ਇਹ ਦੇਖਣਾ ਤਾਂ ਉਨ੍ਹਾਂ ਦੀ ਜ਼ਿੰਮੇਵਾਰੀ ਹੈ ਹੀ ਕਿ ਜਿਹੜਾ ਵੀ ਕੋਈ ਇਸ ਸਟੇਟ ਦੇ ਕਾਨੂੰਨੀ ਮਿਆਰਾਂ ਅਨੁਸਾਰ ਸਜ਼ਾ ਪੂਰੀ ਕਰ ਲੈਂਦਾ ਹੈ, ਉਸ ਦੀ ਤੁਰੰਤ ਰਿਹਾਈ ਯਕੀਨੀ ਬਣਾਈ ਜਾਵੇ; ਚਾਹੇ ਉਸ ਦੀ ਵਿਚਾਰਧਾਰਾ ਜਾਂ ਸਿਆਸੀ ਅਕੀਦਾ ਕੋਈ ਵੀ ਹੋਵੇ। ਇਹ ਨੌਜਵਾਨ ਉਨ੍ਹਾਂ ਹਾਲਾਤ ਕਾਰਨ ਜੇਲ੍ਹ ਗਏ ਜੋ ਅਕਾਲੀ ਦਲ ਵਲੋਂ ਆਪਣੀਆਂ ਮੰਗਾਂ ਸਬੰਧੀ ਸ਼ੁਰੂ ਕੀਤੇ ਧਰਮ-ਯੁੱਧ ਮੋਰਚੇ ਨਾਲ ਬਣੇ ਸਨ। ਲਿਹਾਜ਼ਾ ਉਨ੍ਹਾਂ ਦੀ ਰਿਹਾਈ ਯਕੀਨੀ ਬਣਾਉਣ ਲਈ ਢੁੱਕਵੇਂ ਅਤੇ ਲੋੜੀਂਦੇ ਕਦਮ ਚੁੱਕਣਾ ਅਕਾਲੀ ਆਗੂਆਂ ਦੀ ਇਖ਼ਲਾਕੀ ਜ਼ਿੰਮੇਵਾਰੀ ਹੈ ਪਰ ਹੁਕਮਰਾਨਾਂ ਲਈ ਕਿਸੇ ਵੀ ਪਹਿਲੂ ਤੋਂ ਜ਼ਿੰਮੇਵਾਰੀ ਕੋਈ ਮਾਇਨੇ ਨਹੀਂ ਰੱਖਦੀ।

ਭਾਈ ਗੁਰਬਖ਼ਸ਼ ਸਿੰਘ ਨੇ ਇਹ ਸਹੀ ਮੁੱਦਾਉਸ ਹਾਲਤ ਵਿਚ ਉਠਾਇਆ ਹੈ ਜਦੋਂ ਕੋਈ ਵੀ ਸਿਆਸੀ ਜਾਂ ਸਮਾਜੀ ਜਥੇਬੰਦੀ ਇਸ ਪਾਸੇ ਤਵੱਜੋਂ ਨਹੀਂ ਸੀ ਦੇ ਰਹੀ। ਉਸ ਦੀ ਪਹਿਲਕਦਮੀ ਤੇ ਸਿਦਕ ਕਾਬਲੇ-ਤਾਰੀਫ਼ ਹੈ। ਹਰ ਇਨਸਾਫ਼ਪਸੰਦ ਇਨਸਾਨ ਨੂੰ ਉਸ ਦੇ ਹੱਕ 'ਚ ਖੜ੍ਹਨਾ ਚਾਹੀਦਾ ਹੈ ਪਰ ਹਕੀਕਤ ਇਹ ਹੈ ਕਿ ਇਕੱਲੀ ਸੱਤਾਧਾਰੀ ਧਿਰ ਹੀ ਨਹੀਂ, ਬਾਕੀ ਸਿਆਸੀ ਧਿਰਾਂ ਵੀ ਇਸ ਬਾਰੇ ਖ਼ਾਮੋਸ਼ ਹਨ। ਸਿਰਫ਼ ਕੁਝ ਸਿੱਖ ਜਥੇਬੰਦੀਆਂ ਅਤੇ ਗੁਰਦਾਸ ਮਾਨ, ਭਗਵੰਤ ਮਾਨ, ਹਰਭਜਨ ਮਾਨ ਵਰਗੇ ਕੁਝ ਕਲਾਕਾਰ ਹੀ ਉਸ ਦੇ ਹੱਕ ਵਿਚ ਅੱਗੇ ਆਏ ਹਨ। ਉਨ੍ਹਾਂ ਦੇ ਸੰਵਿਧਾਨਕ ਹੱਕਾਂ ਦੀ ਪੈਰਵਾਈ ਅਤੇ ਰਿਹਾਈ ਦੇ ਮੁੱਦੇ, ਸਾਰੀਆਂ ਹੀ ਮਨੁੱਖੀ ਅਧਿਕਾਰ, ਜਮਹੂਰੀ ਅਧਿਕਾਰ ਅਤੇ ਸ਼ਹਿਰੀ ਆਜ਼ਾਦੀਆਂ ਦੀਆਂ ਜਥੇਬੰਦੀਆਂ ਨੂੰ ਖ਼ੁਦ ਪਹਿਲਕਦਮੀ ਲੈ ਕੇ ਉਠਾਉਣੇ ਚਾਹੀਦੇ ਹਨ ਪਰ ਨਹੀਂ ਉਠਾਏ ਜਾ ਰਹੇ। ਭਾਰਤੀ ਸਟੇਟ ਦੇ ਦਿਨੋ-ਦਿਨ ਵਧ ਰਹੇ ਫਾਸ਼ੀਵਾਦੀ ਰੁਝਾਨ ਦੇ ਮੱਦੇਨਜ਼ਰ ਇਨ੍ਹਾਂ ਹੱਕਾਂ ਅਤੇ ਆਜ਼ਾਦੀਆਂ ਦੀ ਅਹਿਮੀਅਤ ਹੋਰ ਵੀ ਵਧ ਗਈ ਹੈ। ਇਸ ਖ਼ਤਰਨਾਕ ਰੁਝਾਨ ਨੂੰ ਗੰਭੀਰਤਾ ਨਾਲ ਨਾ ਲੈਣਾ ਚਿੰਤਾਜਨਕ ਹੈ। ਇਸ ਦੇ ਉਲਟ ਇਕ ਖ਼ਾਸ ਤਰ੍ਹਾਂ ਦੀ ਪਾਟੋਧਾੜ ਦੀ ਹਾਲਤ ਮੌਜੂਦ ਹੈ ਜਿਸ ਦਾ ਫ਼ਾਇਦਾ ਉਹ ਸਾਰੀਆਂ ਤਾਕਤਾਂ ਉਠਾ ਰਹੀਆਂ ਹਨ ਜੋ ਰਾਜਕੀ ਦਹਿਸ਼ਤਗਰਦੀ ਨੂੰ ਹੋਰ ਵਧੇਰੇ ਪੱਕੇ ਪੈਰੀਂ ਕਰਨ ਲਈ ਸਿਰਤੋੜ ਯਤਨਾਂ 'ਚ ਲੱਗੀਆਂ ਹੋਈਆਂ ਹਨ; ਚਾਹੇ ਉਹ ਇਸ ਵਕਤ ਸੱਤਾਧਾਰੀ ਹਨ ਜਾਂ ਵਿਰੋਧੀ-ਧਿਰ ਦੀ ਹੈਸੀਅਤ ਵਿਚ ਸੱਤਾਧਾਰੀ ਹੋਣ ਲਈ ਤਰਲੋਮੱਛੀ ਹੋ ਰਹੀਆਂ ਹਨ।

ਰਵਾਇਤੀ ਖੱਬੀਆਂ ਪਾਰਟੀਆਂ ਲਈ ਆਮ ਤੌਰ 'ਤੇ ਇਥੇ ਮਨੁੱਖੀ ਜਾਂ ਜਮਹੂਰੀ ਹੱਕਾਂ ਦਾ ਕੋਈ ਮਸਲਾ ਹੀ ਨਹੀਂ ਹੈ; ਕਿਉਂਕਿ ਉਹ ਸਥਾਪਤੀ ਨਾਲ ਇਕਸੁਰ ਹੋ ਕੇ ਚਲ ਰਹੀਆਂ ਹਨ ਅਤੇ ਦਰ-ਹਕੀਕਤ, ਇਸ ਦਾ ਅਨਿੱਖੜ ਹਿੱਸਾ ਬਣ ਚੁੱਕੀਆਂ ਹਨ। ਉਨ੍ਹਾਂ ਲਈ ਇਹ ਮੁੱਦਾ ਸਿਰਫ਼ ਇਕ ਖ਼ਾਸ ਹਾਲਤ ਵਿਚ ਤੇ ਕਿਸੇ ਖ਼ਾਸ ਖੇਤਰ ਵਿਚ ਉਦੋਂ ਬਣਦਾ ਹੈ ਜਦੋਂ ਉਨ੍ਹਾਂ ਦੀ ਰਾਜਸੀ ਸ਼ਰੀਕ ਧਿਰ ਸੱਤਾਧਾਰੀ ਹੋ ਕੇ ਬਦਲਾਖ਼ੋਰੀ ਵਿਚੋਂ ਉਨ੍ਹਾਂ ਦੀਆਂ ਸਫ਼ਾਂ ਨੂੰ ਨਿਸ਼ਾਨਾ ਬਣਾਉਣਾ ਸ਼ੁਰੂ ਕਰ ਦਿੰਦੀ ਹੈ। ਮਸਲਨ, ਪੱਛਮੀ ਬੰਗਾਲ ਵਿਚ ਤ੍ਰਿਣਮੂਲ ਕਾਂਗਰਸ ਦੀ ਹਕੂਮਤ ਵਲੋਂ ਕੁਝ ਥਾਈਂ ਸੀ.ਪੀ.ਐੱਮ. ਦੇ ਕਾਡਰਾਂ ਖ਼ਿਲਾਫ਼ ਪੁਲਿਸ ਕਾਰਵਾਈ ਅਤੇ ਇਸ ਬਾਰੇ ਹੱਕਾਂ ਦੇ ਘਾਣ ਦਾ ਹੋ-ਹੱਲਾ। ਬਾਕੀ ਥਾਈਂ ਮਜਾਲ ਹੈ, ਇਨ੍ਹਾਂ ਨੇ ਕਦੇ ਕਿਸੇ ਹੋਰ ਰਾਜਸੀ ਧਿਰ ਦੇ ਦਮਨ ਦਾ ਮੁੱਦਾ ਛੂਹਿਆ ਹੋਵੇ। ਉਲਟਾ ਪੱਛਮੀ ਬੰਗਾਲ ਵਿਚ ਤਾਂ ਇਹ ਖ਼ੁਦ ਵੱਖਰੇ ਸਿਆਸੀ ਵਿਚਾਰਾਂ ਵਾਲਿਆਂ, ਆਦਿਵਾਸੀਆਂ ਅਤੇ ਕੌਮੀਅਤ ਲਹਿਰਾਂ ਦੇ ਹੱਕਾਂ ਦਾ ਘਾਣ ਕਰਨ ਵਾਲੀ ਮੋਹਰੀ ਤਾਕਤ ਰਹੇ ਹਨ।

ਬੂਟਾ ਸਿੰਘ

ਫੋਨ: 91-94634-74342

ਇਨ੍ਹਾਂ ਮੁਤਾਬਕ ਅਤਿਵਾਦੀਆਂ-ਵੱਖਵਾਦੀਆਂ ਦੇ ਮਨੁੱਖੀ ਜਾਂ ਜਮਹੂਰੀ ਹੱਕ ਨਹੀਂ ਹੁੰਦੇ।

ਪੂਰੇ ਮੁਲਕ ਵਿਚ ਅੱਡ-ਅੱਡ ਥਾਈਂ ਸਰਗਰਮ ਸ਼ਹਿਰੀ ਆਜ਼ਾਦੀਆਂ ਦੀਆਂ ਜਾਂ ਮਨੁੱਖੀ ਤੇ ਜਮਹੂਰੀ ਹੱਕਾਂ ਦੀਆਂ ਜਥੇਬੰਦੀਆਂ ਆਪੋ-ਆਪਣੇ ਖ਼ਾਸ ਖੇਤਰ ਜਾਂ ਖ਼ਾਸ ਲਹਿਰ ਦੇ ਉੱਪਰ ਹਕੂਮਤੀ ਹਮਲਿਆਂ ਰਾਹੀਂ ਮਨੁੱਖੀ/ਜਮਹੂਰੀ ਹੱਕਾਂ ਦੇ ਘਾਣ ਵਿਰੁੱਧ ਆਵਾਜ਼ ਉਠਾਉਣ 'ਚ ਹੀ ਮਸਰੂਫ਼ ਹਨ। ਕੋਆਰਡੀਨੇਸ਼ਨ ਆਫ ਡੈਮੋਕਰੇਟਿਕ ਰਾਈਟਸ ਆਰਗੇਨਾਈਜੇਸ਼ਨਜ਼ (ਸੀ.ਡੀ.ਆਰ.ਓ.) ਦੀ ਸ਼ਕਲ 'ਚ ਮੌਜੂਦ ਇਨ੍ਹਾਂ ਵੱਖ-ਵੱਖ ਜਥੇਬੰਦੀਆਂ ਦੇ ਤਾਲਮੇਲ ਮੰਚ ਵਿਚੋਂ ਵੀ ਪੀ.ਯੂ.ਡੀ.ਆਰ. (ਦਿੱਲੀ) ਵਰਗੀਆਂ ਕੁਝ ਕੁ ਜਥੇਬੰਦੀਆਂ ਹੀ ਹਨ ਜੋ ਖ਼ਾਸ ਲਹਿਰ ਜਾਂ ਖ਼ਾਸ ਖੇਤਰ ਤੋਂ ਪਾਰ ਜਾ ਕੇ ਵਿਆਪਕ ਅਹਿਮੀਅਤ ਵਾਲੇ ਮੁੱਦੇ ਲਗਾਤਾਰਤਾ ਅਤੇ ਇਕਸਾਰਤਾ ਨਾਲ ਉਠਾਉਂਦੀਆਂ ਹਨ। ਅਜਿਹੀ ਪਹਿਲਕਦਮੀ ਜਾਂ ਸਾਂਝੇ ਯਤਨਾਂ ਰਾਹੀਂ ਜਮਹੂਰੀ ਤੇ ਮਨੁੱਖੀ ਹੱਕਾਂ ਦੀ ਰਾਖੀ ਦੀ ਵਿਸ਼ਾਲ ਅਤੇ ਪ੍ਰਭਾਵਸ਼ਾਲੀ ਲਹਿਰ ਦੀ ਅਣਹੋਂਦ ਹੀ ਹੈ ਜੋ ਭਾਰਤੀ ਸਟੇਟ ਨੂੰ 'ਕੱਲੀ-'ਕੱਲੀ ਲਹਿਰ ਨੂੰ ਬੇਖ਼ੌਫ਼ ਆਪਣੇ ਫ਼ੌਜੀ ਹਮਲੇ ਦੀ ਮਾਰ ਹੇਠ ਲਿਆਉਂਦੇ ਰਹਿਣ ਦੀ ਖੁੱਲ੍ਹ-ਖੇਡ ਮੁਹੱਈਆ ਕਰਦੀ ਹੈ। ਗੁਜਰਾਤ ਵਿਚ ਮੁਸਲਮਾਨਾਂ ਦਾ ਕਤਲੇਆਮ, ਡਾ. ਬਿਨਾਇਕ ਸੇਨ ਦੀ ਦੇਸ਼-ਧ੍ਰੋਹ ਦੇ ਇਲਜ਼ਾਮ 'ਚ ਗ੍ਰਿਫ਼ਤਾਰੀ ਜਾਂ ਕਸ਼ਮੀਰੀ ਨੌਜਵਾਨ ਅਫ਼ਜ਼ਲ ਗੁਰੂ ਨੂੰ ਫਾਂਸੀ ਵਰਗੇ ਕੁਝ ਕੁ ਮਾਮਲੇ ਹੀ ਐਸੇ ਸਨ ਜਿਨ੍ਹਾਂ ਉੱਪਰ, ਭਾਵੇਂ ਅੱਡ-ਅੱਡ ਰੂਪ 'ਚ ਹੀ ਸਹੀ ਪਰ ਵੱਖੋ-ਵੱਖਰੀ ਸਿਆਸੀ ਸੋਚ ਵਾਲੀਆਂ ਤਕਰੀਬਨ ਜ਼ਿਆਦਾਤਰ ਜਥੇਬੰਦੀਆਂ ਵਲੋਂ ਇਸ ਦੇ ਖ਼ਿਲਾਫ਼ ਆਵਾਜ਼ ਜ਼ਰੂਰ ਉਠੀ ਸੀ। ਪਿਛਲੇ ਦੋ ਕੁ ਦਹਾਕਿਆਂ ਵਿਚ ਕਸ਼ਮੀਰ, ਉਤਰ-ਪੂਰਬ ਅਤੇ ਭਾਰਤ ਦੇ ਵੱਖ-ਵੱਖ ਸੂਬਿਆਂ ਵਿਚ ਥੋਕ ਪੱਧਰ 'ਤੇ ਇਨ੍ਹਾਂ ਹੱਕਾਂ ਦਾ ਘਾਣ ਹੋ ਰਿਹਾ ਹੈ ਪਰ ਘਾਣ ਦੇ ਉਨ੍ਹਾਂ ਵਰਤਾਰਿਆਂ ਬਾਰੇ ਖ਼ਾਸ ਹਿੱਸਿਆਂ ਜਾਂ ਇਕ ਖ਼ਾਸ ਵਿਚਾਰਧਾਰਕ ਵੰਨਗੀ ਦੇ ਬੁੱਧੀਜੀਵੀਆਂ, ਚਿੰਤਕਾਂ ਵਲੋਂ ਆਵਾਜ਼ ਤਾਂ ਉੱਠਦੀ ਰਹੀ ਹੈ, ਇਹ ਵਿਆਪਕ ਆਵਾਜ਼ ਨਹੀਂ ਬਣ ਸਕੀ। ਮਿਸਾਲ ਵਜੋਂ, ਮਨੀਪੁਰ ਦੀ ਜਾਈ ਬੀਬੀ ਇਰੋਮ ਸ਼ਰਮੀਲਾ ਦੀ ਆਰਮਡ ਫੋਰਸਿਜ਼ ਸਪੈਸ਼ਲ ਪਾਵਰਜ਼ ਐਕਟ ਨੂੰ ਖ਼ਤਮ ਕਰਾਉਣ ਲਈ ਲਗਾਤਾਰ ਭੁੱਖ ਹੜਤਾਲ ਨੂੰ ਚੌਦਵਾਂ ਸਾਲ ਚੱਲ ਰਿਹਾ ਹੈ। ਉਸ ਦੇ ਕਾਜ ਨਾਲ ਇਕਮੁੱਠਤਾ ਦੀ ਆਵਾਜ਼ ਗਾਹੇ-ਬਗਾਹੇ ਜ਼ਰੂਰ ਉੱਠਦੀ ਰਹਿੰਦੀ ਹੈ ਪਰ ਮੁਲਕ ਪੱਧਰ 'ਤੇ ਇਹ ਵਿਆਪਕ ਅੰਦੋਲਨ ਬਣ ਕੇ ਸਾਹਮਣੇ ਨਹੀਂ ਆਇਆ। ਮਾਓਵਾਦੀ ਖੇਤਰਾਂ ਵਿਚ ਓਪਰੇਸ਼ਨ ਗ੍ਰੀਨ ਹੰਟ ਤੇ ਹੋਰ ਫ਼ੌਜੀ-ਨੀਮ ਫ਼ੌਜੀ ਕਾਰਵਾਈਆਂ ਜ਼ਰੀਏ ਆਦਿਵਾਸੀਆਂ ਦਾ ਵਿਆਪਕ ਘਾਣ ਅਤੇ ਸਮੂਹਕ ਜਬਰ ਜਨਾਹ, ਆਦਿਵਾਸੀ ਅਧਿਆਪਕਾ ਸੋਨੀ ਸੋਰੀ ਉਪਰ ਪੁਲਿਸ ਹਿਰਾਸਤ ਅਤੇ ਜੇਲ੍ਹਬੰਦੀ ਦੌਰਾਨ ਜਿਨਸੀ ਜ਼ੁਲਮ, ਪੱਛਮੀ ਬੰਗਾਲ ਵਿਚ ਲਾਲਗੜ੍ਹ ਲਹਿਰ ਸਮੇਂ ਆਦਿਵਾਸੀ, ਖ਼ਾਸ ਕਰ ਕੇ ਮਾਓਵਾਦੀ ਔਰਤਾਂ ਨਾਲ ਪੁਲਿਸ ਹਿਰਾਸਤ ਵਿਚ ਜਬਰ ਜਨਾਹ, ਕਸ਼ਮੀਰ ਵਿਚ ਭਾਰਤੀ ਫ਼ੌਜ ਵਲੋਂ ਕੁਨਨ-ਪੋਸ਼ਪੁਰਾ ਵਰਗੇ ਸਮੂਹਕ ਜਬਰ ਜਨਾਹ ਦਿਲ-ਕੰਬਾਊ ਕਾਂਡ ਅਤੇ ਨੌਜਵਾਨਾਂ ਦਾ ਕਤਲੇਆਮ, ਕਸ਼ਮੀਰ ਅਤੇ ਪੰਜਾਬ ਵਿਚ ਥੋਕ ਤਾਦਾਦ 'ਚ ਅਣਪਛਾਤੀਆਂ ਲਾਸ਼ਾਂ ਦਾ ਪਰਦਾਫਾਸ਼, ਪੂਰੇ ਮੁਲਕ ਵਿਚ ਸਥਾਪਤੀ ਵਿਰੋਧੀ ਇਨਕਲਾਬੀ, ਕੌਮੀਅਤ ਜਾਂ ਧਾਰਮਿਕ ਘੱਟਗਿਣਤੀ ਦੀ ਹਰ ਲਹਿਰ ਨੂੰ ਕੁਚਲਣ ਦੀ ਨੀਤੀ ਦੇ ਹਿੱਸੇ ਵਜੋਂ ਫਰਜ਼ੀ ਪੁਲਿਸ ਮੁਕਾਬਲਿਆਂ ਰਾਹੀਂ ਰਾਜਸੀ ਕਾਰਕੁੰਨਾਂ ਅਤੇ ਆਵਾਮ ਦਾ ਘਾਣ ਆਦਿ ਵੱਡੀ ਅਹਿਮੀਅਤ ਵਾਲੇ ਮੁੱਦਿਆਂ ਬਾਰੇ ਮੁਲਕ ਪੱਧਰ 'ਤੇ ਮਨੁੱਖੀ ਹੱਕਾਂ ਦੇ ਘਾਣ ਬਾਬਤ ਸਾਂਝੀ ਵਿਸ਼ਾਲ ਲਹਿਰ ਨਹੀਂ ਬਣ ਸਕੀ। ਆਂਧਰਾ ਪ੍ਰਦੇਸ਼ ਨੂੰ ਛੱਡ ਕੇ ਸਿਆਸੀ ਕੈਦੀਆਂ ਦਾ ਜੇਲ੍ਹਾਂ ਦੇ ਅੰਦਰੋਂ ਬੱਝਵਾਂ ਅੰਦੋਲਨ ਵੀ ਕਿਤੇ ਨਜ਼ਰ ਨਹੀਂ ਆ ਰਿਹਾ; ਹਾਲਾਂਕਿ ਗ਼ਦਰ ਲਹਿਰ ਤੋਂ ਲੈ ਕੇ ਸਿਆਸੀ ਕੈਦੀਆਂ ਦੇ ਹੱਕਾਂ ਲਈ ਜੇਲ੍ਹਾਂ ਦੇ ਅੰਦਰ ਅਤੇ ਬਾਹਰ ਸੰਘਰਸ਼ ਦਾ ਪੂਰੇ ਸੌ ਸਾਲ ਦਾ ਸਾਡਾ ਇਤਿਹਾਸ ਹੈ। ਖ਼ਾਸ ਕਰ ਕੇ ਗ਼ਦਰੀ ਇਨਕਲਾਬੀ ਤਾਂ ਆਮ ਕੈਦੀਆਂ ਦੇ ਹੱਕਾਂ ਲਈ ਵੀ ਪਹਿਲ ਕਦਮੀ ਲੈ ਕੇ ਜੇਲ੍ਹਾਂ ਵਿਚ ਜਾਨ-ਹੂਲਵੀਂ ਲੜਾਈ ਲੜਦੇ ਰਹੇ।

ਇਥੇ ਇਹ ਜ਼ਿਕਰ ਕਰਨਾ ਪੂਰੀ ਤਰ੍ਹਾਂ ਪ੍ਰਸੰਗਕ ਹੈ ਕਿ ਸਜ਼ਾਵਾਂ ਕੱਟ ਚੁੱਕੇ ਕੈਦੀਆਂ ਨੂੰ ਸਜ਼ਾ ਖ਼ਤਮ ਹੋ ਜਾਣ ਤੋਂ ਕਈ ਕਈ ਸਾਲ ਬਾਅਦ ਵੀ ਰਿਹਾਅ ਨਾ ਕਰਨ ਦਾ ਵਰਤਾਰਾ ਕਿਸੇ ਇਕ ਖ਼ਿੱਤੇ ਜਾਂ ਇਕ ਖ਼ਾਸ ਸਮਾਜੀ ਹਿੱਸੇ ਤਕ ਮਹਿਦੂਦ ਨਹੀਂ ਹੈ। ਇਹ ਸਥਾਪਤੀ ਵਿਰੋਧੀ ਲਹਿਰਾਂ ਪ੍ਰਤੀ ਭਾਰਤੀ ਸਟੇਟ ਦੀ ਆਮ ਨੀਤੀ ਹੈ ਜਿਸ ਨੂੰ ਇਨ੍ਹਾਂ ਲਹਿਰਾਂ ਵਿਚ ਸ਼ਾਮਲ ਅਵਾਮ ਦੀ ਹੱਕ-ਜਤਾਈ ਨੂੰ ਕੁਚਲਣ ਦੇ ਕਾਰਆਮਦ ਯੁੱਧਨੀਤਕ ਹਥਿਆਰ ਵਜੋਂ ਸੋਚ-ਸਮਝ ਕੇ ਵਰਤਿਆ ਜਾ ਰਿਹਾ ਹੈ। ਦੋ ਵਰ੍ਹੇ ਪਹਿਲਾਂ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੇ ਤਾਂ ਇੱਥੋਂ ਤਕ ਕਿਹਾ ਸੀ ਕਿ ਜੇ ਆਦਿਵਾਸੀ ਖੇਤਰਾਂ ਵਿਚ ਲੱਖਾਂ ਕਬਾਇਲੀਆਂ ਵਿਰੁੱਧ ਦਰਜ ਕੀਤੇ ਨਹੱਕੇ ਮੁਕੱਦਮੇ ਵਾਪਸ ਨਹੀਂ ਲਏ ਜਾਂਦੇ, ਤਾਂ ਉਨ੍ਹਾਂ ਨੂੰ ਮਾਓਵਾਦੀ ਲਹਿਰ ਦਾ ਪ੍ਰਭਾਵ ਕਬੂਲਣ ਤੋਂ ਰੋਕਿਆ ਨਹੀਂ ਜਾ ਸਕੇਗਾ। ਬੇਸ਼ਕ ਉਸ ਦਾ ਫ਼ਿਕਰ ਕਬਾਇਲੀਆਂ ਨਾਲ ਹੋਈ ਅਤੇ ਹੋ ਰਹੀ ਬੇਇਨਸਾਫ਼ੀ ਖ਼ਤਮ ਕਰਨ ਨਾਲੋਂ ਉਨ੍ਹਾਂ ਨੂੰ ਮਾਓਵਾਦੀਆਂ ਵਿਚ ਸ਼ਾਮਲ ਹੋਣ ਤੋਂ ਰੋਕਣ ਬਾਰੇ ਸੀ। ਛੱਤੀਸਗੜ੍ਹ, ਉੜੀਸਾ, ਬਿਹਾਰ, ਝਾਰਖੰਡ, ਆਂਧਰਾ ਪ੍ਰਦੇਸ਼, ਪੱਛਮੀ ਬੰਗਾਲ, ਮਹਾਰਾਸ਼ਟਰ, ਦਿੱਲੀ, ਗੁਜਰਾਤ, ਪੰਜਾਬ, ਅਤੇ ਕਸ਼ਮੀਰ ਤੇ ਉਤਰ-ਪੂਰਬੀ ਖ਼ਿੱਤੇ ਵਿਚ ਥੋਕ ਪੱਧਰ 'ਤੇ ਅਜਿਹੇ ਲੋਕ ਜੇਲ੍ਹਾਂ ਵਿਚ ਬੰਦ ਹਨ; ਜਿਨ੍ਹਾਂ ਨੂੰ ਰਾਜਸੀ ਕਾਰਨਾਂ ਕਰ ਕੇ ਬੇਸ਼ੁਮਾਰ ਫਰਜ਼ੀ ਮਾਮਲਿਆਂ 'ਚ ਫਸਾ ਕੇ ਜੇਲ੍ਹਾਂ ਵਿਚ ਸਾੜਿਆ ਜਾ ਰਿਹਾ ਹੈ; ਜਿਨ੍ਹਾਂ ਦੀ ਰਿਹਾਈ ਲਈ ਕੋਈ ਬੱਝਵੀਂ ਲਹਿਰ ਨਹੀਂ ਉੱਠ ਰਹੀ।

ਸ਼ਾਇਦ ਇਸ ਦੀ ਮੁੱਖ ਵਜ੍ਹਾ ਹੈ, ਇਨ੍ਹਾਂ ਜ਼ਿਆਦਤੀਆਂ ਵਿਰੁੱਧ ਆਪਣੇ ਖ਼ਾਸ ਸੀਮਤ ਦਾਇਰੇ ਨਾਲ ਸਿੱਧੇ ਸਰੋਕਾਰ ਦੇ ਮਹਿਦੂਦ ਭਵਿੱਖ-ਨਕਸ਼ੇ ਤਹਿਤ ਆਵਾਜ਼ ਉਠਾਏ ਜਾਣ ਦੀ ਸੋਚ। ਭਾਰਤੀ ਸਟੇਟ ਦੇ ਮੂਲ ਫਾਸ਼ੀਵਾਦੀ ਸੁਭਾਅ ਦੀਆਂ ਮਨਮਾਨੀਆਂ ਰੋਕਣ ਲਈ ਵਿਆਪਕ ਭਵਿੱਖ-ਨਕਸ਼ੇ ਵਾਲੀ ਜਮਹੂਰੀ ਜੱਦੋ-ਜਹਿਦ ਖੜ੍ਹੀ ਕਰਨ ਦੀ ਮੋਕਲੀ ਰਾਜਸੀ ਸੋਚ ਅਜੇ ਕਿਸੇ ਵੀ ਪਾਸਿਉਂ ਨਹੀਂ ਉੱਭਰੀ ਜੋ ਇਨ੍ਹਾਂ ਵੱਖੋ-ਵੱਖਰੀਆਂ ਮਹਿਦੂਦ ਆਵਾਜ਼ਾਂ ਅਤੇ ਘੋਲਾਂ ਨੂੰ ਇਕ ਵਿਆਪਕ ਲਹਿਰ ਦੀ ਸ਼ਕਲ ਦੇਣ ਵਾਲਾ ਮੰਚ ਮੁਹੱਈਆ ਕਰ ਸਕੇ। ਜਮਹੂਰੀ ਲਹਿਰ, ਦਲਿਤ ਲਹਿਰ, ਕੌਮੀਅਤ ਲਹਿਰਾਂ ਅਤੇ ਧਾਰਮਿਕ ਘੱਟਗਿਣਤੀਆਂ ਨਾਲ ਸਬੰਧਤ ਸੰਘਰਸ਼ਸ਼ੀਲ ਤਾਕਤਾਂ ਨੂੰ ਆਪੋ ਆਪਣੇ ਖ਼ਾਸ ਮਾਮਲੇ ਉਠਾਉਂਦੇ ਹੋਏ ਇਸ ਦਿਸ਼ਾ ਵਿਚ ਸੋਚ-ਵਿਚਾਰ ਅਤੇ ਆਪਸ ਵਿਚ ਸੰਵਾਦ ਦਾ ਅਮਲ ਚਲਾਉਣਾ ਚਾਹੀਦਾ ਹੈ।

# ਇਵੇਂ ਹੋਇਆ ਸੀ ਸ਼੍ਰੋਮਣੀ ਅਕਾਲੀ ਦਲ ਦਾ ਜਨਮ...

**_ਸੰਘਰਸ਼ ਜਾਰੀ ਰੱਖਣ ਤੇ ਸਿੱਖ-ਪੰਥ ਦੇ ਹਿੱਤਾਂ ਦੀ ਰੱਖਿਆ ਕਰਨ ਵਾਸਤੇ ਪੰਥਕ ਜਥੇਬੰਦੀ 'ਗੁਰਦੁਆਰਾ ਸੇਵਕ ਦਲ' ਬਣਾਉਣ ਦੇ ਵਿਚਾਰ ਨਾਲ 14 ਦਸੰਬਰ 1920 ਨੂੰ ਸ੍ਰੀ ਅਕਾਲ ਤਖਤ ਸਾਹਿਬ ਦੇ ਹਜ਼ੂਰ ਪੰਥਕ ਇਕੱਠ ਬੁਲਾਇਆ ਗਿਆ। ਇਸ ਇਕੱਤਰਤਾ ਵਿਚ ਆਮ ਸੰਗਤਾਂ ਦਾ ਵਿਚਾਰ ਸੀ ਕਿ ਗੁਰਦੁਆਰਾ ਸੁਧਾਰ ਲਹਿਰ ਵਿਚ ਹਿੱਸਾ ਲੈਣ ਵਾਲਿਆਂ ਨੂੰ ਅਕਾਲੀ ਕਿਹਾ ਜਾਂਦਾ ਹੈ, ਇਸ ਲਈ ਨਵੀਂ ਜਥੇਬੰਦੀ ਦਾ ਨਾਂ 'ਅਕਾਲੀ ਦਲ' ਰੱਖਿਆ ਜਾਏ। ਸੋ, ਉਸ ਦਿਨ ਅਕਾਲੀ ਦਲ ਬਣਾਇਆ ਗਿਆ ਅਤੇ ਭਾਈ ਸਰਮੁਖ ਸਿੰਘ ਝਬਾਲ ਪਹਿਲੇ ਪ੍ਰਧਾਨ ਚੁਣੇ ਗਏ। ਇਸ ਅਕਾਲੀ ਦਲ ਨੇ 29 ਮਾਰਚ 1922 ਨੂੰ ਆਪਣੇ ਛੇਵੇਂ ਮਤੇ ਅਨੁਸਾਰ ਇਸ ਜਥੇਬੰਦੀ ਦਾ ਨਾਂ ਸ਼੍ਰੋਮਣੀ ਅਕਾਲੀ ਦਲ ਰੱਖ ਲਿਆ।_**

ਸ਼੍ਰੋਮਣੀ ਅਕਾਲੀ ਦਲ ਸਿੱਖਾਂ ਦੀ ਧਾਰਮਿਕ ਤੇ ਸਿਆਸੀ ਜਥੇਬੰਦੀ ਹੈ। 'ਅਕਾਲੀ' ਸ਼ਬਦ ਦਾ ਅਰਥ ਹੈ ਉਹ ਬੰਦਾ ਜੋ ਅਪਣੇ-ਆਪ ਨੂੰ ਅਕਾਲ ਪੁਰਖ ਦੀ ਪਰਜਾ ਸਮਝਦਾ ਹੋਵੇ। ਸਿੱਖ ਵਿਦਵਾਨ ਡਾ. ਹਰਜਿੰਦਰ ਸਿੰਘ ਦਿਲਗੀਰ ਅਨੁਸਾਰ ਸਿੱਖ ਜਥੇਬੰਦੀ ਸ਼੍ਰੋਮਣੀ ਅਕਾਲੀ ਦਲ ਵਾਸਤੇ ਇਹ ਸ਼ਬਦ ਇਸ ਦੇ ਜਨਮ ਤੋਂ 7 ਮਹੀਨੇ ਪਹਿਲਾਂ, ਲਹਿਰ ਵਜੋਂ ਕਾਇਮ ਹੋਏ ਮਾਹੌਲ ਵਿਚੋਂ ਸੁਤੇ-ਸਿੱਧ ਜੁੜ ਗਿਆ ਸੀ। ਜਦੋਂ 21 ਮਈ 1920 ਦੇ ਦਿਨ ਲਾਹੌਰ ਤੋਂ ਪੰਜਾਬੀ ਅਖ਼ਬਾਰ 'ਅਕਾਲੀ' ਸ਼ੁਰੂ ਹੋਇਆ ਤਾਂ ਸੰਜੀਦਾ ਸਿੱਖ ਆਗੂਆਂ, ਕਾਰਕੁਨਾਂ ਤੇ ਪੰਥਕ ਸੋਚ ਰੱਖਣ ਵਾਲੇ ਵਿਦਵਾਨਾਂ ਦਾ ਵੱਡਾ ਹਿੱਸਾ ਇਸ ਅਖ਼ਬਾਰ ਨਾਲ ਜੁੜ ਗਿਆ। ਇਸ ਮਾਹੌਲ ਨੇ ਗੁਰਦੁਆਰਾ ਸੁਧਾਰ ਲਹਿਰ ਨੂੰ ਜਨਮ ਦਿੱਤਾ।

ਹਰਬੀਰ ਸਿੰਘ ਭੰਵਰ

ਇਹ ਲਹਿਰ ਛੇਤੀ ਹੀ ਅਕਾਲੀ ਲਹਿਰ ਅਖਵਾਉਣ ਲੱਗ ਪਈ। ਸ਼੍ਰੋਮਣੀ ਅਕਾਲੀ ਦਲ ਸਿੱਖ-ਪੰਥ ਦੀ ਸੇਵਾ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹਜ਼ੂਰ 14 ਦਸੰਬਰ 1920 ਨੂੰ ਬਣਾਇਆ ਗਿਆ। ਅਕਾਲੀਆਂ ਦਾ ਮੁੱਖ ਨਾਅਰਾ 'ਮੈਂ ਮਰਾਂ ਪੰਥ ਜੀਵੇ' ਕਾਫੀ ਚਰਚਿਤ ਰਿਹਾ। ਅਕਾਲੀ ਦਲ ਦੀ ਸਥਾਪਨਾ ਦੇ ਕੀ ਉਦੇਸ਼ ਸਨ ਅਤੇ ਉਸ ਸਮੇਂ ਅਕਾਲੀਆਂ ਦਾ ਚਰਿੱਤਰ ਕਿਹੋ ਜਿਹਾ ਸੀ, ਇਸ ਪ੍ਰਸੰਗ ਵਿਚ ਇਸ ਦੇ ਪਿਛੋਕੜ ਵੱਲ ਝਾਤ ਮਾਰਦੇ ਹਾਂ।

ਸ਼੍ਰੋਮਣੀ ਅਕਾਲੀ ਦਲ ਦਾ ਜਨਮ ਗੁਰਦੁਆਰਾ ਸੁਧਾਰ ਲਹਿਰ ਚੋਂ ਹੋਇਆ ਜਿਸ ਦਾ ਉਸ ਸਮੇਂ ਮੁੱਖ ਉਦੇਸ਼ ਮਹੰਤਾਂ ਤੋਂ ਇਤਿਹਾਸਕ ਗੁਰਦੁਆਰੇ ਆਜ਼ਾਦ ਕਰਵਾਉਣਾ ਸੀ। ਇਸ ਲੰਬੇ ਸੰਘਰਸ਼ ਦੇ ਪਹਿਲੇ ਪੜਾਅ ਵਿਚ 12 ਅਕਤੂਬਰ 1920 ਨੂੰ ਭਾਈ ਮਹਿਤਾਬ ਸਿੰਘ ਬੀਰ ਦੀ ਅਗਵਾਈ ਵਿਚ ਸੰਗਤਾਂ ਨੇ ਸ੍ਰੀ ਦਰਬਾਰ ਸਾਹਿਬ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਆਜ਼ਾਦ ਕਰਵਾਇਆ। ਸੰਗਤ ਨੇ ਦੋਵਾਂ ਪਾਵਨ ਅਸਥਾਨਾਂ ਦੀ ਸੇਵਾ ਸੰਭਾਲ ਕੇ, ਭਾਈ ਤੇਜਾ ਸਿੰਘ ਭੁੱਚਰ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਜਥੇਦਾਰ ਥਾਪ ਦਿਤਾ। ਗੁਰਧਾਮਾਂ ਦੇ ਗੁਰਮਤਿ ਮਰਿਆਦਾ ਅਨੁਸਾਰ ਪ੍ਰਬੰਧ ਚਲਾਉਣ ਲਈ ਕਮੇਟੀ ਦੀ ਚੋਣ ਕਰਨ ਲਈ ਹੁਕਮਨਾਮਾ ਜਾਰੀ ਕਰ ਕੇ 15 ਨਵੰਬਰ ਨੂੰ ਪੰਥਕ ਇੱਕਠ ਬੁਲਾ ਲਿਆ ਗਿਆ। ਪੰਥਕ ਇਕੱਤਰਤਾ ਨਿਸਚਿਤ ਸਥਾਨ ਤੇ ਸਮੇਂ ਉਤੇ ਹੋਈ ਤੇ ਸਮੂਹ ਸੰਗਤ ਨੇ 175 ਅੰਮ੍ਰਿਤਧਾਰੀ ਤੇ ਰਹਿਤਵਾਨ ਸਿੰਘਾਂ ਦੀ ਪ੍ਰਬੰਧਕ ਕਮੇਟੀ ਚੁਣ ਲਈ ਜਿਸ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਨਾਂ ਦਿੱਤਾ ਗਿਆ। ਸਰਦਾਰ ਸੁੰਦਰ ਸਿੰਘ ਮਜੀਠੀਏ ਨੂੰ ਪਹਿਲੇ ਪ੍ਰਧਾਨ ਚੁਣੇ ਜਾਣ ਦਾ ਮਾਣ ਪ੍ਰਾਪਤ ਹੋਇਆ।

ਭਵਿੱਖ ਦੇ ਹਾਲਾਤ ਨੂੰ ਭਾਂਪਦਿਆਂ, ਸੰਘਰਸ਼ ਜਾਰੀ ਰੱਖਣ ਤੇ ਸਿੱਖ-ਪੰਥ ਦੇ ਹਿੱਤਾਂ ਦੀ ਰੱਖਿਆ ਕਰਨ ਵਾਸਤੇ ਇਕ ਹੋਰ ਪੰਥਕ ਜਥੇਬੰਦੀ 'ਗੁਰਦੁਆਰਾ ਸੇਵਕ ਦਲ' ਬਣਾਉਣ ਦੇ ਵਿਚਾਰ ਨਾਲ 14 ਦਸੰਬਰ 1920 ਨੂੰ ਸ੍ਰੀ ਅਕਾਲ ਤਖਤ ਸਾਹਿਬ ਦੇ ਹਜ਼ੂਰ ਇਕ ਹੋਰ ਪੰਥਕ ਇਕੱਠ ਬੁਲਾਇਆ ਗਿਆ। ਇਸ ਇਕੱਤਰਤਾ ਵਿਚ ਆਮ ਸੰਗਤਾਂ ਦਾ ਵਿਚਾਰ ਸੀ ਕਿ ਗੁਰਦੁਆਰਾ ਸੁਧਾਰ ਲਹਿਰ ਵਿਚ ਹਿੱਸਾ ਲੈਣ ਵਾਲਿਆਂ ਨੂੰ ਅਕਾਲੀ ਕਿਹਾ ਜਾਂਦਾ ਹੈ, ਇਸ ਲਈ ਨਵੀਂ ਜਥੇਬੰਦੀ ਦਾ ਨਾਂ 'ਅਕਾਲੀ ਦਲ' ਰੱਖਿਆ ਜਾਏ। ਸੋ, ਉਸ ਦਿਨ ਅਕਾਲੀ ਦਲ ਬਣਾਇਆ ਗਿਆ, ਭਾਈ ਸਰਮੁਖ ਸਿੰਘ ਝਬਾਲ ਪਹਿਲੇ ਪ੍ਰਧਾਨ ਚੁਣੇ ਗਏ। ਇਸ ਅਕਾਲੀ ਦਲ ਨੇ 29 ਮਾਰਚ 1922 ਨੂੰ ਆਪਣੇ ਛੇਵੇਂ ਮਤੇ ਅਨੁਸਾਰ ਇਸ ਜਥੇਬੰਦੀ ਦਾ ਨਾਂ ਸ਼੍ਰੋਮਣੀ ਅਕਾਲੀ ਦਲ ਰੱਖ ਲਿਆ। ਅਕਾਲੀ ਦਲ ਨੇ ਦੋ ਨੁਕਾਤੀ ਪ੍ਰੋਗਰਾਮ ਦਾ ਐਲਾਨ ਕੀਤਾ ਜੋ ਇਸ ਤਰ੍ਹਾਂ ਹੈ- ਪਹਿਲਾ, ਸਾਰੇ ਅਕਾਲੀ ਜਥਿਆਂ ਨੂੰ ਇਕੱਠੇ ਕਰ ਕੇ ਪੰਥ ਦੀ ਸੇਵਾ ਕਰਨੀ। ਦੂਜਾ, ਗੁਰਦੁਆਰਿਆਂ ਦੀ ਸੇਵਾ ਵਾਸਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਹੁਕਮ ਉਤੇ ਅਮਲ ਕਰਨਾ। ਮਹੰਤਾਂ ਤੋਂ ਗੁਰਦੁਆਰੇ ਆਜ਼ਾਦ ਕਰਵਾਉਣ ਲਈ ਕਈ ਮੋਰਚੇ ਲੱਗੇ, ਸਾਕੇ ਵਰਤੇ, ਪੁਰਅਮਨ ਅਕਾਲੀਆਂ 'ਤੇ ਅੰਗਰੇਜ਼ ਸਰਕਾਰ ਦੀ ਪੁਲਿਸ ਦੀਆਂ ਡਾਂਗਾਂ ਵਰ੍ਹੀਆਂ, ਗੋਲੀਆਂ ਚਲੀਆਂ, ਸ਼ਹੀਦੀਆਂ ਹੋਈਆਂ। ਅਨੁਮਾਨ ਹੈ ਕਿ ਲਗਭਗ 500 ਸਿੰਘ ਸ਼ਹੀਦ ਹੋਏ, ਹਜ਼ਾਰਾਂ ਅੰਗਹੀਣ ਹੋ ਕੇ ਨਕਾਰਾ ਹੋਏ, ਤੀਹ ਹਜ਼ਾਰ ਨੇ ਕਾਲ ਕੋਠੜੀਆਂ ਦੀਆਂ ਮੁਸ਼ੱਕਤਾਂ ਝੱਲੀਆਂ। ਉਸ ਸਸਤੇ ਜ਼ਮਾਨੇ ਵਿਚ 15 ਲੱਖ ਰੁਪਏ ਦੇ ਜੁਰਮਾਨੇ ਭਰੇ ਅਤੇ ਹਜ਼ਾਰਾਂ ਸਿੱਖਾਂ ਨੂੰ ਸਰਕਾਰੀ ਅਹੁਦਿਆਂ ਤੋਂ ਪ੍ਰਾਪਤ ਪੈਨਸ਼ਨਾਂ ਤੋਂ ਹੱਥ ਧੋਣੇ ਪਏ। ਆਖ਼ਰ ਸਿੱਖਾਂ ਦਾ ਸਿਦਕ ਰੰਗ ਲਿਆਇਆ ਤੇ ਅੰਗਰੇਜ਼ ਸਰਕਾਰ ਨੂੰ ਪਿੱਛੇ ਹਟਣਾ ਪਿਆ ਅਤੇ ਗੁਰਦੁਆਰਾ ਐਕਟ-1925 ਪਾਸ ਕੀਤਾ। ਸਿੱਖਾਂ ਦੀ ਵੀਹਵੀਂ

## ਦੇਸ-ਪਰਦੇਸ

ਸਦੀ ਵਿਚ ਇਹ ਸਭ ਤੋਂ ਵੱਡੀ ਪ੍ਰਾਪਤੀ ਹੈ। ਇਹ ਅਕਾਲੀਆਂ ਦੇ ਮਹਾਨ ਚਰਿੱਤਰ ਤੇ ਕੁਰਬਾਨੀ ਦੀ ਦਾਸਤਾਨ ਹੈ। ਇਹ ਵੀ ਹਕੀਕਤ ਹੈ ਕਿ ਪੰਥ ਤੇ ਪੰਜਾਬ ਦੇ ਹਿਤਾਂ ਲਈ ਕੇਵਲ ਤੇ ਕੇਵਲ ਅਕਾਲੀਆਂ ਨੇ ਹੀ ਜੱਦੋ-ਜਹਿਦ ਕੀਤੀ ਹੈ। ਇਤਿਹਾਸਕ ਗੁਰਦੁਆਰੇ ਆਜ਼ਾਦ ਕਰਵਾ ਕੇ ਅਕਾਲੀਆਂ ਨੇ ਦੇਸ਼ ਦੀ ਆਜ਼ਾਦੀ ਵਿਚ ਵਧ-ਚੜ੍ਹ ਕੇ ਹਿੱਸਾ ਲਿਆ, ਜੇਲ੍ਹਾਂ ਭਰੀਆਂ, ਫਾਂਸੀਆਂ ਦੇ ਰੱਸੇ ਚੁੰਮ ਕੇ ਸ਼ਹੀਦੀਆਂ ਪਾਈਆਂ। ਅਕਾਲੀ ਦਲ ਨੇ ਦੇਸ਼-ਵੰਡ ਦਾ ਡਟ ਕੇ ਵਿਰੋਧ ਕੀਤਾ ਪਰ ਕਾਂਗਰਸ ਦੇ ਬੁੱਢੇ ਹੋ ਰਹੇ ਲੀਡਰਾਂ ਵੱਲੋਂ ਹਕੂਮਤ ਸੰਭਾਲਣ ਦੀ ਕਾਹਲੀ (ਕਿ ਕਿਤੇ ਬਿਨਾਂ ਰਾਜ ਕੀਤੇ ਹੀ ਨਾ ਮਰ ਜਾਈਏ) ਨੇ ਵੰਡ ਰੋਕਣ ਲਈ ਸੁਹਿਰਦ ਤੇ ਗੰਭੀਰ ਯਤਨ ਨਾ ਕੀਤੇ। ਆਜ਼ਾਦੀ ਮਿਲਣ ਤੋਂ ਬਾਅਦ ਭਾਸ਼ਾ ਦੇ ਆਧਾਰ 'ਤੇ ਪੰਜਾਬੀ ਸੂਬੇ ਦੀ ਸਥਾਪਤੀ ਲਈ ਵੀ ਅਕਾਲੀ ਦਲ ਨੇ ਹੀ ਸੰਘਰਸ਼ ਕੀਤਾ, ਭਾਵੇਂ ਲੰਗੜਾ ਸੂਬਾ ਹੀ ਮਿਲਿਆ। ਸ੍ਰੀਮਤੀ ਇੰਦਰਾ ਗਾਂਧੀ ਵੱਲੋਂ 25 ਜੂਨ 1975 ਨੂੰ ਦੇਸ਼ 'ਚ ਲਾਈ ਐਮਰਜੈਂਸੀ ਵਿਰੁਧ 19 ਮਹੀਨੇ ਅਕਾਲੀ ਦਲ ਨੇ ਹੀ ਮੋਰਚਾ ਚਲਾਇਆ। ਸੂਬਿਆਂ ਨੂੰ ਵੱਧ ਅਧਿਕਾਰ ਦੇਣ ਲਈ ਸ੍ਰੀ ਅਨੰਦਪੁਰ ਸਾਹਿਬ ਮਤਾ ਲਾਗੂ ਕਰਨ ਲਈ ਵੀ ਧਰਮ ਯੁੱਧ ਮੋਰਚਾ ਲਗਾਇਆ ਜੋ ਸਫਲਤਾ ਪੂਰਬਕ ਚਲ ਰਿਹਾ ਸੀ ਪਰ ਸ੍ਰੀਮਤੀ ਗਾਂਧੀ ਨੇ ਸ੍ਰੀ ਦਰਬਾਰ ਸਾਹਿਬ 'ਤੇ ਫ਼ੌਜੀ ਹਮਲਾ ਕਰ ਕੇ ਕੁਚਲ ਦਿੱਤਾ।

ਪੰਜਾਬੀ ਸੂਬੇ ਦੀ ਸਥਾਪਤੀ ਪਿੱਛੋਂ ਅਕਾਲੀ ਦਲ ਇਸ ਸੂਬੇ ਵਿਚ ਸ਼ਕਤੀਸਾਲੀ ਰਾਜਸੀ ਪਾਰਟੀ ਬਣ ਕੇ ਉਭਰਿਆ ਤੇ 1967, 1969, 1977, 1985, 1997, 2007 ਅਤੇ 2012 ਵਿਚ ਸਰਕਾਰਾਂ ਬਣਾਈਆਂ। 2012 ਵਿਚ ਭਾਜਪਾ ਨਾਲ ਮਿਲ ਕੇ ਬਣਾਈ ਸਰਕਾਰ ਚੱਲ ਰਹੀ ਹੈ। 1985 ਵਿਚ ਨਿਰੋਲ ਅਕਾਲੀ ਸਰਕਾਰ ਬਣੀ ਸੀ। ਗੁਰਦੁਆਰਾ ਐਕਟ 1925 ਲਾਗੂ ਹੋਣ ਪਿੱਛੋਂ ਹੁਣ ਤੱਕ ਸ਼੍ਰੋਮਣੀ ਕਮੇਟੀ 'ਤੇ ਸ਼੍ਰੋਮਣੀ ਅਕਾਲੀ ਦਲ ਦਾ ਕਬਜ਼ਾ ਹੈ। ਅਕਾਲੀ ਦਲ ਕਈ ਵਾਰੀ ਦੋਫਾੜ ਵੀ ਹੋਇਆ ਤੇ ਕਈ ਅਕਾਲੀ ਦਲ (ਧੜੇ) ਬਣੇ, ਪਰ ਉਹੀ ਅਕਾਲੀ ਦਲ 'ਅਸਲੀ' ਅਕਾਲੀ ਦਲ ਸਮਝਿਆ ਜਾਂਦਾ ਹੈ ਜਿਸ ਦਾ ਸ਼੍ਰੋਮਣੀ ਕਮੇਟੀ ਉਤੇ ਕਬਜ਼ਾ ਹੋਵੇ। ਇਸ ਸਾਲ ਜਨਵਰੀ ਤੋਂ ਸ਼੍ਰੋਮਣੀ ਅਕਾਲੀ ਦਲ ਦਾ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਉਤੇ ਵੀ ਕਬਜ਼ਾ ਹੈ। ਹਾਲ ਹੀ ਵਿਚ ਦਿੱਲੀ ਵਿਧਾਨ ਸਭਾ ਚੋਣਾਂ ਵਿਚ ਅਕਾਲੀ ਦਲ ਨੇ ਆਪਣਾ ਖਾਤਾ ਖੋਲ੍ਹਿਆ ਹੈ।

## ਅਕਾਲੀ ਦਲ ਨਾਲ ਜੁੜੀਆਂ ਅਹਿਮ ਘਟਨਾਵਾਂ

_14 ਦਸੰਬਰ, 1920: ਸ੍ਰੀ ਅਕਾਲ ਤਖ਼ਤ ਸਾਹਿਬ ਅੰਮ੍ਰਿਤਸਰ ਵਿਖੇ ਸ਼੍ਰੋਮਣੀ ਅਕਾਲੀ ਦਲ ਦੀ ਸਥਾਪਨਾ। ਪਹਿਲੇ ਪ੍ਰਧਾਨ ਸ. ਸਰਮੁੱਖ ਸਿੰਘ ਝਬਾਲ ਬਣੇ।_

_20 ਫਰਵਰੀ, 1921: ਗੁਰਦੁਆਰਾ ਨਨਕਾਣਾ ਸਾਹਿਬ ਦਾ ਸਾਕਾ।_

_19 ਜਨਵਰੀ, 1922: ਚਾਬੀਆਂ ਦਾ ਮੋਰਚਾ ਨੂੰ ਫ਼ਤਹਿ।_

_8 ਅਗਸਤ, 1922: ਗੁਰੂ ਕੇ ਬਾਗ ਦਾ ਮੋਰਚਾ ਸ਼ੁਰੂ।_

_30 ਅਕਤੂਬਰ, 1922: ਪੰਜਾ ਸਾਹਿਬ ਦਾ ਸਾਕਾ। ਭਾਈ ਕਰਮ ਸਿੰਘ, ਭਾਈ ਪ੍ਰਤਾਪ ਸਿੰਘ ਸ਼ਹੀਦ।_

_12 ਅਕਤੂਬਰ, 1923: ਸ਼੍ਰੋਮਣੀ ਅਕਾਲੀ ਦਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਗ਼ੈਰ-ਕਾਨੂੰਨੀ ਕਰਾਰ। 21 ਫਰਵਰੀ, 1924: ਗੁਰਦੁਆਰਾ ਗੰਗਸਰ ਜੈਤੋ ਦਾ ਸਾਕਾ।_

_9 ਮਾਰਚ, 1947: ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਬਾਬੂ ਲਾਭ ਸਿੰਘ ਜਲੰਧਰ ਵਿਖੇ ਸ਼ਹੀਦ।_

_10 ਮਈ ਤੋਂ 12 ਜੁਲਾਈ, 1955: ਪੰਜਾਬੀ ਸੂਬਾ ਜ਼ਿੰਦਾਬਾਦ ਮੋਰਚਾ ਚੱਲਿਆ। ਮੋਰਚੇ ਵਿਚ 12 ਹਜ਼ਾਰ ਅਕਾਲੀਆਂ ਨੇ ਗ੍ਰਿਫ਼ਤਾਰੀਆਂ ਦਿੱਤੀਆਂ।_

_24 ਮਈ, 1960 ਈ: ਤੋਂ 9 ਜਨਵਰੀ, 1961: ਪੰਜਾਬੀ ਸੂਬੇ ਦਾ ਮੋਰਚਾ। ਇਸ ਮੋਰਚੇ ਵਿਚ 57129 ਗ੍ਰਿਫ਼ਤਾਰੀਆਂ ਹੋਈਆਂ।_

_12 ਜੂਨ, 1960: ਸ਼੍ਰੋਮਣੀ ਅਕਾਲੀ ਦਲ ਵੱਲੋਂ ਦਿੱਲੀ ਵਿਚ ਕੱਢੇ ਗਏ ਰੋਸ ਮਾਰਚ ਦੌਰਾਨ ਪੁਲਿਸ ਦੀਆਂ ਗੋਲੀਆਂ ਨਾਲ 7 ਅਕਾਲੀ ਸ਼ਹੀਦ ਹੋਏ।_

_9 ਅਕਤੂਬਰ, 1960: ਪੰਜਾਬੀ ਸੂਬਾ ਮੋਰਚੇ ਦੌਰਾਨ ਬਠਿੰਡਾ ਜੇਲ੍ਹ ਵਿਚ ਬੰਦ ਅਕਾਲੀ ਸਿੰਘਾਂ 'ਤੇ ਗੋਲੀ ਚਲਾਈ; 4 ਅਕਾਲੀ ਸਿੰਘ ਸ਼ਹੀਦ।_

_1 ਨਵੰਬਰ, 1966: ਮੌਜੂਦਾ ਪੰਜਾਬ ਨੂੰ ਹੋਂਦ ਵਿਚ ਆਇਆ।_

_16, 17 ਅਕਤੂਬਰ, 1973: ਆਨੰਦਪੁਰ ਸਾਹਿਬ ਦੇ ਮਤੇ ਦਾ ਖਰੜਾ ਤਿਆਰ।_

_9 ਜੁਲਾਈ, 1975 ਤੋਂ 18 ਜਨਵਰੀ, 1977: ਸ਼੍ਰੋਮਣੀ ਅਕਾਲੀ ਦਲ ਵੱਲੋਂ ਐਮਰਜੈਂਸੀ ਵਿਰੁੱਧ ਮੋਰਚਾ।_

_24 ਅਪਰੈਲ, 1982: ਨਹਿਰ ਰੋਕੋ (ਕਪੂਰੀ) ਮੋਰਚਾ ਸ਼ੁਰੂ।_

_4 ਅਗਸਤ, 1982: ਧਰਮ ਯੁੱਧ ਮੋਰਚਾ ਸ਼ੁਰੂ।_

_19 ਨਵੰਬਰ, 1982 ਤੋਂ 4 ਦਸੰਬਰ 1982: ਏਸ਼ੀਆਈ ਖੇਡਾਂ ਸਮੇਂ ਦਿੱਲੀ ਵਿਖੇ ਗੁਰਦੁਆਰਾ ਬੰਗਲਾ ਸਾਹਿਬ ਤੋਂ ਮੋਰਚਾ ਲਗਾ ਕੇ ਗ੍ਰਿਫ਼ਤਾਰੀਆਂ ਦਿੱਤੀਆਂ।_

_ਜੂਨ, 1984: ਸ੍ਰੀ ਹਰਿਮੰਦਰ ਸਾਹਿਬ ਉਤੇ ਫੌਜੀ ਚੜ੍ਹਾਈ।_

_24 ਜੁਲਾਈ, 1985: ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੰਤ ਹਰਚੰਦ ਸਿੰਘ ਲੌਂਗੋਵਾਲ ਅਤੇ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਵਿਚਕਾਰ ਪੰਜਾਬ ਸਮਝੌਤਾ।_

_20 ਅਗਸਤ, 1985: ਸੰਤ ਲੌਂਗੋਵਾਲ ਦਾ ਕਤਲ।_

_24, 25 ਫਰਵਰੀ, 1996: ਸ਼੍ਰੋਮਣੀ ਅਕਾਲੀ ਦਲ ਦੀ 75ਵੀਂ ਵਰ੍ਹੇਗੰਢ ਮੋਗਾ ਵਿਖੇ ਮਨਾਈ।_

_31 ਜਨਵਰੀ, 2008: ਸ. ਸੁਖਬੀਰ ਸਿੰਘ ਬਾਦਲ 21ਵੇਂ ਪ੍ਰਧਾਨ ਬਣੇ।_

# ਇਤਿਹਾਸਕ ਬੇਰੀਆਂ ਕਿਵੇਂ ਬਚਾਈਆਂ ਜਾਣ?

ਜਨਵਰੀ 2011 ਵਿਚ ਛਪੀ ਇਹ ਖ਼ਬਰ ਪੜ੍ਹ ਕੇ ਬਹੁਤ ਖ਼ੁਸ਼ੀ ਹੋਈ ਸੀ ਕਿ ਪੰਜਾਬ ਖੇਤੀਬਾੜੀ ਯੂਨੀਵਰਸਟੀ ਦੇ ਮਾਹਰਾਂ ਨੇ ਹਰਿਮੰਦਰ ਸਾਹਿਬ ਵਿਖੇ 400 ਸਾਲ ਪੁਰਾਣੇ ਸੁੱਕੇ ਹੋਏ ਬੇਰੀਆਂ ਦੇ ਦਰੱਖ਼ਤਾਂ ਨੂੰ ਫਿਰ ਸੁਰਜੀਤ ਕਰ ਦਿੱਤਾ ਸੀ। ਇਹ ਕੋਈ ਆਮ ਦਰੱਖ਼ਤ ਨਹੀਂ ਸਨ। ਇਨ੍ਹਾਂ ਵਿਚ ਸ਼ਾਮਿਲ ਸਨ 440 ਸਾਲ ਪੁਰਾਣਾ ਬੇਰ ਬਾਬਾ ਬੁੱਢਾ ਸਾਹਿਬ, ਅਤੇ 400 ਸਾਲ ਪੁਰਾਣੀ ਦੁੱਖ-

ਡਾ. ਮਨਜੀਤ ਸਿੰਘ ਕੰਗ

ਭੰਜਨੀ ਬੇਰੀ ਅਤੇ ਇਲਾਇਚੀ ਬੇਰੀ। ਕਿਹਾ ਜਾਂਦਾ ਹੈ ਬੇਰ ਬਾਬਾ ਬੁੱਢਾ ਉਹ ਦਰੱਖ਼ਤ ਹੈ ਜਿਸ ਹੇਠਾਂ ਬੈਠ ਕੇ ਬਾਬਾ ਬੁੱਢਾ ਜੀ ਦਰਬਾਰ ਸਾਹਿਬ ਦੀ ਉਸਾਰੀ ਦੀ ਨਿਗਰਾਨੀ ਕਰਦੇ ਸਨ ਅਤੇ ਇਲਾਇਚੀ ਬੇਰੀ ਹੇਠ ਬੈਠ ਕੇ ਗੁਰੂ ਅਰਜਨ ਦੇਵ ਜੀ ਹਰਿਮੰਦਰ ਸਾਹਿਬ ਦੀ ਉਸਾਰੀ ਦੀ ਦੇਖ-ਰੇਖ ਕਰਦੇ ਸਨ। ਆਮ ਬੇਰ ਦੇ ਦਰੱਖ਼ਤਾਂ ਦੀ ਉਮਰ 100 ਕੁ ਸਾਲ ਹੀ ਹੁੰਦੀ ਹੈ। ਇਨ੍ਹਾਂ ਤਿੰਨਾਂ ਪਵਿੱਤਰ 400 ਸਾਲ ਪੁਰਾਣੀਆਂ ਬੇਰੀਆਂ ਨੂੰ ਪਿਛਲੇ 20 ਕੁ ਸਾਲਾਂ ਤੋਂ ਫਲ ਨਹੀਂ ਸੀ ਲੱਗਿਆ ਪਰ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਮਾਹਿਰਾਂ ਦੀਆਂ ਕੋਸ਼ਿਸ਼ਾਂ ਦੇ ਫਲਸਰੂਪ, 2011 ਵਿਚ ਇਨ੍ਹਾਂ ਦਰੱਖ਼ਤਾਂ ਨੂੰ ਫਿਰ ਫਲ ਲੱਗਣਾ ਸ਼ੁਰੂ ਹੋ ਗਿਆ ਸੀ। ਧਰਮ ਅਤੇ ਵਿਗਿਆਨ ਦੇ ਮਿਲਾਪ ਦੀ ਇਹ ਚੰਗੀ ਮਿਸਾਲ ਹੈ। ਯੂਨੀਵਰਸਿਟੀ ਦੇ ਮਾਹਰ ਇਨ੍ਹਾਂ ਦਰੱਖ਼ਤਾਂ ਨੂੰ ਦੇਖਣ ਲਈ ਪਹਿਲੀ ਵਾਰ 1998 ਵਿਚ ਗਏ ਸਨ ਜਦੋਂ ਇਹ ਦਰੱਖ਼ਤ ਲਗਭਗ ਸੁੱਕ ਚੁੱਕੇ ਸਨ। ਖੋਜ ਕਰਨ ਤੋਂ ਪਤਾ ਲੱਗਾ ਕਿ ਇਨ੍ਹਾਂ ਦਰੱਖ਼ਤਾਂ ਦੇ ਸੁੱਕਣ ਦਾ ਕਾਰਨ ਘਿਉ ਸੀ। ਸ਼ਰਧਾਲੂ ਦੇਗ ਲੈਣ ਤੋਂ ਬਾਅਦ ਇਨ੍ਹਾਂ ਦਰਖ਼ਤਾਂ ਦੇ ਤਣੇ ਨੂੰ ਹੱਥ ਲਾਉਂਦੇ ਸਨ ਜਿਸ ਨਾਲ ਦਰੱਖ਼ਤਾਂ ਦੇ ਰੋਮ ਬੰਦ ਹੋ ਗਏ ਅਤੇ ਦਰੱਖ਼ਤ ਸੁੱਕਣੇ ਸ਼ੁਰੂ ਹੋ ਗਏ। ਸੁੱਕੇ ਦਰੱਖ਼ਤਾਂ 'ਤੇ ਲਾਖ ਦੇ ਕੀੜਿਆਂ ਨੇ ਵੀ ਹਮਲਾ ਕੀਤਾ ਸੀ। 2011 ਵਿਚ ਭਾਵੇਂ ਇਨ੍ਹਾਂ ਦਰੱਖ਼ਤਾਂ ਦੀ ਕਾਇਆ ਕਲਪ ਕੀਤੀ ਗਈ ਸੀ, ਹੁਣ ਫਿਰ ਰਿਪੋਰਟਾਂ ਆ ਰਹੀਆਂ ਹਨ ਕਿ ਦੁੱਖ ਭੰਜਨੀ ਬੇਰੀ ਦਾ ਇਕ ਹਿੱਸਾ ਸੁੱਕ ਗਿਆ ਹੈ। ਪੀ.ਏ.ਯੂ. ਦੇ ਸਾਇੰਸਦਾਨ ਇਸ ਦਰੱਖ਼ਤ ਨੂੰ ਪੁਨਰਜੀਵਤ ਕਰਨ ਦੀ ਕੋਸ਼ਿਸ਼ ਕਰ ਰਹੇ ਹਨ।

ਵੱਖਰੇ-ਵੱਖਰੇ ਗੁਰਦੁਆਰਿਆਂ ਵਿਖੇ ਬੇਰ ਅਤੇ ਹੋਰ ਬਹੁਤ ਸਾਰੇ ਇਤਿਹਾਸਕ ਦਰੱਖ਼ਤਾਂ ਨੂੰ ਵੀ ਇਸੇ ਤਰ੍ਹਾਂ ਦੀਆਂ ਸਮੱਸਿਆਵਾਂ ਆ ਰਹੀਆਂ ਹਨ। ਕਈ ਮਾਹਰਾਂ ਨਾਲ ਇਨ੍ਹਾਂ ਪੁਰਾਣੇ ਦਰੱਖ਼ਤਾਂ ਨੂੰ ਪੁਨਰਜੀਵਤ ਕਰਨ ਬਾਰੇ ਗੱਲ ਕੀਤੀ ਹੈ। ਇਕਬਾਲ ਸਿੰਘ ਔਜਲਾ ਜੋ ਅਮਰੀਕਾ ਦੀ ਵਾਸ਼ਿੰਗਟਨ ਸਟੇਟ ਯੂਨੀਵਰਸਿਟੀ ਵਿਚ ਪਲਾਂਟ ਪੈਥੋਲੋਜੀ ਵਿਚ ਪੀਐੱਚ. ਡੀ. ਕਰ ਰਿਹਾ ਹੈ, ਨੇ ਕੁਝ ਸੁਝਾਅ ਭੇਜੇ ਹਨ।

ਪਹਿਲਾਂ ਤਾਂ ਇਹ ਜਾਣਨ ਦੀ ਲੋੜ ਹੈ ਕਿ ਇਨ੍ਹਾਂ ਦਰੱਖ਼ਤਾਂ ਦਾ ਕਈ ਸਦੀਆਂ ਤੱਕ ਜਿਉਂਦੇ ਰਹਿਣ ਦਾ ਕੀ ਰਾਜ਼ ਹੈ। ਪਹਿਲੀ ਗੱਲ, ਇਹ ਸਾਰੇ ਦਰਖ਼ਤ ਪਾਣੀ ਦੇ ਸੋਮਿਆਂ, ਜਿਵੇਂ ਸਰੋਵਰ ਜਾਂ ਢਾਬ ਦੇ ਨੇੜੇ ਹਨ। ਇਹ ਸਰੋਵਰ ਨਹਿਰੀ ਜਾਂ ਮੀਂਹ ਦੇ ਪਾਣੀ ਨਾਲ ਭਰ ਜਾਂਦੇ ਸਨ ਅਤੇ ਇਨ੍ਹਾਂ ਦਰੱਖ਼ਤਾਂ ਨੂੰ ਖ਼ੁਰਾਕੀ ਤੱਤ ਪਾਣੀ ਵਿਚੋਂ ਮਿਲ ਜਾਂਦੇ ਸਨ। ਇਨ੍ਹਾਂ ਦਰੱਖ਼ਤਾਂ ਦੁਆਲੇ ਜ਼ਮੀਨ ਖਾਲੀ ਹੁੰਦੀ ਸੀ ਅਤੇ ਇਨ੍ਹਾਂ ਨੂੰ ਖੁਲ੍ਹੀ ਹਵਾ ਮਿਲਦੀ ਸੀ। ਇਸ ਨਾਲ ਵਾਸ਼ਪੀਕਰਨ ਦੀ ਪ੍ਰਕਿਰਿਆ ਜੋ ਪੌਦਿਆਂ ਲਈ ਨਾ ਸਿਰਫ਼ ਪੌਸ਼ਟਿਕ ਤੱਤਾਂ ਨੂੰ ਜੜ੍ਹਾਂ ਤੋਂ ਪੱਤਿਆਂ ਤੱਕ ਪਹੁੰਚਾਉਣ ਲਈ ਜ਼ਰੂਰੀ ਹੈ ਬਲਕਿ ਪੌਦਿਆਂ ਦਾ ਆਦਰਸ਼ਕ ਤਾਪਮਾਨ ਕਾਇਮ ਰੱਖਣ ਲਈ ਵੀ ਜ਼ਰੂਰੀ ਹੈ, ਠੀਕ ਢੰਗ ਨਾਲ ਚਲਦੀ ਰਹਿੰਦੀ ਸੀ। ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਇਹ ਦਰੱਖ਼ਤ ਸੁੱਕਣ ਜਾਂ ਮਰਨ ਵਾਲੀ ਸਥਿਤੀ ਵਿਚ ਕਿਵੇਂ ਪਹੁੰਚੇ? ਇਸ ਦਾ ਵੱਡਾ ਕਾਰਨ ਇਨ੍ਹਾਂ ਦਰਖ਼ਤਾਂ ਦੁਆਲੇ ਸੰਗਮਰਮਰ ਦੀ ਬਿਨਾਂ ਸੋਚਿਆਂ ਅੰਧਾਧੁੰਦ ਵਰਤੋਂ ਕਰਨਾ ਹੈ। ਬਹੁਤ ਸਾਰੀਆਂ ਥਾਂਵਾਂ 'ਤੇ ਸੰਗਮਰਮਰ ਦਰੱਖ਼ਤ ਦੇ ਤਣੇ ਤੱਕ ਲਾਇਆ ਗਿਆ ਹੈ। ਕਈ ਥਾਈਂ, ਬਿਲਡਿੰਗਾਂ ਇਨ੍ਹਾਂ ਦਰਖ਼ਤਾਂ ਦੇ ਬਹੁਤ ਨੇੜੇ ਉਸਾਰੀਆਂ ਗਈਆਂ ਹਨ। ਕੋਈ ਪਤਾ ਨਹੀਂ ਕਿ ਇਨ੍ਹਾਂ ਦਰੱਖ਼ਤਾਂ ਦੀਆਂ ਕਿੰਨੀਆਂ ਜੜ੍ਹਾਂ ਨੂੰ ਨੁਕਸਾਨ ਪਹੁੰਚ ਚੁੱਕਾ ਹੈ। ਦਰੱਖ਼ਤਾਂ ਦਾ ਪਾਣੀ ਦਾ ਸੋਮਾ ਬੰਦ ਹੋ ਚੁੱਕਾ ਹੈ। ਇਸ ਤਰ੍ਹਾਂ ਦਰੱਖ਼ਤਾਂ ਉੱਤੇ ਬਹੁਤ ਨਕਾਰਾਤਮਿਕ ਪ੍ਰਭਾਵ ਪੈਂਦੇ ਹਨ। ਸਭ ਤੋਂ ਪਹਿਲਾਂ ਪੱਤਿਆਂ 'ਤੇ ਪ੍ਰਭਾਵ ਪੈਂਦਾ ਹੈ। ਆਲੇ-ਦੁਆਲੇ ਸੰਗਮਰਮਰ ਲੱਗਣ ਕਾਰਨ ਤਾਪਮਾਨ ਸਵੇਰੇ-ਸਵੇਰੇ ਹੀ ਬਹੁਤ ਵਧ ਜਾਂਦਾ ਹੈ ਜਿਸ ਕਾਰਨ ਵਾਸ਼ਪੀਕਰਨ ਵਧਦਾ ਹੈ। ਅਜਿਹਾ ਹੋਣ ਨਾਲ ਦਰੱਖ਼ਤ ਜਾਂ ਪੌਦੇ ਨੂੰ ਜ਼ਿਆਦਾ ਪਾਣੀ ਦੀ ਲੋੜ ਪਵੇਗੀ ਪਰ ਲੋੜੀਂਦਾ ਵਾਧੂ ਪਾਣੀ ਦਰੱਖ਼ਤ ਦੁਆਲੇ ਪੱਕਾ ਫ਼ਰਸ਼ ਹੋਣ ਕਰ ਕੇ ਅਤੇ ਸਰੋਵਰ ਤੋਂ ਪਾਣੀ ਬੰਦ ਹੋਣ ਕਰ ਕੇ ਨਹੀਂ ਮਿਲ ਸਕਦਾ। ਆਲੇ-ਦੁਆਲੇ ਬਿਲਡਿੰਗਾਂ ਹੋਣ ਕਾਰਨ ਹਵਾ ਵੀ ਗਰਮ ਅਤੇ ਗਤੀਹੀਣ ਹੋ ਜਾਂਦੀ ਹੈ। ਇਸ ਦੇ ਕਾਰਨ ਦਰੱਖ਼ਤ ਦਾ ਪ੍ਰਕਾਸ਼-ਸੰਸਲੇਸ਼ਣ ਢਾਂਚਾ ਅਤੇ ਪ੍ਰਕਿਰਿਆ ਪ੍ਰਭਾਵਤ ਹੁੰਦੀ ਹੈ ਅਤੇ ਤਾਪਕ ਸੰਤੁਲਨ ਵਿਗੜਦਾ ਹੈ।

ਦੂਜਾ ਪ੍ਰਭਾਵ ਇਨ੍ਹਾਂ ਦਰੱਖ਼ਤਾਂ ਦੀਆਂ ਜੜ੍ਹਾਂ 'ਤੇ ਪੈਂਦਾ ਹੈ। ਆਮ ਤੌਰ 'ਤੇ ਦਰੱਖ਼ਤ ਦੇ ਤਣੇ ਦੇ ਨੇੜੇ ਵਾਲੀਆਂ ਜੜ੍ਹਾਂ ਦਾ ਕੰਮ ਦਰੱਖ਼ਤ ਨੂੰ ਸਹਾਰਾ ਦੇਣ ਦਾ ਹੁੰਦਾ ਹੈ ਅਤੇ ਤਣੇ ਤੋਂ ਦੂਰ ਵਾਲੀਆਂ ਜੜ੍ਹਾਂ ਪਾਣੀ ਅਤੇ ਖ਼ੁਰਾਕੀ ਤੱਤਾਂ ਦੀ ਭਾਲ ਕਰਦੀਆਂ ਹਨ ਅਤੇ ਉਨ੍ਹਾਂ ਨੂੰ ਜਜ਼ਬ ਕਰਦੀਆਂ ਹਨ। ਜਦੋਂ ਦਰੱਖ਼ਤਾਂ ਦੇ ਨੇੜੇ ਬਿਲਡਿੰਗਾਂ ਖੜ੍ਹੀਆਂ ਕੀਤੀਆਂ ਜਾਂਦੀਆਂ ਹਨ ਤਾਂ ਦਰੱਖ਼ਤਾਂ ਦੀਆਂ ਇਹ ਮਹੱਤਵਪੂਰਨ ਜੜ੍ਹਾਂ ਕੱਟੀਆਂ ਜਾਂਦੀਆਂ ਹਨ। ਨਵੀਆਂ ਜੜ੍ਹਾਂ ਪੈਦਾ ਹੋਣ ਲਈ ਖ਼ਾਲੀ ਥਾਂ ਜ਼ਰੂਰੀ ਹੈ। ਆਲੇ-ਦੁਆਲੇ ਸੰਗਮਰਮਰ ਦਾ ਫ਼ਰਸ਼ ਹੋਣ ਕਾਰਨ, ਦਰੱਖ਼ਤ ਨੂੰ ਜ਼ਮੀਨ ਵਿਚੋਂ ਕੁਦਰਤੀ ਜਾਂ ਬਣਾਵਟੀ ਖ਼ੁਰਾਕ ਹਾਸਲ ਨਹੀਂ ਹੋ ਸਕਦੀ। ਜੇ ਬਨਾਵਟੀ ਖ਼ੁਰਾਕ ਦਰੱਖ਼ਤ ਦੇ ਤਣੇ ਦੇ ਨਜ਼ਦੀਕ ਪਾਈ ਜਾਂਦੀ ਹੈ ਤਾਂ ਸਮੱਸਿਆ ਇਹ ਹੈ ਕਿ ਤਣੇ ਨੇੜਲੀਆਂ ਵੱਡੀਆਂ ਜੜ੍ਹਾਂ ਇਹ ਖ਼ੁਰਾਕੀ ਤੱਤ ਜਜ਼ਬ ਨਹੀਂ ਕਰ ਸਕਦੀਆਂ। ਦਰੱਖ਼ਤ ਦੀਆਂ ਦੂਰ-ਦੁਰਾਡੀਆਂ ਜੜ੍ਹਾਂ ਜ਼ਮੀਨ ਦਾ ਤਾਪਮਾਨ ਵਧਣ ਕਾਰਨ ਸੁੱਕਣੀਆਂ ਸ਼ੁਰੂ ਹੋ ਜਾਂਦੀਆਂ ਹਨ। ਸਦੀਆਂ ਪੁਰਾਣੇ ਦਰੱਖ਼ਤਾਂ ਲਈ ਤਣੇ ਦੇ ਨੇੜੇ ਨਵੀਆਂ ਜੜ੍ਹਾਂ ਪੈਦਾ ਕਰਨਾ ਮੁਸ਼ਕਿਲ ਹੁੰਦਾ ਹੈ। ਦਰਖ਼ਤ ਮੁਰਝਾਉਣੇ ਅਤੇ ਮਰਨੇ ਸ਼ੁਰੂ ਹੋ ਜਾਂਦੇ ਹਨ। ਹੱਲ ਕੋਈ ਜ਼ਿਆਦਾ ਮੁਸ਼ਕਿਲ ਨਹੀਂ ਹਨ। ਇਨ੍ਹਾਂ ਸਦੀਆਂ ਪੁਰਾਣੇ ਦਰਖ਼ਤਾਂ ਨੂੰ ਸਾਰੇ ਗੁਰਦੁਆਰਿਆਂ ਵਿਚ 'ਸਾਹ ਲੈਣ ਲਈ' ਥਾਂ ਦੇਣ ਦੀ ਲੋੜ ਹੈ। ਇਨ੍ਹਾਂ ਦੇ ਆਲੇ-ਦੁਆਲੇ ਅਤੇ ਨੇੜਿਓਂ ਬਿਲਡਿੰਗਾਂ ਹਟਾਉਣੀਆਂ ਚਾਹੀਦੀਆਂ ਹਨ। ਦਰੱਖ਼ਤ ਦੇ ਛਤਰ ਹੇਠੋਂ ਸਾਰਾ ਪੱਕਾ ਫ਼ਰਸ਼ ਹਟਾਉਣਾ ਚਾਹੀਦਾ ਹੈ। ਪਾਣੀ ਦੇ ਸੋਮੇਂ (ਸਰੋਵਰ ਆਦਿ) ਤੋਂ ਦਰੱਖ਼ਤ ਨੂੰ ਲਗਾਤਾਰ ਪਾਣੀ ਮਿਲਦੇ ਰਹਿਣ ਦਾ ਪ੍ਰਬੰਧ ਕਰਨਾ ਚਾਹੀਦਾ ਹੈ। ਇਸ ਤੋਂ ਇਲਾਵਾ, ਖੇਤੀਬਾੜੀ ਯੂਨੀਵਰਸਿਟੀ ਦੇ ਮਾਹਰਾਂ ਦੀ ਸਲਾਹ ਅਨੁਸਾਰ ਖਾਦ ਦੇਣੀ ਚਾਹੀਦੀ ਹੈ ਅਤੇ ਕੀਟ ਅਤੇ ਬਿਮਾਰੀਆਂ ਰੋਕਣ ਦੀਆਂ ਸਿਫਾਰਸ਼ਾਂ 'ਤੇ ਅਮਲ ਕਰਨਾ ਵੀ ਜ਼ਰੂਰੀ ਹੈ। ਸ਼ਰਧਾਲੂਆਂ ਨੂੰ ਇਨ੍ਹਾਂ ਦਰੱਖ਼ਤਾਂ ਦੇ ਤਣੇ 'ਤੇ ਤੇਲ/ਘਿਉ ਵਾਲੇ ਹੱਥ ਲਾਉਣ ਤੋਂ ਮਨ੍ਹਾਂ ਕਰਨਾ ਚਾਹੀਦਾ ਹੈ। ਸਾਰੇ ਸ਼ਰਧਾਲੂਆਂ ਨੂੰ ਵੀਡੀਓ ਰਾਹੀਂ ਇਨ੍ਹਾਂ ਚੀਜ਼ਾਂ ਬਾਰੇ ਜਾਣਕਾਰੀ ਦਿੱਤੀ ਜਾਣੀ ਚਾਹੀਦੀ ਹੈ। ਕਈ ਦਰੱਖ਼ਤਾਂ ਥੱਲੇ ਗੁਰਦੁਆਰਿਆਂ ਵਿਚ ਗੋਲਕਾਂ ਰੱਖੀਆਂ ਹੋਈਆਂ ਹਨ ਜਿਸ ਨਾਲ ਦਰਖ਼ਤਾਂ ਦੀ ਪੂਜਾ ਵੱਲ ਰੁਝਾਨ ਵਧਦਾ ਹੈ। ਇਕਬਾਲ ਸਿੰਘ ਔਜਲਾ ਦੇ ਤਜਰਬੇ ਅਨੁਸਾਰ, ਇਨ੍ਹਾਂ ਸਿਫ਼ਾਰਸ਼ਾਂ 'ਤੇ ਅਮਲ ਕਰਨ ਨਾਲ ਗੁਰਦੁਆਰਾ ਕਟਾਣਾ ਸਾਹਿਬ (ਲੁਧਿਆਣਾ) ਅਤੇ ਗੁਰਦੁਆਰਾ ਬੇਰ ਸਾਹਿਬ (ਅੰਮ੍ਰਿਤਸਰ) ਦੀਆਂ ਪੁਰਾਣੀਆਂ ਬੇਰੀਆਂ ਵਿਚ ਜ਼ਮੀਨ ਵਿਚੋਂ ਨਵੀਆਂ ਕਰੂੰਬਲਾਂ ਨਿਕਲਣ ਲੱਗ ਪਈਆਂ ਸਨ ਜੋ ਨਵੇਂ ਤਣੇ ਬਣਨਯੋਗ ਸਨ। ਇਨ੍ਹਾਂ ਸੁਝਾਵਾਂ 'ਤੇ ਅਮਲ ਕਰਨ ਨਾਲ ਪੁਰਾਣੇ ਇਤਿਹਾਸਕ ਬੇਰੀਆਂ ਦੇ ਦਰੱਖ਼ਤ ਬਚਾਏ ਜਾ ਸਕਦੇ ਹਨ।

# ਤਾਏ ਤੋਂ ਸੁਣੋ ਮੋਦੀ ਦੀ ਅਸਲੀਅਤ !

ਕਿਸੇ ਬੰਦੇ ਨੂੰ ਪਛਾਣਨ ਅਤੇ ਪਰਖਣ ਲਈ ਇਹ ਗੱਲ ਤਾਂ ਮਗਰੋਂ ਆਉਂਦੀ ਹੈ ਕਿ ਉਹ ਦੁਨੀਆਂ ਬਾਰੇ ਕੀ ਸੋਚਦਾ ਹੈ, ਉਹਦਾ ਅਸਲ ਹੀਜ-ਪਿਆਜ ਆਪਣੇ ਘਰ-ਪਰਿਵਾਰ ਵੱਲ ਉਹਦਾ ਰਵਈਆ ਖੋਲ੍ਹਦਾ ਹੈ। ਕੋਈ ਆਪਣੇ ਮਾਪਿਆਂ, ਭੈਣ-ਭਰਾਵਾਂ ਤੇ ਪਤਨੀ ਨੂੰ ਕੀ ਸਮਝਦਾ ਹੈ, ਉਨ੍ਹਾਂ ਦਾ ਕਿੰਨਾ ਆਦਰ-ਅਨਾਦਰ ਕਰਦਾ ਹੈ, ਇਹ ਪਰਖ ਦੀ ਅਸਲ ਕਸਵੱਟੀ ਹੁੰਦੀ ਹੈ।



ਗੁਰਬਚਨ ਸਿੰਘ ਭੁੱਲਰ
ਫੋਨ: 91-11-65736868
bhullargs@gmail.com

ਭਾਰਤੀ ਜਨਤਾ ਪਾਰਟੀ ਅਤੇ ਅਕਾਲੀਆਂ ਤੇ ਸ਼ਿਵ ਸੈਨਿਕਾਂ ਦੇ ਕਾਗ਼ਜ਼ੀ ਸ਼ੇਰ ਨਰਿੰਦਰ ਮੋਦੀ ਨੂੰ ਜਿਸ ਦਿਨ 2014 ਦੀਆਂ ਚੋਣਾਂ ਵਾਸਤੇ ਪ੍ਰਧਾਨ ਮੰਤਰੀ ਦੀ ਗੱਦੀ ਦਾ ਉਮੀਦਵਾਰ ਐਲਾਨਿਆ ਗਿਆ, ਪੱਤਰਕਾਰ ਉਹਦੇ ਸਕੇ-ਸਬੰਧੀਆਂ ਕੋਲ ਪਹੁੰਚ ਗਏ। ਉਹਦੇ ਪਿਤਾ ਦਾ ਤਾਂ ਸੁਰਗਵਾਸ ਹੋ ਚੁਕਿਆ ਹੈ ਪਰ 94 ਸਾਲ ਦੀ ਮਾਤਾ ਹੀਰਾ ਬਾ ਜੀਵਤ ਹੈ। ਮੋਦੀ ਦੇ ਦੋ ਵੱਡੇ ਤੇ ਦੋ ਛੋਟੇ-ਚਾਰ ਭਾਈ ਹੋਰ ਹਨ ਅਤੇ ਇਕ ਭੈਣ ਹੈ। ਪੱਤਰਕਾਰ ਇਸ ਦਿਨ ਨੂੰ ਮੋਦੀ ਦੇ ਜੀਵਨ ਦਾ ਸਭ ਤੋਂ ਵੱਡਾ ਦਿਨ ਆਖ ਰਹੇ ਸਨ ਅਤੇ ਇਸ ਦਿਨ ਨੂੰ ਵੀ ਪਰਿਵਾਰ ਕੋਲ ਉਸ ਬਾਰੇ ਆਖਣ ਲਈ ਕੋਈ ਚੰਗਾ ਬੋਲ ਨਹੀਂ ਸੀ! ਵੈਸੇ ਪੱਤਰਕਾਰਾਂ ਦਾ ਮੋਦੀ ਦੇ ਉਮੀਦਵਾਰ ਐਲਾਨੇ ਜਾਣ ਨੂੰ ਹੀ 'ਉਹਦੇ ਜੀਵਨ ਦਾ ਸਭ ਤੋਂ ਵੱਡਾ ਦਿਨ' ਕਹਿਣਾ ਬਹੁਤ ਅਰਥਪੂਰਨ ਹੈ। ਉਹ ਜਾਣਦੇ ਹਨ ਕਿ ਉਹਨੇ ਪ੍ਰਧਾਨ ਮੰਤਰੀ ਤਾਂ ਬਣਨਾ ਨਹੀਂ, ਇਸ ਲਈ ਉਮੀਦਵਾਰ ਬਣਨਾ ਹੀ ਉਹਦੇ ਵਾਸਤੇ ਸਭ ਤੋਂ ਵੱਡਾ ਦਿਨ ਬਣ ਕੇ ਰਹਿ ਜਾਵੇਗਾ!

ਪੂਰੇ ਪਰਿਵਾਰ ਵਿਚੋਂ ਇਕੋ-ਇਕ ਮਾਂ ਹੀ ਹੈ ਜਿਸ ਨਾਲ ਕਦੇ ਕਦੇ ਉਹਦੀ ਤਸਵੀਰ ਦਿਸਦੀ ਹੈ। ਬਾਕੀ ਕਿਸੇ ਨਾਲ ਨਾ ਉਹ ਕਦੇ ਦੇਖਿਆ ਗਿਆ ਹੈ ਅਤੇ ਨਾ ਉਹ ਕਦੇ ਕਿਸੇ ਦਾ ਜ਼ਿਕਰ ਕਰਦਾ ਹੈ। ਹੋਰ ਤਾਂ ਹੋਰ, ਉਹਦੀ ਪਤਨੀ ਅੱਧੀ ਸਦੀ ਤੋਂ ਵਿਧਵਾ ਵਾਲਾ ਜੀਵਨ ਬਤੀਤ ਕਰ ਰਹੀ ਹੈ ਅਤੇ ਕਿਸੇ ਨੂੰ ਵੀ ਮਿਲਣੋਂ ਤੇ ਗੱਲ ਕਰਨੋਂ ਇਨਕਾਰ ਕਰਦੀ ਹੈ। ਦਿਲਚਸਪ ਗੱਲ ਇਹ ਹੈ ਕਿ ਮਾਂ ਕੋਲ ਵੀ ਉਹ ਖਾਸ ਮੌਕਿਆਂ ਉਤੇ ਹੀ ਆਪਣੇ ਨਾਲ ਫ਼ੋਟੋਗ੍ਰਾਫ਼ਰ ਲੈ ਕੇ ਜਾਂਦਾ ਹੈ। ਅਖ਼ਬਾਰਾਂ ਅਤੇ ਟੀ.ਵੀ. ਨੂੰ ਦੇਣ ਵਾਸਤੇ ਉਹ ਅਸ਼ੀਰਵਾਦ ਦਿੰਦੀ ਮਾਂ ਨਾਲ ਤਸਵੀਰ ਖਿਚਵਾਉਂਦਾ ਹੈ ਤੇ ਮੁੜ ਆਉਂਦਾ ਹੈ। ਉਹਨੂੰ ਵੀ ਉਹ ਆਪਣੇ ਨਾਲ ਨਹੀਂ ਰਖਦਾ ਜਿਥੇ ਬਿਰਧ ਅਵਸਥਾ ਵਿਚ ਬਿਨਾਂ-ਸ਼ੱਕ ਉਹਦੀ ਚੰਗੀ ਡਾਕਟਰੀ ਸਾਂਭ-ਸੰਭਾਲ ਹੋ ਸਕਦੀ ਹੈ। ਉਹ ਵਿਚਾਰੀ ਆਪਣੇ ਸਭ ਤੋਂ ਛੋਟੇ ਪੁੱਤਰ 52 ਸਾਲ ਦੇ ਪੰਕਜ ਮੋਦੀ ਨਾਲ ਗੁਜਰਾਤ ਦੀ ਰਾਜਧਾਨੀ ਵਿਚ ਹੀ ਰਹਿੰਦੀ ਹੈ। ਪੰਕਜ ਸੂਚਨਾ ਵਿਭਾਗ ਵਿਚ ਮੁਲਾਜ਼ਮ ਹੈ। ਪੱਤਰਕਾਰ ਪਹੁੰਚੇ ਤਾਂ ਉਹਨੇ ਕੁਛ ਵੀ ਆਖਣ ਤੋਂ ਨਾਂਹ ਕਰਦਿਆਂ ਬੱਸ ਏਨਾ ਕਿਹਾ, "ਇਸ ਮੌਕੇ ਮੇਰੇ ਕਹਿਣ ਵਾਲਾ ਕੁਛ ਵੀ ਨਹੀਂ।"

ਪੰਕਜ ਤੋਂ ਵੱਡਾ 58 ਸਾਲ ਦਾ ਪ੍ਰਹਿਲਾਦ ਮੋਦੀ ਵੀ ਅਹਿਮਦਾਬਾਦ ਵਿਚ ਹੀ ਰਹਿੰਦਾ ਹੈ। ਉਹ 'ਫੇਅਰ ਪ੍ਰਾਈਸ ਸ਼ਾਪ ਡੀਲਰਜ਼ ਐਸੋਸੀਏਸ਼ਨ' ਦਾ ਪ੍ਰਧਾਨ ਹੈ। ਉਹਨੇ ਪੱਤਰਕਾਰਾਂ ਨੂੰ ਸਪੱਸ਼ਟ ਜਵਾਬ ਦਿੱਤਾ, "ਮੈਂ ਇਸ ਖ਼ਬਰ ਬਾਰੇ ਕੋਈ ਗੱਲ ਨਹੀਂ ਕਹਿ ਸਕਦਾ। ਇਕ ਤਾਂ ਕੁਛ ਵੀ ਸਪੱਸ਼ਟ ਨਹੀਂ ਹੈ। ਭਾਰਤੀ ਜਨਤਾ ਪਾਰਟੀ ਦੇ ਆਪਣੇ ਅੰਦਰ ਵੀ ਮਤਭੇਦ ਹਨ। ਜਦੋਂ ਧੂੜ ਬੈਠ ਗਈ, ਮੈਂ ਉਸ ਸਮੇਂ ਹੀ ਕੁਛ ਆਖ ਸਕਾਂਗਾ। ਨਾਲੇ, ਮੈਨੂੰ ਭਾਈ ਸਾਹਿਬ (ਭਾਵ ਨਰਿੰਦਰ ਮੋਦੀ) ਤੋਂ ਵੀ ਪੁੱਛਣਾ ਪਵੇਗਾ। ਉਹਨੇ ਮੈਨੂੰ ਕੁਛ ਵੀ ਬੋਲਣ ਤੋਂ ਵਰਜਿਆ ਹੋਇਆ ਹੈ।"

ਵੱਡਿਓਂ ਛੋਟਾ, ਭਾਵ 63 ਸਾਲ ਦੇ ਨਰਿੰਦਰ ਮੋਦੀ ਤੋਂ ਇਕਦਮ ਵੱਡਾ ਭਰਾ, 68 ਸਾਲ ਦਾ ਅਮ੍ਰਿਤਭਾਈ ਮੋਦੀ ਵੀ ਅਹਿਮਦਾਬਾਦ ਵਿਚ ਹੀ ਰਹਿੰਦਾ ਹੈ। ਉਹ ਚਾਰ ਸਾਲ ਪਹਿਲਾਂ ਉਥੋਂ ਦੀ ਇਕ ਸਟਾਰਚ ਮਿੱਲ ਤੋਂ ਸੇਵਾਮੁਕਤ ਹੋਇਆ ਹੈ। ਉਹਦੇ ਨਾਲ ਨਰਿੰਦਰ ਮੋਦੀ ਨੇ ਬੱਸ ਏਨਾ ਸਬੰਧ ਰੱਖਿਆ ਹੋਇਆ ਹੈ ਕਿ ਵੋਟਰ ਸੂਚੀ ਵਿਚ ਆਪਣਾ ਨਾਂ ਦਰਜ ਕਰਵਾਉਣ ਵਾਸਤੇ ਉਹਦਾ ਪਤਾ ਵਰਤਿਆ ਹੋਇਆ ਹੈ ਪਰ ਉਹਨੂੰ ਕੁਛ ਵੀ ਬੋਲਣ-ਦੱਸਣ ਤੋਂ ਰੋਕਿਆ ਹੋਇਆ ਹੈ।



ਨਰਿੰਦਰ ਮੋਦੀ ਆਪਣੀ ਮਾਤਾ ਤੋਂ ਆਸ਼ੀਰਵਾਦ ਲੈਂਦੇ ਹੋਏ

55 ਸਾਲ ਦੀ ਬਸੰਤੀਬੇਨ ਚਾਰ ਭਰਾਵਾਂ ਤੋਂ ਛੋਟੀ ਅਤੇ ਇਕ ਤੋਂ ਵੱਡੀ ਇਕਲੌਤੀ ਭੈਣ ਹੈ। ਉਹ ਆਪਣੇ ਪੇਕੇ ਪਿੰਡ ਵਡਨਗਰ ਤੋਂ ਬਾਰਾਂ ਕਿਲੋਮੀਟਰ ਦੂਰ ਵਿਸਨਗਰ ਦੇ ਇਕ ਸਰਕਾਰੀ ਸਕੂਲ ਵਿਚ ਪੜ੍ਹਾਉਂਦੀ ਹੈ। ਭੈਣ ਕੋਲ ਮਾਂ-ਜਾਏ ਵੀਰ ਬਾਰੇ ਆਖਣ ਲਈ ਕੁਛ ਵੀ ਨਹੀਂ।

ਜੇ ਕਿਸੇ ਨੇ ਪੱਤਰਕਾਰਾਂ ਸਾਹਮਣੇ ਖੁੱਲ੍ਹ ਕੇ ਕੁਛ ਕਹਿਣ ਦਾ ਜੇਰਾ ਕੀਤਾ, ਉਹ 70 ਸਾਲ ਦਾ ਸਭ ਤੋਂ ਵੱਡਾ ਭਰਾ ਸੋਮਭਾਈ ਮੋਦੀ ਹੈ। ਉਹਨੇ ਸਿਰਫ਼ ਆਪਣੇ ਦਿਲ ਦੀ ਹੀ ਨਹੀਂ, ਸਾਰੇ ਪਰਿਵਾਰ ਦੇ ਦਿਲ ਦੀ ਗੱਲ ਦੱਸ ਕੇ ਪੱਤਰਕਾਰਾਂ ਦੀ ਤਸੱਲੀ ਕਰਵਾ ਦਿੱਤੀ। ਉਹ ਗੁਜਰਾਤ ਦੇ ਸ਼ਹਿਰ ਮਹਿਸਾਨਾ ਤੋਂ ਸਿਹਤ ਵਿਭਾਗ ਦੇ ਇੰਸਪੈਕਟਰ ਵਜੋਂ ਸੇਵਾਮੁਕਤ ਹੋਇਆ ਹੈ। ਉਹ ਆਪਣੇ ਜੱਦੀ ਪਿੰਡ ਵਡਨਗਰ ਵਿਚ ਇਕ ਬਿਰਧ-ਆਸ਼ਰਮ ਚਲਾਉਂਦਾ ਹੈ ਅਤੇ ਉਸੇ ਆਸ਼ਰਮ ਦੇ ਇਕ ਕਮਰੇ ਵਿਚ ਰਹਿੰਦਾ ਹੈ। ਉਹਨੇ ਮੁੱਦੇ ਦਾ ਸਾਰ ਕੁਛ ਸ਼ਬਦਾਂ ਵਿਚ ਦੱਸ ਕੇ ਆਪਣੀ ਗੱਲ ਮੁਕਦੀ ਕਰ ਦਿੱਤੀ, "ਭਾਈ ਵੀਰ ਪੱਤਰਕਾਰੋ, ਜੇ ਮੇਰੇ ਕੋਲ ਕੁਛ ਕਹਿਣ ਵਾਸਤੇ ਹੁੰਦਾ ਤੇ ਜੇ ਮੇਰੇ ਕਹੇ ਦਾ ਕੋਈ ਮੁੱਲ ਹੁੰਦਾ, ਮੈਂ ਐਥੇ ਆਸ਼ਰਮ ਵਿਚ ਰਹਿ ਰਿਹਾ ਹੁੰਦਾ?" ਫੇਰ ਉਹਨੇ 'ਮੈਂ' ਦੀ ਥਾਂ 'ਸਾਡੇ' ਆਖ ਕੇ ਪੂਰੇ ਪਰਿਵਾਰ ਦੀ ਭਾਵਨਾ ਵੀ ਦੱਸ ਦਿੱਤੀ, "ਸਾਡੇ ਕੋਲ ਕਹਿਣ ਵਾਲਾ ਕੁਛ ਨਹੀਂ ਤੇ ਸਾਡਾ ਕੋਈ ਪ੍ਰਤੀਕਰਮ ਨਹੀਂ!"

ਵੈਸੇ ਉਹਨੇ ਇਕ ਪ੍ਰਸਿੱਧ ਅੰਗਰੇਜ਼ੀ ਅਖ਼ਬਾਰ ਨੂੰ ਪਹਿਲਾਂ, ਨਵੰਬਰ 2012 ਵਿਚ ਦਿੱਤੀ ਇੰਟਰਵਿਊ ਵਿਚ ਹੀ ਸਾਰਾ ਮਾਮਲਾ ਸਾਫ਼ ਕਰਦਿਆਂ ਕਿਹਾ ਸੀ, "1967 ਵਿਚ ਘਰੋਂ ਜਾਣ ਮਗਰੋਂ ਨਰਿੰਦਰ ਨੇ ਪਰਿਵਾਰ ਨਾਲ ਕੋਈ ਵਾਹ-ਵਾਸਤਾ ਨਹੀਂ ਰੱਖਿਆ ਹੋਇਆ। ਉਹਨੂੰ ਹਰ ਪਰਿਵਾਰਕ ਖ਼ੁਸ਼ੀ-ਗ਼ਮੀ ਵੇਲੇ ਬੁਲਾਇਆ ਜਾਂਦਾ ਹੈ ਪਰ ਉਹ ਕਦੇ ਨਹੀਂ ਆਇਆ!"

ਏਨੀ ਹੀ ਦੇਖਣਯੋਗ ਗੱਲ ਇਹ ਹੈ ਕਿ ਰਾਜਨੀਤੀ ਵਿਚ ਉਹਨੇ ਅੱਗੇ ਵਧਣ ਲਈ ਜਿਸ ਜਿਸ ਨੂੰ ਗੁਰੂ ਬਣਾਇਆ, ਉਸੇ ਨਾਲ ਦਗਾ ਕਮਾਇਆ। ਗੁਜਰਾਤ ਵਿਚ ਕੇਸ਼ੂਭਾਈ ਪਟੇਲ ਤੋਂ ਲੈ ਕੇ ਰਾਣਾ ਤੇ ਬਘੇਲਾ ਵਰਗੇ ਕਈਆਂ ਵਿਚੋਂ ਦੀ

## ਚਰਚਾ ਤੇ ਚੇਤਾ

ਹੁੰਦਿਆ ਕੇਂਦਰ ਵਿਚ ਅਡਵਾਨੀ ਤੱਕ ਉਹਦੇ ਵਾਸਤੇ ਜੋ ਵੀ ਪੌੜੀ ਬਣਿਆ, ਉਹਨੇ ਉਚਾ ਚੜ੍ਹ ਕੇ ਉਹ ਪੌੜੀ ਲੱਤ ਮਾਰ ਕੇ ਭੁੰਜੇ ਸੁੱਟ ਦਿੱਤੀ।

ਮੇਰੇ ਚੇਤੇ ਵਿਚ ਤਾਇਆ ਚਤੁਰ ਸਿੰਘ ਜਾਗ ਪਿਆ। ਉਹਦੇ ਪਰਿਵਾਰ ਦਾ ਇਕ ਸਰੀਕ ਟੱਬਰ ਨਾਲ ਝਗੜਾ ਹੋ ਗਿਆ। ਕਸੂਰ ਤੇ ਧੱਕਾ ਸਾਰਾ ਦੂਜੇ ਟੱਬਰ ਦਾ ਸੀ। ਝਗੜਾ ਵਧਦਾ ਵਧਦਾ ਖ਼ਤਰਨਾਕ ਰੂਪ ਧਾਰ ਗਿਆ। ਤਾਏ ਦੇ ਮੁੰਡੇ ਦਾਰੂ-ਸ਼ਾਰੂ ਤੇ ਹੋਰ ਲੋਭ-ਲਾਲਚ ਦੇ ਕੇ ਸਰੀਕ ਦੇ ਇਕ ਮੁੰਡੇ ਨੂੰ ਪਾੜਨ ਵਿਚ ਸਫਲ ਹੋ ਗਏ ਜੋ ਘਰਦਿਆਂ ਨਾਲ ਵਿੱਟਰਿਆ ਹੋਇਆ ਸੀ। ਤਾਏ ਨੂੰ ਪਤਾ ਲੱਗਿਆ ਤਾਂ ਉਹਨੇ ਆਪਣੇ ਸਾਰੇ ਪੁੱਤ ਬਿਠਾ ਲਏ ਅਤੇ ਕਹਿੰਦਾ, "ਦੇਖੋ ਮੁੰਡਿਓ, ਇਹੋ ਜਿਹੇ ਕਮੀਨਿਆਂ ਨਾਲ ਚਲਾਕੀ ਵਰਤਣੀ ਕੋਈ ਮਾੜੀ ਗੱਲ ਨਹੀਂ। ਕਮੀਨਿਆਂ ਦੇ ਏਸ ਕਮੀਣੇ ਮੁੰਡੇ ਨੂੰ ਪਲੋਸ ਕੇ ਜਿੰਨਾ ਉਨ੍ਹਾਂ ਦੇ ਅੰਦਰਲਾ ਭੇਤ ਲੈ ਸਕੋਂ, ਓਨਾ ਚੰਗਾ। ਪਰ ਮੇਰੀ ਇਕ ਗੱਲ ਪੱਲੇ ਬੰਨ੍ਹ ਲਊ ਤੇ ਕਦੇ ਨਾ ਭੁੱਲਿਓ। ਜਿਹੜਾ ਆਬਦੇ ਟੱਬਰ ਦਾ ਨਹੀਂ ਬਣਿਆ, ਆਪਣਾ ਕਿਵੇਂ ਬਣ ਜਾਊ? ਖ਼ਬਰਦਾਰ ਜੇ ਕਦੇ ਵੀ ਭਰੋਸਾ ਕਰ ਕੇ ਆਪਣੀ ਕੋਈ ਗੱਲ ਉਹਦੇ ਨਾਲ ਸਾਂਝੀ ਕੀਤੀ!"

ਤਾਏ ਚਤੁਰ ਸਿੰਘ ਨੂੰ ਗੁਜ਼ਰਿਆਂ ਤਾਂ ਮੁੱਦਤਾਂ ਹੋ ਗਈਆਂ ਪਰ ਉਹ ਕਿਸੇ ਠੀਕ ਮੌਕੇ ਭਾਰਤ ਦੇ ਲੋਕਾਂ ਤੱਕ ਪੁਜਦਾ ਕਰਨ ਵਾਸਤੇ ਇਕ ਸੁਨੇਹਾ ਮੇਰੇ ਕੋਲ ਛੱਡ ਗਿਆ ਸੀ। ਹੁਣ ਉਹ ਠੀਕ ਮੌਕਾ ਆ ਗਿਆ ਹੈ। ਇਸ ਕਰਕੇ ਤੁਹਾਡੇ ਲਈ ਛੱਡਿਆ ਤਾਏ ਦਾ ਸੁਨੇਹਾ ਸੁਣ ਲਵੋ ਅਤੇ ਮੈਨੂੰ ਇਸ ਜ਼ਿੰਮੇਦਾਰੀ ਤੋਂ ਮੁਕਤ ਕਰੋ। ਤਾਏ ਨੇ ਭਵਿੱਖ ਨੂੰ ਪਹਿਲਾਂ ਹੀ ਦੇਖਦਿਆਂ ਕਿਹਾ ਸੀ, "ਭਾਈ ਲੋਕੋ, ਜਿਹੜਾ ਮੋਦੀ ਟੱਬਰ ਦਾ ਨਹੀਂ ਬਣਿਆ, ਜਨਮਦਾਤੀ ਮਾਂ ਦਾ ਨਹੀਂ ਬਣਿਆ, ਭੈਣ-ਭਰਾਵਾਂ ਦਾ ਨਹੀਂ ਬਣਿਆ, ਪਤਨੀ ਦਾ ਨਹੀਂ ਬਣਿਆ, ਆਪਣੇ ਰਾਜਨੀਤਕ ਵਡੇਰਿਆਂ ਦਾ ਨਹੀਂ ਬਣਿਆ, ਉਹ ਤੁਹਾਡਾ ਕਿਵੇਂ ਬਣ ਜਾਊ? ਖ਼ਬਰਦਾਰ ਜੇ ਉਹਨੂੰ ਤੇ ਉਹਦੇ ਬੇਅਣਖੇ ਪੰਜਾਬੀ ਪਿਛਲੱਗਾਂ ਨੂੰ ਵੋਟ ਪਾਈ!"

# ਨਿਮਰ ਤੇ ਸੰਵੇਦਨਸ਼ੀਲ ਕਹਾਣੀਕਾਰ ਗੁਰਬਚਨ ਸਿੰਘ ਭੁੱਲਰ

## ਸੰਪਾਦਕ ਦੀ ਡਾਕ

'ਪੰਜਾਬ ਟਾਈਮਜ਼' ਦੇ 14 ਦਸੰਬਰ ਅਤੇ ਉਸ ਤੋਂ ਪਿਛਲੇ ਤਿੰਨ ਅੰਕਾਂ ਵਿਚ ਸ. ਗੁਰਬਚਨ ਸਿੰਘ ਭੁੱਲਰ ਦਾ ਮੈਕਸ ਆਰਥਰ ਮੈਕਾਲਿਫ ਬਾਰੇ ਲੰਮਾ ਲੇਖ ਪੜ੍ਹਿਆ, ਬੇਹੱਦ ਪਸੰਦ ਆਇਆ ਹੈ। ਲੇਖਕ ਦੀ ਵਾਰਤਕ ਸ਼ੈਲੀ, ਸੂਹਜ, ਸਹਿਜ, ਸੁੱਧਤਾ ਅਤੇ ਸਲੀਕਾ ਦਿਲ ਨੂੰ ਛੂਹ ਲੈਣ ਵਾਲਾ ਹੈ।

ਲੇਖਕ ਨੇ ਸਰਲ ਅਤੇ ਸਸ਼ਕਤ ਭਾਸ਼ਾ ਵਰਤੀ ਹੈ, ਤੇ ਆਪਣੀਆਂ ਯਾਦਾਂ ਦੇ ਝਰੋਖੇ ਵਿਚੋਂ ਬਹੁਤ ਸਾਰੀਆਂ ਗੱਲਾਂ ਜੋ ਉਨ੍ਹਾਂ ਨੇ ਆਪਣੇ ਪਿਤਾ ਜੀ ਤੋਂ ਨਿੱਕੇ ਹੁੰਦਿਆਂ ਸੁਣੀਆਂ ਸਨ, ਇਸ ਲੇਖ 'ਚ ਸ਼ਾਮਲ ਕਰ ਕੇ ਪਾਠਕ ਦੀ ਦਿਲਚਸਪੀ ਹੋਰ ਵਧਾ ਦਿੱਤੀ ਹੈ। ਲੇਖਕ ਨੇ ਕਿਸੇ ਸੁਘੜ ਅਤੇ ਸਿਆਣੀ ਮਾਂ ਦੀ ਨਿਆਈਂ ਪੰਜਾਬੀ ਮਾਂ ਬੋਲੀ 'ਚ ਕਈ ਥਾਂਵਾਂ ਤੇ ਹੋਰ ਭਾਸ਼ਾਵਾਂ ਦਾ ਉਲੱਥਾ ਕਰ ਕੇ ਪਾਠਕਾਂ ਨੂੰ ਇਹ ਲਿਖਤ ਪਰੋਸੀ ਹੈ। ਇਸ ਲਈ ਵੀ ਉਹ ਵਧਾਈ ਦੇ ਹੱਕਦਾਰ ਹਨ। ਪੰਜਾਬ ਟਾਈਮਜ਼ ਦਾ ਵੀ ਧੰਨਵਾਦ ਹੈ ਕਿ ਇਸ ਦੀ ਜਾਨਬ ਪਰਦੇਸਾਂ 'ਚ ਬੈਠਿਆਂ ਨੂੰ ਇਹੋ ਜਿਹੇ ਅਰਥ ਭਰਪੂਰ ਲੇਖ ਪੜ੍ਹਨ ਨੂੰ ਮਿਲਦੇ ਹਨ।

ਇਸ ਲੇਖ ਨੇ ਮੇਰੇ ਦਿਲ ਵਿਚ ਸ. ਗੁਰਬਚਨ ਸਿੰਘ ਭੁੱਲਰ ਦੇ ਸਾਹਿਤਕ ਸਫਰ ਬਾਰੇ ਜਾਣਨ ਦੀ ਇੰਨੀ ਉਤਸੁਕਤਾ ਜਾਗਾਈ ਕਿ ਮੈਂ ਇਸ ਮੰਤਵ ਨਾਲ ਕੰਪਿਊਟਰ 'ਤੇ ਖੋਜ ਕੀਤੀ। ਆਖਰ ਇੰਗਲਿਸ਼ ਟ੍ਰਿਬਿਊਨ ਵਿਚ ਛਪੀ ਸ. ਸੁਰਿੰਦਰ ਸਿੰਘ ਤੇਜ ਦੀ ਇਕ ਲਿਖਤ 'ਸਬਲ ਐਂਡ ਸੈਂਸਟਿਵ ਸਟੋਰੀਟੈਲਰ' (ਸੰਡੇ 8 ਜਨਵਰੀ, 2006) ਲੱਭ ਗਈ। 'ਪੰਜਾਬ ਟਾਈਮਜ਼' ਦੇ ਪਾਠਕਾਂ ਨਾਲ ਸ. ਤੇਜ ਦੀ ਇਸ ਲਿਖਤ ਦੇ ਜ਼ਰੀਏ ਮੈਂ ਸ. ਭੁੱਲਰ ਦਾ ਸਾਹਿਤਕ ਸਫਰ ਸਾਂਝਾ ਕਰਨਾ ਚਾਹੁੰਦਾ ਹਾਂ।

ਸਾਹਿਤ ਨਾਲ ਵਿਆਹੇ ਹੋਣ ਵਾਲਾ ਕਥਨ ਸਾਹਿਤਕਾਰ ਗੁਰਬਚਨ ਸਿੰਘ ਭੁੱਲਰ 'ਤੇ ਵੀਹ ਵਿਸਵੇ ਢੁੱਕਦਾ ਹੈ। ਕਹਾਣੀ ਸੰਗ੍ਰਹਿ 'ਅਗਨੀ ਕਲਸ' ਲਈ ਉਨ੍ਹਾਂ ਨੂੰ ਸਾਹਿਤ ਅਕੈਡਮੀ ਅਵਾਰਡ-2005 ਨਾਲ ਸਨਮਾਨਿਆ ਗਿਆ ਸੀ। ਇਹ ਇਨਾਮ ਉਨ੍ਹਾਂ ਦੀ 2005 ਤਕ ਸਾਹਿਤ ਦੇ ਖੇਤਰ ਵਿਚ ਅੱਧੀ ਸਦੀ ਦੇ ਕਰੀਬ ਅਣਥੱਕ ਮਿਹਨਤ ਅਤੇ ਘਾਲਣਾ ਦਾ ਫਲ ਸੀ।

ਸ. ਭੁੱਲਰ ਜਰਖੇਜ਼ ਸਾਹਿਤਕਾਰ ਹਨ ਜਿਨ੍ਹਾਂ ਉਰਦੂ, ਹਿੰਦੀ ਅਤੇ ਰੂਸੀ ਲੇਖਕਾਂ ਦੀਆਂ ਰਚਨਾਵਾਂ ਦਾ ਅਨੁਵਾਦ ਤੇ ਲਿਪੀਅੰਤਰ ਵੀ ਕੀਤਾ ਹੈ। ਦਿਲ ਦੀ ਡੂੰਘਿਆਈ ਤੋਂ ਮਾਨਵਵਾਦੀ, ਗੰਭੀਰ ਤੇ ਸੰਵੇਦਨਸ਼ੀਲ ਸ. ਭੁੱਲਰ ਦੀਆਂ ਲਿਖਤਾਂ ਉਨ੍ਹਾਂ ਦੀ ਆਪਣੀ ਸ਼ਖਸੀਅਤ ਦਾ ਪ੍ਰਤੀਬਿੰਬ ਹਨ। ਉਨ੍ਹਾਂ ਦੀਆਂ ਕਹਾਣੀਆਂ ਕਿਸੇ ਖਾਸ ਖਿੱਤੇ ਜਾਂ ਵਰਗ ਨਾਲ ਸਬੰਧਤ ਨਾ ਹੋ ਕੇ, ਵਰਤਮਾਨ ਸਮੇਂ ਦੇ ਵਿਸ਼ਾਲ ਚਿਤਰਪਟ ਨੂੰ ਆਪਣੇ ਕਲਾਵੇ ਵਿਚ ਲੈਂਦੀਆਂ ਹਨ। ਪੰਜਾਬੀ ਪੇਂਡੂ ਜੀਵਨ ਪੂਰੀ ਤਰ੍ਹਾਂ ਉਨ੍ਹਾਂ ਦੀ ਪਕੜ ਵਿਚ ਹੈ ਅਤੇ ਸ਼ਹਿਰਾਂ ਦੀ ਬੁਰਜੁਆਜੀ ਤੋਂ ਵੀ ਉਹ ਚੰਗੀ ਤਰ੍ਹਾਂ ਜਾਣੂ ਹਨ। ਇਸੇ ਕਰ ਕੇ ਉਹ ਆਪਣੀ ਰਚਨਾਵਾਂ ਵਿਚ ਇਨ੍ਹਾਂ ਸਾਰੇ ਰੰਗਾਂ ਨੂੰ ਸਹਿਜੇ ਹੀ ਪੇਸ਼ ਕਰ ਲੈਂਦੇ ਹਨ। ਉਨ੍ਹਾਂ ਦਾ ਇਹ ਹੁਨਰ ਸਭਿਆਚਾਰ ਤੇ ਖੇਤਰੀ ਹੱਦਾਂ ਬੰਨੇ ਪਾਰ ਕਰ ਜਾਂਦਾ ਹੈ। ਫੱਤੂ ਮਰਾਸੀ, ਓਪਰਾ ਮਰਦ, ਵੱਤਰ, ਤਾਮਰ ਪੱਤਰ, ਮੋਰਚੇ, ਅਗਨੀ ਕਲਸ ਤੇ ਤੀਜੀ ਗੱਲ ਕੁਝ ਇਕ ਅਜਿਹੀਆਂ ਵਧੀਆ ਕਹਾਣੀਆਂ ਹਨ ਜਿਨ੍ਹਾਂ ਵਿਚ ਸ਼ਬਦਾਂ ਤੇ ਬੁੱਧੀ ਦਾ ਬੇਰੋਕ ਪ੍ਰਵਾਹ ਚਲਦਾ ਹੈ। ਸੰਵੇਦਨਸ਼ੀਲਤਾ, ਪ੍ਰਗਟਾਵੇ ਦੀ ਸੰਖੇਪਤਾ ਤੇ ਢੁੱਕਵੇਂ ਸ਼ਬਦਾਂ ਦੀ ਚੋਣ ਦਾ ਇਹ ਮਿਸ਼ਰਣ ਉਨ੍ਹਾਂ ਦੀਆਂ ਲਿਖਤਾਂ ਨੂੰ ਅਸਾਧਾਰਨ ਬਣਾ ਦਿੰਦਾ ਹੈ।

1937 ਵਿਚ ਪਿੰਡ ਪਿਥੋ (ਹੁਣ ਜ਼ਿਲਾ ਮਾਨਸਾ) ਵਿਚ ਜਨਮੇ ਸ. ਭੁੱਲਰ ਨੂੰ ਸਾਹਿਤ ਦੀ ਲਗਨ ਬਚਪਨ ਤੋਂ ਹੀ ਲੱਗ ਗਈ ਸੀ। ਉਨ੍ਹਾਂ ਦੇ ਪਿਤਾ ਸ. ਹਜ਼ੂਰਾ ਸਿੰਘ ਸਾਬਕਾ ਫੌਜੀ ਸਨ। ਉਨ੍ਹਾਂ ਦੇ ਪਿਤਾ ਨੂੰ (ਜਿਵੇਂ ਭੁੱਲਰ ਦੀਆਂ ਲਿਖਤਾਂ ਤੋਂ ਵੀ ਟੋਹ ਲੱਗਦੀ ਹੈ) ਕਿਤਾਬਾਂ ਪੜ੍ਹਨ ਦੀ ਚੇਟਕ ਸੀ। ਘਰ ਵਿਚ ਹੀ ਉਸ ਸਮੇਂ ਦੇ ਮੁੱਖ ਸਾਹਿਤਕਾਰਾਂ, ਦੀਆਂ ਕਿਤਾਬਾਂ ਨਾਲ ਸਜੀ ਅਤੇ ਸ਼ਿੰਗਾਰੀ ਲਾਇਬ੍ਰੇਰੀ ਮੌਜੂਦ ਸੀ। ਇਥੇ ਹੀ ਬਸ ਨਹੀਂ, ਘਰ ਵਿਚ ਉਸ ਵੇਲੇ ਦੇ ਸਾਹਿਤਕ ਰਸਾਲੇ ਵੀ ਆਉਂਦੇ ਸਨ। ਘਰ ਦੇ ਮਾਹੌਲ ਨੇ ਉਨ੍ਹਾਂ ਨੂੰ ਕਾਵਿ-ਸਿਰਜਣਾ ਲਈ ਤਿਆਰ ਕਰ ਦਿੱਤਾ। 1956 ਵਿਚ ਉਨ੍ਹਾਂ ਆਪਣੀ ਕਵਿਤਾ 'ਪ੍ਰੀਤਲੜੀ' ਰਸਾਲੇ ਵਿਚ ਛਪਣ ਲਈ ਭੇਜੀ। ਪਰਚੇ ਦੇ ਸੰਪਾਦਕ ਸ. ਗੁਰਬਖ਼ਸ਼ ਸਿੰਘ ਪ੍ਰੀਤਲੜੀ ਨੇ ਝੱਟ ਉਹ ਕਵਿਤਾ ਛਾਪ ਕੇ ਹੌਸਲਾ-ਅਫ਼ਜ਼ਾਈ ਕੀਤੀ। ਬਸ ਫਿਰ ਕੀ ਸੀ, ਸ. ਗੁਰਬਖ਼ਸ਼ ਸਿੰਘ ਪ੍ਰੀਤਲੜੀ ਤੋਂ ਐਸੀ ਪ੍ਰੇਰਨਾ ਤੇ ਥਾਪੜਾ ਮਿਲਿਆ ਕਿ ਉਨ੍ਹਾਂ ਅਗਲੇਰੇ ਤਿੰਨ ਸਾਲ ਕਵਿਤਾਵਾਂ ਦਾ ਪ੍ਰਵਾਹ ਚਲਾ ਦਿੱਤਾ। ਤਦ ਉਨ੍ਹਾਂ ਨੂੰ ਮਹਿਸੂਸ ਹੋਇਆ ਕਿ ਉਹ ਆਪਣੀ ਸਿਰਜਣਾਤਮਕ ਯੋਗਤਾ ਨੂੰ ਵਾਰਤਕ ਵਿਚ ਵਧੇਰੇ ਚੰਗੀ ਤਰ੍ਹਾਂ ਪ੍ਰਗਟਾ ਸਕਦੇ ਹਨ। ਇਸ ਫੁਰਨੇ ਤੋਂ ਬਾਅਦ, ਉਨ੍ਹਾਂ ਕਹਾਣੀਆਂ ਲਿਖੀਆਂ। ਉਨ੍ਹਾਂ ਨੂੰ ਸੋਵੀਅਤ ਦੂਤਾਵਾਸ 'ਚ ਪੰਜਾਬੀ ਪਰਚੇ ਦੇ ਸੰਪਾਦਕ ਵਜੋਂ ਕੰਮ ਕਰਨ ਦਾ ਮੌਕਾ ਵੀ ਮਿਲਿਆ। ਫਿਰ ਉਨ੍ਹਾਂ ਦਾ ਸਿੱਧਾ ਵਾਹ ਅਖਬਾਰੀ ਪੱਤਰਕਾਰੀ ਨਾਲ ਵੀ ਪਿਆ। ਉਹ 1998-99 ਵਿਚ ਦੋ ਸਾਲ 'ਪੰਜਾਬੀ ਟ੍ਰਿਬਿਊਨ' ਦੇ ਸੰਪਾਦਕ ਰਹੇ। ਉਸ ਵੇਲੇ ਉਨ੍ਹਾਂ ਦੀਆਂ ਲਿਖੀਆਂ ਸੰਪਾਦਕੀਆਂ ਸਾਹਿਤਕ ਰਸ, ਸੂਹਜ ਸੁਆਦ ਨਾਲ ਭਰਪੂਰ ਸਨ। ਇਹ ਸਾਰੀਆਂ ਸੰਪਾਦਕੀਆਂ 'ਕਲਮ ਕਟਾਰ' ਨਾਮੀ ਕਿਤਾਬ ਵਿਚ ਸ਼ਾਮਲ ਹਨ।

ਮੈਕਾਲਿਫ ਦੇ ਲੇਖਾਂ ਬਾਰੇ ਉਨ੍ਹਾਂ ਨਾਲ ਫੋਨ ਉਤੇ ਗੱਲਬਾਤ ਹੋਈ। ਇੰਨੇ ਨਿਰਮਾਣ ਤੇ ਮਿੱਠ ਬੋਲੜੇ ਕਿ ਰੂਹ ਸਰਸ਼ਾਰ ਹੋ ਗਈ। ਇੰਨੀਆਂ ਸਾਹਿਤਕ ਬੁਲੰਦੀਆਂ ਛੂਹ ਕੇ ਵੀ ਉਹ ਆਜਿਜ਼ (ਡਾਊਨ-ਟੂ-ਅਰਥ) ਸ਼ਖ਼ਸੀਅਤ ਦੇ ਮਾਲਕ ਹਨ। ਸ਼ਾਲਾ! ਆਉਣ ਵਾਲੇ ਸਮੇਂ ਵਿਚ ਵੀ ਉਹ ਆਪਣੀਆਂ ਲਿਖਤਾਂ ਰਾਹੀਂ ਪੰਜਾਬੀ ਸਾਹਿਤ ਦੀ ਝੋਲੀ ਭਰਦੇ ਰਹਿਣ। ਰੱਬ ਉਨ੍ਹਾਂ ਨੂੰ ਲੰਮੇ ਤੇ ਸਿਹਤਮੰਦ ਉਮਰ ਬਖ਼ਸ਼ੇ।

*-ਕੁਲਦੀਪ ਸਿੰਘ*
*ਯੂਨੀਅਨ ਸਿਟੀ, ਕੈਲੀਫੋਰਨੀਆ।*

## ਸਿੱਖਾਂ ਨੂੰ ਸਜ਼ਾ

'ਪੰਜਾਬ ਟਾਈਮਜ਼' (ਅੰਕ 50, 14 ਦਸੰਬਰ 2013) ਦੀ ਸੁਰਖੀ 'ਜਨਰਲ ਬਰਾੜ ਕੇਸ ਵਿਚ ਚਾਰ ਬਰਤਾਨਵੀ ਸਿੱਖਾਂ ਨੂੰ ਸਜ਼ਾ' ਪੜ੍ਹ ਕੇ ਬੇਵੱਸ ਜਿਹਾ ਮਹਿਸੂਸ ਕੀਤਾ। ਬ੍ਰਿਟਿਸ਼ ਅਦਾਲਤ ਨੇ ਕਿੰਨੀ ਛੇਤੀ ਅਤੇ ਕਿੰਨੀ ਬੇਫਿਕਰ ਹੋ ਕੇ ਫੈਸਲਾ ਸੁਣਾ ਦਿੱਤਾ। ਦੋਸ਼ੀ ਠਹਿਰਾਏ ਸਿੱਖ ਨੌਜਵਾਨਾਂ ਬਾਰੇ ਸੋਚ ਕੇ ਵੀ ਮਨ ਖਰਾਬ ਹੋਇਆ। ਓਪਰੇਸ਼ਨ ਬਲੂ ਸਟਾਰ ਨੇ ਸਿੱਖ ਮਨ ਅੱਜ ਤੱਕ ਤਪਾਏ ਹੋਏ ਹਨ। ਇਹ ਨੌਜਵਾਨ ਉਸ ਹਮਲੇ ਵੇਲੇ ਛੋਟੇ-ਛੋਟੇ ਹੋਣਗੇ। ਇਨ੍ਹਾਂ ਦੇ ਮਨਾਂ ਉਤੇ ਅਕਾਲ ਤਖਤ ਢਹਿ ਜਾਣ ਦਾ ਦੁੱਖ ਕਿੰਨਾ ਭਾਰ ਪਾਉਂਦਾ ਹੋਵੇਗਾ, ਇਹ ਸੋਚਣ-ਵਿਚਾਰਨ ਦਾ ਮਾਮਲਾ ਹੈ। ਇਨ੍ਹਾਂ ਨੌਜਵਾਨਾਂ ਨੇ ਤਾਂ ਖੁੱਲ੍ਹੇ ਆਕਾਸ਼ ਵਿਚ ਉਡਾਰੀਆਂ ਮਾਰਨੀਆਂ ਸਨ। ਕੀ ਕਾਰਨ ਹੈ ਕਿ ਇਨ੍ਹਾਂ ਦੇ ਹਿੱਸੇ ਸੀਖਾਂ ਆ ਗਈਆਂ ਹਨ। ਅਸਲ ਦੋਸ਼ੀ ਇਹ ਸਿੱਖ ਨੌਜਵਾਨ ਨਹੀਂ ਸਗੋਂ ਉਹ ਸਿਸਟਮ ਹੈ ਜਿਸ ਦਾ ਮੋਹਰਾ ਬਣ ਕੇ ਜਨਰਲ ਬਰਾੜ ਨੇ ਸਿੱਖ ਹਿਰਦੇ ਲੂਹਣ ਵਾਲਾ ਸਾਕਾ ਨੀਲਾ ਤਾਰਾ ਵਰਤਾਉਣ ਵਿਚ ਮੋਹਰੀ ਭੂਮਿਕਾ ਨਿਭਾਈ। ਸਾਡੇ ਅਖੌਤੀ ਆਗੂ ਤਾਂ ਇਸ ਪਾਸੇ ਸੋਚ ਹੀ ਨਹੀਂ ਰਹੇ। ਫਿਰ ਇਸ ਪਾਸੇ ਕੌਣ ਸੋਚੇਗਾ? ਇਹੀ ਸੋਚ ਕੇ ਬੇਵੱਸ ਜਿਹਾ ਮਹਿਸੂਸ ਹੋਇਆ। ਮੇਰੀਆਂ ਇਹ ਚਾਰ ਲਾਈਨਾਂ ਜੇ ਤੁਸੀਂ ਆਪਣੇ ਪਰਚੇ ਵਿਚ ਛਾਪ ਦਿਉ ਤਾਂ ਮਿਹਰਬਾਨੀ ਹੋਵੇਗੀ।

*-ਗੁਰਮੁਖ ਸਿੰਘ ਬਿੰਦ, ਸਿਨਸਿਨੈਟੀ, ਓਹਾਇਓ।*

## ਮਰਜਾਣੀ ਕਾਨਾ ਸਿੰਘ

ਪੰਜਾਬ ਟਾਈਮਜ਼ ਦੇ 14 ਦਸੰਬਰ ਵਾਲੇ ਅੰਕ ਵਿਚ ਕਾਨਾ ਸਿੰਘ ਦੀ ਯਾਦ 'ਮਰ ਜਾਣੇ ਜਿਉਣ ਜੋਗੇ' ਪੜ੍ਹ ਕੇ ਅਨੰਦ ਹੀ ਆ ਗਿਆ। ਕਾਂਵਾਂ ਦੇ ਬਹਾਨੇ ਉਹ ਆਪਣੀਆਂ ਕਿੰਨੀਆਂ ਹੀ ਗੱਲਾਂ ਸੁਣਾ ਗਈ ਹੈ। ਇਹ ਗੱਲਾਂ ਪੜ੍ਹ ਕੇ ਆਪਣੀਆਂ ਹੀ ਲੱਗੀਆਂ ਹਨ। ਜ਼ਿੰਦਗੀ ਦੇ ਕਈ ਸੱਚ ਉਸ ਨੇ ਇੰਨੇ ਸਹਿਜ ਸੁਭਾ ਅੱਖਰਾਂ ਵਿਚ ਭਰੀਏ ਹਨ ਕਿ ਪਤਾ ਹੀ ਨਹੀਂ ਲੱਗਦਾ ਕਿ ਕਦੋਂ ਇਹ ਸਾਡੀ ਰੂਹ 'ਚ ਸਮਾ ਜਾਂਦੇ ਹਨ। ਮੈਂ ਵੀ ਕੁਝ ਸਮਾਂ ਮੁੰਬਈ ਰਹੀ ਹਾਂ। ਕਾਨਾ ਸਿੰਘ ਦੀ ਕਹਾਣੀ ਪੜ੍ਹ ਕੇ ਲੱਗਾ, ਮੇਰਾ ਵੀ ਮੁੰਬਈ ਦਾ ਗੇੜਾ ਲੱਗ ਗਿਆ ਹੈ। ਇੰਨਾ ਸੁਹਣਾ ਲਿਖਣ ਵਾਲੀਏ ਕਾਨਾ ਸਿੰਘ! ਜਿਉਂਦੀ ਰਹੁ ਮਰ ਜਾਣੀਏ!

*-ਕੁਲਵੰਤ ਕੌਰ ਸਾਹਨੀ*
*ਡੈਲਸ, ਟੈਕਸਸ।*

## ਰਾਜਮੋਹਨ ਗਾਂਧੀ ਦਾ ਪੰਜਾਬ

ਸ. ਹਰਪਾਲ ਸਿੰਘ ਪੰਨੂੰ ਦਾ ਰਾਜਮੋਹਨ ਗਾਂਧੀ ਦੀ ਕਿਤਾਬ 'ਪੰਜਾਬ: ਏ ਹਿਸਟਰੀ ਫਰਾਮ ਔਰੰਗਜ਼ੇਬ ਟੂ ਮਾਊਂਟਬੈਟਨ' ਬਾਰੇ ਦੋ ਕਿਸ਼ਤਾਂ ਵਿਚ ਛਪਿਆ ਲੇਖ ਪੜ੍ਹਿਆ। ਕਈ ਮਾਮਲਿਆਂ ਵਿਚ ਸੱਚਮੁੱਚ ਰਾਜਮੋਹਨ ਗਾਂਧੀ ਨੇ ਪਹਿਲ ਕੀਤੀ ਹੈ। ਕਿਤਾਬ ਕਾਫੀ ਉਤੇਜਨਾ ਵਾਲੀ ਹੈ ਪਰ ਸ. ਪੰਨੂੰ ਵਧਾਈ ਦੇ ਬਹੁਤੇ ਹੱਕਦਾਰ ਹਨ ਜਿਨ੍ਹਾਂ ਨੇ ਕੁੱਜੇ ਵਿਚ ਸਮੁੰਦਰ ਬੰਦ ਕਰਨ ਵਾਂਗ ਇਸ ਕਿਤਾਬ ਬਾਰੇ 'ਰਾਜਮੋਹਨ ਗਾਂਧੀ ਦਾ ਪੰਜਾਬ' ਲੇਖ ਲਿਖਿਆ ਹੈ। ਮੈਂ ਪਹਿਲਾਂ ਵੀ ਸ. ਪੰਨੂੰ ਦੀਆਂ ਬਹੁਤ ਸਾਰੀਆਂ ਲਿਖਤਾਂ ਪੜ੍ਹੀਆਂ ਹਨ। ਉਹ ਭਾਸ਼ਾ ਦਾ ਵੱਖਰਾ ਹੀ ਰੰਗ ਸਿਰਜਦੇ ਹਨ। ਔਖੇ ਵਿਸ਼ਿਆਂ ਬਾਰੇ ਵੀ ਉਹ ਇਸ ਢੰਗ-ਹਿਸਾਬ ਨਾਲ ਦੱਸਦੇ ਹਨ ਕਿ ਰਚਨਾ, ਪਾਣੀ ਉਤੇ ਸੁੱਟੀ ਠੀਕਰੀ ਵਾਂਗ ਦੂਰ ਤੱਕ ਤਿਲਕਦੀ/ਤਰਦੀ ਜਾਂਦੀ ਹੈ। ਰਾਜਮੋਹਨ ਦੀ ਕਿਤਾਬ ਦੀ ਇਕ ਹੋਰ ਸਿਫਤ ਇਹ ਹੈ ਕਿ ਉਸ ਨੇ ਲਾਂਭੇ ਖੜ੍ਹੋ ਕੇ ਇਤਿਹਾਸ ਉਤੇ ਝਾਤੀ ਮਾਰਨ ਦਾ ਯਤਨ ਕੀਤਾ ਹੈ। ਆਮ ਕਰ ਕੇ ਇਤਿਹਾਸਕਾਰ ਬਹੁਤੀਆਂ ਗੱਲਾਂ ਕਿਸੇ ਦੇ ਹੱਕ ਵਿਚ ਅਤੇ ਕਿਸੇ ਦੇ ਵਿਰੋਧ ਵਿਚ ਭੁਗਤਾਉਣ/ਜੋਤਣ ਲਈ ਲੱਭ-ਲੱਭ ਲਿਆਉਂਦੇ ਹਨ। ਇਸ ਮਾਮਲੇ ਵਿਚ ਰਾਜਮੋਹਨ ਇਮਾਨਦਾਰ ਲਗਦਾ ਹੈ। ਹੁਣ ਸਾਨੂੰ ਇਸ ਤੱਥ ਨੂੰ ਵੀ ਵਜ਼ਨ ਦੇਣਾ ਚਾਹੀਦਾ ਹੈ ਕਿ ਦੂਜੇ ਸਾਡੇ ਬਾਰੇ ਕਿੰਜ ਸੋਚਦੇ ਹਨ।

*-ਭੀਮ ਸਿੰਘ ਮਿੱਠਾ, ਡਬਲਿਨ, ਓਹਾਇਓ।*

# ਵਿਦਿਆ ਦਾ ਚਾਨਣ ਮੁਨਾਰਾ ਦੋਆਬਾ ਸਿੱਖ ਨੈਸ਼ਨਲ ਸਕੂਲ

ਇਕ ਯਹੂਦੀ ਨੇ ਆਪਣੇ ਬੱਚੇ ਨੂੰ ਸਿੱਖਿਆ ਦਿੰਦਿਆਂ ਕਿਹਾ ਜੇ ਤੁਹਾਡੇ ਕੋਲ ਦੋ ਡਾਲਰ ਹੋਣ, ਤੁਹਾਨੂੰ ਭੁੱਖ ਲੱਗੀ ਹੋਵੇ। ਤੁਹਾਡੇ ਸਾਹਮਣੇ ਇਕ ਪਾਸੇ ਰੋਟੀ ਹੋਵੇ ਅਤੇ ਦੂਸਰੇ ਪਾਸੇ ਕਿਤਾਬ ਹੋਵੇ ਤਾਂ ਹਮੇਸ਼ਾ ਕਿਤਾਬ ਦੀ ਚੋਣ ਕਰੋ। ਇਸ ਗੱਲ ਦਾ ਨਤੀਜਾ ਕੀ ਨਿਕਲਿਆ, ਦੱਸਣ ਦੀ ਲੋੜ ਨਹੀਂ।

ਕੁਝ ਲੋਕ ਬਾਹਰ ਚੜ੍ਹਿਆ ਸੂਰਜ ਵੀ ਨਹੀਂ ਦੇਖ ਸਕਦੇ ਅਤੇ ਕਈ ਲੋਕਾਂ ਦੇ ਅੰਦਰ ਸੂਰਜ ਹੁੰਦਾ ਹੈ। ਸ. ਦਰਸ਼ਨ ਸਿੰਘ ਅਟਵਾਲ ਇਹੋ ਜਿਹੇ ਗਿਣਤੀ ਦੇ ਲੋਕਾਂ ਵਿਚੋਂ ਸਨ ਜਿਨ੍ਹਾਂ ਦੇ ਅੰਦਰ ਵਿਦਿਆ ਦਾ ਸੂਰਜ ਬਲਦਾ ਸੀ। ਉਨ੍ਹਾਂ ਨੇ ਫੈਸਲਾ ਕੀਤਾ ਕਿ ਮੈਂ ਲੋਕਾਂ ਨੂੰ ਅਜਿਹਾ ਗਿਆਨ ਦੇਣ ਦਾ ਮਾਹੌਲ ਪੈਦਾ ਕਰਾਂਗਾ ਜਿਸ ਨਾਲ ਲੋਕ ਅੰਦਰ ਤੇ ਬਾਹਰ ਦੇ ਦੋਵੇਂ ਤਰ੍ਹਾਂ ਦੇ ਸੂਰਜ ਦੇਖਣ ਦੇ ਸਮਰੱਥ ਹੋ ਸਕਣ। ਉਨ੍ਹਾਂ ਨੇ 1963 ਵਿਚ ਦਸਵੀਂ ਜਮਾਤ ਦੇ ਥੋੜ੍ਹੇ ਜਿਹੇ ਵਿਦਿਆਰਥੀ ਲੈ ਕੇ ਰੋਸ਼ਨੀ ਦਾ ਇਕ ਮਰਕਜ਼ ਉਸਾਰਿਆ। ਤੁਸੀਂ ਕਦੇ ਸਰਕੜਿਆਂ, ਕਾਨਿਆਂ-ਕਾਹੀ ਨਾਲ ਭਰੀ ਪਈ ਜ਼ਮੀਨ ਵਿਚ ਨਿੱਕੇ ਨਿੱਕੇ ਖ਼ੂਬਸੂਰਤ ਫੁੱਲ ਖਿੜੇ ਹੋਏ ਜ਼ਰੂਰ ਦੇਖੇ ਹੋਣਗੇ। ਇਹ ਕੁਦਰਤ ਦਾ ਕਰਿਸ਼ਮਾ ਹੁੰਦਾ ਹੈ। ਵੀਰਾਨਿਆਂ ਵਿਚ ਵੀ ਖ਼ੁਸ਼ਬੂ ਵੰਡਦੇ ਫੁੱਲ ਖਿੜਾਉਣਾ, ਬਿਨਾਂ ਕਿਸੇ ਭੇਦ-ਭਾਵ ਦੇ। ਅਗਿਆਨ ਤੇ ਅਨਪੜ੍ਹਤਾ ਦੇ ਸਰਕੰਡਿਆਂ, ਸਰਕੜਿਆਂ, ਕਾਨਿਆਂ ਵਿਚ ਸ. ਦਰਸ਼ਨ ਸਿੰਘ ਨੇ ਖ਼ੁਸ਼ਬੂਆਂ ਵੰਡਦੇ ਗਿਆਨ, ਵਿਦਿਆ ਅਤੇ ਚਿੰਤਨ ਦੇ ਖ਼ੂਬਸੂਰਤ ਫੁੱਲ ਬੀਜੇ ਹੀ ਨਹੀਂ, ਉਨ੍ਹਾਂ ਦੀ ਸੁਗੰਧੀ ਨਾਲ ਆਲ-ਦੁਆਲਾ ਵੀ ਮਹਿਕਾ ਦਿੱਤਾ।

ਸਕੂਲ ਦੇ ਮਿਹਨਤੀ ਸਟਾਫ਼ ਅਤੇ ਲਗਨ ਸਦਕਾ ਦੋਆਬਾ ਸਕੂਲ ਜਲਦੀ ਹੀ ਹਰਮਨ-ਪਿਆਰਾ ਹੋ ਗਿਆ ਅਤੇ ਦੂਰ-ਦੁਰਾਡੇ ਤੋਂ ਵਿਦਿਆਰਥੀ ਇਸ ਵਿਚ ਦਾਖਲਾ ਲੈਣ ਲੱਗੇ। 1980-81 ਤੱਕ ਇਹ ਸਕੂਲ ਭਾਵੇਂ ਸਰਕੜੇ ਅਤੇ ਕਾਨਿਆਂ ਦੇ ਬਣੇ ਛੱਪਰਾਂ ਵਿਚ ਹੀ ਚਲਦਾ ਰਿਹਾ। ਦੂਰ-ਅੰਦੇਸ਼, ਕਾਬਲ ਪ੍ਰਸ਼ਾਸਕ ਅਤੇ ਹੈਡਮਾਸਟਰ ਸ. ਦਰਸ਼ਨ ਸਿੰਘ ਨੇ ਸਕੂਲ ਦੀ ਇਮਾਰਤ ਨੂੰ ਵੱਡੀ ਕਰਨ ਦੀ ਥਾਂ ਪੜ੍ਹਾਈ ਦੇ ਖੇਤਰ ਨੂੰ ਵਿਸ਼ਾਲ ਕਰਨ ਨੂੰ ਤਰਜੀਹ ਦਿੱਤੀ। ਛੱਪਰਾਂ ਵਿਚ ਉਗਿਆ ਮੋਤੀਆ ਵਿਦਿਅਕ ਖੇਤਰ ਵਿਚ ਆਪਣੀ ਮਹਿਕ ਨਾਲ ਲੋਕਾਂ ਦਾ ਧਿਆਨ ਖਿੱਚਣ ਲੱਗਾ।



ਬੋਰਡ ਦੇ ਇਮਤਿਹਾਨਾਂ ਵਿਚ ਇਸ ਸਕੂਲ ਦੀ ਮੈਰਿਟ ਆਏ ਸਾਲ ਵੱਧਦੀ ਹੀ ਗਈ। ਨਵਾਂ ਸ਼ਹਿਰ ਵਿਚ ਦੰਦਾਂ ਦਾ ਡਾਕਟਰ ਦਸਵੀਂ ਦੇ ਇਮਤਿਹਾਨ ਵਿਚੋਂ ਪੰਜਾਬ ਵਿਚ ਪਹਿਲੇ ਨੰਬਰ 'ਤੇ ਰਿਹਾ। ਉਘੇ ਕਾਲਮਨਵੀਸ ਤਰਲੋਚਨ ਸਿੰਘ ਦੁਪਾਲਪੁਰ, ਗਲੋਬਲ ਪੰਜਾਬ ਦੇ ਸੀ ਈ ਓ ਹਰਭਜਨ ਸਿੰਘ, ਸਿੰਘ ਫ਼ਾਰਮ ਦੇ ਅਵਤਾਰ ਸਿੰਘ, ਗੁਰੂਘਰ ਫ਼ਲੱਸ਼ਿੰਗ ਦੇ ਸਾਬਕਾ ਪ੍ਰਧਾਨ ਤਰਲੋਚਨ ਸਿੰਘ ਭੱਟੀ, ਕੈਲੀਫੋਰਨੀਆ ਦੇ ਪੀਚ-ਕਿੰਗ ਅਟਵਾਲ ਭਰਾ-ਸਰਬਜੀਤ ਸਿੰਘ, ਕੁਲਦੀਪ ਸਿੰਘ ਤੇ ਸੁਰਜੀਤ ਸਿੰਘ ਇਸੇ ਛੱਪਰਾਂ ਵਾਲੇ ਸਕੂਲ ਦੇ ਖਿੜ੍ਹੇ ਫੁੱਲ ਹਨ ਜਿਹੜੇ ਦੇਸ਼ ਦੇ ਨਾਲ ਨਾਲ ਵਿਦੇਸ਼ ਵਿਚ ਵੀ ਆਪਣੀ ਸੁਗੰਧੀ ਬਿਖੇਰ ਰਹੇ ਹਨ।

4 ਦਸਬੰਰ 2013 ਨੂੰ ਸਕੂਲ ਦੀ ਗੋਲਡਨ ਜੁਬਲੀ ਮਨਾਈ ਗਈ। ਇਸ ਸਮੇਂ ਇਸ ਸਕੂਲ ਦੇ ਪੁਰਾਣੇ ਵਿਦਿਆਰਥੀ ਅਤੇ ਅਧਿਆਪਕ ਹਾਜ਼ਰ ਹੋਏ। ਆਪਣੇ ਸਕੂਲ ਨਾਲ ਸਬੰਧਤ ਪੁਰਾਣੀਆਂ ਯਾਦਾਂ ਤਾਜ਼ਾ ਕਰਨ ਵਾਲਿਆਂ ਵਿਚ ਤਰਲੋਚਨ ਸਿੰਘ ਦੁਪਾਲਪੁਰ, ਹਰਬੰਸ ਸਿੰਘ ਗੋਹਲੜੋਂ, ਮਾਸਟਰ ਹਰਮਿੰਦਰ ਸਿੰਘ, ਪੀ ਟੀ ਗੁਰਬਖ਼ਸ਼ ਸਿੰਘ ਆਦਿ ਸ਼ਾਮਲ ਸਨ।

ਇਸ ਸਕੂਲ ਦੇ ਮੌਜੂਦਾ ਹੈਡਮਾਸਟਰ ਸ. ਲਹਿੰਬਰ ਸਿੰਘ ਹਨ। ਸਕੂਲ ਦੇ ਸਾਬਕਾ ਵਿਦਿਆਰਥੀ ਜਿਹੜੇ ਇਸ ਗੋਲਡਨ ਜੁਬਲੀ ਮੌਕੇ ਪਹੁੰਚ ਨਹੀਂ ਸਕੇ ਉਨ੍ਹਾਂ ਨੇ ਫ਼ੇਸ ਬੁੱਕ 'ਤੇ ਸ਼ੁਭਇਛਾਵਾਂ ਭੇਜੀਆਂ। ਸਕੂਲ ਦੇ ਬਾਨੀ ਸ. ਦਰਸ਼ਨ ਸਿੰਘ ਨੇ ਆਪਣੇ ਪਿੰਡ ਬੜ੍ਹਵਾ, ਜੋ ਨਵਾਂ ਸ਼ਹਿਰ ਦੇ ਨਜ਼ਦੀਕ ਹੈ, ਵਿਚ 30 ਸਾਲ ਬਿਨਾਂ ਇਲੈਕਸ਼ਨ ਸਰਪੰਚੀ ਕੀਤੀ। ਪਿੰਡ ਦਾ ਬਹੁ-ਪੱਖੀ ਸੁਧਾਰ ਕੀਤਾ। ਉਨ੍ਹਾਂ ਨੇ ਜ਼ਮਾਨੇ ਦੀ ਤੋਰ ਪਹਿਚਾਣਦੇ ਹੋਏ 1970 ਵਿਚ ਹੀ ਆਪਣੇ ਪਿੰਡ ਨੂੰ ਮਾਡਲ ਗਰਾਮ ਬਣਾ ਦਿੱਤਾ ਸੀ। ਪਿੰਡ ਦੀ ਸੜਕ ਕੱਚੀ ਹੋਣ ਦੇ ਬਾਵਜੂਦ ਪਿੰਡ ਨੂੰ ਰੋਡਵੇਜ਼ ਅਤੇ ਪ੍ਰਾਈਵੇਟ ਬਸ ਲਗਵਾਈ। ਉਨ੍ਹਾਂ ਦੇ ਨਿੱਘੇ ਮਿੱਤਰ ਰਾਣਾ ਮੋਤੀ ਸਿੰਘ, ਜੋ ਪੰਜਾਬ ਕਾਂਗਰਸ ਦੇ ਪ੍ਰਧਾਨ ਸਨ, ਇਸ ਸਕੂਲ ਦੇ ਚੇਅਰਮੈਨ ਰਹੇ। ਸਕੂਲ ਦੇ ਸਾਬਕਾ ਵਿਦਿਆਰਥੀ ਕੁਲਜੀਤ ਸਿੰਘ ਨੇ ਸਕੂਲ ਬਾਬਤ ਕਵਿਤਾ ਲਿਖੀ ਹੈ:

ਸਿਆਣੇ ਕਹਿੰਦੇ ਸਕੂਲ ਹੁੰਦਾ ਏ ਵਿਦਿਆ ਦਾ ਮੰਦਰ
ਵਿਦਿਆਰਥੀ ਸਭ ਤੋਂ ਵੱਧ ਵਕਤ ਇਥੇ ਗੁਜ਼ਾਰਦਾ ਏ।
ਸੂਝਵਾਨ ਅਧਿਆਪਕਾਂ ਦੀ ਜ਼ਿੰਦਗੀ ਤੋਂ ਹੋ ਕੇ ਪ੍ਰੇਰਤ,
ਸਮੂਹ ਵਿਦਿਆਰਥੀ ਵੀ ਉਹੀ ਕੁਝ ਨਿਹਾਰਦਾ ਏ।
ਸੰਨ 1963 'ਚ ਦਰਸ਼ਨ ਸਿੰਘ ਜੀ ਲਾਇਆ ਬਗ਼ੀਚਾ,
ਪੰਜਾਹ ਸਾਲ 'ਚ ਬਣ ਬਾਗ਼ ਜੋ ਮਹਿਕਾਂ ਖਿਲਾਰਦਾ ਏ।
ਪੂਰੀ ਤਨਦੇਹੀ ਨਾਲ ਕਰਾਉਂਦੇ ਨੇ ਮਾਸਟਰ ਮਿਹਨਤ,
ਪਾ ਸਿੱਖਿਆ ਇਥੋਂ ਵਿਦਿਆਰਥੀ ਜੀਵਨ ਸੰਵਾਰਦਾ ਏ।
ਕੁਝ ਖ਼ਾਸ ਹੈ 'ਦੋਆਬਾ ਸਿੱਖ ਨੈਸ਼ਨਲ ਸਕੂਲ' ਅੰਦਰ,
ਤਾਹੀਓਂ ਅੱਜ ਵੀ ਇਹਨੂੰ ਹਰ ਕੋਈ ਸਤਿਕਾਰਦਾ ਏ।
'ਫੈਲੇ ਵਿਦਿਆ ਚਾਨਣ ਹੋਏ' ਦੀ ਵੱਡ-ਮੁਲੀ ਸੂਝ ਲੈ ਕੇ,
ਹਰੇਕ ਦੋਆਬੀਆ ਪ੍ਰੋਫ਼ੈਸ਼ਨਲ ਜਾਂ ਮੋਢੀ ਵਪਾਰ ਦਾ ਏ।
'ਗੋਲਡਨ ਜੁਬਲੀ' 'ਤੇ 'ਕੁਲਜੀਤ' ਭੇਜੇ 'ਸ਼ੁਭ-ਇਛਾਵਾਂ',
ਜੋ ਪਾਸ ਆਊਟ 79 ਦਾ ਤੇ ਹੁਣ ਵਾਸੀ ਬ੍ਰਾਰ ਦਾ ਏ।

ਰੱਬ ਕਰੇ ਸੂਝਵਾਨ ਅਧਿਆਪਕਾਂ, ਪ੍ਰਸ਼ਾਸਕਾਂ ਦੀ ਨਿਗਰਾਨੀ ਹੇਠ ਸਕੂਲ ਦੀ ਸੁਗੰਧੀ ਸਾਰੀ ਫਿਜ਼ਾ ਵਿਚ ਫੈਲੇ।

*-ਭੁਪਿੰਦਰ ਸਿੰਘ ਅਟਵਾਲ*
*ਸਾਬਕਾ ਵਿਦਿਆਰਥੀ*
*ਦੋਆਬਾ ਸਿੱਖ ਨੈਸ਼ਨਲ ਸਕੂਲ, ਨਵਾਂ ਸ਼ਹਿਰ।*

# ਬੰਗਲਾਦੇਸ਼ੀਆਂ ਨੇ ਬਣਾਇਆ ਗਿੰਨੀਜ਼ ਰਿਕਾਰਡ

**ਢਾਕਾ (ਬਿਊਰੋ):** ਬੰਗਲਾਦੇਸ਼ ਦੀ ਰਾਜਧਾਨੀ ਢਾਕਾ ਦੇ ਕੌਮੀ ਪਰੇਡ ਮੈਦਾਨ ਵਿਚ ਹਜ਼ਾਰਾਂ ਬੰਗਲਾਦੇਸ਼ੀ ਨਾਗਰਿਕਾਂ ਨੇ ਇਕੱਠੇ ਹੋਏ ਗਿੰਨੀਜ਼ ਬੁੱਕ ਵਿਚ ਨਾਂ ਦਰਜ ਕਰਵਾਉਣ ਲਈ ਵਿਸ਼ਵ ਦਾ ਸਭ ਤੋਂ ਵੱਡਾ ਮਨੁੱਖੀ ਕੌਮੀ ਝੰਡਾ ਬਣਾਇਆ।



ਬੰਗਲਾਦੇਸ਼ ਦੇ ਲੋਕਾਂ ਨੇ ਲਾਲ ਤੇ ਹਰੇ ਰੰਗ ਦੇ ਤਾਸ਼ ਦੇ ਪੱਤਿਆਂ ਦੇ ਰੂਪ ਵਿਚ ਜੁੜ ਕੇ ਦੇਸ਼ ਦਾ ਕੌਮੀ ਝੰਡਾ ਬਣਾਇਆ।

ਕੌਮੀ ਝੰਡਾ ਬਣਾਉਣ ਦੀ ਇਸ ਮੁਹਿੰਮ ਵਿਚ ਕੁੱਲ 27117 ਨਾਗਰਿਕਾਂ ਨੇ ਹਿੱਸਾ ਲਿਆ ਜਿਨ੍ਹਾਂ ਵਿਚ ਫੌਜ ਦੇ ਜਵਾਨ, ਵਿਦਿਆਰਥੀ ਤੇ ਹੋਰ ਨਾਗਰਿਕ ਸਨ। ਪਹਿਲਾ ਰਿਕਾਰਡ ਪੰਜ ਮਿੰਟ ਵਿਚ ਝੰਡਾ ਉਸਾਰਨ ਦਾ ਸੀ ਤੇ ਇਨ੍ਹਾਂ ਨੇ 3 ਮਿੰਟ 16 ਸੈਕਿੰਡ ਵਿਚ ਇਹ ਕਾਰਨਾਮਾ ਕੀਤਾ ਹੈ।

# ਭਾਈ ਗੁਰਬਖਸ਼ ਸਿੰਘ ਦੇ ਸੰਘਰਸ਼ ਦੇ ਹਮਾਇਤ ਵਿਚ ਕੈਂਡਲ ਵਿਜ਼ਲ

**ਨਿਊ ਯਾਰਕ (ਬਿਊਰੋ):** ਭਾਈ ਗੁਰਬਖਸ਼ ਸਿੰਘ ਖਾਲਸਾ ਵਲੋਂ ਮੁਹਾਲੀ ਵਿਚ ਮਰਨ ਵਰਤ ਰੱਖ ਕੇ ਜੇਲ੍ਹਾਂ ਵਿਚ ਬੰਦ ਸਿੱਖ ਨੌਜਵਾਨਾਂ ਦੀ ਰਿਹਾਈ ਲਈ ਅਰੰਭੇ ਗਏ ਸੰਘਰਸ਼ ਦੀ ਹਮਾਇਤ ਵਿਚ ਮਨੁੱਖੀ ਅਧਿਕਾਰ ਦਿਵਸ 10 ਦਸੰਬਰ ਨੂੰ ਇਥੇ ਯੂ ਐਨ ਓ ਦੇ ਹੈਡ ਆਫਿਸ ਸਾਹਮਣੇ ਪੰਥਕ ਜਥੇਬੰਦੀਆਂ ਦੇ ਸੱਦੇ ਉਤੇ ਸ਼ਾਮੀ 4 ਵਜੇ ਤੋਂ 7 ਵਜੇ ਤੱਕ ਇਕ ਕੈਡਲ ਲਾਈਟ ਵਿਜ਼ਲ ਕੀਤਾ ਗਿਆ ਜਿਸ ਵਿਚ ਟਰਾਈ ਸਟੇਟ ਦੇ ਇਲਾਕਿਆਂ ਤੋਂ ਵੱਡੀ ਗਿਣਤੀ ਵਿਚ ਸਿੱਖ ਸ਼ਾਮਲ ਹੋਏ।






ਵੱਖ ਵੱਖ ਬੁਲਾਰਿਆਂ ਨੇ ਇਸ ਮੌਕੇ ਕੈਂਡਲ ਵਿਜ਼ਲ ਵਿਚ ਹਾਜ਼ਰ ਸੰਗਤਾਂ ਨੂੰ ਸੰਬੋਧਨ ਕਰਦਿਆਂ ਭਾਰਤ ਅਤੇ ਪੰਜਾਬ ਸਰਕਾਰ ਦੀ ਸਖਤ ਨਿਖੇਧੀ ਕਰਦਿਆਂ ਕਿਹਾ ਕਿ ਸਜ਼ਾਵਾਂ ਕੱਟ ਚੁਕੇ ਸਿੱਖਾਂ ਨੂੰ ਅਜੇ ਵਿਚ ਜੇਲ੍ਹ ਵਿਚ ਬੰਦ ਰੱਖਣਾ ਮਾਨਵੀ ਅਧਿਕਾਰਾਂ ਦੀ ਘੋਰ ਉਲੰਘਣਾ ਹੈ। ਬੁਲਾਰਿਆਂ ਨੇ ਪੰਜਾਬ ਦੀ ਅਕਾਲੀ ਸਰਕਾਰ ਦੀ ਵੀ ਸਖਤ ਆਲੋਚਨਾ ਕੀਤੀ ਅਤੇ ਅਕਾਲ ਤਖਤ ਦੇ ਜਥੇਦਾਰ ਨੂੰ ਅਪੀਲ ਕੀਤੀ ਕਿ ਉਹ ਦਖਲ ਦੇ ਕੇ ਬੰਦੀ ਸਿੱਖਾਂ ਨੂੰ ਰਿਹਾ ਕਰਵਾਉਣ।

ਖਾਲਿਸਤਾਨੀ ਆਗੂ ਡਾ. ਅਮਰਜੀਤ ਸਿੰਘ ਨੇ ਆਪਣੀ ਰਵਾਇਤੀ ਸ਼ੈਲੀ ਵਿਚ ਗੱਲ ਕਰਦਿਆਂ ਕਿਹਾ ਕਿ ਸਿੱਖਾਂ ਦੀਆਂ ਮੁਸ਼ਕਿਲਾਂ ਦਾ ਇਕੋ ਇਕ ਹੱਲ ਸਿੱਖ ਕੌਮ ਦੀ ਆਜ਼ਾਦੀ ਹੈ। ਇਸ ਮੌਕੇ ਹਾਜ਼ਰ ਸੰਗਤਾਂ ਨੇ ਆਪਣੇ ਹੱਥਾਂ ਵਿਚ ਭਾਈ ਗੁਰਬਖਸ਼ ਸਿੰਘ ਦੀ ਤਸਵੀਰ ਵਾਲੀਆਂ ਤਖਤੀਆਂ ਤੋਂ ਇਲਾਵਾ ਜੇਲ੍ਹਾਂ ਵਿਚ ਸਿੱਖਾਂ ਨੂੰ ਨਜ਼ਰਬੰਦ ਰੱਖਣਾ ਨਾਜ਼ੀ ਸੋਚ, ਬੰਦੀਆਂ ਵਿਰੁਧ ਆਵਾਜ਼ ਨਾ ਉਠਾਉਣਾ ਸਿੱਖ ਲੀਡਰਸ਼ਿਪ ਦੀ ਬਿਮਾਰ ਮਾਨਸਿਕਤਾ ਆਦਿ ਨਾਅਰਿਆਂ ਵਾਲੀਆਂ ਤਖਤੀਆਂ ਚੁੱਕੀਆਂ ਹੋਈਆਂ ਸਨ।

ਗਲੋਬਲ ਸਿੱਖ ਕੌਂਸਲ ਵਲੋਂ ਜਾਰੀ ਇਕ ਬਿਆਨ ਵਿਚ ਇਸ ਗੱਲ ਉਤੇ ਤਸੱਲੀ ਪ੍ਰਗਟਾਈ ਗਈ ਕਿ ਭਾਈ ਗੁਰਬਖਸ਼ ਸਿੰਘ ਖਾਲਸਾ ਵਲੋਂ ਅਰੰਭਿਆ ਗਿਆ ਇਹ ਸੰਘਰਸ਼ ਸਿੱਖ ਕੌਮ ਲਈ ਮੁੜ ਜਾਗਰੂਕਤਾ ਦਾ ਸੋਮਾ ਸਾਬਤ ਹੋਇਆ ਹੈ। ਬਿਆਨ ਵਿਚ ਕਿਹਾ ਗਿਆ ਹੈ ਕਿ ਬਹੁਤ ਸਾਰੇ ਸਿੱਖ ਨੌਜਵਾਨ ਜੋ ਅਦਾਲਤ ਵਲੋਂ ਸੁਣਾਈ ਗਈ ਸਜ਼ਾ ਵੀ ਕੱਟ ਚੁਕੇ ਹਨ, ਉਨ੍ਹਾਂ ਨੂੰ ਵੀ ਜੇਲ੍ਹਾਂ ਵਿਚੋਂ ਅਜੇ ਤੱਕ ਰਿਹਾ ਨਹੀਂ ਕੀਤਾ ਗਿਆ। ਭਾਈ ਗੁਰਬਖਸ਼ ਸਿੰਘ ਖੁਦ ਜੇਲ੍ਹ ਦੀ ਸਜ਼ਾ ਕੱਟ ਕੇ ਆਏ ਹਨ, ਇਸ ਲਈ ਉਨ੍ਹਾਂ ਨੂੰ ਜੇਲ੍ਹਾਂ ਵਿਚ ਬੰਦ ਅਜਿਹੇ ਕੈਦੀਆਂ ਦੇ ਦੁੱਖ ਦਾ ਅਹਿਸਾਸ ਹੈ ਅਤੇ ਇਸੇ ਕਰਕੇ ਉਨ੍ਹਾਂ ਇਸ ਬੇਨਿਆਂਈ ਵਿਰੁਧ ਇਹ ਸੰਘਰਸ਼ ਅਰੰਭਿਆ ਹੈ। ਤਸੱਲੀ ਦੀ ਗੱਲ ਇਹ ਹੈ ਕਿ ਇਸ ਸੰਘਰਸ਼ ਨੂੰ ਦੇਸ਼-ਵਿਦੇਸ਼ ਵਿਚ ਸਿੱਖ ਕੌਮ ਵਲੋਂ ਭਰਵਾਂ ਹੁੰਗਾਰਾ ਮਿਲ ਰਿਹਾ ਹੈ। ਜਥੇਬੰਦੀ ਨੇ ਸਮੂਹ ਸਿੱਖਾਂ ਨੂੰ ਇਸ ਘੜੀ ਭਾਈ ਗੁਰਬਖਸ਼ ਸਿੰਘ ਵਲੋਂ ਵਿੱਢੀ ਗਈ ਜੱਦੋਜਹਿਦ ਦੇ ਹੱਕ ਵਿਚ ਡਟਣ ਦਾ ਸੱਦਾ ਦਿੱਤਾ ਹੈ।



# ਭਾਰਤ ਚੌਥੀ ਵਾਰ ਬਣਿਆ ਵਿਸ਼ਵ ਕਬੱਡੀ ਚੈਂਪੀਅਨ

## ਪਾਕਿਸਤਾਨ ਦੂਜੇ ਅਤੇ ਅਮਰੀਕਾ ਤੀਜੇ ਸਥਾਨ 'ਤੇ ਰਿਹਾ

**ਲੁਧਿਆਣਾ:** ਚੌਥੇ ਵਿਸ਼ਵ ਕਬੱਡੀ ਕੱਪ ਦੇ ਬੇਹੱਦ ਫਸਵੇਂ ਤੇ ਰੌਚਿਕ ਫਾਈਨਲ ਮੁਕਾਬਲੇ ਵਿਚ ਪਾਕਿਸਤਾਨ ਨੂੰ ਹਰਾ ਕੇ ਭਾਰਤੀ ਗੱਭਰੂਆਂ ਨੇ ਲਗਾਤਾਰ ਚੌਥੀ ਵਾਰ ਵਿਸ਼ਵ ਕਬੱਡੀ ਕੱਪ ਜਿੱਤਣ ਦਾ ਮਾਣ ਹਾਸਲ ਕੀਤਾ। ਭਾਰਤ ਦੇ 48 ਤੇ ਪਾਕਿਸਤਾਨ ਦੇ 39 ਅੰਕ ਰਹੇ। ਟੂਰਨਾਮੈਂਟ ਵਿਚ ਅਮਰੀਕਾ ਤੀਜੇ ਸਥਾਨ 'ਤੇ ਰਿਹਾ।

ਫਾਈਨਲ ਮੈਚ ਦਾ ਪਹਿਲਾ ਅੰਕ ਹਾਸਲ ਕਰਕੇ ਪਾਕਿਸਤਾਨ ਦੀ ਟੀਮ ਨੇ ਧਮਾਕੇਦਾਰ ਸ਼ੁਰੂਆਤ ਕੀਤੀ ਤੇ ਇਕ ਇਕ ਅੰਕ ਲਈ ਸਖਤ ਮੁਕਾਬਲਾ ਵੇਖਣ ਨੂੰ ਮਿਲਿਆ। ਪਹਿਲੇ ਥੋੜ੍ਹ ਚਿਰੇ ਠਹਿਰਾਅ ਤੱਕ ਦੋਵੇਂ ਟੀਮਾਂ 11-11 ਅੰਕਾਂ ਨਾਲ ਬਰਾਬਰ ਸਨ ਤੇ ਖਚਾਖਚ ਭਰੇ ਗੁਰੂ ਨਾਨਕ ਸਟੇਡੀਅਮ ਵਿਚ ਪੰਜਾਬ ਦੇ ਕੋਨੇ ਕੋਨੇ ਤੋਂ ਪਹੁੰਚੇ ਕਬੱਡੀ ਪ੍ਰੇਮੀ ਦਰਸ਼ਕ ਉਸ ਵੇਲੇ ਹੈਰਾਨ ਰਹਿ ਗਏ ਜਦੋਂ ਪਾਕਿਸਤਾਨ ਦੇ ਜਾਫ਼ੀ ਨੇ ਭਾਰਤੀ ਟੀਮ ਦੇ ਕਪਤਾਨ ਤੇ ਚੋਟੀ ਦੇ ਧਾਵੀ ਸੁਖਬੀਰ ਸਰਾਵਾਂ ਨੂੰ ਜੱਫਾ ਮਾਰ ਕੇ ਪਾੜੇ ਦੀ ਟੱਚ ਲਾਈਨ ਤੋਂ ਕੁਝ ਫੁੱਟ ਉਰ੍ਹਾਂ ਹੀ ਰੋਕ ਕੇ ਅੰਕ ਆਪਣੇ ਹੱਕ ਵਿਚ ਕਰ ਲਿਆ।

ਦੋਵਾਂ ਟੀਮਾਂ ਵੱਲੋਂ ਇਕ ਇਕ ਅੰਕ ਲਈ ਕੀਤੀ ਜਾ ਰਹੀ ਜੀਅ ਤੋੜ ਕੋਸ਼ਿਸ਼ ਦਾ ਨਤੀਜਾ ਸੀ ਕਿ ਪਹਿਲੇ ਅੱਧ ਵਿਚ ਭਾਰਤ ਦੇ 23 ਤੇ ਪਾਕਿਸਤਾਨ ਦੇ 21 ਅੰਕ ਸਨ। ਦੂਜੇ ਅੱਧ ਦੌਰਾਨ ਵੀ ਮੁਕਾਬਲਾ ਬੇਹੱਦ ਸਖਤ ਰਿਹਾ ਤੇ ਤਿੰਨ-ਚਾਰ ਕੌਡੀਆਂ ਤੋਂ ਬਾਅਦ ਹੀ ਦੋਵੇਂ ਟੀਮਾਂ 25-25 ਅੰਕਾਂ ਦੀ ਬਰਾਬਰੀ 'ਤੇ ਪਹੁੰਚ ਗਈਆਂ। ਥੋੜ੍ਹੀ ਦੇਰ ਬਾਅਦ ਹੀ ਭਾਰਤੀ ਖਿਡਾਰੀਆਂ ਨੇ ਆਪਣੀ ਚੁਸਤੀ ਫੁਰਤੀ ਨਾਲ ਸਕੋਰ ਬੋਰਡ 29-26 'ਤੇ ਲੈ ਆਂਦਾ ਪਰ ਪਾਕਿਸਤਾਨ ਦੇ ਖਿਡਾਰੀਆਂ ਨੇ ਮੁੜ ਹੰਭਲਾ ਮਾਰ ਕੇ ਇਸ ਨੂੰ 29-30 ਕਰ ਦਿੱਤਾ ਪਰ ਉਚੇ ਲੰਮੇ ਤੇ ਫੁਰਤੀਲੇ ਭਾਰਤੀ ਪੰਜਾਬੀ ਗੱਭਰੂਆਂ ਅੱਗੇ ਪਾਕਿਸਤਾਨ ਦੇ ਖਿਡਾਰੀਆਂ ਦੀ ਪੇਸ਼ ਨਾ ਚੱਲੀ ਤੇ ਜਿਉਂ ਜਿਉਂ ਮੈਚ ਸਮਾਪਤੀ ਵੱਲ ਵਧਿਆ ਉਵੇਂ ਹੀ ਭਾਰਤੀ ਟੀਮ ਦੇ ਅੰਕ ਵੀ ਵਧਦੇ ਗਏ। ਜੇਤੂ ਟੀਮਾਂ ਤੇ ਸਰਵੋਤਮ ਖਿਡਾਰੀਆਂ ਨੂੰ ਇਨਾਮਾਂ ਦੀ ਵੰਡ ਮੁੱਖ ਮਹਿਮਾਨ ਸ਼ਾਹਬਾਜ਼ ਸ਼ਰੀਫ਼, ਪ੍ਰਕਾਸ਼ ਸਿੰਘ ਬਾਦਲ ਤੇ ਸੁਖਬੀਰ ਸਿੰਘ ਬਾਦਲ ਨੇ ਕੀਤੀ। ਸਰਵੋਤਮ ਧਾਵੀ ਬਲਬੀਰ ਦੁੱਲਾ ਤੇ ਸਰਵੋਤਮ ਜਾਫ਼ੀ ਬਲਬੀਰ ਪਾਲਾ ਨੂੰ ਪ੍ਰੀਤ ਟ੍ਰੈਕਟਰ ਇਨਾਮ ਵਜੋਂ ਦਿੱਤੇ ਗਏ। ਭਾਰਤੀ ਟੀਮ ਨੂੰ ਦੋ ਕਰੋੜ ਤੇ ਪਾਕਿਸਤਾਨ ਦੀ ਟੀਮ ਨੂੰ ਇਕ ਕਰੋੜ ਰੁਪਏ ਦੇ ਇਨਾਮੀ ਚੈਕ ਭੇਟ ਕੀਤੇ ਗਏ ਜਦਕਿ ਤੀਜੇ ਨੰਬਰ 'ਤੇ ਰਹੀ ਅਮਰੀਕਾ ਦੀ ਟੀਮ ਨੂੰ 25 ਲੱਖ ਰੁਪਏ ਦਾ ਇਨਾਮ ਦਿੱਤਾ ਗਿਆ। ਔਰਤਾਂ ਦੀ ਜੇਤੂ ਤੇ ਉਪ ਜੇਤੂ ਟੀਮਾਂ ਨੂੰ ਵੀ ਤਗ਼ਮੇ, ਕੱਪ ਤੇ ਨਕਦ ਇਨਾਮ ਭੇਟ ਕੀਤੇ ਗਏ।



ਭਾਰਤੀ ਪੰਜਾਬੀ ਗੱਭਰੂਆਂ ਅੱਗੇ ਪਾਕਿਸਤਾਨ ਦੇ ਖਿਡਾਰ

## ਭਾਰਤੀ ਮੁਟਿਆਰਾਂ ਨੇ ਤੀਜੀ ਵਾਰ ਜਿੱਤਿਆ ਖਿਤਾਬ

### ਨਿਊਜ਼ੀਲੈਂਡ ਨੂੰ 49-21 ਨਾਲ ਹਰਾਇਆ

**ਜਲੰਧਰ:** ਚੌਥੇ ਵਿਸ਼ਵ ਕਬੱਡੀ ਕੱਪ ਵਿਚ ਜਲੰਧਰ ਵਿਚ ਖੇਡੇ ਗਏ ਮਹਿਲਾ ਵਰਗ ਦੇ ਫਾਈਨਲ ਮੁਕਾਬਲੇ ਵਿਚ ਭਾਰਤੀ ਮੁਟਿਆਰਾਂ ਨੇ ਨਿਊਜ਼ੀਲੈਂਡ ਨੂੰ ਹਰਾ ਕੇ ਵਿਸ਼ਵ ਕਬੱਡੀ ਕੱਪ ਵਿਚ ਚੈਂਪੀਅਨ ਬਣਨ ਦਾ ਮਾਣ ਹਾਸਲ ਕੀਤਾ। ਭਾਰਤੀ ਮੁਟਿਆਰਾਂ ਨੇ ਲਗਾਤਾਰ ਤੀਜੀ ਵਾਰ ਜੇਤੂ ਹੈਟ੍ਰਿਕ ਬਣਾ ਕੇ ਇਕ ਕਰੋੜ ਦੇ ਨਗਦ ਇਨਾਮ ਤੇ ਕਬਜ਼ਾ ਕੀਤਾ ਤੇ ਨਿਊਜ਼ੀਲੈਂਡ ਦੀਆਂ ਉਪ ਜੇਤੂ ਬਣੀਆਂ ਮਹਿਲਾਵਾਂ ਨੂੰ 51 ਲੱਖ ਦੇ ਇਨਾਮ 'ਤੇ ਸਬਰ ਕਰਨਾ ਪਿਆ।

ਮੈਚ ਵਿਚ ਇਕ ਸਮੇਂ ਨਿਊਜ਼ੀਲੈਂਡ ਦੀ ਟੀਮ ਭਾਰਤ ਤੋਂ ਅੱਗੇ ਸੀ ਇਸ ਤੋਂ ਬਾਅਦ ਭਾਰਤੀ ਖਿਡਾਰਨਾਂ ਨੇ ਵਾਪਸੀ ਕਰਦਿਆਂ ਲਗਾਤਾਰ ਜੇਤੂ ਬੜਤ ਬਣਾਈ ਰੱਖੀ ਤੇ ਅੰਤ ਵਿਚ ਭਾਰਤ ਨੇ ਇਸ ਮੈਚ ਦੇ ਵਿਚੋਂ 49-21 ਅੰਕਾਂ ਦੇ ਨਾਲ ਜਿੱਤ ਦਰਜ ਕੀਤੀ। ਇਸ ਤੋਂ ਪਹਿਲਾਂ ਔਰਤਾਂ ਦੇ ਵਰਗ ਵਿਚੋਂ ਤੀਸਰੇ ਸਥਾਨ ਲਈ ਖੇਡੇ ਗਏ ਮੈਚ ਵਿਚ ਪਾਕਿਸਤਾਨ ਤੇ ਡੈਨਮਾਰਕ ਵਿਚਾਲੇ ਫਸਵੀਂ ਟੱਕਰ ਵੇਖਣ ਨੂੰ ਮਿਲੀ ਪਰ ਅੰਤ ਵਿਚ ਡੈਨਮਾਰਕ ਦੀਆਂ ਖਿਡਾਰਨਾਂ ਨੇ ਪਾਕਿਸਤਾਨ ਨੂੰ ਇਕ ਅੰਕ ਦੇ ਨਾਲ 34-33 ਦੇ ਫਰਕ ਨਾਲ ਹਰਾ ਦਿੱਤਾ ਤੇ ਤੀਜੀ ਥਾਂ ਹਾਸਲ ਕਰਕੇ 25 ਲੱਖ ਦੇ ਨਗਦ ਇਨਾਮ 'ਤੇ ਕਬਜ਼ਾ ਕੀਤਾ।

ਮਰਦਾਂ ਦੇ ਵਰਗ ਵਿਚੋਂ ਅਮਰੀਕਾ ਦੀ ਟੀਮ ਨੇ ਇੰਗਲੈਂਡ ਨੂੰ 62-27 ਅੰਕਾਂ ਨਾਲ ਹਰਾ ਕੇ ਤੀਜਾ ਸਥਾਨ ਹਾਸਲ ਕਰਕੇ 51 ਲੱਖ ਦੇ ਨਗਦ ਇਨਾਮ 'ਤੇ ਕਬਜ਼ਾ ਕੀਤਾ। ਇਸ ਮੈਚ ਦੇ ਵਿਚ ਅਮਰੀਕਾ ਦਾ ਧਰਮਜੀਤ ਸੰਧੂ ਤੇ ਜੀਸਸ ਨੇ 15-15 ਅੰਕ ਹਾਸਲ ਕੀਤੇ। ਇੰਗਲੈਂਡ ਦੀ ਟੀਮ ਵੱਲੋਂ ਧਾਵੀ ਅਵਤਾਰ ਸਿੰਘ ਤਾਰੀ ਨੇ 9 ਅੰਕ ਹਾਸਲ ਕੀਤੇ।



## ਕਬੱਡੀ ਕੱਪ ਦੀਆਂ ਤਿਆਰੀਆਂ ਨੇ ਪ੍ਰਸ਼ਾਸਨਿਕ ਢਾਂਚਾ ਲੀਹੋਂ ਲਾਹਿਆ

**ਚੰਡੀਗੜ੍ਹ:** ਪੰਜਾਬ ਦੇ ਜ਼ਿਲ੍ਹਾ ਪ੍ਰਸ਼ਾਸਨਕ ਤੇ ਪੁਲਿਸ ਅਧਿਕਾਰੀ ਕਬੱਡੀ ਕੱਪ, ਰੈਲੀਆਂ ਦੀ ਤਿਆਰੀ ਤੇ ਵਿਦੇਸ਼ੀ ਪ੍ਰਾਹੁਣਿਆਂ ਦੀ ਆਓ ਭਗਤ ਵਿਚ ਲੱਗੇ ਹੋਣ ਕਾਰਨ ਸਮੁੱਚਾ ਪ੍ਰਸ਼ਾਸਨਿਕ ਢਾਂਚਾ ਲੜਖੜਾ ਗਿਆ ਹੈ। ਨਵੰਬਰ ਦਾ ਪਿਛਲਾ ਪੰਦਰਵਾੜਾ ਪੰਜਾਬ ਦੇ ਕਰੀਬ ਸਾਰੇ ਵਜ਼ੀਰ ਤੇ ਵਿਧਾਇਕ ਦਿੱਲੀ ਚੋਣਾਂ ਵਿਚ ਗਏ ਹੋਣ ਕਾਰਨ ਪ੍ਰਸ਼ਾਸਨ ਆਰਾਮ ਦੀ ਨੀਂਦ ਸੁੱਤਾ ਰਿਹਾ ਤੇ ਫਿਰ ਪਹਿਲੀ ਤੋਂ 14 ਦਸੰਬਰ ਤੱਕ ਹੋਏ ਵਿਸ਼ਵ ਕਬੱਡੀ ਕੱਪ ਲਈ ਕਰੀਬ ਸਾਰੇ ਹੀ ਪੰਜਾਬ ਦੇ ਸਿਵਲ ਤੇ ਪੁਲਿਸ ਅਧਿਕਾਰੀ ਇਨ੍ਹਾਂ ਦੀ ਤਿਆਰੀ ਲਈ ਲਾ ਦਿੱਤੇ ਗਏ।

ਸਰਕਾਰੀ ਅਧਿਕਾਰੀਆਂ ਦਾ ਕਹਿਣਾ ਹੈ ਕਿ ਵਿਸ਼ਵ ਕਬੱਡੀ ਕੱਪ ਦੇ ਸਾਰੇ ਪ੍ਰਬੰਧਾਂ ਸਮੇਤ ਦਰਸ਼ਕ ਲਿਆਉਣ ਦਾ ਜ਼ਿੰਮਾ ਸਰਕਾਰੀ ਅਧਿਕਾਰੀਆਂ ਸਿਰ ਹੀ ਲਾਇਆ ਹੋਇਆ ਸੀ। ਇਸ ਕਰਕੇ ਹਰ ਜ਼ਿਲ੍ਹੇ ਦੇ ਉੱਚ ਅਧਿਕਾਰੀਆਂ ਤੋਂ ਲੈ ਕੇ ਹੇਠਲੇ ਪੱਧਰ ਦੇ ਕਰਮਚਾਰੀਆਂ ਤੱਕ ਨੂੰ ਇਸ ਕੰਮ ਵਿਚ ਲਾਇਆ ਗਿਆ। ਬਹੁਤੇ ਜ਼ਿਲ੍ਹਿਆਂ ਵਿਚ ਕਬੱਡੀ ਕੱਪ ਕਾਰਨ ਦਫ਼ਤਰਾਂ ਦੇ ਕੰਮਕਾਜ ਕਈ ਦਿਨ ਠੱਪ ਰਹੇ। ਕਬੱਡੀ ਕੱਪ ਤੋਂ ਅਧਿਕਾਰੀ ਵਿਹਲੇ ਵੀ ਨਹੀਂ ਹੋਏ ਸਨ ਕਿ ਪੰਜਾਬ ਦੇ ਵੱਡੀ ਗਿਣਤੀ ਸਿਵਲ ਤੇ ਪੁਲਿਸ ਅਧਿਕਾਰੀ ਪਾਕਿਸਤਾਨੀ ਪੰਜਾਬ ਦੇ ਮੁੱਖ ਮੰਤਰੀ ਸਾਹਬਾਜ਼ ਸ਼ਰੀਫ਼ ਦੀ ਪੰਜਾਬ ਫੇਰੀ ਲਈ ਤਾਇਨਾਤ ਕਰ ਦਿੱਤੇ ਗਏ। ਪਹਿਲੇ ਦਿਨ ਉਨ੍ਹਾਂ ਨੂੰ ਮੁਹਾਲੀ ਵਿਖੇ ਸ਼ਾਹੀ ਖਾਣਾ ਦਿੱਤਾ ਗਿਆ ਜਿਸ ਲਈ ਦਰਜਨਾਂ ਸੀਨੀਅਰ ਅਧਿਕਾਰੀ, ਤਿਆਰੀ ਵਾਸਤੇ ਕਈ ਦਿਨ ਜੁਟੇ ਰਹੇ ਤੇ ਸੈਂਕੜੇ ਅਧਿਕਾਰੀ ਹੋਰ ਤਿਆਰੀਆਂ ਲਈ ਲਾਏ ਗਏ। ਲੁਧਿਆਣਾ ਵਿਚ ਕਬੱਡੀ ਕੱਪ ਦੇ ਸਮਾਪਤੀ ਸਮਾਗਮ ਤੋਂ ਇਲਾਵਾ ਕੁਝ ਹੋਰ ਥਾਵਾਂ ਉਪਰ ਵੀ ਉਹ ਗਏ ਜਿਥੇ ਕਈ ਜ਼ਿਲ੍ਹਿਆਂ ਤੋਂ ਸੀਨੀਅਰ ਅਧਿਕਾਰੀ ਸੱਦੇ ਗਏ। ਜ਼ਿਲ੍ਹਾ ਮਾਨਸਾ ਵਿਚ ਬਣਾਂਵਾਲੀ ਥਰਮਲ ਪਲਾਂਟ ਦੇਖਣ ਜਾਣ ਸਮੇਂ ਪੰਜ ਜ਼ਿਲ੍ਹਿਆਂ ਦੇ ਅਧਿਕਾਰੀ ਉਥੇ ਤਾਇਨਾਤ ਕੀਤੇ ਗਏ। ਆਖਰੀ ਦਿਨ ਉਹ ਅੰਮ੍ਰਿਤਸਰ ਜ਼ਿਲ੍ਹੇ ਵਿਚ ਆਪਣੀ ਜਨਮ ਭੂਮੀ ਨੂੰ ਸਿਜਦਾ ਕਰਨ ਲਈ ਜਾਤੀ ਉਮਰਾ ਪਿੰਡ ਕੁਝ ਸਮੇਂ ਗਏ।

ਅੰਮ੍ਰਿਤਸਰ ਤੇ ਤਰਨਤਾਰਨ ਦੇ ਅਧਿਕਾਰੀਆਂ ਤੋਂ ਇਲਾਵਾ ਦੁਆਬਾ ਖੇਤਰ ਦੇ ਚਾਰਾਂ ਜ਼ਿਲ੍ਹਿਆਂ ਦੇ ਏ.ਡੀ.ਸੀ. ਤੇ ਹੋਰ ਅਧਿਕਾਰੀ ਵੀ ਉਥੇ ਤਿਆਰੀਆਂ ਦੀ ਜ਼ਿੰਮੇਵਾਰੀ ਸੰਭਾਲਣ ਵਿਚ ਜੁਟੇ ਰਹੇ। ਦੂਜੇ ਪਾਸੇ ਜਗਰਾਉਂ ਨੇੜੇ ਭਾਜਪਾ ਦੇ ਪ੍ਰਧਾਨ ਮੰਤਰੀ ਅਹੁਦੇ ਲਈ ਨਾਮਜ਼ਦ ਨਰਿੰਦਰ ਮੋਦੀ ਦੀ ਆਮਦ ਉਪਰ 21 ਦਸੰਬਰ ਨੂੰ ਹੋਣ ਜਾ ਰਹੀ ਰੈਲੀ ਲਈ ਸਮੁੱਚੇ ਪ੍ਰਸ਼ਾਸਨ ਨੂੰ ਸਰਗਰਮ ਕਰ ਦਿੱਤਾ ਹੈ। ਬੀਤੇ ਦਿਨ ਪੰਜਾਬ ਭਰ ਦੇ ਜ਼ਿਲ੍ਹਾ ਪੁਲਿਸ ਮੁਖੀਆਂ ਤੇ ਸੀਨੀਅਰ ਅਧਿਕਾਰੀਆਂ ਦੀ ਮੀਟਿੰਗ ਰੈਲੀ ਦੇ ਪ੍ਰਬੰਧਾਂ ਤੇ ਸੁਰੱਖਿਆ ਪ੍ਰਬੰਧਾਂ ਦੇ ਇੰਤਜ਼ਾਮ ਬਾਰੇ ਚੰਡੀਗੜ੍ਹ ਵਿਚ ਕੀਤੀ ਗਈ।

ਸੂਤਰਾਂ ਦਾ ਕਹਿਣਾ ਹੈ ਕਿ ਅਗਲੇ 7-8 ਦਿਨ ਸਮੁੱਚੀ ਸਰਕਾਰੀ ਮਸ਼ੀਨਰੀ ਮੋਦੀ ਰੈਲੀ ਦੀ ਤਿਆਰੀ ਲਈ ਝੋਕ ਦੇਣ ਦੇ ਹੁਕਮ ਹੋ ਚੁੱਕੇ ਹਨ। ਹੁਕਮਰਾਨ ਪਾਰਟੀ ਦੇ ਸਰਕਾਰ ਚਲਾਉਣ ਦੇ ਵਤੀਰੇ ਤੋਂ ਸਰਕਾਰੀ ਅਧਿਕਾਰੀਆਂ ਵਿਚ ਭਾਰੀ ਔਖ਼ ਪਾਈ ਜਾ ਰਹੀ ਸੀ।

## ਕਲਾਕਾਰਾਂ ਨੇ ਪਾਈ ਮੰਚ 'ਤੇ ਧਮਾਲ

**ਲੁਧਿਆਣਾ:** ਵਿਸ਼ਵ ਕਬੱਡੀ ਕੱਪ ਦੇ ਸਮਾਪਤੀ ਸਮਾਰੋਹ ਮੌਕੇ ਫ਼ਿਲਮ ਅਦਾਕਾਰ ਰਣਬੀਰ ਸਿੰਘ ਤੇ ਟੀਵੀ ਅਦਾਕਾਰ ਮੋਨਾ ਸਿੰਘ ਸਮੇਤ ਅਨੇਕਾਂ ਕਲਾਕਾਰਾਂ ਤੇ ਪੰਜਾਬੀ ਗਾਇਕਾਂ ਨੇ ਰੰਗ ਬੰਨ੍ਹਿਆ ਪਰ ਫ਼ਿਲਮ ਅਦਾਕਾਰ ਰਣਬੀਰ ਸਿੰਘ ਦੇ ਅਸੱਭਿਅਕ ਗੀਤ ਹੀ ਭਾਰੂ ਰਹੇ। ਇਸ ਮੌਕੇ ਲਖਵਿੰਦਰ ਵਡਾਲੀ, ਮਾਸਟਰ ਸਲੀਮ, ਰੌਸ਼ਨ ਪ੍ਰਿੰਸ ਤੇ ਜਸਪਿੰਦਰ ਨਰੂਲਾ ਨੇ ਗੀਤ ਪੇਸ਼ ਕਰ ਕੇ ਦਰਸ਼ਕਾਂ ਦਾ ਮਨੋਰੰਜਨ ਕੀਤਾ।

ਮਸ਼ਹੂਰ ਫ਼ਿਲਮ ਅਦਾਕਾਰ ਰਣਬੀਰ ਸਿੰਘ ਨੂੰ ਮੋਟਰਸਾਈਕਲ ਰਿਕਸ਼ਾ 'ਤੇ ਬਿਠਾ ਕੇ ਲਿਆਂਦਾ ਗਿਆ ਤੇ ਸਕੂਲ ਦੇ ਬੱਚਿਆਂ ਨੇ ਉਸ ਦਾ ਸਵਾਗਤ ਕੀਤਾ। ਰਣਬੀਰ ਦੇ ਕੁਝ ਗੀਤਾਂ ਬਾਰੇ ਪਹਿਲਾਂ ਕੁਝ ਸਮਾਜ ਸੇਵੀ ਜਥੇਬੰਦੀਆਂ ਵੱਲੋਂ ਕੀਤੇ ਇਤਰਾਜ਼ ਤੇ ਮੀਡੀਆ ਵਿਚ ਨਸ਼ਰ ਹੋਈਆਂ ਰਿਪੋਰਟਾਂ ਤੋਂ ਬਾਅਦ ਭਾਵੇਂ ਮਨੋਰੰਜਨ ਪ੍ਰੋਗਰਾਮ ਦੀ ਈਵੈਂਟ ਮੈਨੇਜਮੈਂਟ ਕੰਪਨੀ ਨੇ ਅਜਿਹੇ ਗੀਤਾਂ ਦੀ ਪੇਸ਼ਕਾਰੀ ਤੋਂ ਇਨਕਾਰ ਕੀਤਾ ਸੀ ਪਰ ਪ੍ਰੋਗਰਾਮ ਵਿਚ ਇਹ ਗੀਤ ਸ਼ਾਮਲ ਸਨ।

## ਕੱਪ ਦੌਰਾਨ ਸਿੱਖ ਕੈਦੀਆਂ ਦਾ ਕੇਸ ਵੀ ਗੂੰਜਿਆ

**ਲੁਧਿਆਣਾ:** ਵਿਸ਼ਵ ਕਬੱਡੀ ਕੱਪ ਦੇ ਫਾਈਨਲ ਮੈਚ ਵਿਚ ਸਖਤ ਸੁਰੱਖਿਆ ਪ੍ਰਬੰਧਾਂ ਦੇ ਬਾਵਜੂਦ ਸਿੱਖ ਨੌਜਵਾਨ ਦਾ ਸਟੇਜ 'ਤੇ ਪਹੁੰਚਣਾ ਪੁਲਿਸ ਦੇ ਸੁਰੱਖਿਆ ਪ੍ਰਬੰਧਾਂ 'ਤੇ ਸਵਾਲੀਆ ਚਿੰਨ੍ਹ ਤਾਂ ਲਾਉਂਦਾ ਹੈ ਤੇ ਦੂਜੇ ਪਾਸੇ ਸਟੇਜ ਉਤੇ ਪੁੱਜਣ ਵਾਲੇ ਗੁਰਸਿੱਖ ਨੌਜਵਾਨ ਤੇ ਸਿੱਖ ਜਥੇਬੰਦੀਆਂ ਨੇ ਦਾਅਵਾ ਕੀਤਾ ਹੈ ਕਿ ਇਹ ਨੌਜਵਾਨ ਸਟੇਜ 'ਤੇ ਚੜ੍ਹ ਕੇ ਮਾਈਕ ਰਾਹੀਂ ਜੇਲ੍ਹਾਂ ਵਿਚ ਰੁਲ ਰਹੇ ਸਿੱਖਾਂ ਦੀ ਰਿਹਾਈ ਲਈ ਸਰਕਾਰ ਵੱਲੋਂ ਕੋਈ ਯਤਨ ਨਾ ਕਰਨ ਬਾਰੇ ਖਰੀਆਂ-ਖਰੀਆਂ ਸੁਣਾਉਣਾ ਚਾਹੁੰਦਾ ਸੀ।

ਕਿਲਾ ਹਾਂਸ (ਲੁਧਿਆਣਾ) ਦਾ ਨੌਜਵਾਨ ਗੁਰਪ੍ਰੀਤ ਸਿੰਘ ਸੁਰੱਖਿਆ ਕਰਮਚਾਰੀਆਂ ਨੂੰ ਝਕਾਨੀ ਦੇ ਕੇ ਕਲਾਕਾਰਾਂ ਦੀ ਸਟੇਜ ਜਾ ਚੜ੍ਹਿਆ ਜਿਥੇ ਜਸਪਿੰਦਰ ਨਰੂਲਾ ਗੀਤ ਪੇਸ਼ ਕਰ ਰਹੀ ਸੀ। ਇਹ ਸਟੇਜ ਐਨ ਉਸ ਸਟੇਜ ਦੇ ਸਾਹਮਣੇ ਸੀ ਜਿੱਥੇ ਚੜ੍ਹਦੇ-ਲਹਿੰਦੇ ਪੰਜਾਬ ਦੇ ਦੋਵੇਂ ਮੁੱਖ ਮੰਤਰੀ ਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਤੇ ਹੋਰ ਵੀ.ਆਈ.ਪੀਜ਼ ਬੈਠੇ ਸਨ। ਹਾਲੇ ਇਹ ਨੌਜਵਾਨ ਸਟੇਜ 'ਤੇ ਚੜ੍ਹਿਆ ਹੀ ਸੀ ਕਿ ਪੁਲਿਸ ਨੇ ਦਬੋਚ ਲਿਆ। ਦੋਵੇਂ ਮੁੱਖ ਮੰਤਰੀ ਤੇ ਸੁਖਬੀਰ ਬਾਦਲ ਤੇ ਹੋਰ ਪਤਵੰਤੇ ਇਸ ਘਟਨਾ ਨੂੰ ਦੇਖਦਿਆਂ ਹੀ ਭਮੰਤਰ ਗਏ। ਪੁਲਿਸ ਨੇ ਇਸ ਨੌਜਵਾਨ 'ਤੇ ਅਮਨ ਸ਼ਾਂਤੀ ਭੰਗ ਕਰਨ ਦੇ ਦੋਸ਼ ਅਧੀਨ ਪਰਚਾ ਦਰਜ ਕਰਕੇ ਉਸ ਦੀ ਗ੍ਰਿਫਤਾਰੀ ਕਰ ਲਈ ਹੈ।

ਪਾਇਲ ਨੇੜੇ ਪਿੰਡ ਕਿਲਾ ਹਾਂਸ ਦਾ ਵਸਨੀਕ ਗੁਰਪ੍ਰੀਤ ਸਿੰਘ ਦੋ ਬੱਚਿਆਂ ਦਾ ਬਾਪ ਹੈ ਤੇ ਪਿੰਡ ਵਿਚ ਹੀ ਕੱਪੜੇ ਦਾ ਵਪਾਰ ਕਰਦਾ ਹੈ। ਪਿੰਡ ਦੇ ਇਕ ਵਸਨੀਕ ਨੇ ਦੱਸਿਆ ਕਿ ਗੁਰਪ੍ਰੀਤ ਨੇ ਫਾਈਨਲ ਮੈਚ ਸਮੇਂ ਜੇਲ੍ਹਾਂ ਵਿਚ ਸੜ ਰਹੇ ਸਿੱਖਾਂ ਪ੍ਰਤੀ ਰੋਸ ਜਤਾਉਣ ਲਈ ਮਨ ਬਣਾਇਆ ਹੋਇਆ ਸੀ। ਉਹ ਹੋਰਾਂ ਨੂੰ ਵੀ ਅਜਿਹਾ ਕਰਨ ਲਈ ਕਹਿ ਰਿਹਾ ਸੀ।

ਗੁਰਪ੍ਰੀਤ ਨੇ ਪੁਲਿਸ ਕੋਲ ਮੰਨਿਆ ਹੈ ਕਿ ਉਹ ਮੁੱਖ ਮੰਤਰੀ ਤੇ ਉਪ ਮੁੱਖ ਮੰਤਰੀ ਦਾ ਧਿਆਨ ਇਕ ਮਹੀਨੇ ਤੋਂ ਮਰਨ ਵਰਤ 'ਤੇ ਬੈਠੇ ਗੁਰਬਖਸ਼ ਸਿੰਘ ਖਾਲਸਾ ਵੱਲ ਦਿਵਾਉਣਾ ਚਾਹੁੰਦਾ ਸੀ ਜੋ ਮੌਤ ਦੇ ਨਜ਼ਦੀਕ ਪੁੱਜ ਚੁੱਕਾ ਹੈ। ਉਸ ਵੱਲੋਂ ਜੇਲ੍ਹਾਂ ਵਿਚ ਬੰਦ ਸਿੱਖਾਂ ਨੂੰ ਰਿਹਾਅ ਕਰਨ ਦੀ ਮੰਗ ਨੂੰ ਮੰਨ ਕੇ ਸਰਕਾਰ ਜੇਲ੍ਹਾਂ ਵਿਚ ਬੈਠੇ ਬੰਦੀ ਸਿੱਖਾਂ ਨੂੰ ਤੁਰੰਤ ਰਿਹਾਅ ਕਰਵਾਉਣ ਲਈ ਕਦਮ ਚੁੱਕੇ। ਜਦੋਂ ਸਿੱਖ ਜੇਲ੍ਹਾਂ ਵਿਚ ਬੈਠੇ ਹਨ, ਉਸ ਵੇਲੇ ਸਰਕਾਰ ਨੂੰ ਜਸ਼ਨਾਂ ਭਰੇ ਕਬੱਡੀ ਕੱਪ ਸ਼ੋਭਦੇ ਨਹੀਂ।

## ਦੋਹਾਂ ਪੰਜਾਬਾਂ ਵਿਚ ਹੋਵੇ ਕਬੱਡੀ ਕੱਪ: ਸ਼ਾਹਬਾਜ਼

**ਲੁਧਿਆਣਾ:** ਚੌਥੇ ਵਿਸ਼ਵ ਕਬੱਡੀ ਕੱਪ ਦੇ ਫਾਈਨਲ ਮੌਕੇ ਮੁੱਖ ਮਹਿਮਾਨ ਵਜੋਂ ਪਹੁੰਚੇ ਲਹਿੰਦੇ ਪੰਜਾਬ ਦੇ ਮੁੱਖ ਮੰਤਰੀ ਸ਼ਾਹਬਾਜ਼ ਸਰੀਫ਼ ਨੇ ਕਿਹਾ ਕਿ ਅਗਲੇ ਸਾਲ ਵਿਸ਼ਵ ਕਬੱਡੀ ਕੱਪ ਲਾਹੌਰ ਤੇ ਚੜ੍ਹਦੇ ਪੰਜਾਬ ਵਿਚ ਸਾਂਝੇ ਤੌਰ 'ਤੇ ਕਰਵਾਇਆ ਜਾਵੇ। ਉਨ੍ਹਾਂ ਕਿਹਾ ਕਿ ਆਉਂਦੇ ਸਾਲ ਸੈਮੀ ਫਾਈਨਲ ਮੈਚਾਂ ਵਿਚੋਂ ਇਕ ਲਾਹੌਰ ਤੇ ਦੂਜਾ ਲੁਧਿਆਣਾ ਹੋਵੇ ਤੇ ਫਾਈਨਲ ਲਾਹੌਰ ਵਿਚ ਹੋਵੇ। ਸ਼ਾਹਬਾਜ਼ ਸ਼ਰੀਫ਼ ਦੇ ਇਸ ਸੁਝਾਅ ਦਾ ਸਟੇਡੀਅਮ ਵਿਚ ਹਾਜ਼ਾਰ ਦਰਸ਼ਕਾਂ ਨੇ ਤਾੜੀਆਂ ਨਾਲ ਸਵਾਗਤ ਕੀਤਾ।

ਸ੍ਰੀ ਸ਼ਰੀਫ਼ ਨੇ ਦੋਵਾਂ ਮੁਲਕਾਂ ਵਿਚ ਪਿਛਲੇ ਛੇ ਦਹਾਕਿਆਂ ਤੋਂ ਫੈਲੀ ਕੁੜੱਤਣ ਨੂੰ ਖ਼ਤਮ ਕਰਨ ਤੇ ਸਦੀਵੀ ਅਮਨ ਸ਼ਾਂਤੀ ਕਾਇਮ ਕਰਨ ਲਈ ਦੋਵਾਂ ਮੁਲਕਾਂ ਦੀਆਂ ਸਰਕਾਰਾਂ ਨੂੰ ਅਪੀਲ ਕੀਤੀ ਕਿ ਦੋਵਾਂ ਪਾਸਿਆਂ ਦੇ ਪੰਜਾਬ ਦੇ ਵਾਸੀਆਂ ਲਈ ਵੀਜ਼ਾ ਸ਼ਰਤਾਂ ਨਰਮ ਕੀਤੀਆਂ ਜਾਣ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਸ਼ਾਹਬਾਜ਼ ਸਰੀਫ਼ ਦਾ ਸਵਾਗਤ ਕਰਦਿਆਂ ਮੰਗ ਕੀਤੀ ਕਿ ਕਰਤਾਰਪੁਰ ਸਾਹਿਬ ਲਈ ਚੜ੍ਹਦੇ ਪੰਜਾਬ ਦੇ ਵਸਨੀਕਾਂ ਲਈ ਲਾਂਘਾ ਦਿੱਤਾ ਜਾਵੇ। ਦੋਵਾਂ ਮੁਲਕਾਂ ਦੀਆਂ ਸਰਕਾਰਾਂ ਨੂੰ ਧਾਰਮਿਕ ਸਥਾਨਾਂ ਦੇ ਦਰਸ਼ਨਾਂ ਦੀ ਤਾਂਘ ਰੱਖਣ ਵਾਲੇ ਸ਼ਰਧਾਲੂਆਂ ਵਾਸਤੇ ਸੌਖੇ ਵੀਜ਼ਾ ਤੇ ਆਵਾਜਾਈ ਪ੍ਰਬੰਧ ਕਰਨੇ ਚਾਹੀਦੇ ਹਨ। ਸ. ਬਾਦਲ ਨੇ ਕਿਹਾ ਕਿ ਉਹ ਚਾਰ ਸਾਲ ਲਾਹੌਰ ਸ਼ਹਿਰ ਵਿਚ ਪੜ੍ਹਦੇ ਰਹੇ ਹਨ। ਉਨ੍ਹਾਂ ਕਿਹਾ ਕਿ ਕਬੱਡੀ ਨੂੰ ਓਲੰਪਿਕ ਵਿਚ ਸ਼ਾਮਲ ਕਰਾਉਣ ਲਈ ਪੰਜਾਬ ਸਰਕਾਰ ਪੂਰੇ ਯਤਨ ਕਰੇਗੀ।

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਤੇ ਉਪ ਮੁਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਲਹਿੰਦੇ ਪੰਜਾਬ ਦੇ ਮੁੱਖ ਮੰਤਰੀ ਸ਼ਾਹਬਾਜ਼ ਸ਼ਰੀਫ਼ ਵੱਲੋਂ ਲਾਹੌਰ ਵਿਖੇ ਕਬੱਡੀ ਕੱਪ ਕਰਾਉਣ ਦੇ ਸੁਝਾਅ ਦਾ ਜ਼ੋਰਦਾਰ ਸਵਾਗਤ ਕਰਦਿਆਂ ਕਿਹਾ ਕਿ ਉਨ੍ਹਾਂ ਨੂੰ ਬੇਹੱਦ ਮਾਣ ਮਹਿਸੂਸ ਹੋ ਰਿਹਾ ਹੈ ਕਿ ਮਾਂ ਖੇਡ ਕਬੱਡੀ ਅੱਜ ਦੋਵਾਂ ਮੁਲਕਾਂ ਦੀ ਕੁੜੱਤਣ ਦੂਰ ਕਰਕੇ ਸਰਹੱਦਾਂ ਦੇ ਆਰ-ਪਾਰ ਵਸਦੇ ਪੰਜਾਬੀਆਂ ਨੂੰ ਸਾਂਝੇ ਮੈਦਾਨ ਵਿਚ ਇਕੱਠਾ ਕਰ ਰਹੀ ਹੈ।



# ਸ਼ੁਭ ਸੁਨੇਹਾ ਦੇ ਗਈ ਸ਼ਾਹਬਾਜ਼ ਸ਼ਰੀਫ ਦੀ ਪੰਜਾਬ ਫੇਰੀ

**ਚੰਡੀਗੜ੍ਹ:** ਚੜ੍ਹਦੇ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਸੱਦੇ 'ਤੇ ਲਹਿੰਦੇ ਪੰਜਾਬ ਦੇ ਮੁੱਖ ਮੰਤਰੀ ਮੁਹੰਮਦ ਸ਼ਾਹਬਾਜ਼ ਸ਼ਰੀਫ ਦੀ ਅਗਵਾਈ ਵਿਚ ਪੱਛਮੀ ਪੰਜਾਬ ਦਾ ਡੈਲੀਗੇਸ਼ਨ ਜਿਸ ਵਿਚ ਵਪਾਰਕ ਨੁਮਾਇੰਦੇ ਵੀ ਸ਼ਾਮਲ ਸਨ, ਨੇ 13 ਤੋਂ 15 ਦਸੰਬਰ ਤੱਕ ਪੰਜਾਬ ਦਾ ਦੌਰਾ ਕੀਤਾ। ਲਹਿੰਦੇ ਪੰਜਾਬ ਦੇ ਮੁੱਖ ਮੰਤਰੀ ਨੇ ਆਪਣੀ ਇਸ ਫੇਰੀ ਦੌਰਾਨ ਭਾਰਤੀ ਪੰਜਾਬ ਦੇ ਆਪਣੇ ਹਮਰੁਤਬਾ ਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨਾਲ ਕਈ ਮੁੱਦਿਆਂ 'ਤੇ ਆਪਸੀ ਵਿਚਾਰ ਵਟਾਂਦਰਾ ਕੀਤਾ।

ਆਪਸੀ ਵਿਚਾਰ ਵਟਾਂਦਰੇ ਵਿਚ ਦੋਵਾਂ ਸੂਬਿਆਂ ਨੇ ਅਮਨ, ਸ਼ਾਂਤੀ, ਸਦਭਾਵਨਾ, ਆਰਥਿਕ ਵਿਕਾਸ ਜਿਹੇ ਸਾਂਝੇ ਹਿੱਤਾਂ ਤੇ ਇਕ-ਦੂਜੇ ਸੂਬਿਆਂ ਦੀ ਮੁਹਾਰਤ 'ਤੇ ਸਹਿਯੋਗ ਕਰਨ ਦਾ ਆਪਸੀ ਸਮਝੌਤਾ ਕੀਤਾ। ਦੋਵਾਂ ਪੱਖਾਂ ਨੇ ਇਸ ਗੱਲ ਵੀ ਸਹਿਮਤੀ ਪ੍ਰਗਟਾਈ ਕਿ ਆਪਸੀ ਸਹਿਯੋਗ ਨਾਲ ਦੋਵਾਂ ਸੂਬਿਆਂ ਦਾ ਵੱਡਾ ਫਾਇਦਾ ਹੋ ਸਕਦਾ ਹੈ ਤੇ ਇਸ ਨਾਲ ਦੋਵੇਂ ਸੂਬਿਆਂ ਦੀ ਅਵਾਮ ਦੀ ਵੀ ਭਲਾਈ ਹੈ।

ਲਹਿੰਦੇ ਪੰਜਾਬ ਦੇ ਮੁੱਖ ਮੰਤਰੀ ਨੇ ਭਾਰਤ-ਪਾਕਿਸਤਾਨ ਵਿਚਾਲੇ ਮਜ਼ਬੂਤ ਦੋਸਤਾਨਾ ਸਬੰਧਾਂ ਦਾ ਹੋਕਾ ਦਿੰਦੇ ਹੋਏ ਚੜ੍ਹਦੇ ਪੰਜਾਬ ਸਮੇਤ ਸਮੁੱਚੇ ਭਾਰਤ ਨੂੰ ਪਾਕਿਸਤਾਨ ਨਾਲ ਵਪਾਰਕ ਸਾਂਝ ਵਧਾਉਣ ਦਾ ਸੱਦਾ ਦਿੱਤਾ ਹੈ। ਜਨਾਬ ਸ਼ਰੀਫ਼ ਪੰਜਾਬ ਸਰਕਾਰ ਦੇ ਸੱਦੇ 'ਤੇ ਮੁਹਾਲੀ ਦੇ ਆਲੀਸ਼ਾਨ ਨੇਚਰ ਪਾਰਕ ਵਿਚ ਰਾਤਰੀ ਭੋਜ ਲਈ ਆਏ ਸਨ। ਇਸ ਮੌਕੇ ਉਨ੍ਹਾਂ ਦੀ ਪਤਨੀ, ਬੇਟਾ ਤੇ ਨੂੰਹ ਸਮੇਤ ਕੁਝ ਪਾਕਿਸਤਾਨੀ ਡੈਲੀਗੇਟ ਵੀ ਸਨ। ਮੁੱਖ ਮੰਤਰੀ ਸ਼ਾਹਬਾਜ਼ ਸ਼ਰੀਫ਼ ਨੇ ਕਿਹਾ ਕਿ ਦੋਵਾਂ ਮੁਲਕਾਂ ਦੇ ਪੰਜਾਬ ਦੇ ਜ਼ਮੀਨ ਤੇ ਪੌਣ ਪਾਣੀ ਵਿਚ ਭੋਰਾ ਵੀ ਫਰਕ ਨਹੀਂ। ਦੋਵਾਂ ਸੂਬਿਆਂ ਦੀ ਧਰਤੀ ਸੋਨਾ ਉਗਲਦੀ ਹੈ ਤੇ ਦੁੱਧ ਦੀਆਂ ਲਹਿਰਾਂ ਬਹਿਰਾਂ ਹਨ ਜੇ ਦੋਵੇਂ ਮੁਲਕ ਬੀਤੇ 'ਤੇ ਮਿੱਟੀ ਪਾ ਦੇਣ ਤੇ ਕਾਰੋਬਾਰੀ ਸਹਿਯੋਗ ਵਧੇ ਤਾਂ ਦੋਵੇਂ ਪੰਜਾਬ ਮੁੜ 'ਸੋਨੇ ਦੀ ਚਿੜੀ' ਬਣ ਸਕਦੇ ਹਨ। ਉਨ੍ਹਾਂ ਦਾ ਇਥੇ ਪਹੁੰਚਣ 'ਤੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਸੁਆਗਤ ਕੀਤਾ। ਰਾਤਰੀ ਭੋਜ ਮੌਕੇ ਜਨਾਬ ਸ਼ਰੀਫ਼ ਨੇ ਕਿਹਾ ਕਿ ਦੋਵੇਂ ਮੁਲਕਾਂ ਦੇ ਲੋਕ ਇਕ ਦੂਜੇ ਨੂੰ ਪਿਆਰ ਕਰਦੇ ਹਨ ਤੇ ਆਪਸ ਵਿਚ ਮਿਲਜੁਲ ਕੇ ਰਹਿਣਾ ਚਾਹੁੰਦੇ ਹਨ। ਦੋਵੇਂ ਦੇਸ਼ਾਂ ਨੂੰ ਪੁਰਾਣੀਆਂ ਗੱਲਾਂ ਨੂੰ ਦਿਲੋਂ ਭੁਲਾ ਕੇ ਭਾਰਤ-ਪਾਕਿ ਦੀ ਤਰੱਕੀ ਤੇ ਚੰਗੇ ਭਵਿੱਖ ਲਈ ਪਹਿਲ ਕਰਨੀ ਚਾਹੀਦੀ ਹੈ।



*ਲਹਿੰਦੇ ਪੰਜਾਬ ਦੇ ਮੁੱਖ ਮੰਤਰੀ ਸ਼ਾਹਬਾਜ਼ ਸ਼ਰੀਫ ਆਪਣੇ ਜੱਦੀ ਪਿੰਡ ਜਾਤੀ ਉਮਰਾ ਵਿਚ ਪਿੰਡ ਦੇ ਬਜ਼ੁਰਗਾਂ ਨਾਲ ਗੱਲਾਂ ਕਰਦੇ ਹੋਏ।*

ਪਾਕਿਸਤਾਨ ਪੰਜਾਬ ਦੇ ਮੁੱਖ ਸ਼ਾਹਬਾਜ਼ ਸ਼ਰੀਫ਼ ਦਾ ਕਹਿਣਾ ਹੈ ਕਿ ਉਨ੍ਹਾਂ ਦਾ ਮੁਲਕ 2003 ਦੇ ਗੋਲੀਬੰਦੀ ਸਮਝੌਤੇ ਦੀ ਤਹਿ ਦਿਲੋਂ ਕਦਰ ਕਰਦਾ ਹੈ ਤੇ ਨਿਯੰਤਰਨ ਰੇਖਾ 'ਤੇ ਕੁਝ ਭਾਰਤੀ ਫੌਜੀਆਂ ਦੀ ਹੱਤਿਆ ਲਈ ਪਾਕਿਸਤਾਨ ਨੂੰ ਕਸੂਰਵਾਰ ਠਹਿਰਾਉਣਾ ਸਰਾਸਰ ਗਲਤ ਹੈ, ਕਿਉਂਕਿ ਇਨ੍ਹਾਂ ਹੱਤਿਆਵਾਂ ਦਾ ਉਨ੍ਹਾਂ ਨੂੰ ਵੀ ਓਨਾ ਦੁੱਖ ਹੈ ਜਿੰਨਾ ਭਾਰਤ ਨੂੰ ਹੈ। ਵਕਤ ਦਾ ਸਿਤਮ ਹੈ ਕਿ ਨਵਾਜ਼ ਸ਼ਰੀਫ ਦੇ ਪ੍ਰਧਾਨ ਮੰਤਰੀ ਬਣਨ ਮਗਰੋਂ ਮੰਦਭਾਗੀਆਂ ਘਟਨਾਵਾਂ ਹੋਈਆਂ।

ਪੰਜਾਬ ਦੇ ਦੌਰੇ 'ਤੇ ਆਏ ਜਨਾਬ ਸ਼ਰੀਫ ਨੇ ਕਿਹਾ ਜਦੋਂ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ਼ ਨੇ ਕਿਹਾ ਕਿ ਇਨ੍ਹਾਂ ਹੱਤਿਆਵਾਂ ਦੀ ਜਾਂਚ ਕਿਸੇ ਤੀਜੀ ਧਿਰ ਤੋਂ ਕਰਵਾ ਲਈ ਜਾਵੇ ਤਾਂ ਇਸ ਨੂੰ ਗਲਤ ਸਮਝ ਕੇ ਉਨ੍ਹਾਂ ਦੀ ਇਮਾਨਦਾਰ ਨੀਯਤ ਉਪਰ ਸ਼ੱਕ ਕਰ ਲਿਆ ਗਿਆ ਜਦਕਿ ਸਚਾਈ ਇਹ ਸੀ ਕਿ ਪਾਕਿਸਤਾਨ ਜਾਂਚ ਵਿਚ ਕਿਸੇ ਤੱਥ ਨੂੰ ਛੁਪਾਉਣ ਦੇ ਦੋਸ਼ ਆਪਣੇ ਦਾਮਨ 'ਤੇ ਨਹੀਂ ਸੀ ਲੱਗਣ ਦੇਣਾ ਚਾਹੁੰਦਾ। ਇਸ ਲਈ ਪ੍ਰਧਾਨ ਮੰਤਰੀ ਅੱਜ ਵੀ ਆਪਣੀ ਪੇਸ਼ਕਸ਼ 'ਤੇ ਕਾਇਮ ਹਨ।

ਆਪਣੇ ਵੱਡੇ ਭਰਾ ਤੇ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ਼ ਬਾਰੇ ਉਨ੍ਹਾਂ ਕਿਹਾ ਕਿ ਉਹ ਦੇਸ਼ ਦੀ ਆਰਥਿਕਤਾ ਨੂੰ ਪੱਕੇ ਪੈਰੀਂ ਕਰਨਾ ਚਾਹੁੰਦੇ ਹਨ ਤੇ ਇਸ ਲਈ ਉਹ ਆਪਣੇ ਗੁਆਂਢੀਆਂ ਨਾਲ ਦੋਸਤਾਨਾਂ ਸਬੰਧਾਂ ਦੇ ਇੱਛੁਕ ਹਨ। ਉਨ੍ਹਾਂ ਦੀ ਇਸ ਭਾਵਨਾ ਦੀ ਭਾਰਤ ਨੂੰ ਕਦਰ ਕਰਦਿਆਂ ਇਸ ਦਾ ਸਾਕਾਰਾਤਮਕ ਜਵਾਬ ਦੇਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਪਾਕਿਸਤਾਨ ਵੀ ਅਤਿਵਾਦ ਤੋਂ ਪੀੜਤ ਹੈ। ਉਥੇ ਫੌਜੀ ਤੇ ਪੁਲਿਸ ਜਵਾਨਾਂ ਸਣੇ ਨੌਜਵਾਨ ਤੇ ਮੁਟਿਆਰਾਂ ਸਣੇ 50 ਹਜ਼ਾਰ ਲੋਕ ਮਾਰੇ ਜਾ ਚੁੱਕੇ ਹਨ। ਪਾਕਿ ਸਰਕਾਰ ਅਤਿਵਾਦ ਤੋਂ ਦੁਖੀ ਹੈ ਤੇ ਉਹ ਕਿਵੇਂ ਇਸ ਨੂੰ ਹਵਾ ਦੇ ਸਕਦੀ ਹੈ।

## ਦੋਵਾਂ ਮੁਲਕਾਂ ਦੀ ਖੁਸ਼ਹਾਲੀ ਲਈ ਅਰਦਾਸ

**ਅੰਮ੍ਰਿਤਸਰ:** ਪਾਕਿਸਤਾਨ ਪੰਜਾਬ ਦੇ ਮੁੱਖ ਮੰਤਰੀ ਮੀਆਂ ਸ਼ਾਹਬਾਜ਼ ਸ਼ਰੀਫ ਤੇ ਪੰਜਾਬ ਦੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਤੇ ਮਾਲ ਮੰਤਰੀ ਬਿਕਰਮ ਸਿੰਘ ਮਜੀਠੀਆ ਵੱਲੋਂ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਮੱਥਾ ਟੇਕ ਕੇ ਦੋਵਾਂ ਦੇਸ਼ਾਂ ਵਿਚ ਸ਼ਾਂਤੀ ਤੇ ਖੁਸ਼ਹਾਲੀ ਲਈ ਅਰਦਾਸ ਕੀਤੀ ਗਈ।

ਚਾਰ ਦਿਨਾਂ ਦੌਰੇ ਦੀ ਸਮਾਪਤੀ ਮੌਕੇ ਸ੍ਰੀ ਦਰਬਾਰ ਸਾਹਿਬ ਵਿਖੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇ ਅਵਤਾਰ ਸਿੰਘ ਵੱਲੋਂ ਮੀਆਂ ਸਾਹਿਬਾਜ਼ ਸ਼ਰੀਫ ਕੋਲੋਂ ਜਿਥੇ ਕਰਤਾਰਪੁਰ ਸਾਹਿਬ ਨੂੰ ਲਾਂਘਾ ਦੇਣ ਦੀ ਮੰਗ ਕੀਤੀ ਗਈ, ਉਥੇ ਗੁਰੂ ਨਾਨਕ ਦੇਵ ਦੇ ਜਨਮ ਦਿਵਸ ਮੌਕੇ ਨਨਕਾਣਾ ਸਾਹਿਬ ਵਿਖੇ ਦਰਸ਼ਨ ਕਰਨ ਜਾਣ ਲਈ ਸਿੱਖ ਸ਼ਰਧਾਲੂਆਂ ਨੂੰ ਖੁੱਲਦਿਲੀ ਨਾਲ ਵੀਜ਼ੇ ਦੇਣ ਤੇ ਗੁਰੂਦੁਆਰਿਆਂ ਦੀ ਸੇਵਾ ਸੰਭਾਲ ਵਿਚ ਯੋਗਦਾਨ ਪਾਉਣ ਦੇਣ ਦੀ ਮਨਜ਼ੂਰੀ ਦੇਣ ਦੀ ਮੰਗ ਕੀਤੀ ਗਈ ਹੈ। ਸ਼੍ਰੋਮਣੀ ਕਮੇਟੀ ਵੱਲੋਂ ਲਾਹੌਰ ਵਿਚ ਗੁਰਦੁਆਰਾ ਡੇਰਾ ਸਾਹਿਬ ਵਿਖੇ ਸ਼ਰਧਾਲੂਆਂ ਲਈ ਇਕ ਸਰਾਂ ਦੀ ਉਸਾਰੀ ਦੀ ਵੀ ਪੇਸ਼ਕਸ਼ ਕੀਤੀ ਗਈ ਤੇ ਪਾਕਿ ਪੰਜਾਬ ਦੇ ਮੁੱਖ ਮੰਤਰੀ ਤੋਂ ਮੰਗ ਕੀਤੀ ਗਈ ਕਿ ਪਾਕਿਸਤਾਨੀ ਸਰਕਾਰ ਸਰਾਂ ਦੀ ਉਸਾਰੀ ਲਈ ਜਗ੍ਹਾਂ ਅਲਾਟ ਕਰੇ।



## ਜਾਤੀ ਉਮਰਾ ਜਾ ਕੇ ਭਾਵੁਕ ਹੋਏ ਸ਼ਾਹਬਾਜ਼

**ਜਾਤੀ ਉਮਰਾ:** ਲਹਿੰਦੇ ਪੰਜਾਬ ਦੇ ਮੁੱਖ ਮੰਤਰੀ ਮੁਹੰਮਦ ਸ਼ਾਹਬਾਜ਼ ਸ਼ਰੀਫ ਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਲਈ ਉਹ ਭਾਵੁਕ ਪਲ ਸਨ ਜਦੋਂ ਉਹ ਆਪਣੇ ਬਜ਼ੁਰਗਾਂ ਦੇ ਜੱਦੀ ਪਿੰਡ ਜਾਤੀ ਉਮਰਾ ਪੁੱਜੇ। ਇਥੇ ਉਨ੍ਹਾਂ ਆਪਣੇ ਪਿਤਾ ਦੇ ਘਰ ਨੂੰ ਦੇਖਿਆ, ਪੜਦਾਦੇ ਦੀ ਕਬਰ 'ਤੇ ਸਿਜਦਾ ਕੀਤਾ ਤੇ ਪਿਤਾ ਦੇ ਹਾਣੀ ਬਜ਼ੁਰਗਾਂ ਨੂੰ ਮਿਲ ਕੇ ਬੀਤੇ ਦੀਆਂ ਗੱਲਾਂ ਨੂੰ ਯਾਦ ਕਰਦਿਆਂ ਉਨ੍ਹਾਂ ਨੂੰ ਲਾਹੌਰ ਆਉਣ ਦਾ ਸੱਦਾ ਦਿੱਤਾ। ਇਸ ਮੌਕੇ ਉਨ੍ਹਾਂ ਪਿੰਡ ਦੇ ਵਿਕਾਸ ਕਾਰਜਾਂ ਦਾ ਨੀਂਹ ਪੱਥਰ ਵੀ ਰੱਖਿਆ। ਜਨਾਬ ਸ਼ਰੀਫ ਨੂੰ ਦੇਖਣ ਤੇ ਮਿਲਣ ਲਈ ਪਿੰਡ ਵਾਸੀ ਦੇਰ ਸ਼ਾਮ ਤਕ ਠੰਢ ਵਿਚ ਇਥੇ ਸਜਾਏ ਪੰਡਾਲ ਵਿਚ ਬੈਠੇ ਰਹੇ ਤੇ ਜਦੋਂ ਸ਼ਰੀਫ ਪਰਿਵਾਰ ਪੰਡਾਲ ਵਿਚ ਪੁੱਜਾ ਤਾਂ ਪਿੰਡ ਵਾਸੀਆਂ ਨੇ ਜੈਕਾਰਿਆਂ ਦੀ ਗੂੰਜ ਨਾਲ ਉਨ੍ਹਾਂ ਦਾ ਨਿੱਘਾ ਸੁਆਗਤ ਕੀਤਾ। ਮੰਚ 'ਤੇ ਬੈਠੇ ਜਨਾਬ ਸ਼ਰੀਫ ਨੂੰ ਜਦੋਂ ਉਨ੍ਹਾਂ ਦੇ ਪਿਤਾ ਮਰਹੂਮ ਮੀਆਂ ਮੁਹੰਮਦ ਸ਼ਰੀਫ ਦੇ ਹਾਣੀ ਬਜ਼ੁਰਗ ਮੱਸਾ ਸਿੰਘ, ਗਿਆਨ ਸਿੰਘ ਤੇ ਹੋਰ ਮਿਲੇ ਤਾਂ ਉਨ੍ਹਾਂ ਉਠ ਕੇ ਨਾ ਸਿਰਫ਼ ਉਨ੍ਹਾਂ ਦੇ ਪੈਰੀਂ ਹੱਥ ਲਾਇਆ ਸਗੋਂ ਘੁੱਟ ਕੇ ਕਲਾਵੇ ਵਿਚ ਵੀ ਲਿਆ।

ਇਸ ਮੌਕੇ ਮੱਸਾ ਸਿੰਘ ਨੇ ਸ਼ਰੀਫ ਨੂੰ ਪੁਰਾਣੀਆਂ ਕੁਝ ਫੋਟੋਆਂ ਵੀ ਦਿਖਾਈਆਂ ਜੋ ਉਨ੍ਹਾਂ ਦੇ ਵੱਡੇ ਭਰਾ ਨਵਾਜ ਸ਼ਰੀਫ ਤੇ ਉਨ੍ਹਾਂ ਦੇ ਹੋਰ ਪਰਿਵਾਰ ਦੇ ਜੀਆਂ ਨਾਲ ਖਿੱਚੀਆਂ ਹੋਈਆਂ ਸਨ।



## ਗਲੇ ਦੀ ਖਣਕ

# ਕਮਲ ਬਾਰੋਟ

**ਖ਼ਾਮੋਸ਼ ਸੁਰਾਂ-10**

*ਹਿੰਦੀ ਫ਼ਿਲਮ ਗਾਇਕੀ ਮੁੱਖ ਤੌਰ 'ਤੇ ਲਤਾ ਮੰਗੇਸ਼ਕਰ, ਮੁਹੰਮਦ ਰਫ਼ੀ, ਆਸ਼ਾ ਭੌਂਸਲੇ, ਕਿਸ਼ੋਰ ਕੁਮਾਰ, ਮੰਨਾ ਡੇਅ, ਗੀਤਾ ਦੱਤ ਅਤੇ ਹੇਮੰਤ ਕੁਮਾਰ ਵਾਲੀ ਪੀੜ੍ਹੀ ਨਾਲ ਹੀ ਜੁੜੀ ਮੰਨੀ ਜਾਂਦੀ ਹੈ। ਇਨ੍ਹਾਂ ਮਹਾਨ ਗਾਇਕਾਂ-ਗਾਇਕਾਵਾਂ ਦੇ ਯੁੱਗ ਦੌਰਾਨ ਹੀ ਕੁਝ ਅਜਿਹੀਆਂ ਗਾਇਕਾਵਾਂ ਤੇ ਗਾਇਕ ਸਰਗਰਮ ਰਹੇ ਜਿਨ੍ਹਾਂ ਬਾਰੇ ਅੱਜ ਦੀ ਪੀੜ੍ਹੀ ਬਹੁਤ ਘੱਟ ਜਾਣਦੀ ਹੈ। 'ਖ਼ਾਮੋਸ਼ ਸੁਰਾਂ' ਵਿਚ ਹਿੰਦੀ ਫ਼ਿਲਮ ਗਾਇਕੀ ਦੇ ਸੁਨਹਿਰੀ ਯੁੱਗ ਨਾਲ ਜੁੜੇ ਅਜਿਹੇ ਗਾਇਕਾਂ-ਗਾਇਕਾਵਾਂ ਨਾਲ ਤੁਆਰਫ਼ ਕਰਵਾਇਆ ਜਾ ਰਿਹਾ ਹੈ।*

**ਸੁਰਿੰਦਰ ਸਿੰਘ ਤੇਜ**
ਫੋਨ: 91-98555-01488

ਅੱਜ ਦੇ ਯੁੱਗ ਦੇ ਸੰਗੀਤ ਪ੍ਰੇਮੀਆਂ ਦਾ ਕਮਲ ਬਾਰੋਟ ਨਾਲ ਤੁਆਰੁਫ਼ ਕਰਵਾਉਣਾ ਬਹੁਤਾ ਔਖਾ ਨਹੀਂ। ਸਿਰਫ ਇੰਨਾ ਹੀ ਕਹਿਣਾ ਬਹੁਤ ਹੈ ਕਿ ਕਮਲ ਬਾਰੋਟ ਉਹ ਗਾਇਕਾ ਸੀ ਜਿਸ ਨੇ ਆਸ਼ਾ ਭੋਸਲੇ ਨਾਲ ਮਿਲ ਕੇ 'ਦਾਦੀ ਅੰਮਾ ਦਾਦੀ ਅੰਮਾ, ਮਾਨ ਜਾਓ' ਗੀਤ ਗਾਇਆ। ਇਹ ਉਹ ਗੀਤ ਹੈ ਜਿਹੜਾ ਪਿਛਲੀਆਂ ਤਿੰਨ ਪੀੜ੍ਹੀਆਂ ਦੇ ਪਸੰਦੀਦਾ ਬਾਲ ਗੀਤਾਂ ਵਿਚ ਸ਼ੁਮਾਰ ਰਿਹਾ ਹੈ। ਫ਼ਿਲਮ 'ਘਰਾਣਾ' (1961) ਲਈ ਇਹ ਗੀਤ ਰਚਣ ਲੱਗਿਆਂ ਨਾ ਤਾਂ ਗੀਤਕਾਰ ਸ਼ਕੀਲ ਬਦਾਯੂੰਨੀ ਨੇ ਇਹ ਸੋਚਿਆ ਹੋਵੇਗਾ ਕਿ ਇਸ ਗੀਤ ਦੀ ਉਮਰ ਇੰਨੀ ਲੰਮੇਰੀ ਰਹੇਗੀ ਅਤੇ ਨਾ ਹੀ ਸੰਗੀਤਕਾਰ ਰਵੀ ਨੇ। ਆਸ਼ਾ ਭੋਸਲੇ ਲਈ ਵੀ ਇਹ ਗੀਤ ਰੁਟੀਨ ਗੀਤ ਹੀ ਹੋਵੇਗਾ, ਪਰ ਕਮਲ ਬਾਰੋਟ ਲਈ ਇਹ ਗੀਤ ਉਸ ਦੀ ਸਦੀਵੀ ਪਛਾਣ ਬਣ ਗਿਆ। ਗੀਤ ਵਿਚ ਆਸ਼ਾ ਦੀ ਚੁਲਬੁਲੀ ਆਵਾਜ਼ ਨੂੰ ਕਮਲ ਬਾਰੋਟ ਦੀ ਬੱਚਿਆਂ ਵਰਗੀ ਆਵਾਜ਼ ਨੇ ਅਜਿਹਾ ਸਹਾਰਾ ਦਿੱਤਾ ਕਿ ਗੀਤ, ਸਥਾਈ ਬਾਲ ਗੀਤ ਵਜੋਂ ਅਮਰ ਹੋ ਗਿਆ।

ਕਮਲ ਬਾਰੋਟ ਨੇ ਜਦੋਂ ਇਹ ਗੀਤ ਰਿਕਾਰਡ ਕਰਵਾਇਆ, ਉਸ ਦੀ ਉਮਰ 17 ਸਾਲ ਸੀ। ਗੀਤ ਸੁਣ ਕੇ ਜਾਪਦਾ ਹੈ ਜਿਵੇਂ ਛੇ ਸਾਲਾਂ ਦੀ ਬੱਚੀ ਗੀਤ ਗਾ ਰਹੀ ਹੋਵੇ। ਆਵਾਜ਼ ਵਿਚਲੇ ਇਸੇ ਬਚਪਨੇ ਨੇ ਹਿੰਦੀ ਫ਼ਿਲਮ ਸੰਗੀਤ ਵਿਚ ਕਮਲ ਦੇ ਦਾਖ਼ਲੇ ਦਾ ਰਾਹ ਪੱਧਰਾ ਕੀਤਾ, ਪਰ ਨਾਲ ਹੀ ਇਸ ਗੁਜਰਾਤੀ ਗਾਇਕਾ ਦੀ ਪ੍ਰਤਿਭਾ ਨੂੰ ਦੋਗਾਣਿਆਂ-ਤਿਗਾਣਿਆਂ-ਚੌਗਾਣਿਆਂ ਤਕ ਸੀਮਿਤ ਕਰ ਦਿੱਤਾ। ਸੰਗੀਤਕਾਰਾਂ ਨੇ ਉਸ ਦੀ ਆਵਾਜ਼ ਦੀ ਪੈਮਾਇਸ਼ ਤੇ ਪਰਖ਼ ਉਸ ਅੰਦਰਲੇ ਬਾਲਪੁਣੇ ਨਾਲ ਹੀ ਕੀਤੀ, ਇਸ ਆਵਾਜ਼ ਨੂੰ ਨਵੀਂ ਦਿਸ਼ਾ ਦੇਣ ਜਾਂ ਇਸ ਅੰਦਰਲੇ ਨਿਵੇਕਲੇਪਣ ਨੂੰ ਵੱਧ ਸੰਵਾਰ ਕੇ ਪੇਸ਼ ਕਰਨ ਦਾ ਯਤਨ ਨਹੀਂ ਕੀਤਾ। ਲਿਹਾਜ਼ਾ, ਕਮਲ ਨੂੰ ਸੋਲੋ ਗੀਤ ਗਾਉਣ ਦਾ ਮੌਕਾ ਬਹੁਤ ਘੱਟ ਮਿਲਿਆ। ਉਸ ਦਾ 'ਹੰਸਤਾ ਹੂਆ ਨੂਰਾਨੀ ਚਿਹਰਾ' ਢਾਈ ਦਰਜਨ ਤੋਂ ਵੱਧ ਸੰਗੀਤਕਾਰਾਂ ਨਾਲ ਕੰਮ ਕਰਨ ਦੇ ਬਾਵਜੂਦ ਫ਼ਿਲਮ ਸੰਗੀਤ ਜਗਤ ਦੇ ਹਾਸ਼ੀਏ 'ਤੇ ਵਿਚਰਦੇ ਰਹਿਣ ਤਕ ਹੀ ਮਹਿਦੂਦ ਹੋ ਕੇ ਰਹਿ ਗਿਆ।

ਕਮਲ ਬਾਰੋਟ ਨੇ ਹਿੰਦੀ ਫ਼ਿਲਮਾਂ ਵਿਚ 250 ਦੇ ਕਰੀਬ ਗੀਤ ਗਾਏ, ਪਰ ਇਨ੍ਹਾਂ ਵਿਚੋਂ ਸੋਲੋ ਸ਼ਾਇਦ 10 ਤੋਂ ਵੱਧ ਨਹੀਂ ਸਨ। ਜਿਹੜਾ ਸੋਲੋ ਬਿਨਾਕਾ ਗੀਤ ਮਾਲਾ ਦਾ ਸ਼ਿੰਗਾਰ ਬਣ ਸਕਿਆ, ਉਹ ਸੀ 'ਸੁਨਾ ਹੈ ਜਬ ਸੇ ਮੌਸਮ ਹੈ ਪਿਆਰ ਕੇ ਕਾਬਿਲ, ਧੜਕ ਰਹੇ ਹੈਂ ਅਰਮਾਂ ਧੜਕ ਰਹਾ ਹੈ ਦਿਲ' (ਰਾਮੂ ਦਾਦਾ, 1964)। ਇਸ ਤੋਂ ਇਲਾਵਾ 'ਬਿਜਲੀ ਹੈ ਮੇਰੇ ਪਾਂਵ ਮੇਂ" (ਰਾਕੇਟ ਗਰਲ, 1962) ਨੂੰ ਵੀ ਕੁਝ ਕਾਮਯਾਬੀ ਮਿਲੀ। 'ਕਹੀਏ ਜਨਾਬ ਕੈਸਾ ਹਾਲ' (ਸੰਜੂ, 1965), 'ਸਜਨਾ ਓ ਸਜਨਾ' (ਰੁਸਤਮ-ਏ-ਹਿੰਦ, 1966) ਅਤੇ 'ਝੂਮ ਕੇ ਚਲੇ ਤਾਰਾਮਤੀ' (ਫਲਾਈਂਗ ਸਰਕਸ, 1969) ਮੁੱਖ ਤੌਰ 'ਤੇ ਕਮਜ਼ੋਰ ਧੁਨਾਂ ਕਾਰਨ ਰੁਲ ਕੇ ਰਹਿ ਗਏ।

ਅਜਿਹੇ ਆਲਮ ਵਿਚ ਦੋਗਾਣਿਆਂ-ਤਿਗਾਣਿਆਂ ਨੇ ਕਮਲ ਬਾਰੋਟ ਦੀ ਹਸਤੀ ਨੂੰ ਬਰਕਰਾਰ ਰੱਖਣ ਵਿਚ ਮੁਖ ਮਦਦ ਦਿੱਤੀ। ਫ਼ਿਲਮ 'ਸਤੀ ਸਵਿੱਤਰੀ' (1964) ਵਿਚ ਕਮਲ ਵੱਲੋਂ ਲਤਾ ਤੇ ਊਸ਼ਾ ਮੰਗੇਸ਼ਕਰ ਦੀ ਸੰਗਤ ਵਿਚ ਗਾਏ ਗੀਤ 'ਇਤਨੀ ਜਲਦੀ ਕਿਆ ਹੈ ਗੋਰੀ ਸਾਜਨ ਕੇ ਘਰ ਜਾਨੇ ਕੀ' ਦੀ ਕਾਮਯਾਬੀ ਨੇ ਲਕਸ਼ਮੀਕਾਂਤ-ਪਿਆਰੇਲਾਲ ਨੂੰ ਅਗਲੇ ਸਾਲ 'ਪਾਰਸਮਣੀ' (1963) ਵਿਚ ਲਤਾ ਤੇ ਕਮਲ ਦੀਆਂ ਆਵਾਜ਼ਾਂ ਦੇ ਸੁਮੇਲ ਰਾਹੀਂ 'ਹੰਸਤਾ ਹੂਆ ਨੂਰਾਨੀ ਚਿਹਰਾ' ਵਰਗੀ ਅਮਰ ਧੁਨ ਰਚਣ ਦੇ ਰਾਹ ਪਾਇਆ। ਲਤਾ ਦੀ ਰੇਸ਼ਮੀ, ਲਹਿਰੀਏਦਾਰ ਆਵਾਜ਼ ਅਤੇ ਕਮਲ ਬਾਰੋਟ ਦੇ ਗਲੇ ਦੀ ਕਿਸ਼ੋਰੀਆਂ ਵਾਲੀ ਖਣਕ ਇਸ ਗੀਤ ਦੀ ਜਿੰਦ-ਜਾਨ ਸਾਬਤ ਹੋਈਆਂ ਅਤੇ ਇਸ ਨੂੰ ਸਦੀਵੀ ਬਣਾ ਗਈਆਂ।




ਉਂਝ, ਲਤਾ ਤੇ ਕਮਲ ਬਾਰੋਟ ਦੇ ਅੱਡੋ-ਅੱਡਰੇ ਧਵਨੀ-ਗੁਣਾਂ ਨੂੰ ਸੁਮੇਲ ਦਾ ਰੂਪ ਦੇਣ ਦੀ ਕਲਾ ਦਾ ਸਿਹਰਾ ਕਲਿਆਣਜੀ-ਆਨੰਦਜੀ ਦੀ ਜੋੜੀ ਨੂੰ ਜਾਂਦਾ ਹੈ। ਉਨ੍ਹਾਂ ਫ਼ਿਲਮ 'ਮਦਾਰੀ' (1959) ਦੇ ਗੀਤ 'ਅਕੇਲੀ ਮੋਹੇ ਛੋੜ ਨਾ ਜਾਨਾ' ਰਾਹੀਂ ਦਰਸਾਇਆ ਸੀ ਕਿ ਦੋ ਤੁਲਨਾਤਮਿਕ ਸਵਰ-ਗੁਣਾਂ ਵਾਲੀਆਂ ਗਾਇਕਾਵਾਂ ਨਾਲ ਉਦਮਾਦੀ ਧੁਨ ਕਿਵੇਂ ਰਚੀ ਜਾ ਸਕਦੀ ਹੈ। ਕਲਿਆਣਜੀ-ਆਨੰਦਜੀ ਨੇ ਬਾਅਦ ਵਿਚ 'ਸੁਨਹਿਰੀ ਨਾਗਿਨ' (1963) ਵਿਚ ਇਹੀ ਤਜਰਬਾ ਅਗਾਂਹ ਵਧਾਇਆ ਅਤੇ ਲਤਾ, ਮੁਬਾਰਕ ਬੇਗ਼ਮ ਤੇ ਕਮਲ ਬਾਰੋਟ ਦੀਆਂ ਆਵਾਜ਼ਾਂ ਵਿਚ 'ਮੈਂ ਤੋ ਹੋ ਗਈ ਰੇ ਬਦਨਾਮ' ਅਤੇ 'ਯੂੰ ਨਾ ਅਕੜੀਏ, ਯੂੰ ਨਾ ਬਿਗੜੀਏ' ਗੀਤ ਰਿਕਾਰਡ ਕਰਵਾਏ। ਤਜਰਬੇ ਦੇ ਰੂਪ ਵਿਚ ਇਹ ਗੀਤ ਸੁਣਨ ਨੂੰ ਚੰਗੇ ਲੱਗਦੇ ਹਨ, ਪਰ ਮਿਠਾਸ ਪੱਖੋਂ ਇਨ੍ਹਾਂ ਵਿਚ 'ਅਕੇਲੀ ਮੋਹੇ' ਵਾਲੀ ਗੱਲ ਨਹੀਂ ਬਣੀ।

ਜਿੱਥੇ ਲਤਾ ਤੇ ਕਮਲ ਬਾਰੋਟ ਦੀ ਜੁਗਲਬੰਦੀ ਕਾਮਯਾਬ ਰਹੀ, ਉੱਥੇ ਮੁਕੇਸ਼ ਤੇ ਕਮਲ ਦੀ ਜੁਗਲਬੰਦੀ ਨੇ ਵੀ ਸੰਗੀਤ ਪ੍ਰੇਮੀਆਂ ਲਈ ਨਵਾਂ ਜ਼ਾਇਕਾ ਪੇਸ਼ ਕੀਤਾ। ਇਹ ਤਜਰਬਾ 1961 ਵਿਚ 'ਰਾਕੇਟ ਗਰਲ' ਵਿਚ ਚਿਤ੍ਰਗੁਪਤ ਨੇ ਕੀਤਾ। ਸੁਦੇਸ਼ ਕੁਮਾਰ ਤੇ ਨਾਜ਼ ਦੀਆਂ ਮੁੱਖ ਭੂਮਿਕਾਵਾਂ ਵਾਲੀ ਇਸ 'ਬੀ' ਗਰੇਡ ਫ਼ਿਲਮ ਵਿਚ ਮੁਕੇਸ਼ ਦੀ ਅਨੁਨਾਦੀ ਗਲੇ ਤੇ ਕਮਲ ਬਾਰੋਟ ਦੀ ਕਿਸ਼ੋਰੀਆਂ ਵਾਲੀ ਆਵਾਜ਼ ਦੇ ਸੁਮੇਲ ਨੇ 'ਨਾ ਜਾਨੇ ਚਾਂਦ ਕੈਸਾ ਹੋਗਾ, ਤੁਮਸਾ ਹਸੀਂ ਤੋਂ ਨਹੀਂ" ਗੀਤ ਨੂੰ ਨਿਹਾਇਤ ਅਰਥਪੂਰਨ ਬਣਾ ਦਿੱਤਾ। ਇਕ ਸਾਲ ਬਾਅਦ 'ਜਬ ਸੇ ਹਮ ਤੁਮ ਬਹਾਰੋਂ ਮੇਂ" (ਮੈਂ ਸ਼ਾਦੀ ਕਰਨੇ ਚਲਾ) ਰਾਹੀਂ ਚਿਤ੍ਰਗੁਪਤ ਨੇ ਮੁਕੇਸ਼ ਤੇ ਕਮਲ ਬਾਰੋਟ ਦੀ ਜੁਗਲਬੰਦੀ ਨੂੰ ਵੱਧ ਮਿਕਨਾਤੀਸੀ ਰੂਪ ਵਿਚ ਪੇਸ਼ ਕੀਤਾ। ਇਹ ਗੀਤ ਅੱਜ ਵੀ ਵਿਵਿਧ ਭਾਰਤੀ 'ਤੇ ਵੱਜਦਾ ਰਹਿੰਦਾ ਹੈ। ਚਿਤ੍ਰਗੁਪਤ ਨੇ ਇਸ ਗੀਤ ਨੂੰ ਰਫ਼ੀ ਤੇ ਸੁਮਨ ਕਲਿਆਣਪੁਰ ਦੀਆਂ ਆਵਾਜ਼ਾਂ ਵਿਚ ਵੀ ਰਿਕਾਰਡ ਕਰਵਾਇਆ ਅਤੇ ਇਹ ਫ਼ਿਲਮ ਵਿਚ ਵੀ ਮੌਜੂਦ ਹੈ, ਪਰ ਇਸ ਨੂੰ ਜ਼ਿਆਦਾ ਮਕਬੂਲੀਅਤ ਨਹੀਂ ਮਿਲੀ।

ਕਮਲ ਬਾਰੋਟ ਨੇ ਮੁਕੇਸ਼ ਤੋਂ ਇਲਾਵਾ ਮੁਹੰਮਦ ਰਫ਼ੀ, ਮਹਿੰਦਰ ਕਪੂਰ, ਮੰਨਾ ਡੇ ਤੇ ਰੌਬਿਨ ਬੈਨਰਜੀ ਨਾਲ ਵੀ ਡੂਏਟ ਗਾਏ। ਇੰਝ ਹੀ ਗਾਇਕਾਵਾਂ ਵਿਚੋਂ ਸੁਮਨ ਕਲਿਆਣਪੁਰ, ਆਸ਼ਾ ਭੋਸਲੇ, ਮੁਬਾਰਕ ਬੇਗ਼ਮ, ਸ਼ਮਸ਼ਾਦ ਬੇਗ਼ਮ, ਊਸ਼ਾ ਤਿਮੋਥੀ, ਕ੍ਰਿਸ਼ਨਾ ਕੱਲੇ ਅਤੇ ਊਸ਼ਾ ਮੰਗੇਸ਼ਕਰ ਨਾਲ ਉਸ ਨੇ ਦੋਗਾਣੇ ਵੀ ਗਾਏ ਅਤੇ ਤਿਗਾਣੇ ਵੀ। ਸੰਗੀਤਕਾਰ ਊਸ਼ਾ ਖੰਨਾ ਨੇ ਵੀ ਘੱਟੋ-ਘੱਟ ਤਿੰਨ ਗੀਤਾਂ ਵਿਚ ਕਮਲ ਬਾਰੋਟ ਦਾ ਸਾਥ ਦਿੱਤਾ। ਫ਼ਿਲਮ 'ਨਤੀਜਾ' (1969) ਵਿਚ ਊਸ਼ਾ ਖੰਨਾ ਦੇ ਹੀ ਸੰਗੀਤ ਨਿਰਦੇਸ਼ਨ ਹੇਠ 'ਐ ਸਪਨੋਂ ਕੇ ਰਾਜਾ ਮਿਲਨੇ ਆਜਾ' ਗੀਤ ਸ਼ਮਸ਼ਾਦ ਬੇਗ਼ਮ, ਕਮਲ ਬਾਰੋਟ, ਊਸ਼ਾ ਤਿਮੋਥੀ ਤੇ ਊਸ਼ਾ ਖੰਨਾ ਦੀਆਂ ਆਵਾਜ਼ਾਂ ਵਿਚ ਹੋਣ ਕਾਰਨ ਆਪਣੇ ਆਪ ਵਿਚ ਅਨੂਠਾ ਤਜਰਬਾ ਹੈ। ਊਸ਼ਾ ਖੰਨਾ ਨੇ ਹੀ 'ਖ਼ੂਨ ਕਾ ਖ਼ੂਨ' (1966) ਫ਼ਿਲਮ ਵਿਚ ਐਸ. ਐਚ. ਬਿਹਾਰੀ ਦਾ ਕੱਵਾਲੀਨੁਮਾ ਗੀਤ 'ਅਦਾ ਕੇ ਤੀਰ ਲਾਖੋਂ ਹੈਂ" ਆਪਣੀ, ਕਮਲ ਤੇ ਭੁਪਿੰਦਰ ਸਿੰਘ ਦੀਆਂ ਆਵਾਜ਼ਾਂ ਵਿਚ ਰਿਕਾਰਡ ਕਰਵਾਉਣ ਦਾ ਤਜਰਬਾ ਵੀ ਕੀਤਾ। ਕਿਸ਼ੋਰ ਕੁਮਾਰ ਨੇ 'ਬਾਗ਼ੀ ਸ਼ਹਿਜ਼ਾਦਾ' (1967) ਵਿਚ ਬਿਪਿਨ ਦੱਤ ਦੇ ਬੈਟਨ ਹੇਠ ਨੂਰ ਦੇਵਾਸੀ ਦਾ ਗੀਤ 'ਯਿਹ ਨਜ਼ਰਾਨਾ ਮੁਹੱਬਤ ਕਾ' ਕਮਲ ਬਾਰੋਟ ਦੇ ਨਾਲ ਗਾਇਆ।

*(ਪੰਜਾਬੀ ਟ੍ਰਿਬਿਊਨ ਤੋਂ ਧੰਨਵਾਦ ਸਹਿਤ)*

### ਭਾਵਨਗਰ ਦਾ ਫੁੱਲ

*ਭਾਵਨਗਰ (ਗੁਜਰਾਤ) ਵਿਚ ਜਨਮੀ ਕਮਲ ਬਾਰੋਟ 1960 ਤੋਂ ਲੈ ਕੇ 1980 ਤਕ ਸਰਗਰਮ ਰਹੀ। ਇਸ ਮਗਰੋਂ ਉਸ ਨੇ ਫ਼ਿਲਮ ਸੰਗੀਤ ਤੋਂ ਪੈਰ ਪਿਛਾਂਹ ਖਿੱਚ ਲਏ। ਹਿੰਦੀ ਤੋਂ ਇਲਾਵਾ ਉਸ ਨੇ ਬੰਗਲਾ, ਮਰਾਠੀ, ਤੈਲਗੂ, ਭੋਜਪੁਰੀ, ਗੁਜਰਾਤੀ ਤੇ ਪੰਜਾਬੀ ਵਿਚ ਵੀ ਫ਼ਿਲਮੀ ਗੀਤ ਗਾਏ। ਉਸ ਦਾ ਭਰਾ ਚੰਦਰ ਬਾਰੋਟ ਇਕ ਸਮੇਂ ਫ਼ਿਲਮਸਾਜ਼ ਮਨੋਜ ਕੁਮਾਰ ਦਾ ਚੀਫ਼ ਅਸਿਸਟੈਂਟ ਰਿਹਾ ਅਤੇ ਉਸ ਦੇ ਨਿਰਦੇਸ਼ਨ ਹੇਠ ਫ਼ਿਲਮ 'ਡੌਨ' (ਅਮਿਤਾਭ ਬੱਚਨ, ਜ਼ੀਨਤ ਅਮਾਨ) ਬੇਹੱਦ ਕਾਮਯਾਬ ਵੀ ਰਹੀ, ਪਰ ਉਹ ਵੀ ਆਪਣੀ ਵੱਡੀ ਭੈਣ ਵਾਂਗ ਫ਼ਿਲਮ ਜਗਤ ਦੇ ਪਰਦੇ ਤੋਂ ਗਾਇਬ ਹੋ ਗਿਆ।*



## ਆਖ ਤਸਵੀਰਾਂ ਬੋਲਦੀਆਂ

ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੂੰ ਭਰਪੂਰ ਹੁੰਗਾਰਾ ਮਿਲਿਆ ਹੈ। ਇਸ ਕਾਲਮ ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖ਼ੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 28 ਦਸੰਬਰ ਹੈ। -ਸੰਪਾਦਕ

### ਕੈਪਸ਼ਨ ਮੁਕਾਬਲਾ-96



*ਫੋਟੋ ਦੇਖ ਯਾਦ ਆਈਆਂ ਬੇਬੇ ਦੀਆਂ ਲੋਰੀਆਂ,*
*ਕਿੱਦਾਂ ਦੇਖੋ ਦੇਖ-ਦੇਖ ਦੇਖਣ ਡੰਗੋਰੀਆਂ।*
*ਹਰ ਪਾਸੇ ਪਿਆਰ ਦਾ ਸੁਨੇਹਾ ਤੁਰੇ ਬਾਲਾਂ ਵਾਂਗੂ,*
*ਲਿਖ ਦੇਵੋ ਪਿਆਰ ਨਾਲ, ਫੱਟੀਆਂ ਇਹ ਕੋਰੀਆਂ।*

### ਕੈਪਸ਼ਨ ਮੁਕਾਬਲਾ-94



ਕੰਨ ਦੇ ਉਤੇ ਹੱਥ ਰੱਖ ਕੇ,
ਹੇਕ ਜਦੋਂ ਕੋਈ ਲਾਉਂਦਾ ਸੀ।
ਤੂੰਬੀ ਤੇ ਅਲਗੋਜ਼ੇ ਦੇ ਸੰਗ,
ਆਪਣੇ ਬੋਲ ਮਿਲਾਉਂਦਾ ਸੀ।
ਝੂਲ ਝੂਲ ਕੇ ਪਿੜ ਦੇ ਅੰਦਰ,
ਹਿੱਕ ਦਾ ਜੋਰ ਲਗਾਉਂਦਾ ਸੀ।
ਮੰਤਰ ਮੁਗਧ ਸਭ ਹੋ ਜਾਂਦੇ,
ਅਨੰਦ ਅਗੰਮੀ ਆਉਂਦਾ ਸੀ।

***-ਜਗਮੀਤ ਸਿੰਘ ਪੰਧੇਰ***
***ਫੋਨ: 91-98783-37222***

---

ਪਿੱਪਲਾਂ ਦੇ ਹੇਠਾਂ ਜਦੋਂ
ਬਾਬਿਆਂ ਨੇ ਲਾਈ ਆ ਕੇ,
ਸੁਰਾਂ ਵਾਲੀ ਛਹਿਬਰਾਂ ਦੀ ਹੇਕ ਜੀ।
ਸਾਜ਼ਾਂ ਦੀ ਇਹ ਛਣ ਛਣ
ਪਾਵੇ ਛਣਕਾਟਾ ਇਵੇਂ,
ਜਾਵੇ ਮੁਟਿਆਰ ਜਿਵੇਂ
ਪੈਂਡਿਆਂ 'ਤੇ ਮੇਲ੍ਹਦੀ।

***-ਜਗਮੀਤ ਸ਼ਿਕਾਗੋ***

---

ਸਮੇਂ ਦਾ ਗੇੜ ਕਦੇ ਨਾ ਰੁਕਦਾ
ਸਮਾਂ ਬੀਤਦਾ ਜਾਵੇ।
ਨਾ ਅਲਗੋਜ਼ੇ ਨਾ ਖੜਤਾਲਾਂ
ਤੂੰਬਾ ਨਜ਼ਰ ਨਾ ਆਵੇ।
ਕਿਥੇ ਗਏ ਉਹ ਸਾਦੇ ਲੋਕ
ਕਿਥੇ ਉਹ ਮਨ ਪਰਚਾਵੇ।

***-ਗੁਰਦੇਵ ਸਿੰਘ ਵਿਰਦੀ, ਕੈਨੇਡਾ***
***ਫੋਨ: 226-345-7126***

---

ਰਾਣੀ ਕੌਲਾਂ ਗਾ ਕੇ,
ਅੱਗੇ ਪੂਰਨ ਭਗਤ ਤਿਆਰ।
ਇਹ ਸੰਗੀਤ ਸੀ ਬੜਾ ਮਿੱਠਾ
ਹਰ ਕੋਈ ਕਰਦਾ ਸੀ ਪਿਆਰ।
ਇਕ ਤੂੰਬੇ ਤੇ ਦੂਜਾ ਅਲਗੋਜ਼ੇ ਵਾਲਾ
ਨਾਲ ਗਵੰਤਰੀ ਖ਼ੂਬ ਰੰਗ ਦੀ।
ਅੱਜ ਕੱਲ੍ਹ ਦੇ ਸੰਗੀਤ ਯਾਰੋ
ਸਾਡੇ ਕੰਨ ਪਏ ਨੇ ਭੰਨਦੇ।
20ਵੀਂ ਸਦੀ ਦੇ ਸਾਦੇ ਲੋਕ
ਸਾਦਾ ਸੀ ਸਭਿਆਚਾਰ।
ਆਪਸ ਵਿਚ ਉਨ੍ਹਾਂ ਵਿਚ
ਹੁੰਦਾ ਸੀ ਬੜਾ ਪਿਆਰ।

***-ਗੋਰਾ ਪ੍ਰਜਾਪਤ, ਨਿਊ ਯਾਰਕ***
***ਫੋਨ: 718-690-8403***



S. ASHOK BHAURA & IKKY INTERNATIONAL ENT.
in association with
GLOBAL PUNJAB TV
Proudly Presents
IKKY INTERNATIONAL ENT.
ਛਣਕਾਟਾ ਵੰਗਾਂ ਦਾ
2014
ਪੰਜਾਬੀ ਗੀਤ, ਸਕਿੱਟਾਂ, ਗਿੱਧਾ, ਭੰਗੜਾ, ਕਵੀਸ਼ਰੀ ਤੇ ਹਾਸਰਸ ਨਾਲ ਭਰਪੂਰ ਪ੍ਰੋਗਰਾਮ ਜਿਸ ਨੂੰ ਡਿਸ਼ ਨੈਟਵਰਕ 739 'ਤੇ ਸਿੱਧਾ ਪ੍ਰਸਾਰਿਤ ਕੀਤਾ ਜਾਵੇਗਾ।
On Sunday 29 Dec. 2013 at 6.00 pm
SUNNYVALE COMUNITY CENTRE, 450 PERSION DR SUNNYVALE CA 94089
Dance & Choreography : 5 Darya Dance Acadmey & Kriya Dance Acadmey
ਮਹਿਮਾਨ ਆਵਾਜ਼ਾਂ • ਗਿੱਲ ਹਰਦੀਪ • ਗੋਰਾ ਚੱਕ ਵਾਲਾ • ਮਨਿੰਦਰ ਦਿਉਲ • ਨਿਮਰਤ ਖਹਿਰਾ • ਨਜ਼ੀਰ ਮੁਹੰਮਦ • ਅਨੀਤਾ ਸਮਾਣਾ
• ਤਰਲੋਕ ਸਿੰਘ • ਅਮਰਜੀਤ ਦੁਲਾਈ • ਸੱਤੀ ਪਾਬਲਾ
• ਅਨੂਪ ਚੀਮਾ • ਮੰਗਜੀਤ ਮੰਗਾ • ਮਨਰਾਜ ਭੌਰਾ
• ਮੰਡੇਰ ਜਤਿੰਦਰ • ਰਜਿੰਦਰ ਸਿੰਘ ਰਾਜ • ਨਿੰਮਾ ਡੱਲੇਵਾਲ
ਮੰਚ ਸੰਚਾਲਨ
• ਆਸ਼ਾ ਸ਼ਰਮਾ
• ਸ਼ਕਤੀ ਮਾਣਕ
ਸੰਗੀਤ
ਅਮਦਾਦ ਅਲੀ ਤੇ ਕੁਲਜੀਤ
ਹਾਸਰਸ ਕਲਾਕਾਰ
ਬਲਜੀਵਨ, ਦਰਸ਼ਨ ਕਹਿਲ ਤੇ ਮਾਸਟਰ ਰੌਕੂ
Tickets Available at
$25 & VVIP Cash Fabrics Hayward
Preet Fabrics Fremount
Punjab Bazar Sanjose
Sunnyvale Temple
COVERED CALIFORNIA
Raja SWEETS & CATERING
GRAND SPON:
• Raja Sweets • Raj Bhanot • Vohra Bros (Fast & Easy Group) • Radio Chardi Kala • Gill Insurance Agency • Surjit Singh • Nijjar Bros Madera) • Sucha Ram Bharta
• Punjab Lok Rang, Preet Fabrics • Jassi Gill (Real State & Loan Broker • Bay Area Cultral & Sports Association • Kashmir Singh Dugga (Kash Fabrics) • Major S. Brar
• Indo-USA Dialogue • Naz Beauty Saloon • Dr. Charanjit S. Uppal • Gakhal Bros. • Kuldeep Singh Atwal
• Youth Aakli Dal USA (Arvinder S. Lakhan, Ravinder Boyal) • Dil Nijjar President Sahit Sabha • Khushvinder P. Singh
Birbals
NEW YORK LIFE
UPPAL DENTAL
CO-ORDINATIOR'S - •Gurcharan S. Mann •Lakhbir Singh •Jagtar Gill •Prof. Jaspal Saini •Tara Sagar •Harjit Singh •Pali Dhanula •Neeta Machhike •Makhan Lohar
FOR ANY ENQUIRY CALL @ 510-415-3315, 408-628-2337, 510-453-5779
DESIGN BY : ARMAN GRAPHICS (PB.) INDIA # +91-98888-98556

# ਕੀ ਹੈ ਮਾਓਵਾਦੀਆਂ ਦੇ ਅੰਦੋਲਨ ਦਾ ਅਸਲ ਆਧਾਰ

2013 ਦੇ ਮਈ ਮਹੀਨੇ ਬਸਤਰ ਜ਼ਿਲ੍ਹੇ ਵਿਚ ਮਾਓਵਾਦੀਆਂ ਵੱਲੋਂ ਰੈਲੀ ਤੋਂ ਪਰਤ ਰਹੇ ਲੋਕਾਂ ਦੇ ਕਾਫ਼ਲੇ ਉਤੇ ਹਮਲਾ ਕਰ ਕੇ 28 ਬੰਦਿਆਂ ਨੂੰ ਮਾਰਨ ਦੀ ਘਟਨਾ ਇਹ ਸਾਬਤ ਕਰਦੀ ਹੈ ਕਿ ਕਬਾਇਲੀਆਂ ਉਤੇ ਮਾਓਵਾਦੀਆਂ ਦਾ ਕਿੰਨਾ ਅਸਰ ਹੈ ਅਤੇ ਉਨ੍ਹਾਂ ਨੂੰ ਕਬਾਇਲੀਆਂ ਦੀ ਕਿੰਨੀ ਹਮਾਇਤ ਹਾਸਲ ਹੈ। ਉਸ ਖੇਤਰ ਵਿਚ ਕਬਾਇਲੀਆਂ ਦੀ ਵੱਡੀ ਬਹੁਗਿਣਤੀ ਹੈ। ਇਹ

**ਜੇ.ਜੇ.ਆਰ. ਬਰਮਨ**

ਹਮਲਾ ਵੀ ਉਨ੍ਹਾਂ ਹਮਲਿਆਂ ਦੀ ਹੀ ਕੜੀ ਸੀ ਜੋ ਮਾਓਵਾਦੀਆਂ ਵੱਲੋਂ ਅਤੀਤ ਵਿਚ ਉੱਚ ਪੱਧਰੀ ਨਿਸ਼ਾਨਿਆਂ 'ਤੇ ਘਾਤ ਲਗਾ ਕੇ ਕੀਤੇ ਜਾਂਦੇ ਰਹੇ ਸਨ। ਇਸ ਤੋਂ ਪਹਿਲਾਂ 2003 ਵਿਚ ਉਨ੍ਹਾਂ ਨੇ ਆਂਧਰਾ ਪ੍ਰਦੇਸ਼ ਦੇ ਮੁੱਖ ਮੰਤਰੀ ਨੂੰ ਕਤਲ ਕਰਨ ਦੀ ਕੋਸ਼ਿਸ਼ ਕੀਤੀ ਅਤੇ 2008 ਵਿਚ ਪੱਛਮੀ ਬੰਗਾਲ ਦੇ ਮੁੱਖ ਮੰਤਰੀ ਨੂੰ ਮਾਰਨ ਦਾ ਯਤਨ ਕੀਤਾ ਗਿਆ ਸੀ। 2010 ਵਿਚ ਉਨ੍ਹਾਂ ਨੇ ਅਰਧ-ਫ਼ੌਜੀ ਬਲਾਂ ਦੇ 76 ਜਵਾਨਾਂ ਨੂੰ ਮਾਰ ਦਿੱਤਾ।

ਮਾਓਵਾਦੀ ਕੇਂਦਰੀ ਭਾਰਤ ਦੀ ਕਬਾਇਲੀ ਪੱਟੀ ਵਿਚ ਡੂੰਘੀਆਂ ਜੜ੍ਹਾਂ ਜਮ੍ਹਾ ਚੁੱਕੇ ਹਨ। ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨਕਸਲਵਾਦ (ਜਾਂ ਮਾਓਵਾਦ) ਅਤੇ ਖੱਬੇ-ਪੱਖੀ ਅਤਿਵਾਦ ਨੂੰ 'ਅੰਦਰੂਨੀ ਸੁਰੱਖਿਆ ਲਈ ਸਭ ਤੋਂ ਵੱਡਾ ਖ਼ਤਰਾ' ਕਰਾਰ ਦੇ ਚੁੱਕੇ ਹਨ। ਕੇਂਦਰੀ ਮੰਤਰੀ ਪੀ. ਚਿਦੰਬਰਮ ਦੇ ਬਿਆਨ ਮੁਤਾਬਕ ਮਾਓਵਾਦੀ ਭਾਰਤ ਦੇ 626 ਜ਼ਿਲ੍ਹਿਆਂ ਦੇ 31 ਫ਼ੀਸਦੀ ਇਲਾਕੇ ਵਿਚ ਅਸਰ ਰੱਖਦੇ ਹਨ; ਉਹ 80 ਜ਼ਿਲ੍ਹਿਆਂ ਵਿਚ ਕਿਤੇ ਵੀ ਹਮਲੇ ਕਰਨ ਦੇ ਸਮਰੱਥ ਹਨ ਅਤੇ 36 ਜ਼ਿਲ੍ਹਿਆਂ 'ਤੇ ਉਨ੍ਹਾਂ ਦਾ ਪੂਰਾ ਗਲਬਾ ਹੈ। ਕੇਂਦਰੀ ਮੰਤਰੀ ਨੇ ਇਹ ਵੀ ਮੰਨਿਆ ਕਿ ਪੱਛਮੀ ਭਾਰਤ ਦੇ 9 ਰਾਜਾਂ ਵਿਚ ਫੈਲੇ 125 ਜ਼ਿਲ੍ਹਿਆਂ ਅਤੇ ਇਨ੍ਹਾਂ ਨਾਲ ਲਗਦੇ ਹੋਰ ਖੇਤਰ ਖੱਬੇ-ਪੱਖੀ ਕ੍ਰਾਂਤੀਕਾਰੀ ਗਰੁੱਪਾਂ ਦੇ ਪ੍ਰਭਾਵ ਹੇਠ ਹਨ। ਇਨ੍ਹਾਂ ਗਰੁੱਪਾਂ ਨੂੰ ਆਮ ਕਰ ਕੇ ਨਕਸਲਵਾਦੀ ਕਿਹਾ ਜਾਂਦਾ ਹੈ। 22 ਜੂਨ, 2009 ਨੂੰ ਭਾਰਤ ਸਰਕਾਰ ਨੇ ਭਾਰਤੀ ਕਮਿਊਨਿਸਟ ਪਾਰਟੀ



*ਕਬਾਇਲੀ ਖਿੱਤੇ ਵਿਚ ਮਾਰਚ ਕਰ ਰਹੇ ਮਾਓਵਾਦੀ।*

(ਮਾਓਵਾਦੀ) ਨੂੰ ਅਤਿਵਾਦੀ ਜਥੇਬੰਦੀ ਕਰਾਰ ਦਿੰਦਿਆਂ ਇਸ 'ਤੇ ਪਾਬੰਦੀ ਲਗਾ ਦਿੱਤੀ ਸੀ।

ਜ਼ਮੀਨੀ ਪੱਧਰ 'ਤੇ ਜੇ ਹਾਲਾਤ ਦਾ ਸਰਵੇਖਣ ਕੀਤਾ ਜਾਵੇ ਤਾਂ ਇਸ ਅੰਦੋਲਨ ਵਿਚ ਕਬਾਇਲੀਆਂ ਦੀ ਸ਼ਮੂਲੀਅਤ ਦੇ ਕਈ ਕਾਰਨ ਉੱਭਰ ਕੇ ਸਾਹਮਣੇ ਆਉਂਦੇ ਹਨ। ਹੱਦੋਂ ਵੱਧ ਗਰੀਬੀ, ਸੂਦਖੋਰਾਂ ਤੇ ਜ਼ਿਮੀਂਦਾਰਾਂ ਆਦਿ ਵੱਲੋਂ ਕੀਤਾ ਜਾ ਰਿਹਾ ਸ਼ੋਸ਼ਣ, ਖੇਤਰ ਦੀ ਲੋੜ ਤੋਂ ਕਿਤੇ ਘੱਟ ਵਿਕਾਸ ਅਤੇ ਰਾਜ ਵੱਲੋਂ ਸਥਾਨਕ ਸਾਧਨਾਂ ਦਾ ਸ਼ੋਸ਼ਣ, ਕੁਝ ਅਜਿਹੇ ਉੱਭਰਵੇਂ ਕਾਰਨ ਹਨ ਜੋ ਵੱਖ-ਵੱਖ ਵਿਸ਼ਲੇਸ਼ਕਾਂ ਤੇ ਏਜੰਸੀਆਂ ਵੱਲੋਂ ਇਸ ਅੰਦੋਲਨ ਲਈ ਜ਼ਿੰਮੇਵਾਰ ਦੱਸੇ ਜਾਂਦੇ ਹਨ।

ਕੁਝ ਵਿਸ਼ਲੇਸ਼ਕਾਂ ਮੁਤਾਬਕ ਕੇਂਦਰੀ ਭਾਰਤ ਵਿਚ ਕਬਾਇਲੀ ਅੰਦੋਲਨ ਬੜੇ ਲੰਮੇ ਸਮੇਂ ਤੋਂ ਚਲਦੇ ਆ ਰਹੇ ਹਨ; ਇਥੋਂ ਤੱਕ ਕਿ ਆਜ਼ਾਦੀ ਤੋਂ ਪਹਿਲਾਂ ਬਸਤੀਵਾਦੀ ਰਾਜ ਸਮੇਂ ਹੀ ਅਜਿਹੇ ਅੰਦੋਲਨ ਸ਼ੁਰੂ ਹੋ ਗਏ ਸਨ। ਕਬਾਇਲੀ ਜਾਂ ਆਦਿਵਾਸੀ ਵਿਆਪਕ ਤੌਰ 'ਤੇ ਪ੍ਰਭੂਸੱਤਾ ਮਾਣਦੇ ਰਹੇ ਹਨ ਅਤੇ ਉਨ੍ਹਾਂ ਦੇ ਮਾਮਲਿਆਂ ਵਿਚ ਕਦੇ ਕੋਈ ਦਖ਼ਲਅੰਦਾਜ਼ੀ ਨਹੀਂ ਸੀ ਹੁੰਦੀ ਪਰ ਬਰਤਾਨਵੀ ਰਾਜ ਸ਼ੁਰੂ ਹੋਣ ਨਾਲ ਇਨ੍ਹਾਂ ਆਦਿਵਾਸੀ ਖੇਤਰਾਂ ਵਿਚ ਵੀ ਸੱਤਾ ਦਾ ਸੰਤੁਲਨ ਵਿਆਪਕ ਪੱਧਰ 'ਤੇ ਬਦਲ ਗਿਆ। ਬਸਤੀਵਾਦੀ ਸਰਕਾਰ ਨੇ ਇਨ੍ਹਾਂ ਆਦਿਵਾਸੀ ਖੇਤਰਾਂ ਵਿਚ ਕੁਦਰਤੀ ਸਰੋਤਾਂ ਦੀ ਖੁਦਾਈ ਸ਼ੁਰੂ ਕਰ ਦਿੱਤੀ। ਇਨ੍ਹਾਂ ਖੇਤਰਾਂ ਵਿਚ ਗ਼ੈਰ-ਕਬਾਇਲੀ ਸ਼ਾਹੂਕਾਰਾਂ, ਵਪਾਰੀਆਂ ਅਤੇ ਕਾਰੋਬਾਰੀਆਂ ਦਾ ਦਾਖ਼ਲਾ ਸ਼ੁਰੂ ਹੋ ਗਿਆ। ਉਹ ਸਥਾਨਕ ਲੋਕਾਂ ਦਾ ਸ਼ੋਸ਼ਣ ਕਰਨ ਲੱਗੇ। ਲੋਕਾਂ ਦੀ ਪ੍ਰਭੂਸੱਤਾ ਨੂੰ ਵੱਡਾ ਖੋਰਾ ਲੱਗਾ, ਕਿਉਂਕਿ ਸਥਾਨਕ ਬੁਨਿਆਦੀ ਢਾਂਚਾ ਵੀ ਬਾਹਰਲੀਆਂ ਧਿਰਾਂ ਵੱਲੋਂ ਆਪਣੀਆਂ ਲੋੜਾਂ ਮੁਤਾਬਕ ਵਿਕਸਤ ਕੀਤਾ ਜਾਣ ਲੱਗਾ।

ਇਨ੍ਹਾਂ ਕਾਰਨਾਂ ਤੋਂ ਇਲਾਵਾ ਆਦਿਵਾਸੀਆਂ ਦਾ ਆਪਣੀਆਂ ਜ਼ਮੀਨਾਂ ਅਤੇ ਜੰਗਲਾਂ ਤੋਂ ਹੱਕ ਖੁੱਸਣਾ ਸ਼ੁਰੂ ਹੋ ਗਿਆ ਕਿਉਂਕਿ ਜ਼ਮੀਨੀ ਪਟੇਦਾਰੀ ਦੀ ਪ੍ਰਣਾਲੀ ਲਾਗੂ ਕਰ ਦਿੱਤੀ ਗਈ। ਮੈਦਾਨਾਂ ਵਿਚੋਂ ਜਾਣ ਵਾਲੇ ਗ਼ੈਰ-ਆਦਿਵਾਸੀ ਲੋਕ ਵੀ ਇਸ ਆਧਾਰ 'ਤੇ ਜ਼ਮੀਨਾਂ ਦੇ ਮਾਲਕ ਬਣ ਗਏ ਜਦਕਿ ਆਦਿਵਾਸੀਆਂ ਕੋਲ ਉਨ੍ਹਾਂ ਜ਼ਮੀਨਾਂ ਦਾ ਕੋਈ ਪਟਾ ਜਾਂ ਕਾਨੂੰਨੀ ਦਸਤਾਵੇਜ਼ ਨਹੀਂ ਸੀ ਹੁੰਦਾ ਜੋ ਉਨ੍ਹਾਂ ਦੀ ਨਿੱਜੀ ਮਾਲਕੀ ਸਾਬਤ ਕਰ ਸਕੇ। ਆਦਿਵਾਸੀ ਲੋਕ ਪੀੜ੍ਹੀਆਂ ਤੋਂ ਇਨ੍ਹਾਂ ਜ਼ਮੀਨਾਂ ਦੀਆਂ ਵਹਾਈਆਂ ਕਰਦੇ ਆਏ ਸਨ। ਜਿਨ੍ਹਾਂ ਆਦਿਵਾਸੀਆਂ ਨੂੰ ਪਟਾ ਵਗੈਰਾ ਮਿਲਿਆ ਵੀ, ਉਨ੍ਹਾਂ ਦੀਆਂ ਜ਼ਮੀਨਾਂ ਵੀ ਸੂਦਖੋਰਾਂ ਆਦਿ ਵੱਲੋਂ ਹੜੱਪੀਆਂ ਜਾਣ ਲੱਗੀਆਂ। ਇਸ ਵਰਤਾਰੇ ਕਾਰਨ ਬਹੁਤੇ ਆਦਿਵਾਸੀ ਬੇਜ਼ਮੀਨੇ ਮਜ਼ਦੂਰ ਬਣ ਗਏ ਜਿਨ੍ਹਾਂ ਨੂੰ ਗ਼ੈਰ-ਆਦਿਵਾਸੀ ਜ਼ਿਮੀਂਦਾਰਾਂ ਅਤੇ ਠੇਕੇਦਾਰਾਂ ਕੋਲ ਮਜ਼ਦੂਰੀ ਕਰਨ ਲਈ ਮਜਬੂਰ ਹੋਣਾ ਪਿਆ। ਕਦੇ ਜੰਗਲਾਂ ਅਤੇ ਪਹਾੜਾਂ ਦੇ ਮੁਕਤ ਮਾਲਕ ਰਹੇ ਆਦਿਵਾਸੀਆਂ ਲਈ ਇਨ੍ਹਾਂ ਹਾਲਾਤ ਨੂੰ ਸਵੀਕਾਰ ਕਰਨਾ ਔਖਾ ਸੀ। ਉਨ੍ਹਾਂ ਵਿਚ ਬੇਗਾਨਗੀ ਵਧਦੀ ਗਈ।

ਹੌਲੀ-ਹੌਲੀ ਹਰ ਤਰ੍ਹਾਂ ਦੀਆਂ ਬਾਹਰੀ ਤਾਕਤਾਂ ਅਤੇ ਸਰਕਾਰੀ ਏਜੰਟਾਂ ਖਿਲਾਫ਼ ਉਨ੍ਹਾਂ ਵਿਚ ਵਿਆਪਕ ਰੋਹ ਫੈਲ ਗਿਆ। ਕਮਿਊਨਿਸਟਾਂ ਨੇ ਹਾਲਾਤ ਦਾ ਲਾਭ ਉਠਾਉਂਦਿਆਂ ਆਦਿਵਾਸੀਆਂ ਨੂੰ ਲਾਮਬੰਦ ਕੀਤਾ। ਇਸ ਵਰਤਾਰੇ ਦੀ ਸ਼ੁਰੂਆਤ ਆਂਧਰਾ ਪ੍ਰਦੇਸ਼ ਦੇ ਤੇਲੰਗਾਨਾ ਖੇਤਰ ਵਿਚ 1940ਵਿਆਂ ਵਿਚ ਹੋਈ। ਹੌਲੀ-ਹੌਲੀ ਬਹੁਤੇ ਆਦਿਵਾਸੀ ਹਥਿਆਰਬੰਦ ਅੰਦੋਲਨ ਵੱਲ ਵਧਦੇ ਗਏ। ਇਸ ਅੰਦੋਲਨ ਨੇ ਫਿਰ ਤੀਬਰਤਾ ਫੜ ਲਈ ਅਤੇ 1967 ਵਿਚ ਪੱਛਮੀ ਬੰਗਾਲ ਦੇ ਦਾਰਜਲਿੰਗ ਜ਼ਿਲ੍ਹੇ ਦੇ ਨਕਸਲਬਾੜੀ ਪਿੰਡ ਤੋਂ ਹਥਿਆਰਬੰਦ ਲਹਿਰ ਉੱਠੀ। ਚਾਹ ਦੇ ਬਾਗਾਂ ਵਿਚ ਕੰਮ ਕਰਨ ਵਾਲੇ ਪਰਵਾਸੀ ਆਦਿਵਾਸੀਆਂ ਨੇ ਸਥਾਨਕ ਮਾਲਕਾਂ ਵਿਰੁੱਧ ਹਥਿਆਰ ਚੁੱਕ ਲਏ। ਇਨ੍ਹਾਂ ਜ਼ਮੀਨ ਮਾਲਕਾਂ ਨੂੰ ਰਾਜਬੰਸੀ ਕਿਹਾ ਜਾਂਦਾ ਸੀ। ਵਰਗ ਸੰਘਰਸ਼ ਸ਼ੁਰੂ ਹੋਇਆ ਅਤੇ ਇਨ੍ਹਾਂ ਦੀਆਂ ਜ਼ਮੀਨਾਂ ਆਦਿਵਾਸੀਆਂ ਵੱਲੋਂ ਹਥਿਆ ਲਈਆਂ ਗਈਆਂ। ਥੋੜ੍ਹੇ ਸਮੇਂ ਬਾਅਦ ਹੀ ਇਸ ਅੰਦੋਲਨ ਨੂੰ ਦਬਾਅ ਦਿੱਤਾ ਗਿਆ ਕਿਉਂਕਿ ਇਸ ਨੂੰ ਸਥਾਨਕ ਲੋਕਾਂ ਦੀ ਹਮਾਇਤ ਹਾਸਲ ਨਹੀਂ ਸੀ। ਉਂਝ, ਇਸ ਨੇ ਪੂਰੇ ਪੱਛਮੀ ਬੰਗਾਲ ਦੇ ਨਾਲ-ਨਾਲ ਬਾਕੀ ਰਾਜਾਂ ਦੇ ਮੱਧ ਵਰਗ ਵਿਚ ਵੀ ਵੱਡਾ ਰੁਮਾਂਚ ਪੈਦਾ ਕੀਤਾ ਅਤੇ ਆਂਧਰਾ ਪ੍ਰਦੇਸ਼, ਉੜੀਸਾ ਤੇ ਕੇਂਦਰੀ ਭਾਰਤ ਦੇ ਹੋਰ ਰਾਜਾਂ ਤੋਂ ਇਲਾਵਾ ਬਾਕੀ ਭਾਰਤ ਵਿਚ ਵੀ ਇਸ ਨੂੰ ਕਈ ਥਾਵਾਂ 'ਤੇ ਪ੍ਰਵਾਨਗੀ ਮਿਲੀ। ਬਾਅਦ ਵਿਚ ਇਹ ਅੰਦੋਲਨ ਮੱਠਾ ਪੈ ਗਿਆ।

ਫਿਰ ਆਂਧਰਾ ਪ੍ਰਦੇਸ਼ ਦੇ ਸਿਰੀਕਾਕੁਲਮ ਇਲਾਕੇ ਦੇ ਗਿਰੀਜਨ ਨਾਮਕ ਤਬਕੇ ਨੇ ਪੱਛਮੀ ਬੰਗਾਲ ਦੀ ਨਕਸਲਵਾਦੀ ਲਹਿਰ ਦੀ ਤਰਜ਼ 'ਤੇ ਗ਼ੈਰ-ਕਬਾਇਲੀ ਜ਼ਿਮੀਂਦਾਰਾਂ ਅਤੇ ਸ਼ਾਹੂਕਾਰਾਂ ਖਿਲਾਫ਼ ਹਥਿਆਰਬੰਦ ਅੰਦੋਲਨ ਸ਼ੁਰੂ ਕਰ ਦਿੱਤਾ। 1969 ਦੇ ਅੰਤ ਤੱਕ ਇਨ੍ਹਾਂ ਦਾ 700-800 ਵਰਗ ਕਿਲੋਮੀਟਰਾਂ ਵਿਚ ਫੈਲੇ ਤਕਰੀਬਨ 300 ਪਿੰਡਾਂ 'ਤੇ ਕਬਜ਼ਾ ਹੋ ਚੁੱਕਾ ਸੀ। ਸਿਰੀਕਾਕੁਲਮ ਭਾਵੇਂ ਪਹਾੜੀ ਅਤੇ ਜੰਗਲੀ ਇਲਾਕਾ ਸੀ ਪਰ ਇਸ ਦਾ ਖੇਤਰਫਲ ਬਹੁਤ ਘੱਟ ਸੀ ਅਤੇ ਇਹ ਤੇਲੰਗਾਨਾ ਦੇ ਮੈਦਾਨਾਂ ਦੇ ਬਿਲਕੁਲ ਨਾਲ ਪੈਂਦਾ ਸੀ। ਸੋ, ਰਾਜ ਵਾਸਤੇ ਇਸ ਅੰਦੋਲਨ ਨੂੰ ਦਬਾਉਣਾ ਔਖਾ ਨਹੀਂ ਸੀ। ਪਿੰਡਾਂ ਨੂੰ ਘੇਰ ਲਿਆ ਗਿਆ। ਬਹੁਤੇ ਥਾਈਂ ਅੱਗਾਂ ਲਗਾ ਦਿੱਤੀਆਂ ਗਈਆਂ ਅਤੇ ਉਥੋਂ ਦੇ ਵਾਸੀਆਂ ਨੂੰ ਜੰਗਲਾਂ ਤੋਂ ਬਾਹਰ ਉਸਰੇ ਨਵੇਂ ਪਿੰਡਾਂ ਵਿਚ ਭੇਜ ਦਿੱਤਾ ਗਿਆ।

1970 ਦੇ ਅੰਤ ਤੱਕ ਸਿਰੀਕਾਕੁਲਮ ਵਿਚ ਇਸ ਮੁਹਿੰਮ ਦਾ ਅੰਤ ਹੋ ਚੁੱਕਾ ਸੀ। ਸ਼ਾਹੂਕਾਰ ਅਤੇ ਵਪਾਰੀ ਮੁੜ ਆਪਣੀਆਂ ਪਹਿਲੀਆਂ ਕਾਰਵਾਈਆਂ 'ਤੇ ਪਰਤ ਆਏ ਸਨ। ਹੁਣ ਕੁਝ ਸਾਲਾਂ ਤੋਂ ਮਾਓਵਾਦੀ ਕਬਾਇਲੀ ਇਲਾਕਿਆਂ ਵਿਚ ਲਗਾਤਾਰ ਤਕੜੇ ਹੋ ਰਹੇ ਹਨ।

# ਹਮਜਿਨਸੀ ਸਬੰਧਾਂ ਦੇ ਕਾਨੂੰਨੀ ਅਤੇ ਸਮਾਜਕ ਪੱਖ

ਸੁਪਰੀਮ ਕੋਰਟ ਦੁਆਰਾ ਹਮਜਿਨਸੀ ਸਬੰਧਾਂ ਬਾਰੇ ਮੁਕੱਦਮੇ ਵਿਚ ਦਸ ਦਸੰਬਰ ਨੂੰ ਸੁਣਾਏ ਫ਼ੈਸਲੇ ਵਿਰੁੱਧ ਕੌਮੀ ਅਤੇ ਕੌਮਾਂਤਰੀ ਪੱਧਰ ਉੱਤੇ ਹੋਈ ਪ੍ਰਤੀਕਿਰਿਆ ਇਸ ਤੱਥ ਵੱਲ ਇਸ਼ਾਰਾ ਕਰਦੀ ਹੈ ਕਿ ਭਾਰਤੀ ਸਮਾਜ ਪਰਿਵਰਤਨ ਦੇ ਦੌਰ ਵਿਚੋਂ ਲੰਘ ਰਿਹਾ ਹੈ। ਭਾਰਤੀ ਲੋਕਾਂ ਵਿਚ ਅਜੇ ਵੀ ਅਪ੍ਰੌੜ੍ਹਤਾ ਮੌਜੂਦ ਹੈ। ਸੁਪਰੀਮ ਕੋਰਟ ਦੁਆਰਾ ਦਿੱਤੇ ਫ਼ੈਸਲੇ ਪ੍ਰਤੀ ਰੋਹ, ਗੁੱਸਾ ਅਤੇ ਗਿਲਾਨੀ ਦਾ ਜੋ ਪ੍ਰਗਟਾਵਾ ਕੀਤਾ ਜਾ ਰਿਹਾ ਹੈ, ਉਹ ਉਚਿਤ ਨਹੀਂ ਹੈ। ਲੋਕਾਂ ਦੁਆਰਾ ਬੜੀ ਜਲਦੀ, ਹਾਲਾਤ ਦਾ ਵਿਸ਼ਲੇਸ਼ਣ ਕੀਤੇ ਬਿਨਾਂ ਆਪਣੀ ਪ੍ਰਤੀਕਿਰਿਆ ਪ੍ਰਗਟ ਕਰ ਦਿੱਤੀ ਜਾਂਦੀ

ਤਰੁਣ ਅਰੋੜਾ

ਹੈ। ਪ੍ਰਤੀਕਿਰਿਆ ਦੀ ਬਜਾਏ ਪ੍ਰਤੀਪੱਖ ਰੱਖਣ ਦੀ ਜਾਚ ਵਿਕਸਤ ਹੋਣੀ ਚਾਹੀਦੀ ਹੈ।

ਇਸ ਫ਼ੈਸਲੇ ਦੇ ਕਈ ਤਰ੍ਹਾਂ ਦੇ ਕਾਨੂੰਨੀ, ਸਮਾਜਕ ਅਤੇ ਰਾਜਨੀਤਕ ਪਹਿਲੂ ਹਨ ਜਿਨ੍ਹਾਂ ਨੂੰ ਅਣਦੇਖਿਆ ਨਹੀਂ ਕੀਤਾ ਜਾ ਸਕਦਾ। ਭਾਰਤੀ ਦੰਡ ਵਿਧਾਨ ਦੀ ਧਾਰਾ 377 ਦੇ ਸਬੰਧ ਵਿਚ ਜੇ ਕਿਸੇ ਸੋਧ ਦੀ ਜ਼ਰੂਰਤ ਹੈ ਤਾਂ ਇਹ ਵਿਧਾਨ ਮੰਡਲ, ਭਾਵ ਸੰਸਦ ਦੇ ਅਧਿਕਾਰ ਖੇਤਰ ਵਿਚ ਹੈ। ਸੁਪਰੀਮ ਕੋਰਟ ਦਾ ਕੰਮ ਵਿਧਾਨ ਮੰਡਲ ਦੁਆਰਾ ਬਣਾਏ ਗਏ ਕਾਨੂੰਨਾਂ ਦੀ ਵਿਆਖਿਆ ਕਰਨਾ ਹੈ ਅਤੇ ਉਸ ਵਿਆਖਿਆ ਅਨੁਸਾਰ ਧਾਰਾ 377 ਵਿਚ ਕੋਈ ਖਾਮੀ ਨਹੀਂ ਹੈ। ਲੋਕਾਂ ਦੁਆਰਾ ਇਸ ਫ਼ੈਸਲੇ ਦਾ ਵਿਰੋਧ ਇਸ ਲਈ ਕੀਤਾ ਜਾ ਰਿਹਾ ਹੈ ਕਿ ਹੁਣ ਤਕ ਸੁਪਰੀਮ ਕੋਰਟ ਦੁਆਰਾ ਮਨੁੱਖੀ ਅਧਿਕਾਰਾਂ ਲਈ ਜੋ ਪਹਿਲਕਦਮੀ ਵੱਖ-ਵੱਖ ਮੁਕੱਦਮਿਆਂ ਵਿਚ ਨਿਆਂਇਕ ਕਿਰਿਆਸ਼ੀਲਤਾ ਦੇ ਚਲਦਿਆਂ ਵਿਖਾਈ ਗਈ ਹੈ, ਉਹ ਇਸ ਮਾਮਲੇ ਵਿਚ ਕਿਉਂ ਨਹੀਂ? ਇਹ ਗੱਲ ਧਿਆਨਦੇਣਯੋਗ ਹੈ ਕਿ ਸੁਪਰੀਮ ਕੋਰਟ ਦੁਆਰਾ ਮਨੁੱਖੀ



*ਦਿੱਲੀ ਵਿਚ ਰੋਸ ਵਿਖਾਵਾ ਕਰ ਰਹੇ ਹਮਜਿਨਸੀ।*

ਅਧਿਕਾਰਾਂ ਦੇ ਸਬੰਧ ਵਿਚ ਉਸ ਵੇਲੇ ਫੁਰਤੀ ਅਤੇ ਚੇਤੰਨਤਾ ਦਿਖਾਈ ਗਈ ਸੀ ਜਦੋਂ ਸਰਕਾਰ ਦੀਆਂ ਬਾਕੀ ਦੋਵੇਂ ਸੰਸਥਾਵਾਂ ਵਿਧਾਨਪਾਲਿਕਾ ਅਤੇ ਕਾਰਜਪਾਲਿਕਾ, ਆਪਣੇ ਸੰਵਿਧਾਨਕ ਕਰਤੱਵਾਂ ਦਾ ਪਾਲਣ ਕਰਨ ਵਿਚ ਅਸਫ਼ਲ ਸਿੱਧ ਹੋਈਆਂ ਹਨ ਤੇ ਉਨ੍ਹਾਂ ਦੀ ਅਸਫ਼ਲਤਾ ਕਰ ਕੇ ਪੀੜਤ ਬੰਦੇ ਕੋਲ ਕਿਸੇ ਵੀ ਤਰ੍ਹਾਂ ਦਾ ਕੋਈ ਹੋਰ ਰਾਹਤ ਵਾਲਾ ਬਦਲ ਨਹੀਂ ਸੀ। ਸੁਪਰੀਮ ਕੋਰਟ ਦਾ ਕੰਮ ਪੁਨਰਸਥਾਪਨਾ, ਮੁਆਵਜ਼ਾ ਅਤੇ ਬਹਾਲੀ ਕਿਸਮ ਦਾ ਹੈ, ਜਦਕਿ ਸੰਵਿਧਾਨ ਵਿਚ ਦਿੱਤੀ ਗਈ ਵਿਵਸਥਾ ਅਨੁਸਾਰ ਸਮਾਜਕ, ਆਰਥਿਕ ਤੇ ਰਾਜਨੀਤਕ ਨਿਆਂ ਉਪਲਬਧ ਕਰਵਾਉਣ ਦੀ ਜ਼ਿੰਮੇਵਾਰੀ ਸਰਕਾਰ ਦੇ ਤਿੰਨਾਂ ਅਦਾਰਿਆਂ ਦੀ ਹੈ। ਇਸ ਮਾਮਲੇ ਵਿਚ ਸੁਪਰੀਮ ਕੋਰਟ ਦੁਆਰਾ ਸਿਰਫ਼ ਧਾਰਾ 377 ਦੀ ਸੰਵਿਧਾਨਕ ਵਾਜ਼ਬੀਅਤ ਦੀ ਜਾਂਚ ਕੀਤੀ ਗਈ ਸੀ, ਕਿਉਂਕਿ ਦਿੱਲੀ ਹਾਈ ਕੋਰਟ ਦੁਆਰਾ ਧਾਰਾ 377 ਭਾਰਤੀ ਸੰਵਿਧਾਨ ਦੀ ਧਾਰਾ 14, 15 ਅਤੇ 21 ਅਧੀਨ ਦਿੱਤੇ ਗਏ ਅਧਿਕਾਰਾਂ ਦੇ ਵਿਰੁੱਧ ਐਲਾਨੀ ਗਈ ਸੀ। ਦਿੱਲੀ ਹਾਈ ਕੋਰਟ ਨੇ ਨਾਜ਼ ਫਾਊਂਡੇਸ਼ਨ ਦੇ ਇਸ ਤਰਕ ਨੂੰ ਸਵੀਕਾਰ ਕੀਤਾ ਹੈ ਕਿ ਧਾਰਾ 377 ਦੇ ਆਧਾਰ 'ਤੇ ਹਮਜਿਨਸੀ ਵਰਗ ਦੇ ਵਿਅਕਤੀਆਂ ਨਾਲ ਪੁਲੀਸ ਅਧਿਕਾਰੀ ਅਤੇ ਹੋਰ ਲੋਕਾਂ ਦੁਆਰਾ ਪ੍ਰੇਸ਼ਾਨੀ, ਤਕਲੀਫ਼ਦਾਇਕ, ਬਲੈਕਮੇਲ ਅਤੇ ਸਰੀਰਕ ਪੀੜਾ ਵਾਲਾ ਵਿਹਾਰ ਕੀਤਾ ਜਾਂਦਾ ਸੀ, ਜਿਸ ਕਰ ਕੇ ਹਮਜਿਨਸੀ ਵਿਅਕਤੀਆਂ ਦੇ ਸਮਾਜ ਵਿਚ ਬਰਾਬਰੀ, ਸਵੈਮਾਣ ਤੇ ਜੀਵਨ ਦੇ ਅਧਿਕਾਰ ਦੀ ਉਲੰਘਣਾ ਹੁੰਦੀ ਸੀ ਪਰ ਸੁਪਰੀਮ ਕੋਰਟ ਨੂੰ ਇਹ ਆਧਾਰ ਤਰਕਸੰਗਤ ਨਹੀਂ ਲੱਗਾ। ਸੁਪਰੀਮ ਕੋਰਟ ਦੁਆਰਾ ਦਿੱਤੇ ਗਏ ਫ਼ੈਸਲੇ ਦੇ ਪੰਨਾ ਨੰਬਰ 91 ਤੇ ਪੈਰਾ 51 ਵਿਚ ਇਸ ਗੱਲ ਦਾ ਜ਼ਿਕਰ ਕੀਤਾ ਗਿਆ ਹੈ ਕਿ ਜੇ ਇਸ ਧਾਰਾ ਅਧੀਨ ਪੁਲੀਸ ਅਧਿਕਾਰੀਆਂ ਜਾਂ ਹੋਰ ਵਿਅਕਤੀਆਂ ਦੁਆਰਾ ਹਮਜਿਨਸੀ ਵਰਗ ਦੇ ਵਿਅਕਤੀਆਂ ਨਾਲ ਧੱਕੇਸ਼ਾਹੀ ਜਾਂ ਅੱਤਿਆਚਾਰ ਕੀਤਾ ਜਾਂਦਾ ਹੈ ਤਾਂ ਇਸ ਆਧਾਰ 'ਤੇ ਧਾਰਾ 377 ਨੂੰ ਅਸੰਵਿਧਾਨਿਕ ਕਰਾਰ ਨਹੀਂ ਦਿੱਤਾ ਜਾ ਸਕਦਾ, ਕਿਉਂਕਿ ਇਸ ਵਿਚ ਕਾਨੂੰਨ ਦਾ ਦੋਸ਼ ਨਹੀਂ ਬਲਕਿ ਇਸ ਨੂੰ ਲਾਗੂ ਕਰਨ ਵਾਲੇ ਅਦਾਰਿਆਂ ਦਾ ਹੈ ਤੇ ਕਾਨੂੰਨ ਦੀ ਆਲੋਚਨਾ ਕਰਨ ਦੀ ਬਜਾਏ ਇਸ ਨੂੰ ਲਾਗੂ ਕਰਨ ਵਾਲਿਆਂ ਦੀ ਆਲੋਚਨਾ ਕਰਨੀ ਹੀ ਲੋੜੀਂਦੀ ਹੈ। ਸੁਪਰੀਮ ਕੋਰਟ ਨੇ ਇਸੇ ਪੈਰੇ ਦੇ ਅਖੀਰ ਵਿਚ ਇਹ ਵੀ ਸਪਸ਼ਟ ਕੀਤਾ ਹੈ ਕਿ ਜੇ ਸੰਸਦ ਚਾਹੇ ਤਾਂ ਧਾਰਾ 377 ਦੇ ਤਬਦੀਲੀ ਦੀ ਲੋੜ ਸਬੰਧੀ ਚਰਚਾ ਸਮੇਂ ਇਸ ਧਾਰਾ ਦੀ ਦੁਰਵਰਤੋਂ ਸਬੰਧੀ ਤੱਤ ਧਿਆਨ ਵਿਚ ਰੱਖ ਸਕਦੀ ਹੈ। ਕਾਨੂੰਨਾਂ ਦੀ ਵਿਆਖਿਆ ਦਾ ਇਹ ਮੁਢਲਾ ਸਿਧਾਂਤ ਹੈ ਕਿ ਕਿਸੇ ਵੀ ਕਾਨੂੰਨ ਦੀ ਕਿਸੇ ਧਾਰਾ ਨੂੰ ਸਿਰਫ਼ ਇਸ ਆਧਾਰ 'ਤੇ ਗ਼ੈਰ-ਕਾਨੂੰਨੀ ਜਾਂ ਅਸੰਵਿਧਾਨਕ ਕਰਾਰ ਨਹੀਂ ਦਿੱਤਾ ਜਾ ਸਕਦਾ ਕਿ ਉਸ ਧਾਰਾ ਦੀ ਦੁਰਵਰਤੋਂ ਹੋਣ ਦੀ ਸੰਭਾਵਨਾ ਹੈ। ਸੰਵਿਧਾਨ ਅਨੁਸਾਰ ਤਿੰਨਾਂ ਸੰਸਥਾਵਾਂ- ਵਿਧਾਨਪਾਲਿਕਾ ਕਾਨੂੰਨਸਾਜ਼ੀ, ਕਾਰਜਪਾਲਿਕਾ ਕਾਨੂੰਨਾਂ ਨੂੰ ਲਾਗੂ ਕਰਨ ਅਤੇ ਨਿਆਂਪਾਲਿਕਾ ਇਨ੍ਹਾਂ ਦੀ ਵਿਆਖਿਆ ਕਰਨ ਦੇ ਖੇਤਰ ਵਿਚ ਸਰਵਉੱਚ ਹੈ। ਅਦਾਲਤਾਂ ਨੂੰ ਸਰਕਾਰ ਦੇ ਕੰਮਾਂ ਅਤੇ ਕਰਤੱਵਾਂ ਦੇ ਪਾਲਣ ਲਈ ਬੇਨਤੀ ਕਰਨਾ ਉਚਿਤ ਨਹੀਂ ਹੈ ਅਤੇ ਨਾ ਹੀ ਕਾਰਜਪਾਲਿਕਾ ਦੀਆਂ ਆਰਥਿਕ ਮਾਮਲਿਆਂ ਤੇ ਨੀਤੀ ਨਿਰਧਾਰਨ ਸਬੰਧੀ ਖੇਤਰ ਵਿਚ ਵਿਵੇਕ ਸ਼ਕਤੀਆਂ ਦੀ ਚੁਣੌਤੀ ਲਈ ਜਨਹਿੱਤ ਪਟੀਸ਼ਨਾਂ ਨੂੰ ਸਵੀਕਾਰ ਕੀਤਾ ਜਾ ਸਕਦਾ ਹੈ। ਇਸ ਲਈ ਸੁਪਰੀਮ ਕੋਰਟ ਦੇ ਦ੍ਰਿਸ਼ਟੀਕੋਣ ਲਈ ਹਮਜਿਨਸੀ ਸਬੰਧਾਂ ਵਾਲੇ ਮੁਕੱਦਮੇ ਦੇ ਪ੍ਰਸੰਗ ਵਿਚ ਆਲੋਚਨਾ ਅਤੇ ਪ੍ਰਤੀਕਿਰਿਆ ਜ਼ਾਹਰ ਕਰਨ ਵਾਲਿਆਂ ਨੂੰ ਇਹ ਸਮਝਣਾ ਚਾਹੀਦਾ ਹੈ ਕਿ ਨਵੇਂ ਅਧਿਕਾਰਾਂ ਨੂੰ ਮਾਨਤਾ ਦੇਣ ਦੀ ਜ਼ਿੰਮੇਵਾਰੀ ਸੁਪਰੀਮ ਕੋਰਟ ਦੀ ਨਹੀਂ, ਬਲਕਿ ਸਰਕਾਰ ਦੀ ਹੈ। ਸੁਪਰੀਮ ਕੋਰਟ ਦੁਆਰਾ ਦਿੱਤੀ ਗਈ ਮਾਨਤਾ ਨਿਰੋਲ ਅਦਾਲਤੀ ਮਾਨਤਾ ਵਜੋਂ ਜਾਣੀ ਜਾਵੇਗੀ, ਬਿਹਤਰ ਇਹੀ ਹੋਵੇਗਾ ਕਿ ਉਚਿਤ ਕਾਨੂੰਨ ਪਾਸ ਕਰ ਕੇ ਪ੍ਰਭਾਵਿਤ ਵਿਅਕਤੀਆਂ ਦੇ ਅਧਿਕਾਰਾਂ ਨੂੰ ਕਾਨੂੰਨ ਦੀਆਂ ਕਿਤਾਬਾਂ ਵਿਚ ਮਾਨਤਾ ਦਿੱਤੀ ਜਾਵੇ। ਨੇਤਾਵਾਂ ਨੂੰ ਬਜਾਏ ਸੁਪਰੀਮ ਕੋਰਟ ਦੀ ਆਲੋਚਨਾ ਅਤੇ ਜ਼ਿੰਮੇਵਾਰੀ ਦੀ ਅਦਲਾ-ਬਦਲੀ ਕਰਨ ਦੇ ਇਸ ਖੇਤਰ ਵਿਚ ਆਪਣਾ ਯੋਗਦਾਨ ਨਿਸ਼ਚਿਤ ਕਰਨਾ ਚਾਹੀਦਾ ਹੈ।

ਸਮਾਜਕ ਪੱਖੋਂ ਇਹ ਗੱਲ ਸਹੀ ਹੈ ਕਿ ਕਾਨੂੰਨ ਅਤੇ ਸਮਾਜ ਦਾ ਅਨਿੱਖੜਵਾਂ ਸਬੰਧ ਹੈ। ਸਮਾਜ ਦੇ ਵਿਕਾਸ ਦੇ ਨਾਲ-ਨਾਲ ਕਾਨੂੰਨ ਦਾ ਵੀ ਵਿਕਾਸ ਹੋਣਾ ਚਾਹੀਦਾ ਹੈ। ਕਾਨੂੰਨ ਦੇ ਵਿਕਾਸ ਲਈ ਇਕੱਲੀਆਂ ਅਦਾਲਤਾਂ 'ਤੇ ਜ਼ਿੰਮੇਵਾਰੀ ਪਾ ਕੇ ਸੰਸਦ ਆਪਣਾ ਖਹਿੜਾ ਨਹੀਂ ਛੁਡਾ ਸਕਦੀ। ਹਮਜਿਨਸੀ ਸਬੰਧਾਂ ਨੂੰ ਕਾਨੂੰਨੀ ਮਾਨਤਾ ਦੇਣ ਲਈ ਹੋਰ ਵੀ ਕਈ ਬਦਲ ਜਿਵੇਂ ਸੰਸਦ ਵਿਚ ਧਾਰਾ 377 ਸਬੰਧੀ ਸੋਧ, ਨਵਾਂ ਕਾਨੂੰਨ ਜਾਂ ਆਰਡੀਨੈਂਸ ਹਨ। ਇਸ ਗੱਲ ਵਿਚ ਕੋਈ ਦੋ ਰਾਇ ਨਹੀਂ ਕਿ ਰਾਜ ਵੱਲੋਂ ਵਿਅਕਤੀ ਦੀ ਨਿੱਜੀ ਜ਼ਿੰਦਗੀ ਦੇ ਹੱਕ ਅਤੇ ਆਜ਼ਾਦੀ ਦਾ ਸਨਮਾਨ ਕੀਤਾ ਜਾਣਾ ਚਾਹੀਦਾ ਹੈ। ਸਟੇਟ ਦੀ ਹੋਂਦ ਵਿਅਕਤੀ ਦੇ ਅਧਿਕਾਰਾਂ ਦੀ ਸੁਰੱਖਿਆ ਲਈ ਹੈ।

ਮਨੋਵਿਗਿਆਨੀਆਂ ਅਨੁਸਾਰ ਕਿਸੇ ਵਿਅਕਤੀ ਦਾ ਹਮਜਿਨਸੀ ਹੋਣਾ ਉਸ ਦੇ ਕੰਟਰੋਲ ਤੋਂ ਪਰੇ ਹੈ। ਇਹ ਇਕ ਮਾਨਸਿਕ ਬਿਮਾਰੀ ਨਾ ਹੋ ਕੇ ਕੁਦਰਤੀ ਲੱਛਣ ਹੈ। ਇਸ ਲਈ ਜੇ ਹਮਜਿਨਸੀ ਸਬੰਧਾਂ ਦੀ ਵਿਅਕਤੀਗਤ ਆਜ਼ਾਦੀ ਨੂੰ ਨਵੇਂ ਸਿਰੇ ਤੋਂ ਮਾਨਤਾ ਦੇਣ ਦੀ ਜ਼ਰੂਰਤ ਹੈ ਤਾਂ ਢੁਕਵੇਂ ਫੋਰਮ 'ਤੇ ਵਿਚਾਰ-ਚਰਚਾ ਕਰ ਕੇ ਹੀ ਇਨ੍ਹਾਂ ਦੇ ਅਧਿਕਾਰਾਂ ਨੂੰ ਮਾਨਤਾ ਦਿੱਤੀ ਜਾਣੀ ਚਾਹੀਦੀ ਹੈ। ਇਹੀ ਢੁਕਵੇਂ ਸਮੇਂ ਦੀ ਮੰਗ ਦਾ ਢੁਕਵਾਂ ਜਵਾਬ ਹੋਵੇਗਾ।

# ਕਲਪਨਾ ਦੀ ਉਡਾਰੀ



ਸ਼ਬਦ ਝਰੋਖਾ
ਬਲਜੀਤ ਬਾਸੀ
ਫੋਨ: 734-259-9353



ਕਲਪਨਾ ਮਨੁਖੀ ਬੁਧੀ ਦੀ ਇਕ ਉਪਸ਼ਕਤੀ ਹੈ ਜਿਸ ਰਾਹੀਂ ਉਹ ਗਿਆਨ ਇੰਦਰੀਆਂ ਰਾਹੀਂ ਨਾ ਮਹਿਸੂਸ ਕੀਤੇ ਜਾਣ ਵਾਲੇ ਸੰਕਲਪਾਂ ਦੇ ਮਾਨਸਿਕ ਚਿੱਤਰ ਬਣਾ ਸਕਦਾ ਹੈ। ਕਲਪਨਾ ਵਿਚ ਮਨ ਨੂੰ ਵਿਸਤਾਰਨ ਦੀ ਸਮਰਥਾ ਹੈ। ਇਸ ਦੀ ਕੋਈ ਸੀਮਾ ਨਹੀਂ ਹੈ। ਹਰ ਮਨੁਖ ਵਿਚ ਘਟ ਜਾਂ ਵਧ ਇਸ ਦੀ ਮੌਜੂਦਗੀ ਹੈ। ਕਲਪਨਾ ਤੋਂ ਬਿਨਾ ਅਸੀਂ ਸ਼ਾਇਦ ਇਕ ਮਿੰਟ ਵੀ ਜਿਉਂਦੇ ਨਹੀਂ ਰਹਿ ਸਕਦੇ। ਕਵੀ, ਕਲਾਕਾਰ, ਲੇਖਕ ਕਲਪਨਾ ਤੋਂ ਬਿਨਾਂ ਸਿਫਰ ਹਨ। ਵਿਗਿਆਨੀ ਕਲਪਨਾ ਤੋਂ ਬਿਨਾ ਕੁਝ ਵੀ ਨਵਾਂ ਨਹੀਂ ਬਣਾ ਸਕਦੇ। ਸਾਰਾ ਧਰਮ ਕਪੋਲ ਕਲਪਨਾ 'ਤੇ ਆਧਾਰਤ ਹੈ। ਮਨੁਖ ਨੇ ਸ੍ਰਿਸ਼ਟੀ ਦੀਆਂ ਸਭ ਚਾਲਕ ਪਰਾਸਰੀਰਕ ਸ਼ਕਤੀਆਂ ਦੀ ਕਲਪਨਾ ਕੀਤੀ ਤੇ ਇਸ ਨੂੰ ਯਥਾਰਥ ਮੰਨਿਆ। ਪਹਿਲਾਂ ਵਿਭਿੰਨ ਦੇਵਤਿਆਂ ਦੇ ਰੂਪ ਵਿਚ ਸੀਮਤ ਸ਼ਕਤੀ ਵਜੋਂ ਤੇ ਫਿਰ ਇਕ ਰੱਬ ਦੇ ਰੂਪ ਵਿਚ ਅਸੀਮ ਸ਼ਕਤੀ ਵਜੋਂ। ਹੋਰ ਤਾਂ ਹੋਰ ਕਈ ਧਾਰਮਕ ਵਿਸ਼ਵਾਸਾਂ ਅਨੁਸਾਰ ਇਸ ਦਾ ਕੋਈ ਰੰਗ, ਰੂਪ, ਰੇਖ-ਮੇਖ ਜਾਂ ਮਨੁਖੀ ਇੰਦਰੀਆਂ ਰਾਹੀਂ ਅਨੁਭਵ ਕੀਤੇ ਜਾਣ ਵਾਲਾ ਕੋਈ ਹੋਰ ਗੁਣ ਵੀ ਨਹੀਂ ਹੈ। ਕਲਪਨਾ ਸਾਨੂੰ ਵਿਰਸੇ ਵਿਚ ਮਿਲੀਆਂ ਸੀਮਾਵਾਂ ਤੋੜਨ ਦਾ ਬਲ ਬਖਸ਼ਦੀ ਹੈ। ਇਸ ਨਾਲ ਅਸੀਂ ਜ਼ਿੰਦਗੀ ਦੀਆਂ ਮਜਬੂਰੀਆਂ ਅਤੇ ਊਣਤਾਈਆਂ ਤੋਂ ਪਾਰ ਜਾ ਸਕਦੇ ਹਾਂ।

ਗੁਰਬਾਣੀ ਵਿਚ ਕਈ ਥਾਂਵਾਂ 'ਤੇ ਕਲਪ ਸ਼ਬਦ ਕਾਮਨਾ ਦੇ ਅਰਥਾਂ ਵਿਚ ਆਇਆ ਹੈ, "ਅੰਤਰਿ ਕਲਪ ਭਵਾਈਐ ਜੋਨੀ॥" ਸਾਹਿਤਕ ਤੌਰ 'ਤੇ ਕਲਪਨਾ ਸ਼ਬਦ ਆਮ ਤੌਰ 'ਤੇ ਸਾਕਾਰਾਤਮਕ ਭਾਵਾਂ ਦਾ ਧਾਰਨੀ ਹੋ ਨਿਬੜਿਆ ਹੈ। ਪਰ ਬੋਲਚਾਲ ਵਿਚ ਤੇ ਰਵਾਇਤੀ ਤੌਰ 'ਤੇ ਅਸੀਂ ਇਸ ਦੀ ਨਾਕਾਰਤਮਕ ਆਸ਼ੇ ਨਾਲ ਹੀ ਵਰਤੋਂ ਕਰਦੇ ਹਾਂ। ਜਿਹਾ ਕਿ ਕਲਪਾਉਣ ਜਾਂ ਮਨ ਕਲਪਾਉਣ ਉਕਤੀ ਦਾ ਭਾਵ ਮਨ ਨੂੰ ਪ੍ਰੇਸ਼ਾਨ ਕਰਨਾ, ਖਿਝਣਾ, ਤੜਪਣਾ, ਦੁਬਿਧਾ ਵਿਚ ਪੈਣਾ, ਦਲੀਲਬਾਜ਼ੀ, ਬਹਿਸ ਕਰਨਾ ਆਦਿ ਹੈ। ਮੌਤ ਦੇ ਪ੍ਰਸੰਗ ਵਿਚ ਭਗਤ ਕਬੀਰ ਦੇ ਸ਼ਬਦ ਸੁਣੋ, "ਕਾਲ ਕਲਪਨਾ ਕਦੇ ਨ ਖਾਇ॥ ਆਦਿ ਪੁਰਖ ਮਹਿ ਰਹੈ ਸਮਾਇ॥" ਅਰਥਾਤ ਜੋ ਪਰਮਾਤਮਾ ਵਿਚ ਲੀਨ ਰਹਿੰਦਾ ਹੈ ਉਸ ਨੂੰ ਮੌਤ ਦਾ ਭੈਅ ਸਤਾਉਂਦਾ ਨਹੀਂ। ਇਸੇ ਤਰ੍ਹਾਂ ਗੁਰੂ ਨਾਨਕ ਦੇਵ ਦੇ ਬਚਨ ਹਨ, "ਸਚ ਨਾਮੁ ਜ ਨਵ ਨਿਧਿ ਪਾਈ॥ ਰੋਵੈ ਪੂਤ ਨ ਕਲਪੈ ਮਾਈ॥"

ਇਹ ਕੀ ਭੇਤ ਹੈ ਕਿ ਇਕ ਪਾਸੇ ਤਾਂ ਕਲਪਨਾ ਸ਼ਬਦ ਕਲੇਸ਼ਾਂ ਤੋਂ ਮੁਕਤ ਮਾਨਸਿਕ ਉਡਾਰੀਆਂ ਦੇ ਅਰਥ ਦਿੰਦਾ ਹੈ ਤੇ ਦੂਜੇ ਪਾਸੇ ਮਨ ਨੂੰ ਖਿਝਾਉਣ ਦਾ ਅਰਥਾਵਾਂ ਬਣ ਜਾਂਦਾ ਹੈ? ਗੱਲ ਤਾਂ ਏਨੀ ਹੀ ਹੈ ਕਿ ਕਲਪਣ ਦੀ ਕ੍ਰਿਆ ਵਿਚ ਮਨ ਵਿਚ ਕੁਝ ਹਲਚਲ ਮਚਦੀ ਹੈ। ਕੋਈ ਗੱਲ ਮਨ ਵਿਚ ਲੋੜ ਤੋਂ ਵਧ ਰਿੜਕੀ ਜਾਵੇ ਤਾਂ ਉਹ ਮਨੁਖ ਨੂੰ ਪ੍ਰੇਸ਼ਾਨ ਹੀ ਕਰਦੀ ਹੈ। ਅਜਿਹੀ ਸਥਿਤੀ ਵਿਚ ਕਈ ਵਾਰੀ ਮਨੁਖ ਹਕੀਕਤ ਤੋਂ ਬਹੁਤ ਦੂਰ ਚਲੇ ਜਾਂਦਾ ਹੈ। ਸਭ ਤੋਂ ਵਧ ਲੁਭਾਉਂਦੀਆਂ ਕਵਿਤਾਵਾਂ ਸਭ ਤੋਂ ਵਧ ਉਦਾਸ ਕਰ ਦੇਣ ਵਾਲੀਆਂ ਹੁੰਦੀਆਂ ਹਨ। ਧਿਆਨ ਨਾਲ ਸੋਚੀਏ ਤਾਂ ਮਾਨਸਿਕ ਉਡਾਰੀ ਵੀ ਮਨ ਦੀ ਅਜਿਹੀ ਆਤਿਸ਼ ਕ੍ਰਿਆ ਹੀ ਹੈ। ਅਸਲ ਵਿਚ ਤਾਂ ਕਲਪਨਾ ਵਿਚ ਰੁੱਝਾ ਕਵੀ ਵੀ ਮਨ ਨੂੰ ਤਕਲੀਫ ਹੀ ਦੇ ਰਿਹਾ ਹੁੰਦਾ ਹੈ। ਅਸੀਂ ਕਲਪਨਾ ਸ਼ਕਤੀ ਵਰਤ ਕੇ ਮਨੁਖ ਲਈ ਲਾਭਵੰਦ ਕੰਮ ਵੀ ਲੈ ਸਕਦੇ ਹਾਂ। ਜੇ ਕਿਸੇ ਦਾ ਸਰੀਰ ਅਪੰਗ ਹੈ ਤਾਂ ਕਲਪਨਾ ਦੀ ਸ਼ਕਤੀ ਨਾਲ ਉਹ ਸਰੀਰ ਦੇ ਹੋਰ ਅੰਗਾਂ ਤੋਂ ਕੰਮ ਲੈ ਸਕਦਾ ਹੈ। ਸੋ ਕਲਪਨਾ ਦੇ ਦੋ ਭਾਵ ਇਕੋ ਸਥਿਤੀ ਦੇ ਸਿਧ ਪੁੱਠ ਹਨ। ਇਥੇ ਇਹ ਗੱਲ ਦੱਸਣਯੋਗ ਹੈ ਕਿ ਚਿੱਤ ਤੇ ਚਿੰਤਾ ਵਿਚ ਵੀ ਅਜਿਹਾ ਹੀ ਰਿਸ਼ਤਾ ਹੈ। ਚਿੱਤ ਬਾਹਰੀ ਦੁਨੀਆਂ ਦਾ ਮਾਨਸਕ ਚਿੱਤਰ ਹੈ। ਕਲਪਨਾ ਵਾਂਗ ਚਿੱਤ ਵੀ ਕਿਧਰ ਦਾ ਕਿਧਰ ਚਲੇ ਜਾਂਦਾ ਹੈ। ਤੇ ਚਿੰਤਾ ਇਸੇ ਦਾ ਮਾਨਸਕ ਕਲੇਸ਼। ਦੋਵੇਂ ਸ਼ਬਦ ਇਕੋ ਧਾਤੂ ਤੋਂ ਉਪਜੇ ਹਨ। ਮਨ ਦੀਆਂ ਬਹੁਤ ਸਾਰੀਆਂ ਵਿਪਰੀਤ ਭਾਵਨਾਵਾਂ ਲਈ ਇਕੋ ਧਾਤੂ ਵਾਲੇ ਸ਼ਬਦ ਹਨ। ਭਾਵੁਕ ਆਦਮੀ ਛੇਤੀ ਹੀ ਗਮਗੀਨ ਤੇ ਖੀਵਾ ਹੋ ਜਾਂਦਾ ਹੈ।

ਕਲਪਨਾ ਸ਼ਬਦ ਦਾ ਧਾਤੂ 'ਕਲ੍ਪ' ਹੈ ਜਿਸ ਵਿਚ ਕੱਟਣ, ਘੜਨ, ਬਣਾਉਣ, ਰਚਣ, ਨਿਰੂਪਣ ਕਰਨ ਦਾ ਭਾਵ ਹੈ। ਮਨ ਵਿਚ ਲਿਆਂਦੇ ਖਿਆਲਾਂ ਦੀ ਕ੍ਰਿਆ ਵਿਚ ਕੁਝ ਬਣਾਉਣ ਤੋਂ ਹੀ ਮੁਰਾਦ ਹੁੰਦੀ ਹੈ। ਇਸ ਦੇ ਮੁਖ ਅਰਥ ਕੱਟਣ ਤੋਂ ਕੱਪਣਾ ਸ਼ਬਦ ਬਣਿਆ। ਇਸੇ ਤੋਂ ਕਲਪਨੀ ਬਣਿਆ ਜੋ ਇਕ ਪ੍ਰਕਾਰ ਦਾ ਛੁਰਾ ਹੁੰਦਾ ਹੈ। ਕੋਈ ਚੀਜ਼ ਕੱਟ ਤਰਾਸ਼ ਕੇ ਹੀ ਬਣਾਈ ਜਾਂਦੀ ਹੈ। ਇਨ੍ਹਾਂ ਅਰਥਾਂ ਵਾਲੇ ਸ਼ਬਦ ਘੜਨ ਵੱਲ ਆਈਏ। ਮਨ ਪਤਾ ਨਹੀਂ ਕੀ ਭੰਨਦਾ ਘੜਦਾ ਰਹਿੰਦਾ ਹੈ। ਜਾਂ ਮਨ ਵਿਚ ਕਿੰਨੀ ਸਾਰੀ ਭੰਨ-ਘੜ ਹੁੰਦੀ ਰਹੀ ਹੈ। ਇਸੇ ਸ਼ਬਦ ਰਾਹੀਂ ਚੀਜ਼ਾਂ ਨੂੰ ਭੌਤਿਕ ਰੂਪ ਵਿਚ ਬਣਾਉਣ ਅਰਥਾਤ ਘੜਨ ਦਾ ਭਾਵ ਲੈਂਦੇ ਹਾਂ। ਘਾੜਤ ਸ਼ਬਦ ਜੁਗਤ ਦੇ ਅਰਥ ਵੀ ਦਿੰਦਾ ਹੈ। ਕਲਪ ਜਾਂ ਕਲਪਨਾ ਸ਼ਬਦ ਦੀ ਵੀ ਇਹੀ ਕਹਾਣੀ ਹੈ। ਇਸ ਵਿਚ ਕੱਟਣ ਤੋਂ ਬਣਾਉਣ ਦੇ ਭਾਵ ਆਏ। ਕਲਪਨਾ ਮਾਨਸਿਕ ਚਿੱਤਰ ਬਣਾਉਂਦੀ ਹੈ ਜਿਵੇਂ ਬੁੱਤ-ਘਾੜਾ ਬੁੱਤ ਬਣਾਉਂਦਾ ਹੈ। ਕਲਪਨਾ ਦੇ ਤਮਾਮ ਅਰਥਾਂ ਵਿਚੋਂ ਪਹਿਲਾ ਅਰਥ ਹੈ- ਵਿਹਾਰ ਵਿਚ ਲਿਆਉਣ ਯੋਗ, ਸਸ਼ਕਤ ਸੰਭਵ, ਮੁਮਕਿਨ। ਅਸਲ ਵਿਚ ਕਲਪਨਾ ਇਕ ਤਰ੍ਹਾਂ ਦੀ ਸੰਭਾਵਨਾ ਹੈ। ਕਲਪਨਾ ਹਮੇਸ਼ਾ ਇਕ ਦਾਇਰੇ ਵਿਚ ਸੀਮਤ ਹੁੰਦੀ ਹੈ। ਭਾਵੇਂ ਅਸੀਂ ਸ਼ੁਰੂ ਵਿਚ ਇਸ ਦੀ ਅਸੀਮਤਾ ਵੱਲ ਇਸ਼ਾਰਾ ਕੀਤਾ ਸੀ ਪਰ ਦਰਅਸਲ ਮਨੁਖ ਕਲਪਦਾ ਹੋਇਆ ਕੁਝ ਸਿਰਜਣ ਦੀ ਤਲਾਸ਼ ਵਿਚ ਹੁੰਦਾ ਹੈ ਜੋ ਉਸ ਦੀ ਪਕੜ ਵਿਚ ਆ ਜਾਵੇ। ਇਸ ਤੋਂ ਵਿਸਤਾਰ ਹੋ ਕੇ ਸ਼ਬਦ ਦਾ ਅਰਥ ਵਿਧੀ ਜਾਂ ਜੁਗਤ ਵੀ ਬਣ ਗਿਆ। ਇਸ ਤੋਂ ਬਣੇ ਸ਼ਬਦ ਵਿਕਲਪ ਵਿਚ ਇਕ ਹੋਰ ਜਾਂ ਵਿਪਰੀਤ ਸੰਭਾਵਨਾ ਵੱਲ ਇਸ਼ਾਰਾ ਹੈ। ਰਾਜਸੀ ਵਿਕਲਪ (ਵਿ+ਕਲਪ) ਦਾ ਅਰਥ ਹੈ-ਚਲੰਤ ਭਾਰੂ ਰਾਜਸੀ ਸ਼ਕਤੀ ਦੇ ਟਾਕਰੇ ਵੱਖਰੀ ਰਾਜਸੀ ਸੰਭਾਵਨਾ। ਸੰਕਲਪ ਦਾ ਅਰਥ ਹੈ, ਸੰਭਵ ਬਣਾਉਣ ਲਈ ਵਿਸ਼ੇਸ਼ ਜਤਨ ਜਾਂ ਇਰਾਦਾ, ਪ੍ਰਤਿਗਿਆ। ਸੰਕਲਪ ਦਾ ਅਜੋਕਾ ਅਰਥ ਯਾਨਿ ਫੁਰਨਾ, ਵਿਚਾਰ ਮਨੋਰਥ ਵੀ ਇਸੇ ਨਾਲ ਸਬੰਧਤ ਹੈ।

ਅਸੀਂ ਉਪਰ ਜ਼ਿਕਰ ਕੀਤਾ ਹੈ ਕਿ ਕਲਪ ਵਿਚ ਵਿਧੀ, ਵਿਧਾਨ ਜਾਂ ਜੁਗਤ ਦਾ ਭਾਵ ਵੀ ਹੈ। ਵੇਦ ਦੇ ਛੇ ਮੁਖ ਅੰਗਾਂ ਵਿਚੋਂ ਇਕ ਨੂੰ ਵੀ ਕਲਪ ਕਿਹਾ ਜਾਂਦਾ ਹੈ ਕਿਉਂਕਿ ਇਨ੍ਹਾਂ ਵਿਚ ਯੱਗ ਆਦਿ ਕਰਨ ਦੇ ਵਿਧਾਨ ਬਾਰੇ ਸੂਤਰ ਦਰਜ ਹਨ। ਵੈਦਕੀ ਅਨੁਸਾਰ ਰੋਗ ਨਿਵ੍ਰਿਤੀ ਦੇ ਇਕ ਉਪਚਾਰ ਜਾਂ ਜੁਗਤ ਨੂੰ ਵੀ ਕਲਪ ਕਹਿੰਦੇ ਹਨ। ਅਸੀਂ ਇਹ ਸ਼ਬਦ ਕੇਸ਼ ਕਲਪ, ਕਾਇਆ ਕਲਪ ਜਿਹੇ ਸ਼ਬਦ ਜੁੱਟਾਂ ਵਿਚ ਦੇਖ ਸਕਦੇ ਹਾਂ। ਹੋਰ ਤਾਂ ਹੋਰ ਕਲਪ ਦਾ ਇਕ ਅਰਥ ਸ਼ਰਾਬ ਵੀ ਹੈ। ਸ਼ਰਾਬ ਤੋਂ ਵੱਡਾ ਕਿਹੜਾ ਉਪਚਾਰ ਯਾਨਿ ਦਾਰੂ ਹੈ?

ਪੁਰਾਣਾਂ ਅਨੁਸਾਰ ਬ੍ਰਹਮਾ ਦੇ ਇਕ ਦਿਨ ਨੂੰ ਕਲਪ ਕਿਹਾ ਜਾਂਦਾ ਹੈ ਜਿਸ ਵਿਚ 14 ਮਨਵੰਤਰ ਜਾਣੋਂ 4320000000 ਸਾਲ ਹੁੰਦੇ ਹਨ। ਬ੍ਰਹਮਾ ਦੀ ਇਕ ਰਾਤ ਨੂੰ ਪਰਲੋ ਕਿਹਾ ਜਾਂਦਾ ਹੈ ਜਿਸ ਪਿਛੋਂ ਫਿਰ ਸ੍ਰਿਸ਼ਟੀ ਪੈਦਾ ਹੁੰਦੀ ਹੈ। ਰਿਕਾਰਡਾਂ ਬਾਰੇ ਗਿਨੀ ਦੀ ਪੁਸਤਕ ਵਿਚ ਕਾਲ ਦੀ ਇਸ ਇਕਾਈ ਨੂੰ ਸਭ ਤੋਂ ਵੱਡੀ ਮੰਨਿਆ ਗਿਆ ਹੈ। ਗਣਿਤ ਵਿਚ ਭਾਰਤ ਨੇ ਬਹੁਤ ਮਾਅਰਕੇ ਮਾਰੇ ਹਨ। ਇਕ ਮਿਥਿਹਾਸਕ ਦਰਖਤ ਦਾ ਨਾਂ ਕਲਪਬ੍ਰਿਛ ਹੈ ਜਿਸ ਨੂੰ ਕਲਪ ਵੀ ਕਹਿ ਦਿੱਤਾ ਜਾਂਦਾ ਹੈ। ਸਮੁੰਦਰ ਮੰਥਨ ਵਿਚੋਂ ਨਿਕਲੇ ਚੌਦਾਂ ਰਤਨਾਂ ਵਿਚੋਂ ਇਕ ਕਲਪ-ਬ੍ਰਿਛ ਵੀ ਸੀ ਜਿਸ ਨੂੰ ਇੰਦਰ ਨੇ ਹਥਿਆ ਕੇ ਨੰਦਨ ਬਾਗ ਵਿਚ ਲਾ ਦਿੱਤਾ।

ਮਾਨਤਾ ਹੈ ਕਿ ਇਸ ਬ੍ਰਿਛ ਹੇਠਾਂ ਬੈਠ ਕੇ ਕੀਤੀ 'ਕਾਮਨਾ' ਪੂਰੀ ਹੋ ਜਾਂਦੀ ਹੈ। ਇਸ ਦੇ ਹੋਰ ਨਾਂ ਹਨ ਕਲਪ-ਦ੍ਰੁਮ, ਕਲਪ-ਰੁਖ, ਕਲਪਤਰ, ਸੁਰਤਰੂ, ਪਾਰਿਜਾਤ। ਗੁਰਬਾਣੀ ਵਿਚ ਕਲਪਤਰ ਸ਼ਬਦ ਦੀ ਪ੍ਰਤੀਕ ਵਜੋਂ ਵਰਤੋਂ ਹੋਈ ਹੈ। ਹਰਿਨਾਮ ਮਨੁੱਖ ਦੀਆਂ ਮਨੋਕਾਮਨਾਵਾਂ ਪੂਰੀਆਂ ਕਰਨ ਦੇ ਸਮਰਥ ਹੈ, "ਸਾਧਕ ਸਿਧ ਸਗਲ ਮੁਨਿ ਹਾਰੇ ਏਕ ਨਾਮ ਕਲਿਪ ਤਰ ਤਾਰੇ॥" -ਭਗਤ ਕਬੀਰ। ਭਗਤ ਤ੍ਰਿਲੋਚਨ ਨੇ ਵੀ ਇਸ ਸ਼ਬਦ ਦੀ ਵਰਤੋਂ ਕੀਤੀ ਹੈ, "ਅੰਮ੍ਰਿਤ ਸਸੀਅ ਧੇਨ ਲਛਿਮੀ ਕਲਪਤਰ ਸਿਖਰਿ ਸੁਨਾਗਰ ਨਦੀ ਚੇ ਨਾਥੰ।" 'ਮੱਕੇ ਮਦੀਨੇ ਦੀ ਗੋਸਟਿ' ਅਨੁਸਾਰ ਇਸ ਬ੍ਰਿਛ ਦਾ ਜਦ ਇਕ ਪੱਤਾ ਝੜਦਾ ਹੈ ਤਾਂ ਇਕ ਦਿਨ ਬਤੀਤ ਹੁੰਦਾ ਹੈ। ਸਾਰੇ ਪੱਤੇ ਝੜਨ ਨਾਲ ਮਹਾਕਲਪ ਵਾਪਰਦਾ ਹੈ। ਇਹੀ ਪਰਲੋ ਹੈ। ਰਾਗ ਸਾਰੰਗ ਵਿਚ ਗੁਰੂ ਨਾਨਕ ਨੇ ਕਿਹਾ ਹੈ, "ਹਰਿ ਬਿਨੁ ਕਿਉ ਧੀਰੈ ਮਨੁ ਮੇਰਾ॥ ਕੋਟਿ ਕਲਪ ਕੇ ਦੂਖ ਬਿਨਾਸਨ ਸਾਚੁ ਦ੍ਰਿੜਾਇ ਨਿਬੇਰਾ॥"

ਇਥੇ ਮੈਂ ਕਲਬੂਤ ਸ਼ਬਦ ਦਾ ਜ਼ਿਕਰ ਕਰਨਾ ਚਾਹੁੰਦਾ ਹਾਂ। ਕਲਬੂਤ ਲਕੜੀ ਦਾ ਉਹ ਢਾਂਚਾ ਹੁੰਦਾ ਹੈ ਜਿਸ ਉਪਰ ਚਮੜਾ ਚੜ੍ਹਾ ਕੇ ਜੁੱਤੀ ਜਾਂ ਕੋਈ ਹੋਰ ਚੀਜ਼ ਬਣਾਈ ਜਾਂਦੀ ਹੈ। ਸੱਚੇ ਦੇ ਸੰਕਲਪ ਤੋਂ ਇਸ ਦਾ ਅਰਥ ਸਰੀਰ ਵੀ ਵਿਕਸਿਤ ਹੋ ਗਿਆ। ਇਹ ਸ਼ਬਦ ਫਾਰਸੀ ਤੋਂ ਆਇਆ ਹੈ ਜਿਸ ਵਿਚ ਇਸ ਦਾ ਰੂਪ ਕਾਲਬੁਦ ਹੁੰਦਾ ਹੈ। ਗੁਰਬਾਣੀ ਵਿਚ ਇਹ ਢਾਂਚੇ ਦੇ ਅਰਥਾਂ ਵਿਚ ਆਉਂਦਾ ਹੈ, "ਕਾਲਬੂਤ ਕੀ ਹਸਤਨੀ ਮਨ ਬਉਰਾ ਰੇ ਚਲਤੁ ਰਚਿਓ ਜਗਦੀਸ॥" ਹਾਥੀ ਜੰਗਲ ਵਿਚੋਂ ਫੜਨ ਲਈ ਲੋਕ ਲੱਕੜੀ ਦਾ ਹਥਣੀ ਦਾ ਢਾਂਚਾ ਬਣਾ ਕੇ ਉਸ ਉਤੇ ਕਾਗ਼ਜ਼ ਲਾ ਕੇ ਕਿਤੇ ਟੋਏ ਉਤੇ ਖੜੀ ਕਰ ਦੇਂਦੇ ਹਨ। ਕਾਮ ਵਿਚ ਮਸਤਿਆ ਹਾਥੀ ਆ ਕੇ ਉਸ ਕਲਬੂਤ ਨੂੰ ਹਥਣੀ ਸਮਝ ਕੇ ਉਸ ਵਲ ਵਧਦਾ ਹੈ, ਪਰ ਟੋਏ ਵਿਚ ਡਿੱਗ ਪੈਂਦਾ ਹੈ ਤੇ ਫੜਿਆ ਜਾਂਦਾ ਹੈ। ਸੋ ਇਸ ਤੁਕ ਦਾ ਭਾਵ ਹੈ ਹੇ ਕਮਲੇ ਮਨਾ! ਇਹ ਜਗਤ ਪਰਮਾਤਮਾ ਨੇ ਜੀਵਾਂ ਨੂੰ ਰੁੱਝੇ ਰੱਖਣ ਲਈ ਇਕ ਖੇਡ ਬਣਾਈ ਹੈ, ਜਿਵੇਂ ਲੋਕ ਹਾਥੀ ਨੂੰ ਫੜਨ ਲਈ ਕਲਬੂਤ ਦੀ ਹਥਣੀ ਬਣਾਉਂਦੇ ਹਨ।

ਪ੍ਰਸਿਧ ਕੋਸ਼ਕਾਰ ਪਲੈਟਸ ਨੇ ਇਸ ਨੂੰ ਪਹਿਲਵੀ ਦੇ 'ਕਲਬ' ਸ਼ਬਦ ਤੋਂ ਨਿਰਮਿਤ ਹੋਇਆ ਦੱਸਿਆ ਹੈ। ਇਸ ਦਾ ਜ਼ੈਂਦ ਰੂਪ 'ਕਰਪ' ਹੈ ਜੋ ਚਰਚਿਤ ਸੰਸਕ੍ਰਿਤ ਸ਼ਬਦ ਕਲਪ ਦਾ ਹੀ ਸੁਜਾਤੀ ਹੈ। ਇਸੇ ਨਾਲ ਸਬੰਧਤ ਫਾਰਸੀ ਸ਼ਬਦ ਕਾਲਬ ਹੈ ਜਿਸ ਦਾ ਅਰਥ ਸੱਚਾ, ਢਾਂਚਾ, ਨਮੂਨਾ, ਕਲਬੂਤ ਅਤੇ ਹੋਰ ਵਿਸਤ੍ਰਿਤ ਅਰਥ ਤਨ, ਸਰੀਰ ਹੈ। ਅਸੀਂ ਇਸ ਨੂੰ ਮਕਾਨ ਦਾ ਲੈਂਟਰ ਪਾਉਣ ਸਮੇਂ ਸਹਾਰਾ ਦੇਣ ਲਈ ਬਣਾਏ ਲਕੜੀ ਆਦਿ ਦੇ ਕਾਲਬ ਦੇ ਰੂਪ ਵਿਚ ਜਾਣਦੇ ਹਾਂ। ਕੁਝ ਹਵਾਲਿਆਂ ਅਨੁਸਾਰ ਲਾਤੀਨੀ ਵਲੋਂ ਆਏ ਅੰਗਰੇਜ਼ੀ ਸ਼ਬਦ corporate, corpreal, corpse, corpus ਆਦਿ ਜਿਨ੍ਹਾਂ ਵਿਚ ਸਰੀਰ, ਤਨ ਦੇ ਭਾਵ ਸਮਾਏ ਹਨ, ਵੀ ਇਸ ਦੇ ਸੁਜਾਤੀ ਹਨ ਪਰ ਏਡੀ ਕਲਪਨਾ ਫਿਰ ਕਰਾਂਗੇ।

# ਪੰਜਾਬ ਦੀ ਧਰਤੀ 'ਤੇ ਉਦਯੋਗਪਤੀਆਂ ਦੀ ਆਮਦ

ਨਿੱਕ ਸੁੱਕ
ਗੁਲਜ਼ਾਰ ਸਿੰਘ ਸੰਧੂ
Sandhugulzar@yahoo.com



ਪੰਜਾਬ ਵਿਚ ਵੱਡੇ ਦੇ ਛੋਟੇ ਉਦਯੋਗਾਂ ਦੇ ਵਿਕਾਸ ਦਾ ਮਸਲਾ ਤਿੰਨ ਦਹਾਕੇ ਪਹਿਲਾਂ ਕਲਮਬੰਦ ਕੀਤੇ ਰਾਜੀਵ-ਲੌਂਗੋਵਾਲ ਸਮਝੌਤੇ ਤੋਂ ਚਰਚਾ ਵਿਚ ਹੈ। ਸਰਹੱਦੀ ਸੂਬਾ ਹੋਣ ਕਰਕੇ ਕੇਂਦਰ ਸਰਕਾਰ ਪੰਜਾਬ ਨੂੰ ਵੱਡੇ ਉਦਯੋਗ ਦੇਣ ਤੋਂ ਕੰਨ ਕਤਰਾਉਂਦੀ ਆਈ ਹੈ। ਉਸ ਤੋਂ ਪਹਿਲਾਂ ਮੁੱਖ ਮੰਤਰੀ ਪ੍ਰਤਾਪ ਸਿੰਘ ਕੈਰੋਂ ਦੇ ਵੇਲੇ ਛੋਟੇ ਉਦਯੋਗ ਦਾ ਚੰਗਾ ਵਿਕਾਸ ਹੋਇਆ। ਲੁਧਿਆਣਾ ਵਿਖੇ ਜੁਰਾਬਾਂ, ਬਨੈਣਾਂ, ਸਵੈਟਰਾਂ, ਕਰਤਾਰਪੁਰ ਵਿਖੇ ਖੇਡਾਂ ਦੇ ਸਮਾਨ ਤੇ ਬਟਾਲਾ ਵਿਖੇ ਲੋਹੇ ਤੋਂ ਬਣਨ ਵਾਲੇ ਸੰਦਾਂ ਦੀ ਉਪਜ ਵਿਚ ਏਨਾ ਵਾਧਾ ਹੋਇਆ ਕਿ ਇੱਕ ਵੇਲੇ ਦੇ ਡਿਪਟੀ ਮੁੱਖ ਮੰਤਰੀ ਐਚ ਐਨ ਬਹੁਗੁਣਾ ਨੂੰ ਪੰਜਾਬ ਖੇਤੀ ਯੂਨੀਵਰਸਿਟੀ ਲੁਧਿਆਣਾ ਦੇ ਕਨਵੋਕੇਸ਼ਨ ਭਾਸ਼ਣ ਵਿਚ ਕੈਰੋਂ ਦਾ ਭਰਵਾਂ ਗੁਣ-ਗਾਨ ਕਰਨਾ ਪਿਆ। ਪਿਛਲੇ ਸਮੇਂ ਵਿਚ ਛੋਟੇ ਉਦਯੋਗ ਨੂੰ ਭਾਰੀ ਸੱਟ ਲੱਗੀ ਹੈ ਤੇ ਵੱਡੇ ਉਦਯੋਗ ਦਾ ਪਸਾਰਾ ਨਾਂਮਾਤਰ ਹੈ। ਹੁਣ 65 ਹਜ਼ਾਰ ਕਰੋੜ ਰੁਪਏ ਦੇ ਪੂੰਜੀ ਨਿਵੇਸ਼ ਨਾਲ ਸਬੰਧਤ ਸਮਝੌਤਿਆਂ ਨੇ ਪੰਜਾਬ ਦੇ ਅਮੀਰਾਂ ਤੇ ਗਰੀਬਾਂ ਦੇ ਚਿਹਰਿਆਂ ਉਤੇ ਰੌਣਕ ਲੈ ਆਂਦੀ ਹੈ।

ਅਜੀਤਗੜ੍ਹ ਵਾਲੇ ਦੋ ਰੋਜ਼ਾ ਪ੍ਰਗਤੀਸ਼ੀਲ ਪੰਜਾਬ ਨਿਵੇਸ਼ਕਾਰ ਸੰਮੇਲਨ ਵਿਚ ਸ਼ਾਮਲ ਵੱਡੇ ਉਦਯੋਗਪਤੀਆਂ ਨੇ ਦਿਲ ਖੋਲ੍ਹ ਕੇ ਪੈਸਾ ਲਾਉਣ ਦਾ ਭਰੋਸਾ ਦਿਵਾਇਆ ਹੈ ਤੇ ਸਰਕਾਰ ਨੇ ਵੱਡੀਆਂ ਛੋਟਾਂ ਦੇਣ ਦਾ ਐਲਾਨ ਕੀਤਾ ਹੈ। ਸੰਮੇਲਨ ਦੀ ਸਮਾਪਤੀ ਤੋਂ ਥੋੜ੍ਹਾ ਪਹਿਲਾਂ ਇਹ ਵੀ ਕਿਹਾ ਗਿਆ ਹੈ ਕਿ ਨਵੀਂ ਨੀਤੀ ਅਧੀਨ ਖੇਤੀ ਦੀ ਉਪਜ ਤੋਂ ਤਿਆਰ ਹੋਣ ਵਾਲੀਆਂ ਵਸਤਾਂ ਤੇ ਉਨ੍ਹਾਂ ਦੀ ਵਿਕਰੀ ਵਲ ਉਚੇਚਾ ਧਿਆਨ ਦਿੱਤਾ ਜਾਵੇਗਾ। ਇਸ ਸਭ ਕਾਸੇ ਦਾ ਸਵਾਗਤ ਹੋਣਾ ਚਾਹੀਦਾ ਹੈ ਕਿ ਇਸ ਨਾਲ ਪੰਜਾਬ ਦੀ ਮੱਧ ਸ਼੍ਰੇਣੀ ਵਧੇਰੇ ਅਮੀਰ ਹੋਵੇਗੀ ਤੇ ਗਰੀਬਾਂ ਲਈ ਰੋਜ਼ਗਾਰ ਦੇ ਅਵਸਰ ਖੁਲ੍ਹਣਗੇ।

ਮੁੱਖ ਮੰਤਰੀ ਤੇ ਉਪ ਮੁੱਖ ਮੰਤਰੀ ਹੀ ਨਹੀਂ ਮਹਾ ਉਦਯੋਗਪਤੀਆਂ ਦੇ ਮੰਚ ਉਤੇ ਬੈਠਿਆਂ ਦੀਆਂ ਤਸਵੀਰਾਂ ਅਤੇ ਦੋ ਦਿਨਾਂ ਵਿਚ 117 ਕੰਪਨੀਆਂ ਨਾਲ ਹੋਏ ਸਮਝੌਤਿਆਂ ਤੋਂ ਜਾਪਦਾ ਹੈ ਕਿ ਪੰਜਾਬ ਛੇਤੀ ਹੀ ਸਾਰੇ ਭਾਰਤ ਦੇ ਉਦਯੋਗਪਤੀਆਂ ਦਾ ਮੀਰੀ ਸੂਬਾ ਬਣਨ ਵਾਲਾ ਹੈ। ਜਦੋਂ ਦੀ ਅਕਾਲੀ-ਭਾਜਪਾ ਸਰਕਾਰ ਨੇ ਦੂਜੀ ਵਾਰੀ ਵਾਗ ਫੜੀ ਹੈ, ਜ਼ਰਾ ਘੱਟ ਲੁਭਾਉਣੇ ਐਲਾਨ ਤੇ ਫੈਸਲੇ ਪਹਿਲਾਂ ਵੀ ਹੋ ਚੁੱਕੇ ਹਨ। ਸੱਜਰੇ ਸੰਮੇਲਨ ਦੇ ਸੱਜਰੇ ਫੈਸਲਿਆਂ ਨੂੰ ਆਉਣ ਵਾਲੀਆਂ ਲੋਕ ਸਭਾ ਚੋਣਾਂ ਦੀ ਪਿੱਠ ਭੂਮੀ ਵਿਚ ਰਖ ਕੇ ਦੇਖਿਆਂ ਇਹ ਵੀ ਡਰ ਲਗਦਾ ਹੈ ਕਿ ਇਹ ਯਤਨ ਕਿਧਰੇ ਕੇਂਦਰ ਵਿਚ ਸੱਤਾ ਹਥਿਆਉਣ ਦੀ ਭਾਵਨਾ ਨਾਲ ਹੀ ਤਾਂ ਨਹੀਂ ਕੀਤਾ ਗਿਆ। ਜੇ ਵੱਡੇ ਉਦਯੋਗ ਨੇ ਛੋਟੇ ਉਦਯੋਗ ਨੂੰ ਲਪੇਟ ਲਿਆ ਅਤੇ ਉਂਜ ਵੀ ਪੰਜਾਬ ਦੀ ਕਿਰਸਾਨੀ ਉਸੇ ਤਰ੍ਹਾਂ ਹਾਸ਼ੀਏ ਉਤੇ ਬੈਠੀ ਰਹਿ ਗਈ ਜਿਵੇਂ ਅੱਜ ਹੈ ਤਾਂ ਬਹੁਤ ਨਿਰਾਸ਼ਾ ਵਾਲੀ ਗੱਲ ਹੋਵੇਗੀ। ਉਦਯੋਗਪਤੀਆਂ, ਸਰਕਾਰੀ ਅਧਿਕਾਰੀਆਂ ਅਤੇ ਆਮ ਜਨਤਾ ਨੂੰ ਨਵੀਂ ਨੀਤੀ ਤੋਂ ਹੋਣ ਵਾਲੇ ਲਾਭਾਂ ਪ੍ਰਤੀ ਪੂਰਨ ਤੌਰ 'ਤੇ ਚੌਕੰਨੇ ਰਹਿਣ ਦੀ ਲੋੜ ਹੈ। ਮੀਡੀਆ ਦਾ ਫਰਜ਼ ਬਣਦਾ ਹੈ ਕਿ ਲੋੜ ਅਨੁਸਾਰ ਖਬਰਦਾਰ ਕਰਦਾ ਰਹੇ।



ਪੰਜਾਬ ਨਿਵੇਸ਼ਕਾਰ ਸੰਮੇਲਨ ਵਿਚ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਡਿਪਟੀ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਸਨਅਤਕਾਰਾਂ ਨਾਲ

**ਆਉਣ ਵਾਲੀ ਲੋਕ ਸਭਾ ਦਾ ਚਿਹਰਾ-ਮੁਹਰਾ:** ਪੰਜ ਰਾਜਾਂ ਦੀਆਂ ਵਿਧਾਨ ਸਭਾ ਚੋਣਾਂ ਦੇ ਨਤੀਜਿਆਂ 'ਚ ਨਰਿੰਦਰ ਮੋਦੀ ਦੀ ਚੜ੍ਹਤ, ਕਾਂਗਰਸ ਪਾਰਟੀ ਦੀ ਹਾਰ ਤੇ 'ਆਪ' ਦੇ ਝਾੜੂ ਵੱਲ ਵੇਖਣ ਨਾਲੋਂ ਅਗਲੀ ਕੋਲੀਸ਼ਨ ਸਰਕਾਰ ਦੇ ਉਣੇ ਜਾਣ ਵਾਲੇ ਤਾਣੇ-ਬਾਣੇ ਦੀ ਰੂਪ ਵਿਚ ਦੇਖਣਾ ਵਧੇਰੇ ਯੋਗ ਹੈ। ਸੱਤਾਧਾਰੀ ਕਾਂਗਰਸ ਦਾ ਤਾਂ ਨਿੱਚਲੀ ਹੋ ਕੇ ਇੱਕ ਪਾਸੇ ਬੈਠਿਆਂ ਸਰ ਸਕਦਾ ਹੈ ਪਰ ਕੋਲੀਸ਼ਨ ਸਰਕਾਰਾਂ ਨੇ ਆਪਣੇ ਸਹਿਯੋਗੀਆਂ ਨੂੰ ਰੁਝਾਉਣ ਹਿੱਤ ਜਿਹੜੇ ਭਰਿਸ਼ਟਾਚਾਰ, ਮਹਿੰਗਾਈ, ਬੇਰੁਜ਼ਗਾਰੀ ਤੇ ਘੁਟਾਲਿਆਂ ਦੇ ਦਰ ਦਰਵਾਜ਼ੇ ਖੋਲ੍ਹੇ ਹਨ, ਉਨ੍ਹਾਂ ਨੂੰ ਕਿਵੇਂ ਨੱਥ ਪਵੇਗੀ? ਦਿੱਲੀ ਦੇ ਵੋਟਰਾਂ ਨੇ ਵੱਧ ਚੜ੍ਹ ਕੇ ਵੋਟਾਂ ਪਾਈਆਂ ਤੇ ਵਧੀਆ ਭਵਿੱਖ ਦੀਆਂ ਆਸਾਂ ਲਾਈਆਂ ਪਰ ਉਹ ਕੀ ਜਾਣਦੇ ਸਨ ਕਿ ਵਿਗੜੀ ਹੋਈ ਤਾਣੀ ਨੂੰ ਸੰਵਾਰਨ ਦੀ ਜ਼ਿੰਮੇਵਾਰੀ ਲੈਣ ਦਾ ਹੌਸਲਾ ਕਿਸੇ ਵਿਚ ਵੀ ਨਹੀਂ।

ਜੇ ਦਿੱਲੀ ਦੀਆਂ ਵਿਧਾਨ ਸਭਾ ਚੋਣਾਂ ਨੂੰ ਆਉਣ ਵਾਲੀਆਂ ਲੋਕ ਸਭਾ ਚੋਣਾਂ ਦੇ ਟਰੇਲਰ ਵਜੋਂ ਦੇਖੀਏ, ਜਿਵੇਂ ਕਿ ਕੇਂਦਰ ਵਿਚ ਸੱਤਾਧਾਰੀ ਸਰਕਾਰ ਦੇ ਦੋਖੀ ਕਹਿ ਰਹੇ ਹਨ, ਤਾਂ ਵੀ ਆਉਣ ਵਾਲਾ ਦ੍ਰਿਸ਼ ਕੋਈ ਆਸ਼ਾਵਾਦੀ ਨਹੀਂ।

ਨਰਿੰਦਰ ਮੋਦੀ ਨੂੰ ਪ੍ਰਧਾਨ ਮੰਤਰੀ ਵਜੋਂ ਵੇਖਣ ਵਾਲਿਆਂ ਵਿਚ ਵੀ ਬਹੁਤਾ ਦਮ ਖਮ ਨਹੀਂ। ਉਹ ਮੋਦੀ ਨੂੰ ਕਿੰਨਾ ਵੀ ਉਭਾਰਨ, ਨਤੀਜੇ ਦੱਸਦੇ ਹਨ ਕਿ ਸੱਤਾਧਾਰੀ ਪਾਰਟੀ ਦੇ ਵਿਰੋਧ ਵਿਚ ਵੋਟਾਂ ਪਾਉਣ ਵਾਲੇ ਉਨ੍ਹਾਂ ਥਾਂਵਾਂ ਤੋਂ ਨਹੀਂ ਸਨ ਜਿਨ੍ਹਾਂ ਥਾਂਵਾਂ 'ਤੇ ਨਰਿੰਦਰ ਮੋਦੀ ਨੇ ਆਪਣੇ ਨੁਕਤਿਆਂ ਦਾ ਜਾਲ ਵਿਛਾਇਆ ਸੀ। ਕੁਝ ਵੀ ਹੋਵੇ ਜੇ ਆਉਣ ਵਾਲੀਆਂ ਲੋਕ ਸਭਾ ਚੋਣਾਂ ਵਿਚ ਭਾਜਪਾ ਦਾ ਹਾਲ ਦਿੱਲੀ ਵਾਲਾ ਹੀ ਹੁੰਦਾ ਹੈ ਤਾਂ ਉਹ ਛੋਟੀਆਂ ਪਾਰਟੀਆਂ ਦਾ ਸਮਰਥਨ ਲਏ ਬਿਨਾਂ ਸਰਕਾਰ ਨਹੀਂ ਬਣਾ ਸਕਦੀ। ਤੇ ਉਸ ਸਰਕਾਰ ਦੀਆਂ ਸੀਮਾਵਾਂ ਵੀ ਉਹੀਓ ਹੋਣਗੀਆਂ ਜਿਹੜੀਆਂ ਮਨਮੋਹਨ ਸਿੰਘ ਸਰਕਾਰ ਦੀਆਂ ਹਨ। ਜੇ ਕੋਈ ਮੈਥੋਂ ਪੁੱਛੇ ਤਾਂ ਮੈਂ ਚਾਹਾਂਗਾ ਕਿ ਕਾਂਗਰਸ ਪਾਰਟੀ ਨੂੰ ਵਿਰੋਧ ਵਿਚ ਬੈਠ ਕੇ ਹੀ ਸੰਤੁਸ਼ਟ ਰਹਿਣਾ ਚਾਹੀਦਾ ਹੈ। ਸਮਾਂ ਛੇਤੀ ਹੀ ਲੋੜੀਂਦਾ ਨਿਤਾਰਾ ਕਰ ਦੇਵੇਗਾ।

**ਅੰਤਿਕਾ:** (ਹਰਮਿੰਦਰ ਸਿੰਘ ਕੋਹਾਰਵਾਲਾ)
ਉਸ ਨਗਰੀ ਵਿਚ ਸੁਰਗ ਦੇ ਲਾਰੇ ਵਿਕਦੇ ਨੇ,
ਨਰਕ ਹਕੀਕੀ ਬਣੀਆਂ ਜਿੱਥੇ ਝੌਂਪੜੀਆਂ।
ਕਿੰਨੇ ਰੂਪ ਵਟਾਏ ਹੁਣ ਤੱਕ ਮੰਡੀ ਨੇ,
ਕਿੱਥੇ ਮਾਲ ਪਲਾਜ਼ੇ ਕਿੱਥੇ ਛਾਬੜੀਆਂ।
ਹੁੰਦੀ ਹੈ ਜੋ ਕੁੱਕੜਖੋਹੀ ਸਦਨਾਂ ਵਿਚ,
ਖੂੰਢਾਂ 'ਤੇ ਵੀ ਉਹ ਗੱਲਾਂ ਨਾ ਸੋਭਦੀਆਂ।

ਗੁਰਮਤਿ ਵਿਚਾਰ

# ਨਾਨਕ ਜੀਅ ਉਪਾਇ ਕੈ ਲਿਖਿ ਨਾਵੈ ਧਰਮੁ ਬਹਾਲਿਆ



ਡਾ. ਗੁਰਨਾਮ ਕੌਰ, ਕੈਨੇਡਾ

'ਪੰਜਾਬ ਟਾਈਮਜ਼' ਦੇ ਅੰਕ 50 ਵਿਚ ਮੇਜਰ ਕੁਲਾਰ ਬੋਪਾਰਾਏਕਲਾਂ ਦਾ ਲੇਖ 'ਚਲੋ ਕੱਟੀਏ ਪਖੰਡਾਂ ਵਾਲੀ ਡੋਰ' ਪੜ੍ਹਿਆ, ਜੋ ਉਸ ਅਨੁਸਾਰ ਇੱਕ ਸੱਚੀ ਘਟਨਾ 'ਤੇ ਆਧਾਰਤ ਹੈ। ਅਜਿਹੇ ਕਿੱਸੇ ਸਾਡੇ ਸਮਾਜ ਵਿਚ ਆਮ ਹੀ ਵਾਪਰਦੇ ਰਹਿੰਦੇ ਹਨ। ਕਮਾਲ ਇਹ ਹੈ ਕਿ ਲੋਕਾਂ ਨੂੰ ਖੁਦ ਨੂੰ ਭਾਵੇਂ ਜੁੜਨ ਨਾ-ਜੁੜਨ ਪਰ ਇਨ੍ਹਾਂ ਬਾਬਿਆਂ ਨੂੰ 'ਐਪਲ' ਵਰਗੀਆਂ ਕੰਪਨੀਆਂ ਦੇ ਮਹਿੰਗੇ ਫੋਨ ਅਤੇ ਮਹਿੰਗੀਆਂ ਹੀ ਗੱਡੀਆਂ ਚਾਹੀਦੀਆਂ ਹਨ। ਇਸ ਨੂੰ ਉਚਿਤ ਇਹ ਕਹਿ ਕੇ ਦੱਸਦੇ ਹਨ ਕਿ ਉਹ ਕੌਮ ਦੇ ਪ੍ਰਚਾਰਕ ਹਨ।

ਅਨਪੜ੍ਹ, ਅੱਧਪੜ੍ਹ, ਪੜ੍ਹੇ-ਲਿਖੇ ਹਰ ਤਰ੍ਹਾਂ ਦੇ ਸਾਧ ਚੰਗੇ-ਭਲੇ ਲੋਕਾਂ ਨੂੰ ਕਿਸ ਤਰ੍ਹਾਂ ਮੂਰਖ ਬਣਾਈ ਜਾ ਰਹੇ ਹਨ ਅਤੇ ਦੋਹੀਂ ਹੱਥੀਂ ਧਨ ਇਕੱਠਾ ਕਰ ਰਹੇ ਹਨ, ਇਸ 'ਤੇ ਹੈਰਾਨੀ ਹੁੰਦੀ ਹੈ। ਸਥਿਤੀ ਦਾ ਕਟਾਕਸ਼ ਇਹ ਵੀ ਹੈ ਕਿ ਮੂਰਖ ਬਣਨ ਵਾਲੇ ਅਜਿਹੇ ਲੋਕਾਂ ਵਿਚ ਚੰਗੇ ਭਲੇ ਪੜ੍ਹੇ-ਲਿਖੇ ਲੋਕ ਵੀ ਸ਼ਾਮਲ ਹਨ। ਹੈਰਾਨੀ ਇਸ ਕਰਕੇ ਵੀ ਹੁੰਦੀ ਹੈ ਕਿ ਇਸ ਇੱਕੀਵੀਂ ਸਦੀ ਵਿਚ ਵੀ, ਜਦੋਂ ਪੜ੍ਹੇ ਲਿਖੇ ਲੋਕਾਂ ਦੀ ਤਾਦਾਦ ਅਨਪੜ੍ਹਾਂ ਨਾਲੋਂ ਕਿਤੇ ਵੱਧ ਹੈ, ਲੋਕ ਡੇਰਿਆਂ ਵੱਲ ਭੱਜੇ ਜਾ ਰਹੇ ਹਨ ਜਦ ਕਿ ਪੱਛਮੀ ਵਿਦਵਾਨ ਵੀ ਗੁਰੂ ਗ੍ਰੰਥ ਸਾਹਿਬ ਨੂੰ ਭਵਿੱਖ ਦੇ ਸਮੁੱਚੇ ਜਗਤ ਦਾ ਧਰਮ ਗ੍ਰੰਥ ਹੋਣ ਦਾ ਦਰਜ਼ਾ ਦੇ ਚੁੱਕੇ ਹਨ। ਆਸਾ ਦੀ ਵਾਰ ਦੇ ਸਲੋਕਾਂ ਵਿਚ ਜਿੱਥੇ ਰਾਜਨੀਤਕ ਲੁੱਟ-ਖਸੁੱਟ ਅਤੇ ਧੱਕੇਸ਼ਾਹੀ, ਸਭਿਆਚਾਰਕ ਗ਼ੁਲਾਮੀ ਦਾ ਪਰਦਾ ਫਾਸ਼ ਕੀਤਾ ਹੈ ਉਥੇ ਧਾਰਮਕ ਪਖੰਡ 'ਤੇ ਵੀ ਖੂਬ ਚਾਨਣਾ ਪਾਇਆ ਹੈ। ਮਨੁੱਖ ਨੂੰ ਵਾਰ ਵਾਰ ਸੁਚੇਤ ਕੀਤਾ ਹੈ ਕਿ ਉਸ ਨੇ ਰੱਬ ਸੱਚੇ ਨਾਲ ਸਿੱਧਾ ਰਾਬਤਾ ਕਿਵੇਂ ਕਾਇਮ ਕਰਨਾ ਹੈ। ਫਿਰ ਵੀ ਪੜ੍ਹੇ-ਲਿਖੇ ਅਤੇ ਸਮਾਜਿਕ ਤੌਰ 'ਤੇ ਸਥਾਪਤ ਸਿੱਖ ਹੀ ਸਭ ਤੋਂ ਵੱਧ ਡੇਰਿਆਂ 'ਤੇ ਜਾਂਦੇ ਹਨ।

ਆਸਾ ਦੀ ਵਾਰ ਦਾ ਵਿਸ਼ਲੇਸ਼ਣ ਕਰਦਿਆਂ ਪਿਛਲੇ ਲੇਖ ਵਿਚ ਗੱਲ ਗੁਰੂ ਅੰਗਦ ਦੇਵ ਦੇ ਉਸ ਸਲੋਕ ਤੇ ਖ਼ਤਮ ਹੋਈ ਸੀ ਜਿਸ ਵਿਚ ਉਨ੍ਹਾਂ ਨੇ ਇਸ ਸੰਸਾਰ ਦੀ ਰਚਨਾ ਨੂੰ ਉਸ 'ਸਚੈ ਕੀ ਕੋਠੜੀ' ਮੰਨਦੇ ਹੋਏ ਇਸ ਨੂੰ ਉਸ ਦੀ ਸੱਚੀ ਰਚਨਾ ਮੰਨਿਆ ਹੈ। ਮਨੁੱਖ ਨੂੰ ਸੱਚੇ ਦੇ ਗਿਆਨ ਦਾ ਸੰਚਾਰ ਕਰਨ ਲਈ ਆਮ ਪ੍ਰਚਲਿਤ ਬੋਲੀ ਅਤੇ ਰਵਾਇਤਾਂ ਵਿਚੋਂ ਬਹੁਤ ਸਾਰੇ ਬਿੰਬ, ਪ੍ਰਤੀਕ ਅਤੇ ਚਿੰਨ੍ਹਾਂ ਦੀ ਵਰਤੋਂ ਕੀਤੀ ਗਈ ਹੈ। ਇਸ ਤੋਂ ਅਗਲੀ ਪਉੜੀ ਵਿਚ ਗੁਰੂ ਨਾਨਕ ਸਾਹਿਬ ਇਸ ਸੰਸਾਰਕ ਰਚਨਾ ਦਾ ਸਤਿ ਸਮਝਾਉਣ ਲਈ ਪੁਰਾਤਨ ਪਰੰਪਰਾ ਵਿਚੋਂ 'ਧਰਮਰਾਜ' ਦਾ ਚਿੰਨ੍ਹ ਲੈਂਦੇ ਹਨ।

ਗੁਰੂ ਨਾਨਕ ਸਾਹਿਬ ਕਹਿੰਦੇ ਹਨ ਕਿ ਉਸ ਅਕਾਲ ਪੁਰਖ ਨੇ ਇਸ ਸੰਸਾਰ ਦੀ ਰਚਨਾ ਕਰਕੇ ਇਸ ਵਿਚ ਜੀਵਾਂ ਨੂੰ ਪੈਦਾ ਕੀਤਾ ਹੈ ਅਤੇ ਉਨ੍ਹਾਂ ਦੇ ਕੀਤੇ ਚੰਗੇ ਅਤੇ ਮੰਦੇ ਦੋਹਾਂ ਤਰ੍ਹਾਂ ਦੇ ਕੰਮਾਂ ਦਾ ਲੇਖਾ ਰੱਖਣ ਵਾਸਤੇ ਧਰਮਰਾਜ ਬਿਠਾ ਦਿੱਤਾ ਜੋ ਹਰ ਕਰਮ ਦਾ ਹਿਸਾਬ ਰੱਖਦਾ ਹੈ। ਧਰਮਰਾਜ ਦੀ ਕਚਹਿਰੀ ਵਿਚ ਜੀਵਾਂ ਦੇ ਕਰਮਾਂ ਦਾ ਨਿਬੇੜਾ ਨਿਰੋਲ ਸੱਚ 'ਤੇ ਆਧਾਰਤ ਹੁੰਦਾ ਹੈ। ਜਿਨ੍ਹਾਂ ਦੇ ਪੱਲੇ ਸੱਚ ਹੁੰਦਾ ਹੈ, ਉਨ੍ਹਾਂ ਨੂੰ ਸਤਿਕਾਰ ਅਤੇ ਆਦਰ ਪ੍ਰਾਪਤ ਹੁੰਦਾ ਹੈ। ਮਾੜੇ ਕੰਮ ਕਰਨ ਵਾਲਿਆਂ ਨੂੰ ਚੁਣ ਕੇ ਅਲੱਗ ਕੱਢ ਲਿਆ ਜਾਂਦਾ ਹੈ। ਝੂਠ ਬੋਲਣ ਅਤੇ ਠੱਗੀ ਕਰਨ ਵਾਲੇ ਲੋਕਾਂ ਨੂੰ ਉਸ ਦੇ ਦਰਬਾਰ ਵਿਚ ਕੋਈ ਟਿਕਾਣਾ ਪ੍ਰਾਪਤ ਨਹੀਂ ਹੁੰਦਾ ਅਤੇ ਅਜਿਹੇ ਲੋਕਾਂ ਦਾ ਮੂੰਹ ਕਾਲਾ ਕਰਕੇ ਉਨ੍ਹਾਂ ਨੂੰ ਦੋਜ਼ਖ ਵੱਲ ਧਕੇਲ ਦਿੱਤਾ ਜਾਂਦਾ ਹੈ। ਜਿਹੜੇ ਮਨੁੱਖ ਅਕਾਲ ਪੁਰਖ ਦੇ ਨਾਮ ਵਿਚ ਰੰਗੇ ਹੁੰਦੇ ਹਨ (ਨਾਮ ਵਿਚ ਰੰਗੇ ਹੋਣ ਦਾ ਅਰਥ ਹੈ ਚੰਗੇ ਗੁਣਾਂ ਦੇ ਧਾਰਨੀ ਹੋਣਾ ਅਤੇ ਸ਼ੁਭ ਕੰਮ ਕਰਨਾ) ਉਹ ਇਸ ਸੰਸਾਰ ਤੋਂ ਆਪਣੇ ਮਨੁੱਖ ਹੋਣ ਦੀ ਬਾਜ਼ੀ ਜਿੱਤ ਕੇ ਜਾਂਦੇ ਹਨ। ਠੱਗੀ ਮਾਰਨ ਵਾਲੇ ਮਨੁੱਖ ਆਪਣੇ ਸੰਸਾਰ 'ਤੇ ਆਉਣ ਦੀ ਬਾਜ਼ੀ ਹਾਰ ਕੇ ਜਾਂਦੇ ਹਨ,

ਨਾਨਕ ਜੀਅ ਉਪਾਇ ਕੈ
ਲਿਖਿ ਨਾਵੈ ਧਰਮੁ ਬਹਾਲਿਆ॥
ਓਥੈ ਸਚੇ ਹੀ ਸਚਿ ਨਿਬੜੈ
ਚੁਣਿ ਵਖਿ ਕਢੇ ਜਜਮਾਲਿਆ॥
(ਪੰਨਾ 463)

ਅਕਾਲ ਪੁਰਖ ਵੱਲੋਂ ਕੀਤੀ ਕੁਦਰਤ ਦੀ ਇਹ ਰੰਗ-ਬਿਰੰਗੀ ਰਚਨਾ ਮਨੁੱਖ ਅੰਦਰ ਇੱਕ ਅਨੋਖੀ ਕਿਸਮ ਦਾ ਹੁਲਾਸ ਅਤੇ ਅਨੰਦ ਪੈਦਾ ਕਰਦੀ ਹੈ ਜਿਸ ਨੂੰ ਗੁਰੂ ਨਾਨਕ ਨੇ 'ਵਿਸਮਾਦ' ਦਾ ਨਾਮ ਦਿੱਤਾ ਹੈ। ਪਰ ਉਸ ਦੇ ਇਸ ਚੋਜ ਨੂੰ ਬੁੱਝਦਾ ਕੋਈ ਵਿਰਲਾ ਹੀ ਹੈ ਜਿਸ ਦੇ ਭਾਗ ਚੰਗੇ ਹੁੰਦੇ ਹਨ, ਜਿਸ 'ਤੇ ਅਕਾਲ ਪੁਰਖ ਦੀ ਮਿਹਰ ਹੁੰਦੀ ਹੈ। ਗੁਰੂ ਨਾਨਕ ਉਸ ਦੀ ਰਚਨਾ ਦਾ ਬਿਆਨ ਕਰਦੇ ਹਨ ਕਿ ਰੱਬ ਦੀ ਇਸ ਵਿਸਮਾਦੀ ਕੁਦਰਤ ਨੂੰ ਪੂਰੇ ਭਾਗਾਂ ਨਾਲ ਹੀ ਸਮਝਿਆ ਜਾ ਸਕਦਾ ਹੈ, ਜਿਸ ਨੂੰ ਦੇਖ ਕੇ ਮਨ ਵਿਚ ਅਨੋਖੀ ਕਿਸਮ ਦਾ ਅਨੁਭਵ ਹੁੰਦਾ ਹੈ। ਅਨੇਕ ਕਿਸਮ ਦੇ ਰਾਗ (ਨਾਦ), ਧਰਮ ਪੁਸਤਕ (ਵੇਦ), ਅਣਗਿਣਤ ਜੀਵ ਅਤੇ ਜੀਵਾਂ ਦੀਆਂ ਅਨੇਕਾਂ ਕਿਸਮਾਂ; ਜੀਵਾਂ ਅਤੇ ਹੋਰ ਪਦਾਰਥਾਂ ਦੇ ਅਨੇਕਾਂ ਰੂਪ ਅਤੇ ਰੰਗ ਦੇਖ ਕੇ ਮਨ ਵਿਸਮਾਦ ਵਿਚ ਆ ਜਾਂਦਾ ਹੈ। ਕਈ ਜੀਵ ਨੰਗੇ ਫਿਰ ਰਹੇ ਹਨ, ਅਕਾਲ ਪੁਰਖ ਦੀ ਅਨੇਕ ਕਿਸਮ ਦੀ ਰਚਨਾ ਜਿਵੇਂ ਕਿਧਰੇ ਹਵਾ ਹੈ, ਕਿਧਰੇ ਪਾਣੀ ਹੈ, ਕਿਧਰੇ ਕਈ ਅਗਨੀਆਂ ਅਨੇਕ ਕਿਸਮ ਦੀਆਂ ਅਚਰਜ ਖੇਡਾਂ ਖੇਡ ਰਹੀਆਂ ਹਨ। ਧਰਤੀ ਅਤੇ ਧਰਤੀ 'ਤੇ ਜੀਵਾਂ ਦੀ ਉਤਪਤੀ ਦੀਆਂ ਚਾਰ ਖਾਣੀਆਂ-ਕੁਦਰਤ ਦੀ ਇਹ ਸਾਰੀ ਉਤਪਤੀ ਮਨੁੱਖ ਅੰਦਰ ਵਿਸਮਾਦ ਪੈਦਾ ਕਰਦੀ ਹੈ। ਕੁਦਰਤ ਦੇ ਜੀਵ ਅਤੇ ਉਨ੍ਹਾਂ ਦੇ ਵੱਖਰੇ ਵੱਖਰੇ ਪਦਾਰਥਾਂ ਦੇ ਸੁਆਦ ਵਿਚ ਲੱਗੇ ਹੋਣਾ; ਕਿਤੇ ਜੀਵਾਂ ਦਾ ਮੇਲ ਹੋ ਰਿਹਾ ਹੈ ਅਤੇ ਕਿਧਰੇ ਉਹ ਆਪਸ ਵਿਚ ਵਿਛੜ ਰਹੇ ਹਨ, ਕਿਤੇ ਭੁੱਖ ਸਤਾ ਰਹੀ ਹੈ ਅਤੇ ਕਿਤੇ ਅਨੇਕ ਪਦਾਰਥ ਭੋਗੇ ਜਾ ਰਹੇ ਹਨ ਅਰਥਾਤ ਪਰਵਦਗਾਰ ਨੇ ਇਸ ਸੰਸਾਰ ਨੂੰ ਬਹੁਤ ਰੰਗਾਂ ਵਿਚ ਰਚਿਆ ਹੈ, ਇਹ ਦੁਨੀਆਂ ਬਹੁਤ ਵਿਚਿੱਤਰ ਹੈ। ਕਿਸੇ ਪਾਸੇ ਉਸ ਦੀ ਜੋ ਸਭ ਦਾ ਮਾਲਕ ਹੈ ਸਿਫਤ-ਸਾਲਾਹ ਹੋ ਰਹੀ ਹੈ, ਕਿਤੇ ਔਝੜ ਹੈ ਅਤੇ ਕਿਤੇ ਰਸਤੇ ਦਿਖਾਈ ਦੇ ਰਹੇ ਹਨ।

ਪਰਮਾਤਮਾ ਦੀ ਇਹ ਅਸਚਰਜ ਖੇਡ ਦੇਖ ਕੇ ਮਨ ਵਿਚ ਹੈਰਾਨੀ ਭਰਿਆ ਜਜ਼ਬਾ ਪੈਦਾ ਹੁੰਦਾ ਹੈ। ਕੋਈ ਕਹਿੰਦਾ ਹੈ ਕਿ ਰੱਬ ਨੇੜੇ ਹੀ ਵੱਸਦਾ ਹੈ ਅਤੇ ਕੋਈ ਸਮਝਦਾ ਹੈ ਕਿ ਉਹ ਬਹੁਤ ਦੂਰ ਹੈ। ਕਈ ਕਹਿੰਦੇ ਹਨ ਕਿ ਉਹ ਹਰ ਥਾਂ ਵਿਆਪਕ ਹੋ ਕੇ ਆਪਣੀ ਇਸ ਰਚਨਾ ਦੀ ਸੰਭਾਲ ਕਰ ਰਿਹਾ ਹੈ। ਉਸ ਦੇ ਰਚੇ ਇਸ ਅਨੋਖੇ ਕੌਤਕ ਨੂੰ ਦੇਖ ਕੇ ਮਨ ਵਿਸਮਾਦ ਵਿਚ ਆ ਜਾਂਦਾ ਹੈ। ਪਰ ਕੁਦਰਤ ਦੇ ਉਸ ਕਾਦਰ ਦੇ ਇਸ ਇਲਾਹੀ ਤਮਾਸ਼ੇ ਨੂੰ ਵੱਡੇ ਭਾਗਾਂ ਨਾਲ ਹੀ ਸਮਝਿਆ ਜਾ ਸਕਦਾ ਹੈ,

ਵਿਸਮਾਦੁ ਨਾਦ ਵਿਸਮਾਦੁ ਵੇਦ॥
ਵਿਸਮਾਦੁ ਜੀਅ ਵਿਸਮਾਦੁ ਭੇਦ॥
ਵਿਸਮਾਦੁ ਰੂਪ ਵਿਸਮਾਦੁ ਰੰਗ॥
ਵਿਸਮਾਦੁ ਨਾਗੇ ਫਿਰਹਿ ਜੰਤ॥
(ਪੰਨਾ 463)

ਉਸ ਪਰਮਾਤਮਾ ਦੀ ਰਚਨਾ ਪ੍ਰਤੀ ਵਿਸਮਾਦ ਦਾ ਅਹਿਸਾਸ ਜਗਾ ਕੇ ਗੁਰੂ ਨਾਨਕ ਉਸ ਦੀ ਕੁਦਰਤ ਰਾਹੀਂ ਮਨੁੱਖ ਨੂੰ ਉਸ ਕਾਦਰ ਨਾਲ ਜੁੜਨ ਦਾ ਅਹਿਸਾਸ ਜਗਾ ਰਹੇ ਹਨ। ਇਸੇ ਨੂੰ ਜਾਰੀ ਰੱਖਦੇ ਹੋਏ ਅਗਲੇ ਸਲੋਕ ਵਿਚ ਵੀ ਉਸ ਦੀ ਕੁਦਰਤ ਦਾ ਬਿਆਨ ਕਰ ਰਹੇ ਹਨ ਕਿ ਇਸ ਸੰਸਾਰ ਵਿਚ ਜੋ ਕੁਝ ਵੀ ਨਜ਼ਰ ਆ ਰਿਹਾ ਹੈ ਤੇ ਜੋ ਕੁਝ ਵੀ ਸੁਣਿਆ ਜਾ ਰਿਹਾ ਹੈ ਸਭ ਉਸ ਅਕਾਲ ਪੁਰਖ ਦੀ ਸਿਰਜਣਾ (ਕੁਦਰਤ) ਹੈ, ਉਸ ਦੀ ਕਲਾ ਹੈ; ਇਹ ਭਉ ਜੋ ਸਾਰੇ ਸੁਖਾਂ ਦਾ ਮੂਲ ਹੈ ਇਹ ਸਭ ਉਸ ਦੀ ਕੁਦਰਤ ਹੈ। ਪਤਾਲਾਂ ਅਤੇ ਆਕਾਸ਼ ਵਿਚ ਹਰ ਥਾਂ ਉਸ ਦੀ ਕੁਦਰਤ ਵਰਤ ਰਹੀ ਹੈ। ਇਹ ਸਾਰਾ ਦਿਸਦਾ ਸੰਸਾਰ ਉਸ ਦੀ ਅਨੋਖੀ ਖੇਡ ਹੈ। ਧਰਮ ਗ੍ਰੰਥ ਜਿਵੇਂ ਵੇਦ, ਪੁਰਾਣ, ਕਤੇਬਾਂ (ਸਾਮੀ ਧਰਮ ਗ੍ਰੰਥ ਬਾਈਬਲ ਅਤੇ ਕੁਰਾਨ ਸ਼ਰੀਫ), ਸਾਰੀ ਵਿਚਾਰ-ਸਤਾ, ਜੀਵਾਂ ਦਾ ਖਾਣ, ਪੀਣ, ਪਹਿਨਣ ਆਦਿ ਦਾ ਕਾਰ-ਵਿਹਾਰ, ਸੰਸਾਰ ਵਿਚ ਪ੍ਰੇਮ ਦਾ ਜਜ਼ਬਾ-ਸਭ ਉਸ ਅਕਾਲ ਪੁਰਖ ਦੀ ਸਿਰਜਣਾ ਹੈ।

ਜਾਤਾਂ ਵਿਚ, ਜਿਨਸਾਂ ਵਿਚ, ਰੰਗਾਂ ਵਿਚ, ਸੰਸਾਰ ਦੇ ਜੀਵਾਂ ਵਿਚ ਹਰ ਥਾਂ ਉਸ ਅਕਾਲ ਪੁਰਖ ਦੀ ਕੁਦਰਤ ਵਰਤ ਰਹੀ ਹੈ। ਸੰਸਾਰ ਵਿਚ ਕਿਧਰੇ ਭਲਾਈ ਦੇ ਕੰਮ ਹੋ ਰਹੇ ਹਨ, ਕਿਧਰੇ ਵਿਕਾਰ ਹਨ, ਕਿਤੇ ਕਿਸੇ ਦਾ ਸਤਿਕਾਰ ਹੋ ਰਿਹਾ ਹੈ ਅਤੇ ਕਿਤੇ ਅਹੰਕਾਰ ਵਰਤ ਰਿਹਾ ਹੈ। ਇਹ ਸਭ ਉਸ ਪਰਮਾਤਮਾ ਦੀ ਰਚੀ ਹੋਈ ਖੇਡ ਹੈ। ਹਵਾ, ਪਾਣੀ, ਮਿੱਟੀ ਆਦਿ ਕੁਦਰਤੀ ਤੱਤ-ਇਹ ਸਭ ਪਰਮਾਤਮਾ ਦਾ ਕੌਤਕ ਹੈ। ਇਸ ਦਾ ਅਰਥ ਹੈ ਕਿ ਹਰ ਇੱਕ ਥਾਂ ਤੇ ਹਰ ਰਚਨਾ ਵਿਚ ਉਸ ਦੀ ਕਲਾ ਵਰਤ ਰਹੀ ਹੈ, ਸਭ ਉਸ ਦੀ ਕੁਦਰਤ ਹੈ। ਉਹ ਇਸ ਦਾ ਕਾਦਰ ਅਰਥਾਤ ਘੜਨ ਵਾਲਾ ਮਾਲਕ ਹੈ, ਇਸ ਸਾਰੀ ਖੇਡ ਦਾ ਰਚਣਹਾਰਾ ਹੈ। ਉਸ ਦੀ ਵਡਿਆਈ ਪਵਿੱਤਰ ਹੈ, ਸੁੱਚੀ ਹੈ ਅਤੇ ਉਹ ਆਪ ਵੀ ਪਵਿੱਤਰ ਅਤੇ ਉਚੀ ਹਸਤੀ ਹੈ। ਇਹ ਸਭ ਕੁਝ ਉਸ ਦੇ ਹੁਕਮ ਵਿਚ ਵਾਪਰ ਰਿਹਾ ਹੈ ਅਤੇ ਆਪਣੇ ਹੁਕਮ ਰਾਹੀਂ ਉਹ ਸਭ ਦੀ ਸੰਭਾਲ ਕਰ ਰਿਹਾ ਹੈ ਅਤੇ ਹਰ ਥਾਂ ਵਿਆਪਕ ਹੈ,

ਕੁਦਰਤਿ ਦਿਸੈ ਕੁਦਰਤਿ ਸੁਣੀਐ
ਕੁਦਰਤਿ ਭਉ ਸੁਖ ਸਾਰੁ॥
ਕੁਦਰਤਿ ਪਾਤਾਲੀ ਆਕਾਸੀ
ਕੁਦਰਤਿ ਸਰਬ ਆਕਾਰੁ॥
ਕੁਦਰਤਿ ਵੇਦ ਪੁਰਾਣ ਕਤੇਬਾ
ਕੁਦਰਤਿ ਸਰਬ ਵੀਚਾਰੁ॥ (ਪੰਨਾ 464)

ਕੁਦਰਤ ਦੀ ਰਚਨਾ ਕਾਦਰ ਆਪਣੇ ਆਪ ਤੋਂ ਕਰਦਾ ਹੈ। ਇਸ ਲਈ ਉਹ ਆਪਣੀ ਕੁਦਰਤ ਵਿਚ ਆਪ ਹੀ ਵਾਪਰ ਰਿਹਾ ਹੈ। ਉਪਰਲੇ ਸਲੋਕ ਤੋਂ ਅਗਲੀ ਪਉੜੀ ਵਿਚ ਗੁਰੂ ਨਾਨਕ ਦੱਸਦੇ ਹਨ ਕਿ ਪਰਮਾਤਮਾ ਜੀਵ-ਆਤਮਾ ਦੇ ਰੂਪ ਵਿਚ ਇਸ ਸੰਸਾਰ 'ਤੇ ਆ ਕੇ ਦੁਨੀਆਂ ਦੇ ਰੰਗ-ਤਮਾਸ਼ੇ ਮਾਣਦਾ ਹੈ ਅਤੇ ਜਦੋਂ ਜੀਵ-ਆਤਮਾ ਸਰੀਰ ਨੂੰ ਛੱਡ ਕੇ ਜਾਂਦੀ ਹੈ ਤਾਂ ਸਰੀਰ ਮਿੱਟੀ ਦੀ ਢੇਰੀ ਹੋ ਜਾਂਦਾ ਹੈ। ਦੁਨੀਆਂ ਦੇ ਧੰਦਿਆਂ ਵਿਚ ਫਸਿਆ ਹੋਇਆ ਜੀਵ ਜਦੋਂ ਮਰਦਾ ਹੈ ਤਾਂ ਮੌਤ ਉਸ ਨੂੰ ਅੱਗੇ ਲਾ ਤੁਰਦੀ ਹੈ ਅਰਥਾਤ ਜੀਵ ਸੰਸਾਰ ਨੂੰ ਛੱਡਣਾ ਨਹੀਂ ਚਾਹੁੰਦਾ ਪਰ ਉਸ ਨੂੰ ਮਜਬੂਰੀ ਵੱਸ ਇਹ ਸੰਸਾਰ ਛੱਡਣਾ ਪੈਂਦਾ ਹੈ।

ਦੂਸਰੀ ਪਉੜੀ ਵਿਚ ਗੁਰੂ ਨਾਨਕ ਸਾਹਿਬ ਨੇ ਦੱਸਿਆ ਸੀ ਕਿ ਧਰਮਰਾਜ ਮਨੁੱਖ ਦੇ ਕੰਮਾਂ ਦਾ ਲੇਖਾ-ਜੋਖਾ ਰੱਖਦਾ ਹੈ। ਉਸੇ ਖਿਆਲ ਦੀ ਨਿਰੰਤਰਤਾ ਵਿਚ ਦੱਸਦੇ ਹਨ ਕਿ ਅੱਗੇ ਜਾ ਕੇ ਅਕਾਲ ਪੁਰਖ ਦੀ ਕੀਤੀ ਸਿਫਤ-ਸਾਲਾਹ ਵਾਲੀ ਕਮਾਈ ਹੀ ਮਨਜ਼ੂਰ ਹੁੰਦੀ ਹੈ, ਕਬੂਲ ਪੈਂਦੀ ਹੈ। ਇਥੇ ਰੱਬ ਦੀ ਸਿਫਤ-ਸਾਲਾਹ ਤੋਂ ਭਾਵ ਹੈ, ਜਿਸ ਮਨੁੱਖ ਦੀ ਰਹਿਣੀ ਸੱਚੀ ਅਤੇ ਸੁੱਚੀ ਹੈ, ਉਸ ਦੀ ਕਮਾਈ ਹੀ ਕਬੂਲ ਹੋਣ ਯੋਗ ਹੈ। ਉਥੇ ਮਨੁੱਖ ਨੂੰ ਉਸ ਦੇ ਕੀਤੇ ਹੋਏ ਕਰਮਾਂ ਦਾ ਲੇਖਾ ਚੰਗੀ ਤਰ੍ਹਾਂ ਦੱਸ ਦਿੱਤਾ ਜਾਂਦਾ ਹੈ। ਜਿਹੜੇ ਮਨੁੱਖ ਮਾਇਆਵੀ ਲਾਲਚਾਂ ਵਿਚ ਫਸ ਕੇ ਮਾੜੇ ਕੰਮ ਕਰਦੇ ਹਨ, ਉਨ੍ਹਾਂ ਨੂੰ ਉਥੇ ਮਾਰ ਸਹਿਣੀ ਪੈਂਦੀ ਹੈ ਅਤੇ ਪਰਮਾਤਮਾ ਦੇ ਦਰ 'ਤੇ ਆਸਰਾ ਨਹੀਂ ਮਿਲਦਾ, ਉਦੋਂ ਉਨ੍ਹਾਂ ਦੀ ਉਥੇ ਕੋਈ ਸੁਣਵਾਈ ਨਹੀਂ ਹੁੰਦੀ। ਇਸ ਤਰ੍ਹਾਂ ਬੇਸਮਝ ਮਨ ਆਪਣਾ ਇਹ ਕੀਮਤੀ ਮਨੁੱਖਾ ਜਨਮ ਅਜਾਈਂ ਗੁਆ ਲੈਂਦਾ ਹੈ,

ਆਪੀਨੈ ਭੋਗ ਭੋਗਿ ਕੈ ਹੋਇ
ਭਸਮੜਿ ਭਉਰੁ ਸਿਧਾਇਆ॥
ਵਡਾ ਹੋਆ ਦੁਨੀਦਾਰੁ
ਗਲਿ ਸੰਗਲੁ ਘਤਿ ਚਲਾਇਆ॥
ਅਗੈ ਕਰਣੀ ਕੀਰਤਿ ਵਾਚੀਐ
ਬਹਿ ਲੇਖਾ ਕਰਿ ਸਮਝਾਇਆ॥
(ਪੰਨਾ 464)

ਸਾਰੀ ਸ੍ਰਿਸ਼ਟੀ ਵਿਚ ਅਕਾਲ ਪੁਰਖ ਦਾ ਹੁਕਮ ਵਰਤ ਰਿਹਾ ਹੈ। ਇਸੇ ਤੱਥ ਨੂੰ ਗੁਰੂ ਨਾਨਕ ਅਗਲੇ ਸਲੋਕ ਵਿਚ ਦਰਸਾਉਂਦੇ ਹਨ ਕਿ ਹਵਾ ਸਦਾ ਹੀ ਅਕਾਲ ਪੁਰਖ ਦੇ ਭੈ ਵਿਚ ਚੱਲ ਰਹੀ ਹੈ, ਲੱਖਾਂ ਦਰਿਆ ਵੀ ਉਸੇ ਦੇ ਭੈ ਵਿਚ ਵੱਗ ਰਹੇ ਹਨ। ਅੱਗ ਜੋ ਸੇਵਾ ਕਰ ਰਹੀ ਹੈ, ਉਹ ਵੀ ਅਕਾਲ ਪੁਰਖ ਦੇ ਭੈ ਵਿਚ ਹੈ। ਸਾਰੀ ਧਰਤੀ ਅਕਾਲ ਪੁਰਖ ਦੇ ਭੈ ਵਿਚ ਸੰਸਾਰ ਦੇ ਭਾਰ ਹੇਠ ਦੱਬੀ ਹੋਈ ਹੈ। ਕਹਿਣ ਤੋਂ ਭਾਵ ਹੈ ਕਿ ਸਾਰੀ ਕਾਇਨਾਤ ਵਿਚ ਉਸ ਦਾ ਹੁਕਮ ਵਾਪਰ ਰਿਹਾ ਹੈ। ਇੰਦਰ ਰਾਜਾ ਜਿਸ ਨੂੰ ਮੀਂਹ ਪਾਉਣ ਵਾਲਾ ਦੇਵਤਾ ਵੀ ਮੰਨਿਆ ਗਿਆ ਹੈ, ਉਹ ਵੀ ਪਰਮਾਤਮਾ ਦੇ ਭੈ ਵਿਚ ਹੈ ਅਤੇ ਧਰਮਰਾਜ ਜਿਸ ਨੂੰ ਜੀਵਾਂ ਦੀ ਕਰਨੀ ਦਾ ਹਿਸਾਬ-ਕਿਤਾਬ ਰੱਖਣ ਵਾਲਾ ਮੰਨਦੇ ਹਨ, ਵੀ ਪਰਮਾਤਮਾ ਦੇ ਭੈ ਵਿਚ ਹੀ ਸਭ ਕਾਰਜ ਕਰ ਰਿਹਾ ਹੈ। ਸੂਰਜ ਅਤੇ ਚੰਦਰਮਾ-ਜਿਨ੍ਹਾਂ ਦੇ ਪੈਂਡੇ ਦਾ ਕਰੋੜਾਂ ਕੋਹ ਚੱਲਦਿਆਂ ਵੀ ਥਹੁ ਨਹੀਂ ਆਉਂਦਾ ਅਕਾਲ ਪੁਰਖ ਦੇ ਭੈ ਵਿਚ ਵਿਚਰ ਰਹੇ ਹਨ। ਸਿੱਧ, ਬੁੱਧ, ਦੇਵਤੇ ਨਾਥ ਸਭ ਅਕਾਲ ਪੁਰਖ ਦੇ ਭੈ ਵਿਚ ਹਨ (ਇਹ ਕੋਈ ਸੁਤੰਤਰ ਹਸਤੀਆਂ ਨਹੀਂ ਹਨ)। ਸੰਸਾਰ ਉਤੇ ਤਣਿਆ ਆਕਾਸ਼, ਵੱਡੇ ਵੱਡੇ ਜੋਧੇ, ਸੂਰਵੀਰ, ਪੂਰਾਂ ਦੇ ਪੂਰ ਜੀਵ ਜੋ ਸੰਸਾਰ 'ਤੇ ਆਉਂਦੇ ਹਨ ਅਤੇ ਚਲੇ ਜਾਂਦੇ ਹਨ, ਸਭ ਉਸ ਕਾਦਰ ਦੇ ਭੈ ਵਿਚ ਹਨ। ਪਰਮਾਤਮਾ ਦਾ ਇਹ ਨਿਯਮ ਜੀਵਾਂ ਦੇ ਨਾਲ ਲਿਖਿਆ ਹੋਇਆ ਹੈ, ਕੋਈ ਵੀ ਇਸ ਤੋਂ ਬਾਹਰ ਨਹੀਂ ਹੈ,

ਭੈ ਵਿਚਿ ਪਵਣੁ ਵਹੈ ਸਦਵਾਉ॥
ਭੈ ਵਿਚਿ ਚਲਹਿ ਲਖ ਦਰੀਆਉ॥
ਭੈ ਵਿਚਿ ਅਗਨਿ ਕਢੈ ਵੇਗਾਰਿ॥
ਭੈ ਵਿਚਿ ਧਰਤੀ ਦਬੀ ਭਾਰਿ॥
(ਪੰਨਾ 464)

ਉਪਰੋਕਤ ਸਲੋਕ ਵਿਚ ਉਸ ਸਾਰੀ ਕਾਇਨਾਤ ਦਾ ਵਰਣਨ ਕੀਤਾ ਹੈ ਜੋ ਉਸ ਦੇ ਭੈ ਵਿਚ ਕਾਰਜਸ਼ੀਲ ਹੈ। ਇਸ ਤੋਂ ਅਗਲੇ ਸਲੋਕ ਵਿਚ ਉਸ ਅਕਾਲ ਪੁਰਖ ਦੇ ਇੱਕੋ-ਇੱਕ ਹਸਤੀ ਹੋਣ ਦਾ ਜ਼ਿਕਰ ਕੀਤਾ ਹੈ ਜੋ ਸਿਰਫ ਤੇ ਸਿਰਫ ਅਜਿਹੀ ਹਸਤੀ ਹੈ ਜੋ ਨਿਰਭਉ ਹੈ ਅਰਥਾਤ ਜਿਸ ਤੇ ਕਿਸੇ ਦਾ ਭੈ ਲਾਗੂ ਨਹੀਂ ਹੁੰਦਾ। ਹਿੰਦੂ ਧਰਮ ਵਿਚ ਅਵਤਾਰਾਂ ਨੂੰ ਖਾਸ ਕਰਕੇ ਵਿਸ਼ਨੂੰ ਦੇ ਅਵਤਾਰਾਂ ਨੂੰ ਸੁਤੰਤਰ ਹਸਤੀਆਂ ਜਾਂ ਇਉਂ ਕਹਿ ਲਈਏ ਕਿ 'ਭਗਵਾਨ' ਮੰਨਿਆ ਗਿਆ ਹੈ। ਗੁਰੂ ਨਾਨਕ ਉਨ੍ਹਾਂ ਦੇ 'ਰੱਬ' ਹੋਣ ਨੂੰ ਨਕਾਰਦੇ ਹਨ ਕਿਉਂਕਿ ਪਰਮਾਤਮਾ ਜਨਮਦਾ ਜਾਂ ਮਰਦਾ ਨਹੀਂ ਹੈ। ਗੁਰੂ ਨਾਨਕ ਫਰਮਾਉਂਦੇ ਹਨ ਕਿ ਇੱਕ ਨਿਰੰਕਾਰ ਹੀ ਭੈ ਰਹਿਤ ਹੈ, ਰਾਮਚੰਦਰ ਵਰਗੇ ਹੋਰ ਕਈ ਅਵਤਾਰ ਹੋਏ ਹਨ, ਅਕਾਲ ਪੁਰਖ ਸਾਹਮਣੇ ਉਨ੍ਹਾਂ ਦੀ ਹੋਂਦ ਤੁੱਛ ਹੈ। ਪਰਮਤਾਮਾ ਦੇ ਗਿਆਨ ਦੇ ਸਾਹਮਣੇ ਕ੍ਰਿਸ਼ਨ ਦੀਆਂ ਕਹਾਣੀਆਂ ਅਤੇ ਵੇਦਾਂ ਦੇ ਕਈ ਵਿਚਾਰ ਵੀ ਤੁੱਛ ਹਨ। ਉਸ ਦਾ ਗਿਆਨ ਪ੍ਰਾਪਤ ਕਰਨ ਲਈ ਕਈ ਮਨੁੱਖ ਮੰਗਤੇ ਬਣ ਕੇ ਨੱਚਦੇ ਹਨ ਤੇ ਕਈ ਤਰ੍ਹਾਂ ਦੇ ਤਾਲ ਪੂਰਦੇ ਹਨ, ਰਾਸਧਾਰੀਏ ਬਜ਼ਾਰਾਂ ਵਿਚ ਆ ਕੇ ਰਾਸ ਪਾਉਂਦੇ ਹਨ, ਰਾਜੇ ਰਾਣੀਆਂ ਦੇ ਵੇਸ ਬਣਾਉਂਦੇ ਹਨ ਅਤੇ ਕਈ ਤਰ੍ਹਾਂ ਦੇ ਬਚਨ ਬੋਲਦੇ ਹਨ, ਲੱਖਾਂ ਰੁਪਏ ਦੇ ਕੀਮਤੀ ਗਹਿਣੇ ਆਪਣੇ ਸਰੀਰ 'ਤੇ ਪਾਉਂਦੇ ਹਨ ਪਰ ਜਿਸ ਸਰੀਰ 'ਤੇ ਇਹ ਪਾਈਦੇ ਹਨ ਉਹ ਸਰੀਰ ਅੰਤ ਨੂੰ ਸੜ ਕੇ ਸੁਆਹ ਹੋ ਜਾਂਦੇ ਹਨ। ਕਹਿਣ ਤੋਂ ਭਾਵ ਹੈ ਕਿ ਇਸ ਤਰ੍ਹਾਂ ਗਿਆਨ ਪ੍ਰਾਪਤ ਨਹੀਂ ਹੁੰਦਾ। ਗਿਆਨ ਨਿਰੀਆਂ ਗੱਲਾਂ ਨਾਲ ਪ੍ਰਾਪਤ ਨਹੀਂ ਹੁੰਦਾ। ਗਿਆਨ ਦਾ ਬਿਆਨ ਕਰਨਾ ਉਸੇ ਤਰ੍ਹਾਂ ਕਰੜਾ ਹੈ ਜਿਵੇਂ ਲੋਹਾ। ਇਹ ਤਾਂ ਪ੍ਰਾਪਤ ਹੁੰਦਾ ਹੈ ਜੇ ਅਕਾਲ ਪੁਰਖ ਦੀ ਮਿਹਰ ਹੋਵੇ,

ਨਾਨਕ ਨਿਰਭਉ ਨਿਰੰਕਾਰੁ
ਹੋਰਿ ਕੇਤੇ ਰਾਮ ਰਵਾਲ॥
ਕੇਤੀਆ ਕੰਨ੍ ਕਹਾਣੀਆ
ਕੇਤੇ ਬੇਦ ਬੀਚਾਰ॥
ਕੇਤੇ ਨਚਹਿ ਮੰਗਤੇ
ਗਿੜਿ ਮੁੜਿ ਪੂਰਹਿ ਤਾਲ॥
(ਪੰਨਾ 464)

## ਗੁਰਬਾਣੀ ਗਿਆਨ

# ਹਿਰਦੈ ਨਾਮੁ ਵਸਾਇਹੁ...

**ਸੋਰਠਿ ਮਹਲ ੫**

ਹਿਰਦੈ ਨਾਮੁ ਵਸਾਇਹੁ॥
ਘਰਿ ਬੈਠੇ ਗੁਰੂ ਧਿਆਇਹੁ॥
ਗੁਰਿ ਪੂਰੈ ਸਚੁ ਕਹਿਆ॥
ਸੋ ਸੁਖੁ ਸਾਚਾ ਲਹਿਆ॥੧॥
ਅਪੁਨਾ ਹੋਇਓ ਗੁਰੁ ਮਿਹਰਵਾਨਾ॥
ਅਨਦ ਸੂਖ ਕਲਿਆਣ ਮੰਗਲ ਸਿਉ
ਘਰਿ ਆਏ ਕਰਿ ਇਸਨਾਨਾ॥ਰਹਾਉ॥
ਸਾਚੀ ਗੁਰ ਵਡਿਆਈ॥
ਤਾ ਕੀ ਕੀਮਤਿ ਕਹਣੁ ਨ ਜਾਈ॥
ਸਿਰਿ ਸਾਹਾ ਪਾਤਿਸਾਹਾ॥
ਗੁਰ ਭੇਟਤ ਮਨਿ ਓਮਾਹਾ॥੨॥
ਸਗਲ ਪਰਾਛਤ ਲਾਥੇ॥
ਮਿਲਿ ਸਾਧਸੰਗਤਿ ਕੈ ਸਾਥੇ॥
ਗੁਣ ਨਿਧਾਨ ਹਰਿ ਨਾਮਾ॥
ਜਪਿ ਪੂਰਨ ਹੋਏ ਕਾਮਾ॥੩॥
ਗੁਰਿ ਕੀਨੋ ਮੁਕਤਿ ਦੁਆਰਾ॥
ਸਭ ਸ੍ਰਿਸਟਿ ਕਰੈ ਜੈਕਾਰਾ॥
ਨਾਨਕ ਪ੍ਰਭੁ ਮੇਰੈ ਸਾਥੇ॥
ਜਨਮ ਮਰਣ ਭੈ ਲਾਥੇ॥੪॥

ਸਾਹਿਬ ਸ੍ਰੀ ਗੁਰੂ ਅਰਜਨ ਦੇਵ ਬਖਸ਼ਿਸ਼ ਕਰਦੇ ਹਨ-ਹਿਰਦੈ ਨਾਮੁ ਵਸਾਇਹੁ, ਹੇ ਭਾਈ! ਜਗਤ ਵਿਚ ਰਹਿਣ ਵਾਲਿਓ! ਆਪਣੇ ਹਿਰਦੇ ਵਿਚ ਉਸ ਸੋਹਣੇ ਪ੍ਰਭੂ ਦਾ ਨਾਮ ਵਸਾਈ ਰੱਖੋ; ਘਰਿ ਬੈਠੇ ਗੁਰੂ ਧਿਆਇਹੁ, ਹੇ ਭਾਈ! ਆਪਣੇ ਅੰਤਰ ਆਤਮੇ ਘਰ ਵਿਚ ਟਿਕ ਕੇ, ਜੁੜ ਕੇ ਗੁਰੂ ਦਾ ਧਿਆਨ ਧਰਿਆ ਕਰੋ; ਗੁਰਿ ਪੂਰੈ ਸਚੁ ਕਹਿਆ, ਭਾਵ ਜਿਸ ਜੀਵ ਨੂੰ ਪੂਰੇ ਗੁਰੂ ਨੇ ਸਦਾ ਹੀ ਰਹਿਣ ਵਾਲੇ ਨਾਮ ਸਿਮਰਨ ਦਾ ਉਪਦੇਸ਼ ਦੇ ਦਿੱਤਾ, ਤਾਂ ਸਮਝੋ ਜੀਵ ਨੇ ਉਹ ਸੱਚਾ ਸੁਖ ਪ੍ਰਾਪਤ ਕਰ ਲਿਆ ਜੋ ਸਦਾ ਹੀ ਅਟੱਲ ਰਹਿਣਾ ਹੈ।

ਅਪੁਨਾ ਹੋਇਓ ਗੁਰੁ ਮਿਹਰਵਾਨਾ॥
ਅਨਦ ਸੂਖ ਕਲਿਆਣ ਮੰਗਲ ਸਿਉ
ਘਰਿ ਆਏ ਕਰਿ ਇਸਨਾਨਾ॥ਰਹਾਉ॥

ਹੇ ਭਾਈ! ਜਿਨ੍ਹਾਂ ਵਡਭਾਗੇ ਜੀਵਾਂ ਉਤੇ ਸੋਹਣਾ ਗੁਰੂ ਮਿਹਰਵਾਨ ਹੋ ਜਾਂਦਾ ਹੈ, ਉਹ ਸਦਾ ਲਈ ਗੁਰੂ ਮਤ ਨਾਲ ਜੁੜ ਜਾਂਦੇ ਹਨ; ਅਨਦ ਸੂਖ ਕਲਿਆਣ ਮੰਗਲ ਸਿਉ, ਫਿਰ ਉਹ ਜੀਵ ਸਦਾ ਲਈ ਆਤਮਕ ਅਨੰਦ, ਸੁਖ ਅਤੇ ਖੁਸ਼ੀਆਂ ਨਾਲ ਭਰਪੂਰ ਹੋ ਜਾਂਦੇ ਹਨ, ਟਿਕਾਉ ਵਿਚ ਆ ਜਾਂਦੇ ਹਨ; ਘਰਿ ਆਏ ਕਰਿ ਇਸਨਾਨਾ, ਕਿਉਂਕਿ ਉਨ੍ਹਾਂ ਜੀਵਾਂ ਨੇ ਨਾਮ ਰੂਪੀ ਜਲ ਨਾਲ ਇਸ਼ਨਾਨ ਕਰ ਕੇ ਮਨ ਨੂੰ ਪਾਵਨ ਪਵਿਤਰ ਕਰ ਲਿਆ ਹੈ, ਇਸ ਲਈ ਜੋ ਵਡਭਾਗੇ ਜੀਵ ਗੁਰੂ ਦਾ ਹੁਕਮ ਮੰਨ ਕੇ ਅੰਦਰੋਂ ਅਕਾਲ ਪੁਰਖ ਨਾਲ ਜੁੜ ਜਾਂਦੇ ਹਨ, ਉਹ ਵਿਕਾਰਾਂ ਵੱਲ ਕਦੀ ਨਹੀਂ ਭਟਕਦੇ।

ਸਾਚੀ ਗੁਰ ਵਡਿਆਈ॥
ਤਾ ਕੀ ਕੀਮਤਿ ਕਹਣੁ ਨ ਜਾਈ॥
ਸਿਰਿ ਸਾਹਾ ਪਾਤਿਸਾਹਾ॥
ਗੁਰ ਭੇਟਤ ਮਨਿ ਓਮਾਹਾ॥੨॥

ਹੇ ਭਾਈ! ਪੂਰੇ ਗੁਰੂ ਦੀ ਆਤਮਕ ਉਚਾਈ ਤਾਂ ਸਦਾ ਹੀ ਅਟੱਲ ਹੈ ਅਤੇ ਅੱਟਲ ਹੀ ਰਹਿਣ ਵਾਲੀ ਹੈ; ਗੁਰੂ ਦੀ ਵਡਿਆਈ ਤਾਂ ਇੰਨੀ ਮਹਾਨ ਹੈ ਕਿ ਉਸ ਦੀ ਕੋਈ ਵੀ ਕੀਮਤ ਨਹੀਂ ਆਖੀ ਜਾ ਸਕਦੀ; ਸਿਰਿ ਸਾਹਾ ਪਾਤਿਸਾਹਾ, ਜਗਤ ਵਾਲਿਓ! ਗੁਰੂ ਤਾਂ ਦੁਨੀਆਂ ਦੇ ਸਾਰੇ ਸ਼ਾਹਾਂ ਦਾ ਪਾਤਸ਼ਾਹ ਹੈ ਤੇ ਸਭ ਤੋਂ ਉਪਰ ਹੈ; ਗੁਰ ਭੇਟਤ ਮਨਿ ਓਮਾਹਾ, ਹੇ ਭਾਈ! ਗੁਰੂ ਨੂੰ ਮਿਲਦਿਆਂ ਹੀ ਮਨ ਵਿਚ ਪ੍ਰਭੂ ਦੇ ਨਾਮ ਸਿਮਰਨ ਦਾ ਚਾਉ ਭੀ ਬਣ ਜਾਂਦਾ ਹੈ।

ਸਗਲ ਪਰਾਛਤ ਲਾਥੇ॥
ਮਿਲਿ ਸਾਧਸੰਗਤਿ ਕੈ ਸਾਥੇ॥
ਗੁਣ ਨਿਧਾਨ ਹਰਿ ਨਾਮਾ॥
ਜਪਿ ਪੂਰਨ ਹੋਏ ਕਾਮਾ॥੩॥

ਹੇ ਭਾਈ! ਸੁਣੋ! ਗੁਰੂ ਦੀ ਸੰਗਤ ਵਿਚ ਬੈਠਣ ਕਰ ਕੇ ਜੀਵ ਦੇ ਸਾਰੇ ਹੀ ਪਾਪ ਲੱਥ ਜਾਂਦੇ ਹਨ; ਇਹ ਸਾਰੇ ਪਾਪ ਭਾਈ ਉਦੋਂ ਲਥਦੇ ਹਨ ਜਦੋਂ ਅਸੀਂ ਗੁਰੂ ਦੀ ਸੰਗਤ ਦਾ ਅਨੰਦ ਮਾਣਦੇ ਹਾਂ; ਗੁਣ ਨਿਧਾਨ ਹਰਿ ਨਾਮਾ, ਸਾਰੇ ਹੀ ਗੁਣਾਂ ਦਾ ਜੋ ਖਜ਼ਾਨਾ ਹੈ, ਉਹ ਤਾਂ ਹਰੀ ਪ੍ਰਭੂ ਦਾ ਨਾਮ ਸਿਮਰਨ ਹੈ; ਜਪਿ ਪੂਰਨ ਹੋਏ ਕਾਮਾ, ਜੋ ਵਡਭਾਗੇ ਜੀਵ ਉਸ ਮਿਹਰਵਾਨ ਪ੍ਰਭੂ ਦਾ ਨਾਮ ਜਪਦੇ ਹਨ, ਉਨ੍ਹਾਂ ਦੇ ਸਾਰੇ ਕੰਮ ਪੂਰੇ ਹੋ ਜਾਂਦੇ ਹਨ।

ਗੁਰਿ ਕੀਨੋ ਮੁਕਤਿ ਦੁਆਰਾ॥
ਸਭ ਸ੍ਰਿਸਟਿ ਕਰੈ ਜੈਕਾਰਾ॥
ਨਾਨਕ ਪ੍ਰਭੁ ਮੇਰੈ ਸਾਥੇ॥
ਜਨਮ ਮਰਣ ਭੈ ਲਾਥੇ॥੪॥

ਗੁਰੂ ਨੇ ਪ੍ਰਭੂ ਦੇ ਨਾਮ ਸਿਮਰਨ ਦਾ ਇਕ ਐਸਾ ਸੋਹਣਾ ਮੁਕਤੀ ਦਾ ਦੁਆਰਾ ਤਿਆਰ ਕੀਤਾ ਹੈ ਜੋ ਜਗਤ ਦੇ ਵਿਕਾਰਾਂ ਤੋਂ ਖਲਾਸੀ ਕਰਾ ਦਿੰਦਾ ਹੈ; ਸਭ ਸ੍ਰਿਸਟਿ ਕਰੈ ਜੈਕਾਰਾ, ਗੁਰੂ ਦੀ ਇਸ ਬਖਸ਼ਿਸ਼ ਕਾਰਨ ਸਾਰੀ ਹੀ ਸ੍ਰਿਸ਼ਟੀ ਗੁਰੂ ਦੀ ਜੈ-ਜੈਕਾਰ ਕਰ ਰਹੀ ਹੈ; ਨਾਨਕ ਪ੍ਰਭੁ ਮੇਰੈ ਸਾਥੇ, ਨਾਨਕ ਆਖਦਾ ਹੈ ਉਹ ਮਿਹਰਵਾਨ ਪ੍ਰਭੂ ਤਾਂ ਸਦਾ ਹੀ ਮੇਰੇ ਅੰਗ-ਸੰਗ ਵਸ ਰਿਹਾ ਹੈ; ਜਨਮ ਮਰਣ ਭੈ ਲਾਥੇ, ਭਾਵ ਹੁਣ ਜਨਮ ਮਰਨ ਦੇ ਸਾਰੇ ਡਰ ਲਹਿ ਗਏ ਹਨ।

ਆਓ! ਗੁਰੂ ਸ਼ਬਦ ਦੀ ਵਿਚਾਰ ਨਾਲ ਜੁੜੀਏ ਜੀ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*
*ਫੋਨ: 916-687-3536*

# ਨਿੱਕੀਆਂ ਜਿੰਦਾਂ ਵੱਡੇ ਸਾਕੇ

## ਸਾਹਿਬਜ਼ਾਦਿਆਂ ਦੀ ਸ਼ਹੀਦੀ 'ਤੇ ਵਿਸ਼ੇਸ਼

ਧੰਨ ਨੇ ਉਹ ਮਾਂਵਾਂ ਜਿਹੜੀਆਂ ਆਪਣੇ ਪੁੱਤਰਾਂ ਦੇ ਟੋਟੇ-ਟੋਟੇ ਕਰਵਾ ਕੇ ਝੋਲੀ ਪਵਾਉਂਦੀਆਂ ਹਨ, ਹੱਥੀਂ ਆਪਣੇ ਪੁੱਤਰਾਂ ਨੂੰ ਸ਼ਹੀਦ ਹੋਣ ਲਈ ਜੰਗ ਵਿਚ ਤੋਰਦੀਆਂ ਹਨ ਪਰ ਫਿਰ ਵੀ ਅੱਖਾਂ 'ਚੋਂ ਹੰਝੂ ਨਹੀਂ ਕੇਰਦੀਆਂ। ਧੰਨ ਹੈ ਉਹ ਪਿਤਾ ਜਿਹੜਾ ਅੱਖਾਂ ਸਾਹਮਣੇ ਆਪਣੇ ਪੁੱਤਰਾਂ ਨੂੰ ਸ਼ਹੀਦ ਹੁੰਦੇ ਵੇਖ ਕੇ ਵੀ ਇਹੋ ਆਖਦਾ ਹੈ,

ਇਨ ਪੁੱਤਰਨ ਕੇ ਸੀਸ ਪਰ
ਵਾਰ ਦੀਏ ਸੁਤ ਚਾਰ॥
ਚਾਰ ਮੂਏ ਤੋ ਕਿਆ ਹੂਆ
ਜੀਵਤ ਕਈ ਹਜ਼ਾਰ॥

ਇਹੀ ਹੈ ਇਸ ਸ਼ਹੀਦੀ ਸਾਕੇ ਦੀ ਗਾਥਾ ਜਿਸ ਦਾ ਅੱਖਰ-ਅੱਖਰ ਗਵਾਹੀ ਭਰਦਾ ਹੈ ਕਿ

**ਡਾ. ਅਮਨਦੀਪ ਸਿੰਘ ਟੱਲੇਵਾਲੀਆ**
**ਫੋਨ: 91-98146-99446**

ਜ਼ੁਲਮ ਸਾਹਮਣੇ ਸੀਸ ਝੁਕਾਉਣਾ ਅਣਖੀ ਲੋਕਾਂ ਦਾ ਕੰਮ ਨਹੀਂ। ਨਾਲ ਹੀ ਇਹ ਸਾਕਾ ਇਸ ਗੱਲ ਦਾ ਪ੍ਰਤੀਕ ਹੈ ਕਿ ਮੌਤ ਨੂੰ ਅਤੇ ਉਮਰ ਨੂੰ ਮਾਪਣ ਦੀ ਕੋਈ ਜਰੂਰਤ ਨਹੀਂ ਰਹਿ ਜਾਂਦੀ ਜਦੋਂ ਕੋਈ ਮੌਤ 'ਸੁੱਤੇ ਹੋਏ ਲੋਕਾਂ ਨੂੰ ਜਗਾਉਣ ਲਈ' ਜਾਂ 'ਜ਼ੁਲਮ ਰਾਜ ਦੇ ਤਖਤਾਂ-ਤਾਜਾਂ ਨੂੰ ਹਿਲਾਉਣ ਲਈ ਹੋਈ ਹੋਵੇ।'

ਇਹ ਵੀ ਸੱਚ ਹੈ ਕਿ ਜੋ ਇਨਸਾਨ ਇਤਿਹਾਸ ਤੋਂ ਕੁਝ ਸਿਖਦੇ ਨਹੀਂ, ਉਹ ਹੀ ਇਤਿਹਾਸ ਨੂੰ ਦੁਹਰਾਉਣ ਦੇ ਜਿੰਮੇਵਾਰ ਹੁੰਦੇ ਹਨ। ਜਿਵੇਂ ਕਰਬਲਾ ਵਿਚ ਹਜ਼ਰਤ ਅਲੀ ਦੇ ਪੁੱਤਰਾਂ ਹਸਨ, ਹੁਸੈਨ ਨੂੰ ਸਮੇਂ ਦੇ ਹਾਕਮਾਂ ਨੇ ਮੌਤ ਦੇ ਘਾਟ ਉਤਾਰ ਦਿੱਤਾ ਸੀ, ਉਸੇ ਤਰ੍ਹਾਂ ਜੇ ਵਜ਼ੀਰ ਖਾਨ ਨੇ ਉਸ ਸਾਕੇ ਤੋਂ ਕੁਝ ਸਿੱਖਿਆ ਹੁੰਦਾ ਤਾਂ ਉਹ ਅਜਿਹੀ ਸਥਿਤੀ ਨੂੰ ਦੁਬਾਰਾ ਦੁਹਰਾਉਣ ਦੀ ਜੁਰਅਤ ਨਾ ਕਰਦਾ।

'ਸਾਕਾ ਸਰਹਿੰਦ' ਕਿਉਂ ਵਾਪਰਿਆ? ਅਨੰਦਪੁਰ ਸਾਹਿਬ ਦੀ ਲੜਾਈ ਇਤਿਹਾਸਕਾਰਾਂ ਅਨੁਸਾਰ ਮਈ 1704 ਈ: (ਸੰਮਤ 1761) ਨੂੰ ਸ਼ੁਰੂ ਹੋਈ ਸੀ, ਲਗਾਤਾਰ ਸੱਤ ਮਹੀਨੇ ਚੱਲਦੀ ਰਹੀ। ਕਿਲੇ ਦੇ ਅੰਦਰ ਸਿੰਘਾਂ ਕੋਲ ਰਾਸ਼ਨ ਪਾਣੀ ਮੁੱਕ ਗਿਆ ਅਤੇ ਉਧਰ ਪਹਾੜੀ ਰਾਜਿਆਂ ਦੀਆਂ ਅਤੇ ਮੁਸਲਮਾਨੀ ਫੌਜਾਂ ਵੀ ਹੋਰ ਬਹੁਤਾ ਚਿਰ ਲੜਨ ਦੇ ਸਮਰੱਥ ਨਹੀਂ ਸਨ। ਇਸ ਕਰਕੇ ਮੁਸਲਮਾਨਾਂ ਨੇ ਕੁਰਾਨ ਦੀਆਂ ਅਤੇ ਪਹਾੜੀ ਰਾਜਿਆਂ ਨੇ ਗਊਆਂ ਦੀਆਂ ਝੂਠੀਆਂ ਸਹੁੰਆਂ ਖਾ ਕੇ ਗੁਰੂ ਗੋਬਿੰਦ ਸਿੰਘ ਕੋਲੋਂ ਅਨੰਦਪੁਰ ਦਾ ਕਿਲ੍ਹਾ ਖਾਲੀ ਕਰਵਾ ਲਿਆ ਅਤੇ ਕਿਹਾ ਕਿ ਉਹ ਮੁੜ ਕੇ ਵਾਰ ਨਹੀਂ ਕਰਨਗੇ ਪਰ ਗੁਰੂ ਜੀ ਜਾਣਦੇ ਸਨ ਕਿ ਇਹ ਮੱਕਾਰ, ਚਾਲਬਾਜ ਲੋਕ ਕਦੇ ਵੀ ਆਪਣੀ ਆਖੀ ਗੱਲ ਤੋਂ ਮੁਕਰ ਸਕਦੇ ਹਨ। ਪਰ ਮਾਤਾ ਗੁਜਰੀ ਜੀ ਅਤੇ ਕੁਝ ਸਿੰਘਾਂ ਦੇ ਕਹਿਣ 'ਤੇ ਗੁਰੂ ਜੀ ਨੇ ਕਿਲ੍ਹਾ ਛੱਡ ਦਿੱਤਾ ਅਤੇ ਰੋਪੜ ਦੇ ਇਲਾਕੇ ਵੱਲ ਨੂੰ ਵਧਣਾ ਸ਼ੁਰੂ ਕਰ ਦਿੱਤਾ। ਅਜੇ ਗੁਰੂ ਜੀ ਦਾ ਵਹੀਰ ਸਰਸਾ ਨਦੀ ਕੰਢੇ ਹੀ ਪਹੁੰਚਿਆ ਸੀ ਕਿ ਪਿੱਛੋਂ ਆ ਰਹੀ ਦੁਸ਼ਮਣ ਦੀ ਫੌਜ਼ ਨੇ ਮੁੜ ਹਮਲਾ ਕਰ ਦਿੱਤਾ।

ਸਰਸਾ ਨਦੀ ਵਿਚ ਉਸ ਵੇਲੇ ਹੜ੍ਹ ਆਇਆ ਹੋਇਆ ਸੀ। ਇਸ ਸਥਾਨ 'ਤੇ ਲਹੂ ਡੋਲਵੀਂ ਟੱਕਰ ਸ਼ੁਰੂ ਹੋਈ। ਬਹੁਤ ਕੀਮਤੀ ਇਤਿਹਾਸ ਸਰਸਾ ਨਦੀ ਵਿਚ ਰੁੜ ਗਿਆ। ਇਸੇ ਹੀ ਸਥਾਨ 'ਤੇ ਗੁਰੂ ਜੀ ਦਾ ਪਰਿਵਾਰ ਖੇਰੂੰ-ਖੇਰੂੰ ਹੋ ਗਿਆ, ਵੱਡੇ ਸਾਹਿਬਜ਼ਾਦੇ, ਪਿਤਾ ਗੁਰੂ ਗੋਬਿੰਦ ਸਿੰਘ ਸਮੇਤ ਕੁਝ ਸਿੰਘਾਂ ਦੇ ਨਾਲ ਚਮਕੌਰ ਵੱਲ ਨੂੰ ਚਲੇ ਗਏ, ਛੋਟੇ ਸਾਹਿਬਜ਼ਾਦੇ ਅਤੇ ਬਿਰਧ ਮਾਂ ਗੁਜਰੀ ਜੀ ਇਕੱਲੇ ਰਹਿ ਗਏ। ਪੋਹ ਦੀ ਰੁੱਤ, ਕਹਿਰਾਂ ਦੀ ਸਰਦੀ-ਦੋ ਛੋਟੇ ਛੋਟੇ ਬਾਲ ਦਾਦੀ ਦੀ ਉਂਗਲੀ ਫੜ ਕੇ ਜੰਗਲਾਂ ਵਿਚ ਦੀ ਹੁੰਦੇ ਹੋਏ ਹਨੇਰੇ ਨੂੰ ਚੀਰਦੇ ਆਪਣੀ ਜ਼ਿੰਦਗੀ ਦੇ ਔਕੜਾਂ ਭਰੇ ਸਫ਼ਰ ਨੂੰ ਤੈਅ ਕਰ ਰਹੇ ਸਨ। ਇੰਜ ਤੁਰਦੇ-ਤੁਰਦੇ ਗੰਗੂ ਬ੍ਰਾਹਮਣ, ਜੋ ਕਿ ਗੁਰੂ ਘਰ ਦਾ ਰਸੋਈਆ ਸੀ, ਦੇ ਪਿੰਡ ਸਹੇੜੀ ਜਾ ਪਹੁੰਚੇ, ਉਹ ਬੱਚਿਆਂ ਅਤੇ ਮਾਤਾ ਗੁਜਰੀ ਜੀ ਨੂੰ ਆਪਣੇ ਘਰੇ ਲੈ ਗਿਆ। ਮਾਤਾ ਜੀ ਕੋਲ ਕੁਝ ਗਹਿਣੇ ਅਤੇ ਕੁਝ ਪੈਸੇ ਇੱਕ ਪੋਟਲੀ ਵਿਚ ਪਾਏ ਹੋਏ ਸਨ। ਬੱਸ ਇਨ੍ਹਾਂ ਗਹਿਣਿਆਂ ਅਤੇ ਹੀਰਿਆਂ ਦੀ ਚਮਕ ਨੇ ਗੰਗੂ ਨੂੰ ਅੰਨ੍ਹਾ ਕਰ ਦਿੱਤਾ ਅਤੇ ਉਹ ਇਨ੍ਹਾਂ ਕੀਮਤੀ ਵਸਤਾਂ ਨੂੰ ਹਾਸਿਲ ਕਰਨ ਲਈ ਹੀਰਿਆਂ ਤੋਂ ਵੀ ਸੋਹਣੇ ਛੋਟੇ ਬੱਚਿਆਂ ਦੀ ਸ਼ਹੀਦੀ ਦਾ ਕਾਰਨ ਬਣਿਆ। ਭਾਵੇਂ ਕਿ ਉਹ ਗੁਰੂ ਘਰ ਦਾ ਰਸੋਈਆ ਸੀ ਪਰ ਸ਼ਾਇਦ ਉਸ ਕੋਲੋਂ ਗੁਰੂ ਦੁਆਰਾ ਸਾਜਿਆ ਖਾਲਸਾ ਜੋ ਨੀਚਾਂ ਨੂੰ ਊਚ ਬਣਾਉਂਦਾ ਸੀ, ਜਿਸ ਨੇ ਚਿਰਾਂ ਤੋਂ ਚੱਲੀ ਆ ਰਹੀ ਬ੍ਰਾਹਮਣਵਾਦ ਦੀ ਰੀਤ ਨੂੰ ਭਸਮ ਕਰ ਦਿੱਤਾ ਸੀ, ਨਾ ਜਰਿਆ ਗਿਆ ਹੋਵੇ ਅਤੇ ਉਸ ਦੇ ਪਾਪੀ ਮਨ ਨੇ ਸਾਜਿਸ਼ ਰਚਣੀ ਸ਼ੁਰੂ ਕਰ ਦਿੱਤੀ ਹੋਵੇ ਅਤੇ ਅਜਿਹਾ ਮੌਕਾ ਗੁਆਉਣਾ ਉਸ ਨੇ ਮੁਨਾਸਿਬ ਨਾ ਸਮਝਿਆ ਹੋਵੇ। ਉਹ ਜਾਤ ਦਾ ਬ੍ਰਾਹਮਣ ਸੀ ਜੋ ਕਿ ਅਜਿਹੀ ਮਾਨਸਿਕਤਾ ਵਿਚ ਪਲਿਆ ਸੀ ਜਿੱਥੇ ਮਜ਼ਲੂਮਾਂ ਅਤੇ ਬੇਕਸੂਰ ਲੋਕਾਂ ਦੀ ਮਜ਼ਬੂਰੀ ਦਾ ਨਾਜਾਇਜ਼ ਫਾਇਦਾ ਉਠਾਇਆ ਜਾਂਦਾ ਹੈ।

ਸਹੇੜੀ ਦੇ ਚੌਧਰੀ ਅਤੇ ਗੰਗੂ ਨੇ ਇਸ ਗੱਲ ਦੀ ਇਤਲਾਹ ਮੋਰਿੰਡੇ ਦੇ ਰੰਘੜ ਨੂੰ ਦਿਤੀ ਕਿਉਂਕਿ ਉਹ ਚਾਹੁੰਦੇ ਸਨ ਕਿ ਗੁਰੂ ਗੋਬਿੰਦ ਸਿੰਘ ਦੇ ਬੱਚਿਆਂ ਅਤੇ ਮਾਤਾ ਨੂੰ ਵਜ਼ੀਰ ਖਾਨ ਕੋਲ ਫੜਾ ਕੇ ਉਹ ਬਹੁਤ ਵੱਡਾ ਇਨਾਮ ਲਿਆ ਜਾਵੇ। ਇਸ ਤਰ੍ਹਾਂ ਉਨ੍ਹਾਂ ਤਿੰਨਾਂ ਨੇ ਮਿਲ ਕੇ ਸਾਹਿਬਜ਼ਾਦਿਆਂ ਨੂੰ ਵਜ਼ੀਰ ਖਾਨ ਦੇ ਬੰਦੀ ਬਣਾ ਦਿੱਤਾ। ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਨੂੰ ਇੱਕ ਰਾਤ ਠੰਡੇ ਬੁਰਜ ਵਿਚ ਰੱਖਿਆ ਗਿਆ, ਉਹ ਬੁਰਜ ਜਿਸ ਨੂੰ ਸਿੱਖ ਇਤਿਹਾਸ ਵਿਚ 'ਚੰਡਾਲ ਬੁਰਜ' ਦੇ ਨਾਂ ਨਾਲ ਜਾਣਿਆ ਜਾਂਦਾ ਹੈ, ਜਿਸ ਦੇ ਚਾਰ ਥੰਮ ਸਨ, ਨਾ ਉਪਰ ਕੋਈ ਛੱਤ ਸੀ, ਲੋਹੇ ਦੇ ਸਰੀਏ ਵਾਲੇ ਵੱਡੇ ਵੱਡੇ ਦਰਵਾਜ਼ੇ ਸਨ। ਪੋਹ ਦੀ ਠੰਡੀ ਹਵਾ ਕਲੇਜਿਆਂ ਨੂੰ ਚੀਰ ਕੇ ਲੰਘ ਰਹੀ ਸੀ ਪਰ ਸਿਦਕ ਦੇ ਪੱਕੇ ਸ਼ਹੀਦ ਦਾਦੇ ਦੇ ਪੋਤੇ ਆਪਣੀ ਦਾਦੀ ਮਾਂ ਦੀ ਨਿੱਘੀ ਬੁੱਕਲ ਦਾ ਅਨੰਦ ਮਾਣ ਰਹੇ ਸਨ। ਮਖਮਲਾਂ 'ਤੇ ਸੌਣ ਵਾਲੇ, ਛੱਤੀ ਪ੍ਰਕਾਰ ਦੇ ਭੋਜਨ ਖਾਣ ਵਾਲੇ ਅੱਜ ਭੁੱਖਣ-ਭਾਣੇ ਠੰਡੇ ਬੁਰਜ ਵਿਚ ਬੈਠੇ ਦਾਦੀ ਮਾਂ ਦੀਆਂ ਬਾਤਾਂ ਸੁਣ ਰਹੇ ਸਨ, ਇਹ ਬਾਤਾਂ ਕੋਈ ਕਲਪਨਾਵਾਂ ਨਹੀਂ ਸਨ, ਸਗੋਂ ਸੱਚ ਦੇ ਰਾਹ 'ਤੇ ਤੁਰੇ ਹੋਏ ਪਾਂਧੀਆਂ ਨੂੰ ਰਸਤੇ ਵਿਚ ਆਉਣ ਵਾਲੀਆਂ ਔਖਿਆਈਆਂ ਅਤੇ ਉਨ੍ਹਾਂ ਔਕੜਾਂ ਨੂੰ ਖਿੜੇ ਮੱਥੇ ਸਹਿਣ ਕਰਨ ਦਾ ਉਪਦੇਸ਼ ਦਿੰਦੀਆਂ ਸਨ। ਦਾਦੀ ਮਾਂ ਸਮਝਾ ਰਹੀ ਸੀ ਕਿ ਬੱਚਿਓ ਦਾਦਾ ਜੀ ਦੀ ਚਿੱਟੀ ਪੱਗ ਨੂੰ ਦਾਗ ਲੱਗਣ ਤੋਂ ਬਚਾਇਓ ਭਾਵੇਂ ਤੁਹਾਡਾ ਸੀਸ ਕੱਟ ਜਾਵੇ। ਦਾਦੀ ਮਾਂ ਦੀਆਂ ਦਿੱਤੀਆਂ ਨਸੀਹਤਾਂ 'ਤੇ ਫੁੱਲ ਚੜ੍ਹਾਉਂਦਿਆਂ ਬੱਚਿਆਂ ਨੇ ਕਿਹਾ ਸੀ, ਸਿਰ ਦੇ ਕੇ ਸਿਦਕ ਬਚਾਵਾਂਗੇ। 24 ਦਸੰਬਰ 1704 ਈ: ਦਾ ਦਿਨ ਚੜ੍ਹਿਆ, ਠੰਡੇ ਬੁਰਜ ਵਿਚੋਂ ਸਾਹਿਬਜ਼ਾਦਿਆਂ ਨੂੰ ਲੈਣ ਲਈ ਸਿਪਾਹੀ ਆਏ। ਇਸ ਸਥਿਤੀ ਦਾ ਵਰਣਨ ਅੱਲਾ ਯਾਰ ਖਾਂ ਜੋਗੀ 'ਸ਼ਹੀਦਾਨਿ ਵਫ਼ਾ' ਵਿਚ ਇਸ ਤਰ੍ਹਾਂ ਕਰਦਾ ਹੈ,

ਜਾਨੇ ਸੇ ਪਹਿਲੇ ਆਓ ਗਲੇ ਸੇ ਲਗਾ ਤੋ ਲੂੰ।
ਕੇਸੋਂ ਕੋ ਕੰਘੀ ਕਰੂੰ ਜਰਾ ਧੁਲਾ ਤੋ ਲੂੰ।
ਪਿਆਰੇ ਸਰੋਂ ਪੇ ਨੰਨ੍ਹੀ ਸੀ ਕਲਗੀ ਸਜਾ ਤੋ ਲੂੰ।
ਮਰਨੇ ਸੇ ਪਹਿਲੇ ਤੁਮ ਕੋ ਦੁਲਹਾ ਬਨਾ ਤੋ ਲੂੰ।

ਸਾਹਿਬਜ਼ਾਦਿਆਂ ਨੂੰ ਵਜ਼ੀਰ ਖਾਨ ਦੀ ਕਚਹਿਰੀ ਵਿਚ ਪੇਸ਼ ਕੀਤਾ, ਸੂਰਮਿਆਂ ਨੇ ਕਚਹਿਰੀ ਵਿਚ ਖਲੋ ਕੇ, ਗੱਜ ਕੇ 'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ' ਬੁਲਾਈ। ਇਹ ਦੇਖ ਕੇ ਸੂਬਾ ਕੰਬ ਉਠਿਆ। ਕਹਿੰਦੇ ਹਨ ਜਿਸ ਦਰਵਾਜ਼ੇ ਰਾਹੀਂ ਸਾਹਿਬਜ਼ਾਦਿਆਂ ਨੂੰ ਕਚਹਿਰੀ ਵਿਚ ਲਿਆਂਦਾ ਗਿਆ ਉਹ ਬਹੁਤ ਨੀਵਾਂ ਸੀ, ਤਾਂ ਕਿ ਜਦੋਂ ਉਹ ਅੰਦਰ ਵੜਨ ਤਾਂ ਉਨ੍ਹਾਂ ਦੀ ਨੀਵੀਂ ਪੈ ਜਾਵੇ ਪਰ ਅਣਖ ਨਾਲ ਜਿਉਣ ਵਾਲੇ ਸੂਰਮਿਆਂ ਦੀ ਧੌਣ ਕਾਇਰਾਂ ਸਾਹਮਣੇ ਨਹੀਂ ਝੁਕ ਸਕਦੀ।

ਸੂਬੇ ਨੇ ਸਾਹਿਬਜ਼ਾਦਿਆਂ ਨੂੰ ਧਰਮ ਤੋਂ ਡੁਲ੍ਹਾਉਣ ਦੇ ਲੱਖਾਂ ਯਤਨ ਕੀਤੇ, ਤਰ੍ਹਾਂ-ਤਰ੍ਹਾਂ ਦੇ ਲਾਲਚ ਦਿੱਤੇ ਤਾਂ ਕਿ ਉਹ ਸਿੱਖ ਧਰਮ ਨੂੰ ਛੱਡ ਕੇ ਇਸਲਾਮ ਕਬੂਲ ਕਰ ਲੈਣ। ਸੂਰਜ ਪ੍ਰਕਾਸ਼ ਦੇ ਕਰਤਾ ਭਾਈ ਸੰਤੋਖ ਸਿੰਘ ਲਿਖਦੇ ਹਨ ਕਿ ਮੋਰਿੰਡੇ ਦੇ ਇੱਕ ਅਹਿਲਕਾਰ ਨੇ ਸਾਹਿਬਜ਼ਾਦਿਆਂ ਨੂੰ ਕਿਹਾ ਕਿ ਤੁਹਾਡੇ ਪਿਤਾ ਜੀ ਅਤੇ ਭਰਾ ਚਮਕੌਰ ਦੀ ਜੰਗ ਵਿਚ ਮਾਰੇ ਗਏ ਹਨ ਸੋ ਤੁਹਾਡਾ ਕੋਈ



ਆਸਰਾ ਨਹੀਂ ਰਿਹਾ। ਜੇਕਰ ਤੁਸੀਂ ਇਸਲਾਮ ਕਬੂਲ ਕਰ ਲਵੋ ਤਾਂ ਵਜ਼ੀਰ ਖਾਨ ਤੁਹਾਡੀ ਰੱਖਿਆ ਕਰ ਸਕਦਾ ਹੈ। ਸੂਰਜ ਪ੍ਰਕਾਸ਼ ਅਨੁਸਾਰ,

ਸਾਹਿਬਜ਼ਾਦਿਓ ਪਿਤਾ ਤੁਹਾਰਾ॥
ਗਢ ਚਮਕੌਰ ਘੇਰ ਗਹਿ ਮਾਰਾ॥
ਤਹਿ ਤੁਮਰੇ ਦੈ ਭ੍ਰਾਤ ਪ੍ਰਹਾਰੇ॥
ਸੰਗੀ ਸਿੰਘ ਸਕਲ ਸੋ ਮਾਰੇ॥

ਅੱਗੋਂ ਸਾਹਿਬਜ਼ਾਦਿਆਂ ਨੇ ਜੁਆਬ ਦਿੱਤਾ,

ਸ੍ਰੀ ਸਤਿਗੁਰੂ ਜੋ ਪਿਤਾ ਹਮਾਰਾ॥
ਜਗ ਮਹਿੰ ਕੌਨ ਸਕੇ ਤਿੰਹ ਮਾਰਾ॥
ਜਿੰਮ ਆਕਾਸ਼ ਕੋ ਕਿਆ ਕੋਈ ਮਾਰਹਿ॥
ਕੌਨ ਅੰਧੇਰੀ ਕੋ ਨਿਰਵਾਰਹਿ॥

ਸੂਬੇ ਦੀ ਗੱਲ ਸੁਣ ਕੇ ਸਾਹਿਬਜ਼ਾਦਿਆਂ ਨੇ ਜੁਆਬ ਦਿੱਤਾ ਕਿ ਸਾਨੂੰ ਤਾਂ ਅਕਾਲ ਪੁਰਖ ਦੇ ਆਸਰੇ ਦੀ ਲੋੜ ਹੈ, ਹੋਰ ਕਿਸੇ ਆਸਰੇ ਦੀ ਲੋੜ ਨਹੀਂ। ਸਾਹਿਬਜ਼ਾਦਿਆਂ ਨੇ ਨਿਡਰ ਹੋ ਕੇ ਕਿਹਾ ਕਿ ਵਜ਼ੀਰ ਖਾਨ ਸੂਰਜ ਪੂਰਬ ਨੂੰ ਛੱਡ ਕੇ ਪੱਛਮ 'ਚੋਂ ਨਿਕਲ ਸਕਦਾ ਹੈ, ਮੱਛੀਆਂ ਪਾਣੀ ਤੋਂ ਬਿਨਾਂ ਜਿੰਦਾ ਰਹਿ ਸਕਦੀਆਂ ਪਰ ਸ਼ੇਰਾਂ ਦੇ ਪੁੱਤ ਤੇਰੀਆਂ ਗਿੱਦੜ ਭਬਕੀਆਂ ਅੱਗੇ ਝੁਕ ਨਹੀਂ ਸਕਦੇ। ਸੂਬੇ ਨੂੰ ਜਦ ਕੋਈ ਗੱਲ ਰਾਹ ਪੈਂਦੀ ਨਾ ਦਿਸੀ ਤਾਂ ਉਹਨੇ ਸਾਹਿਬਜ਼ਾਦਿਆਂ ਨੂੰ ਇੱਕ ਰਾਤ ਹੋਰ ਠੰਡੇ ਬੁਰਜ ਵਿਚ ਰੱਖਣ ਦਾ ਹੁਕਮ ਕੀਤਾ। ਭੁੱਖੇ ਤਿਹਾਏ ਛੋਟੇ ਬੱਚੇ ਦੂਜੇ ਦਿਨ ਬੁਰਜ ਦੀ ਤਸੀਹਿਆਂ ਭਰੀ ਰਾਤ ਪਲ-ਪਲ ਕਰਕੇ ਗੁਜ਼ਾਰ ਰਹੇ ਸਨ। ਇਸ ਸਮੇਂ ਹੀ ਗੁਰੂ ਘਰ ਦਾ ਇੱਕ ਪ੍ਰੇਮੀ ਬਾਬਾ ਮੋਤੀ ਰਾਮ ਮਹਿਰਾ ਜੋ ਕਿ ਵਜ਼ੀਰ ਖਾਨ ਦੇ ਲੰਗਰ ਵਿਚ ਨੌਕਰੀ ਕਰਦਾ ਸੀ, ਦੁੱਧ ਦੀ ਗੜਵੀ ਲੈ ਕੇ ਬੁਰਜ ਵਿਚ ਪਹੁੰਚਿਆ, ਰਸਤੇ ਵਿਚ ਕਿਸੇ ਪਹਿਰੇਦਾਰ ਨੇ ਬਾਬਾ ਜੀ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਤਾਂ ਉਨ੍ਹਾਂ ਨੂੰ ਮੋਹਰਾਂ ਅਤੇ ਪੈਸੇ ਵੀ ਦੇਣੇ ਪਏ। ਮਾਤਾ ਗੁਜਰੀ ਜੀ ਨੇ ਦੁੱਧ ਪੋਤਿਆਂ ਨੂੰ ਛਕਾਇਆ ਅਤੇ ਮੋਤੀ ਮਹਿਰੇ ਦਾ ਧੰਨਵਾਦ ਕੀਤਾ,

ਪਿਖ ਕੇ ਪ੍ਰੇਮ ਸੂ ਮੋਤੀ ਕੇਰਾ॥
ਮਾਤਾ ਕਹਯੋ ਭਲਾ ਹੋਵੈ ਤੇਰਾ॥

ਸਾਹਿਬਜ਼ਾਦਿਆਂ ਦੀ ਦੂਸਰੀ ਪੇਸ਼ੀ 25 ਦਸੰਬਰ 1704 ਈ. ਨੂੰ ਹੋਈ। ਜਦੋਂ ਸਿਪਾਹੀ ਬੱਚਿਆਂ ਨੂੰ ਲੈਣ ਆਏ ਤਾਂ ਦਾਦੀ ਮਾਂ ਨੇ ਲਾਲਾਂ ਦੇ ਮੁੱਖ ਚੁੰਮੇ ਅਤੇ ਉਨ੍ਹਾਂ ਨੂੰ ਸਿਦਕ ਦੇ ਪੱਕੇ ਰਹਿਣ ਦੀ ਪ੍ਰੇਰਨਾ ਦਿੱਤੀ। ਸਾਹਿਬਜ਼ਾਦਿਆਂ ਨੇ ਕਚਹਿਰੀ ਵਿਚ ਜਾ ਕੇ ਗੱਜ ਕੇ ਫਤਿਹ ਬੁਲਾਈ। ਸੂਬੇ ਨੇ ਫਿਰ ਉਹੀ ਇਸਲਾਮ ਕਬੂਲ ਕਰਨ ਦੀ ਪੇਸ਼ਕਾਰੀ ਕੀਤੀ ਪਰ ਸਾਹਿਬਜ਼ਾਦਿਆਂ ਨੇ ਇਸ ਪੇਸ਼ਕਾਰੀ ਨੂੰ ਠੁਕਰਾ ਦਿੱਤਾ। ਵਜ਼ੀਰ ਖਾਨ ਨੇ ਬੱਚਿਆਂ ਤੋਂ ਪੁੱਛਿਆ ਕਿ ਜੇਕਰ ਤੁਹਾਨੂੰ ਛੱਡ ਦਿੱਤਾ ਜਾਵੇ ਤਾਂ ਤੁਸੀਂ ਕੀ ਕਰੋਗੇ, ਤਾਂ ਉਨ੍ਹਾਂ ਜਵਾਬ ਦਿੱਤਾ ਕਿ ਉਹ ਆਪਣੇ ਪਿਤਾ ਜੀ ਵਾਂਗ ਇੱਕ ਸ਼ੇਰਾਂ ਦੀ ਫੌਜ਼ ਤਿਆਰ ਕਰਨਗੇ ਅਤੇ ਤੇਰੇ ਵਰਗੇ ਗਿੱਦੜਾਂ ਦੇ ਤਖ਼ਤ ਤਾਜ਼ ਹਿਲਾ ਕੇ ਰੱਖ ਦੇਣਗੇ। ਸੂਬੇ ਨੇ ਆਪਣੀ ਹਾਰ ਨੂੰ ਛੁਪਾਉਣ ਲਈ ਕਾਜ਼ੀ ਕੋਲੋਂ ਫਤਵਾ ਲਵਾਇਆ, ਕਾਜ਼ੀ ਨੇ ਸ਼ਰ੍ਹਾ ਦੀ ਕਿਤਾਬ ਫੋਲਦਿਆਂ ਕਿਹਾ ਕਿ ਇਨ੍ਹਾਂ ਬਾਗੀ ਦੇ ਪੁੱਤਰਾਂ ਨੂੰ ਜਿਉਂਦਿਆਂ ਨੂੰ ਨੀਹਾਂ ਵਿਚ ਚਿਣ ਦੇਣਾ ਚਾਹੀਦਾ ਹੈ। ਇਹ ਉਹ ਕੁਲਹਿਣੀ ਘੜੀ ਸੀ ਜਿਸ ਨੂੰ ਸੁਣ ਕੇ ਧਰਤੀ ਕੰਬੀ, ਅਸਮਾਨ ਡੋਲਿਆ, ਪੱਥਰ ਮੋਮ ਵਾਂਗ ਪਿਘਲ ਗਏ ਅਤੇ ਹਜ਼ਰਤ ਮੁਹੰਮਦ ਸਾਹਿਬ ਨੇ ਅਰਸ਼ਾਂ 'ਚੋਂ ਖ਼ੂਨ ਦੇ ਅੱਥਰੂ ਵਹਾਏ। ਜਿਸ ਸਮੇਂ ਇਹ ਫੈਸਲਾ ਸੁਣਾਇਆ ਗਿਆ, ਉਸ ਵੇਲੇ ਮਲੇਰਕੋਟਲੇ ਦਾ ਨਵਾਬ ਸ਼ੇਰ ਮੁਹੰਮਦ ਖਾਨ ਵੀ ਉਥੇ ਮੌਜੂਦ ਸੀ। ਉਹ ਉਠ ਖਲੋਤਾ, ਉਹਨੇ 'ਹਾਅ ਦਾ ਨਾਅਰਾ' ਮਾਰਿਆ, ਵਜ਼ੀਰ ਖਾਨ ਬੱਚਿਆਂ ਉਤੇ ਜ਼ੁਲਮ ਕਰਨਾ ਬਹੁਤ ਵੱਡਾ ਪਾਪ ਹੈ, ਇਸਲਾਮ ਇਸ ਪਾਪ ਦੀ ਮਨਜ਼ੂਰੀ ਨਹੀਂ ਦਿੰਦਾ। ਹਾਅ ਦਾ ਇਹ ਨਾਅਰਾ ਸੁਣ ਕੇ ਵਜ਼ੀਰ ਖਾਨ ਦਾ ਮਨ ਕੁਝ ਬਦਲਿਆ ਪਰ ਕੋਲ ਬੈਠੇ ਸੁੱਚਾ ਨੰਦ ਨੇ ਭਾਨੀ ਮਾਰਦਿਆਂ ਕਿਹਾ, "ਵਜ਼ੀਰ ਖਾਨ ਇਨ੍ਹਾਂ ਬੱਚਿਆਂ ਨੂੰ ਜਿਉਂਦੇ ਛੱਡ ਕੇ ਤੂੰ ਸੁੱਖ ਦੀ ਨੀਂਦ ਨਹੀਂ ਸੌਂ ਸਕਦਾ ਕਿਉਂਕਿ ਦੁਸ਼ਮਣ ਨੂੰ ਅਤੇ ਸੱਪ ਨੂੰ ਭੁੱਲ ਜਾਣਾ ਬਹੁਤ ਵੱਡੀ ਗਲਤੀ ਹੈ।" ਬੱਸ ਫਿਰ ਕੀ ਸੀ ਉਹ ਅੰਤਿਮ ਘੜੀ ਆ ਗਈ। ਸਾਹਿਬਜ਼ਾਦਿਆਂ ਨੂੰ ਜਿਉਂਦਿਆਂ ਨੂੰ ਨੀਹਾਂ ਵਿਚ ਚਿਣਿਆ ਜਾਣ ਲੱਗਾ। ਅਜੇ ਕੰਧ ਛਾਤੀ ਤੱਕ ਪਹੁੰਚੀ ਸੀ ਕਿ ਇੱਟਾਂ ਦਾ ਇਹ ਢਾਂਚਾ ਧੜੰਮ ਡਿੱਗ ਪਿਆ। ਸਾਹਿਬਜ਼ਾਦਿਆਂ ਨੂੰ ਬੇਹੋਸ਼ੀ ਦੀ ਹਾਲਤ ਵਿਚ ਹੀ ਜੇਲ੍ਹ ਭੇਜ ਦਿੱਤਾ ਗਿਆ ਅਤੇ ਉਹ ਮੁੜ ਹੋਸ਼ ਵਿਚ ਆ ਗਏ।

ਕੁਝ ਇਤਿਹਾਸਕਾਰਾਂ ਅਨੁਸਾਰ ਤੀਜੀ ਪੇਸ਼ੀ 26 ਦਸੰਬਰ ਨੂੰ ਅਤੇ ਕੁਝ ਮੁਤਾਬਿਕ 27 ਦਸੰਬਰ 1704 ਈ. ਨੂੰ ਹੋਈ। ਇਸਲਾਮ ਧਾਰਨ ਕਰਨ ਦੀ ਰਟ ਮੁੜ ਦੁਹਰਾਈ ਗਈ ਪਰ ਸਾਹਿਬਜ਼ਾਦਿਆਂ ਨੇ ਸਿਦਕ ਦੇ ਪੱਕੇ ਰਹਿਣ ਦਾ ਪ੍ਰਣ ਦੁਹਰਾਇਆ ਅਤੇ ਸੂਬੇ ਨੇ ਆਪਣਾ ਆਖਰੀ ਫੈਸਲਾ ਦਿੱਤਾ ਕਿ ਇਨ੍ਹਾਂ ਬੱਚਿਆਂ ਦੇ ਸਿਰ ਕਲਮ ਕਰ ਦਿੱਤੇ ਜਾਣ। ਸ਼ਾਸ਼ਲ ਬੇਗ ਤੇ ਬਾਸ਼ਲ ਬੇਗ ਨਾਮੀ ਦੋ ਭਰਾਵਾਂ ਨੇ ਸਾਹਿਬਜ਼ਾਦਿਆਂ ਨੂੰ ਕੋਹ-ਕੋਹ ਕੇ ਸ਼ਹੀਦ ਕਰ ਦਿੱਤਾ। ਉਹ ਕਿਹੜੀ ਅੱਖ ਸੀ ਜਿਹੜੀ ਇਹ ਸੁਣ ਕੇ ਨਾ ਰੋਈ ਹੋਵੇ। 'ਪੰਥ ਪ੍ਰਕਾਸ਼' ਦੇ ਕਰਤਾ ਗਿਆਨੀ ਗਿਆਨ ਸਿੰਘ ਲਿਖਦੇ ਹਨ,

ਸ਼ਾਸ਼ਲ ਬੇਗ ਅਰ ਬਾਸ਼ਲ ਬੇਗ॥
ਉਭੈ ਜਲਾਦਨ ਖਿਚ ਕੈ ਤੇਗ॥
ਤਿਸਹੀ ਠਉਰ ਖਰਿਓ ਕੈ ਸੀਸ॥
ਤੁਰਤ ਉਤਾਰੇ ਦੁਸ਼ਟੈਂ ਰੀਸ॥
ਤੇਰਾਂ ਪੋਹ ਥਾ ਮੰਗਲਵਾਰ॥
ਮਚਿਓ ਸ਼ਹਿਰ ਮੇਂ ਹਾਹਾਕਾਰ॥

ਇਸ ਤਰ੍ਹਾਂ ਸਾਹਿਬਜ਼ਾਦਿਆਂ ਨੇ ਸ਼ਹੀਦੀ ਪ੍ਰਾਪਤ ਕੀਤੀ। ਸਾਹਿਬਜ਼ਾਦਿਆਂ ਦੀ ਮੌਤ ਨੀਹਾਂ ਵਿਚ ਦਮ ਘੁੱਟਣ ਕਰਕੇ ਨਹੀਂ ਹੋਈ ਸਗੋਂ ਉਨ੍ਹਾਂ ਦੇ ਸਿਰ ਕਲਮ ਕੀਤੇ ਗਏ। ਇਸ ਦੁਖਦਾਈ ਖਬਰ ਦਾ ਪਤਾ ਜਦੋਂ ਮਾਤਾ ਗੁਜਰੀ ਜੀ ਨੂੰ ਲੱਗਿਆ ਤਾਂ ਉਨ੍ਹਾਂ ਤੋਂ ਇਹ ਸਦਮਾ ਬਰਦਾਸ਼ਤ ਨਹੀਂ ਹੋਇਆ ਤੇ ਉਹ ਵੀ ਜੋਤੀ ਜੋਤ ਸਮਾ ਗਏ। ਪਰ ਇਹ ਧਾਰਨਾ ਬਿਲਕੁਲ ਗਲਤ ਹੈ ਕਿ ਮਾਤਾ ਗੁਜਰੀ ਜੀ ਨੇ ਬੁਰਜ਼ ਤੋਂ ਛਾਲ ਮਾਰ ਕੇ ਆਪਣੀ ਜਾਨ ਦੇ ਦਿੱਤੀ ਕਿਉਂਕਿ ਉਹ ਔਰਤ ਜੋ ਆਪਣੇ ਪਤੀ ਦੇ ਦੇਸ਼ ਕੌਮ ਤੋਂ ਕੁਰਬਾਨ ਹੋਣ ਵੇਲੇ ਨਹੀਂ ਡੋਲੀ ਅਤੇ ਜਿਸ ਨੇ ਆਪਣੇ ਪੋਤਿਆਂ ਨੂੰ ਹੱਥੀਂ ਸ਼ਹੀਦ ਹੋਣ ਲਈ ਤੋਰਿਆ, ਉਹ ਐਨੀ ਬੁਜ਼ਦਿਲ ਨਹੀਂ ਹੋ ਸਕਦੀ ਕਿ ਬੁਰਜ ਤੋਂ ਛਾਲ ਮਾਰ ਕੇ ਆਤਮ ਹੱਤਿਆ ਕਰ ਲਵੇ। ਦੂਸਰਾ, ਸਿੱਖ ਧਰਮ ਵਿਚ ਆਤਮ ਹੱਤਿਆ ਕਰਨਾ ਵਰਜਿਤ ਹੈ। ਇਥੇ ਹੀ ਬੱਸ ਨਹੀਂ, ਕਈ ਇਤਿਹਾਸਕਾਰ ਇਹ ਵੀ ਲਿਖਦੇ ਹਨ ਕਿ ਮਾਤਾ ਗੁਜਰੀ ਜੀ ਨੂੰ ਬੁਰਜ ਤੋਂ ਧੱਕਾ ਦੇ ਦਿੱਤਾ ਗਿਆ ਸੀ। ਪਰ ਇਹ ਗੱਲਾਂ ਇਤਿਹਾਸਕ ਪੱਖ 'ਤੇ ਖਰੀਆਂ ਨਹੀਂ ਉਤਰਦੀਆਂ। ਮਾਤਾ ਜੀ ਬਿਰਧ ਅਵਸਥਾ ਵਿਚ ਸਨ। ਤਿੰਨ-ਚਾਰ ਦਿਨਾਂ ਤੋਂ ਭੁੱਖਣ-ਭਾਣੇ ਠੰਢੇ ਬੁਰਜ ਵਿਚ ਕੈਦ ਸਨ। ਪੋਹ ਦੀ ਠੰਢੀ ਹਵਾ ਅਤੇ ਭੁੱਖ ਨੇ ਹੀ ਸਰੀਰ ਕਾਫੀ ਕਮਜ਼ੋਰ ਕਰ ਦਿੱਤਾ ਸੀ ਤੇ ਇਸੇ ਤਰ੍ਹਾਂ ਉਹ ਵੀ ਆਪਣਾ ਸਰੀਰ ਤਿਆਗ ਗਏ।

ਟੋਡਰ ਮੱਲ ਖੱਤਰੀ ਨੇ ਮੋਹਰਾਂ ਵਿਛਾ ਕੇ ਜ਼ਮੀਨ ਖਰੀਦੀ ਅਤੇ ਤਿੰਨਾਂ ਦੇਹਾਂ ਦਾ ਅੰਤਿਮ ਸੰਸਕਾਰ ਕਰ ਦਿੱਤਾ। ਇਹ ਸ਼ਹੀਦੀ ਸਾਕਾ 13 ਪੋਹ ਸੰਮਤ 1761 ਨੂੰ ਵਾਪਰਿਆ। ਭਾਵੇਂ ਵਜ਼ੀਰ ਖਾਨ ਨੇ ਦੋ ਚਮਕਦੇ ਹੀਰਿਆਂ ਨੂੰ ਬਿਨਾਂ ਕਸੂਰੋਂ ਮਿੱਟੀ ਵਿਚ ਰੋਲ ਦਿੱਤਾ ਪਰ ਉਹ ਸੂਰਮੇ ਤਾਂ ਅਮਰ ਹਨ।

## ਯੋਧੇ ਸ਼ਹੀਦ ਵੱਡੇ ਸਾਹਿਬਜ਼ਾਦੇ

ਅਜੀਤ ਤੇ ਜੁਝਾਰ ਦੋਵੇਂ, ਗੋਬਿੰਦ ਦੇ ਲਾਲ ਦੋਵੇਂ।
ਮੁਲਕ ਅਤੇ ਕੌਮ ਖਾਤਰ, ਜਿੰਦਾਂ ਗਏ ਵਾਰ ਦੋਵੇਂ।
ਲੱਖਾਂ ਸੀ ਫੌਜ ਵੈਰੀ ਦੀ, ਕੱਚੀ ਜਿਹੀ ਗੜ੍ਹੀ ਸੀ,
ਗਿਣਤੀ ਦੇ ਸਿੰਘ ਸਾਰੇ, ਕਹਿਰਾਂ ਦੀ ਘੜੀ ਸੀ।
ਰਸਦ ਤੇ ਦਾਣਾ ਪਾਣੀ, ਬੰਦ ਸੀ ਸਾਰੇ ਪਾਸਿਓਂ,
ਮਾਰੋ ਜਾਂ ਫੜ੍ਹ ਲੋ ਗੋਬਿੰਦ, ਮੁਗ਼ਲਾਂ ਦੀ ਅੜੀ ਸੀ।

ਵਾਰੀ ਵਾਰੀ ਕਰ ਕੇ ਸਿੰਘ ਹੋ ਰਹੇ ਸ਼ਹੀਦ ਸਨ,
ਅਜੇ, ਦੂਰ ਦੁਸ਼ਮਣਾਂ ਦੀ ਪਹੁੰਚ ਕੋਲੋਂ ਗੜ੍ਹੀ ਸੀ।
ਜਾਣਦੇ ਸਨ ਸਾਹਿਬਜ਼ਾਦੇ ਵੈਰੀਆਂ ਦੀ ਮਨਸ਼ਾ ਨੂੰ,
ਹਥ ਜੋੜ ਤੇਗ ਅਜੀਤ ਗੁਰੂ ਜੀ ਅੱਗੇ ਧਰੀ ਸੀ।
ਬਖਸ਼ੋ ਆਗਿਆ ਪਿਤਾ ਜੀ ਜੰਗ ਵਿਚ ਜਾਣ ਦੀ,
ਸ਼ਹੀਦੀਆਂ ਦੀ ਲਾਲੀ ਉਹਦੇ ਮੁੱਖ 'ਤੇ ਚੜ੍ਹੀ ਸੀ।

ਉਠ ਕੇ ਗੁਰਾਂ ਨੇ ਲਾਲ ਸੀਨੇ ਨਾਲ ਲਾ ਲਿਆ,
ਨੇਜ਼ਾ ਤਲਵਾਰ ਢਾਲ ਆਪ ਮੋਢੇ ਉਤੇ ਧਰੀ ਸੀ।
ਹੱਥੀਂ ਆਪਣੇ ਅਜੀਤ ਜੰਗ ਵਿਚ ਘੱਲਿਆ ਏ,
ਅੱਖਾਂ ਵਿਚ ਨਾਮ ਦੀ ਅਗੰਮੀ ਖੁਮਾਰੀ ਚੜ੍ਹੀ ਸੀ।

ਜੰਗ ਦੇ ਮੈਦਾਨ 'ਚ ਯੋਧੇ, ਐਸੀ ਤਲਵਾਰ ਵਾਹੀ,
ਵੈਰੀ ਦੀਆਂ ਸਫਾਂ ਵਿਚ ਪਾਈਆਂ ਚਾ ਭਾਜੜਾਂ।
ਵੱਡੇ ਵੱਡੇ ਖੱਬੀ ਖਾਨ, ਟਿਕੇ ਨਹੀਂ ਤੇਗ ਅਗੇ,
ਜਿਉਂ ਡਿਗਦੇ ਮੁਨਾਰੇ ਭੱਜੇ ਜਾਣ ਵਾਂਗੂ ਇਜੜਾਂ।
ਲਿਸ਼ਕੇ ਜਿਉਂ ਬਿਜਲੀ ਕਾਲੀਆਂ ਘਟਾਵਾਂ ਵਿਚ,
ਲਿਸ਼ਕਦੀ ਸੀ ਤੇਗ ਬੀਰ ਸੂਰਮੇ ਦੀ ਇਸ ਤਰ੍ਹਾਂ।
ਮੂਲੀ ਗਾਜਰ ਵਾਂਗੂ ਵੱਢੇ ਡਿੱਗਣ ਸਿਰ ਵੈਰੀ ਦੇ,
ਨੇਜਾ, ਤਲਵਾਰ, ਢਾਲ ਵਾਹੇ ਉਹਨੇ ਜਿਸ ਤਰ੍ਹਾਂ।
ਸਹਿਮ ਕੇ ਵੈਰੀ ਦਲ ਅੱਗੇ ਸੀ ਭੱਜ ਉਠਿਆ,
ਕੱਖ ਕਾਣ ਹਨੇਰੀ ਅੱਗੇ ਉਡਦਾ ਏ ਜਿਸ ਤਰ੍ਹਾਂ।

ਆਖਰਕਾਰ ਗਿੱਦੜਾਂ ਨੇ, ਘੇਰ ਲਿਆ ਸ਼ੇਰ ਨੂੰ,
ਪੈਂਦੀਆਂ ਨੇ ਗਿਰਝਾਂ ਮੁਰਦਾਰ ਉਤੇ ਜਿਸ ਤਰ੍ਹਾਂ।
ਸੈਂਕੜੇ ਹੀ ਨੇਜੇ, ਕਟਾਰਾਂ ਵਿਨ੍ਹ ਗਏ ਸਰੀਰ ਨੂੰ,
ਪਰੋਂਦੀ ਏ ਮਾਲਣ ਫੁੱਲਾਂ ਦੇ ਹਾਰ ਜਿਸ ਤਰ੍ਹਾਂ।
ਵੱਡਾ ਬਲਕਾਰੀ ਯੋਧਾ ਡਿੱਗਿਆ ਜ਼ਮੀਨ ਉਤੇ,
ਟੁੱਟਦਾ ਏ ਅਕਾਸ਼ ਉਤੇ ਤਾਰਾ ਕੋਈ ਜਿਸ ਤਰ੍ਹਾਂ।
ਵੇਖਿਆ ਗੁਰਾਂ ਨੇ ਲਾਲ ਹੋ ਗਿਆ ਸ਼ਹੀਦ ਜਦੋਂ,
ਛੱਡਿਆ ਜੈਕਾਰਾ ਬਦਲ ਗੱਜਦਾ ਏ ਜਿਸ ਤਰ੍ਹਾਂ।

ਸੁਣਿਆ ਜੁਝਾਰ, ਸ਼ਹੀਦ ਹੋ ਗਿਆ ਵੱਡਾ ਵੀਰ,
ਹੱਥ ਬੰਨ੍ਹ, ਅਰਜ਼ੋਈ ਗੁਰੂ ਪਿਤਾ ਨੂੰ ਗੁਜ਼ਾਰੀ ਏ।
ਆਗਿਆ ਕਰੋ ਪਿਤਾ ਜੀ ਮੈ ਵੀ ਜਾਂਵਾਂ ਜੰਗ ਨੂੰ,
ਅਜੀਤ ਵੀਰ ਪਿਛੋਂ ਸ਼ਹੀਦੀ ਦੀ ਮੇਰੀ ਵਾਰੀ ਏ।
ਸੁਣ ਕੇ ਗੁਰਾਂ ਨੇ ਲਾਲ ਛਾਤੀ ਨਾਲ ਲਾ ਲਿਆ,
ਪਹਿਰੇ ਖਲੋਤੇ ਸਿੰਘ ਨੂੰ ਅਵਾਜ਼ ਗੁਰਾਂ ਮਾਰੀ ਏ।
ਘੋੜਾ ਅਤੇ ਸ਼ਸ਼ਤਰ ਪੰਜੇ ਝਬਦੇ ਲਿਆਉ ਛੇਤੀ,
ਜੁਝਾਰ ਸਿੰਘ ਯੋਧੇ ਕੀਤੀ ਜੰਗ ਦੀ ਤਿਆਰੀ ਏ।
ਆਪ ਪਿਤਾ ਗੁਰੂ ਨੇ ਹੱਥੀਂ ਪੁੱਤ ਤਿਆਰ ਕੀਤਾ,
ਨੇਜਾ, ਤਲਵਾਰ, ਢਾਲ ਸਜਾਈ ਵਾਰੋ ਵਾਰੀ ਏ।
ਲਾੜੀ ਮੌਤ ਵਰਨ ਲਈ ਥਾਪੜਾ ਦੇ ਤੋਰਿਆ ਏ,
ਅੰਗਸੰਗ ਸਹਾਈ ਵਾਹਿਗੁਰੂ ਯੋਧੇ ਬਲਕਾਰੀ ਦੇ।

ਛੱਡ ਕੇ ਜੈਕਾਰਾ ਯੋਧਾ ਵੈਰੀਆਂ 'ਤੇ ਟੁੱਟ ਪਿਆ,
ਜਿਧਰ ਵੀ ਪਿਆ ਵੈਰੀ ਦੇ ਸੱਥਰ ਵਿਛੋੜ ਸੁੱਟੇ।
ਖੰਡਾ-ਤਲਵਾਰ-ਨੇਜਾ-ਢਾਲ ਵਾਹੇ ਵਾਰੋ ਵਾਰੀ,
ਦੁਸ਼ਮਣਾਂ ਦੇ ਲਹੂ, ਵਾਂਗ ਨਿੰਬੂਆਂ ਨਿਚੋੜ ਸੁੱਟੇ।
ਹੈਰਾਨ ਹੋਏ ਵੈਰੀ ਮੂੰਹ 'ਚ ਉਂਗਲਾਂ ਪਾਉਣ ਲੱਗੇ,
ਅਲੂੰਏ ਜਿਹੇ ਮੁੰਡੇ ਹੰਕਾਰ ਯੋਧਿਆਂ ਦੇ ਤੋੜ ਸੁੱਟੇ।
ਅੰਤ ਟਿੱਡੀ ਦਲ ਵਾਂਗੂ ਦੁਸ਼ਮਣਾਂ ਨੇ ਘੇਰ ਲਿਆ,
ਪਾ ਗਿਆ ਸ਼ਹੀਦੀ ਕਰਜੇ ਵੈਰੀਆਂ ਦੇ ਮੋੜ ਸੁੱਟੇ।

ਵੇਖਿਆ ਗੁਰਾਂ ਨੇ ਪੁਤ ਦੂਜਾ ਵੀ ਸ਼ਹੀਦ ਹੋਇਆ,
ਗੱਜ ਕੇ ਜੈਕਾਰਾ ਫਤਿਹ ਦਾ ਬੁਲਾਇਆ ਗੁਰਾਂ।
ਤੇਰੀ ਅਮਾਨਤ ਦਾਤਾ ਤੇਰੇ ਦਰ ਪਹੁੰਚ ਗਈ ਏ,
ਸੁਰਖਰੂ ਹੋਇਆ ਗੋਬਿੰਦ ਸੀਸ ਨਿਵਾਇਆ ਗੁਰਾਂ।

ਦੋਵੇਂ ਵੱਡੇ ਸਾਹਿਬਜ਼ਾਦੇ ਹੱਸ ਸ਼ਹੀਦੀਆਂ ਪਾ ਗਏ,
ਸੰਗਲ ਗੁਲਾਮੀ ਵਾਲੇ ਸਾਡੇ ਗਲਾਂ 'ਚੋਂ ਲਾਹ ਗਏ।
ਅਜੀਤ ਤੇ ਜੁਝਾਰ ਦੋਵੇਂ, ਗੋਬਿੰਦ ਦੇ ਲਾਲ ਦੋਵੇਂ,
ਮੁਲਕ ਤੇ ਕੌਮ ਖਾਤਰ, ਜਿੰਦਗੀ ਗਏ ਵਾਰ ਦੋਵੇਂ।

-ਚੰਨ
ਫੋਨ: 908-788-8427

## ਛਾਤੀ ਅੰਦਰਲੇ ਥੇਹ (15)

# ਕੁੰਢੀਆਂ ਦੇ ਸਿੰਗ ਤੇ ਮੇਰਾ ਦਾਅ

*ਗੁਰਦਿਆਲ ਦਲਾਲ ਬੁਨਿਆਦੀ ਰੂਪ ਵਿਚ ਗਲਪਕਾਰ ਹੈ। ਹੁਣੇ-ਹੁਣੇ ਉਨ੍ਹਾਂ ਦਾ ਵੱਡ-ਆਕਾਰੀ ਨਾਵਲ 'ਪੈੜਾਂ' ਛਪਿਆ ਹੈ। 'ਛਾਤੀ ਅੰਦਰਲੇ ਥੇਹ' ਲੇਖ-ਲੜੀ ਵਿਚ ਉਨ੍ਹਾਂ ਆਪਣੇ ਜੀਵਨ ਅਤੇ ਤਜਰਬੇ ਨੂੰ ਆਧਾਰ ਬਣਾ ਕੇ ਕੁਝ ਗੱਲਾਂ ਵੱਖਰੇ ਢੰਗ ਨਾਲ ਕੀਤੀਆਂ ਹਨ ਜਿਹੜੀਆਂ ਅਸੀਂ ਆਪਣੇ ਪਾਠਕਾਂ ਨਾਲ ਸਾਂਝੀਆਂ ਕਰ ਰਹੇ ਹਾਂ। ਇਨ੍ਹਾਂ ਗੱਲਾਂ ਦੀਆਂ ਤੰਦਾਂ, ਬੰਦੇ ਦੇ ਬੰਦਾ ਹੋਣ ਨਾਲ ਗਹਿਰੀਆਂ ਜੁੜੀਆਂ ਹੋਈਆਂ ਹਨ। ਆਸ ਹੈ, ਧੜਕਦੇ ਦਿਲ ਨਾਲ ਕੀਤੀਆਂ ਇਹ ਗੱਲਾਂ ਪਾਠਕਾਂ ਨੂੰ ਆਪਣੀਆਂ ਹੀ ਗੱਲਾਂ ਲੱਗਣਗੀਆਂ। -ਸੰਪਾਦਕ*

ਸੰਨ 1969 ਵਿਚ ਬੀ.ਐਡ. ਕਰਨ ਮਗਰੋਂ ਮੈਂ ਦੋਰਾਹੇ ਆ ਗਿਆ। ਉਥੇ ਬੇਬੇ ਕਈ ਸਾਲਾਂ ਤੋਂ ਇਕੱਲੀ ਰਹਿ ਰਹੀ ਸੀ। ਸਾਡੇ ਲਈ ਉਸ ਨੇ ਜੋ ਮੁਸੀਬਤਾਂ ਕੱਟੀਆਂ ਸਨ, ਉਨ੍ਹਾਂ ਦਾ ਥੋੜ੍ਹਾ ਬਹੁਤ ਮੁੱਲ ਚੁਕਾਉਣ ਦਾ ਸਮਾਂ ਆ ਗਿਆ ਸੀ ਪਰ ਅਜੇ ਮਹੀਨਾ ਵੀ ਨਹੀਂ ਸੀ ਲੰਘਿਆ ਕਿ ਜੀ.ਏ.ਵੀ. ਹਾਇਰ ਸੈਕੰਡਰੀ ਸਕੂਲ, ਕਾਂਗੜਾ (ਹਿਮਾਚਲ) ਤੋਂ ਨਿਯੁਕਤੀ ਪੱਤਰ, ਬਿਨਾਂ ਇੰਟਰਵਿਊ ਦਿੱਤੇ ਹੀ



**ਗੁਰਦਿਆਲ ਦਲਾਲ**
**ਫੋਨ: 91-98141-85363**

ਘਰ ਪਹੁੰਚਿਆ ਤੇ ਬੇਬੇ ਨੂੰ ਫਿਰ ਇਕੱਲੀ ਛੱਡ ਮੈਂ ਕਾਂਗੜੇ ਜਾ ਕੇ ਜੁਆਇਨ ਕਰ ਲਿਆ। ਸਕੂਲ ਵਾਲਿਆਂ ਨੇ ਵੱਡਾ ਸਾਰਾ ਕੱਚਾ ਮਕਾਨ ਮੁਫਤ ਵਿਚ ਹੀ ਮੈਨੂੰ ਦੇ ਦਿੱਤਾ। ਮੈਂ ਸਟੋਵ ਅਤੇ ਰਸੋਈ ਦਾ ਬਾਕੀ ਸਮਾਨ ਲਿਆ ਕੇ ਰੋਟੀ ਆਪ ਬਣਾਉਣੀ ਸ਼ੁਰੂ ਕਰ ਦਿੱਤੀ ਪਰ ਉਥੇ ਬਹੁਤ ਇਕੱਲ ਸੀ।

ਮੇਰੇ ਗੁਆਂਢ ਵਿਚ ਇਕ ਔਰਤ ਅਤੇ ਉਸ ਦੀਆਂ ਦੋ ਕੁੜੀਆਂ ਰਹਿੰਦੀਆਂ ਸਨ। ਔਰਤ ਕੁੜੀਆਂ ਨੂੰ ਹਮੇਸ਼ਾ ਅੰਦਰ ਤਾੜ ਕੇ ਰੱਖਦੀ। ਮੇਰਾ ਸਮਾਂ ਨਾ ਲੰਘਦਾ ਤਾਂ ਮੈਂ ਖਿਝ ਜਾਂਦਾ। ਮੈਂ ਉਸ ਨੌਕਰੀ ਤੋਂ ਵੀ ਸੰਤੁਸ਼ਟ ਨਹੀਂ ਸਾਂ। ਸਕੂਲ ਵਿਚ ਮਾਸਟਰਾਂ ਦੇ ਦੋ ਧੜੇ ਬਣੇ ਹੋਏ ਸਨ। ਦੋਨੋਂ ਹੀ ਅਲੱਗ-ਅਲੱਗ ਪ੍ਰਿੰਸੀਪਲ ਨਾਲ ਲੜਦੇ ਰਹਿੰਦੇ। ਮੈਂ ਅਖ਼ਬਾਰਾਂ ਵਿਚ ਪੜ੍ਹ ਕੇ ਨਿੱਤ ਹੀ ਨੌਕਰੀਆਂ ਲਈ ਅਰਜ਼ੀਆਂ ਭੇਜਦਾ ਰਹਿੰਦਾ।

ਦਸੰਬਰ ਦੀਆਂ ਛੁੱਟੀਆਂ ਵਿਚ ਮੈਂ ਦੋਰਾਹੇ ਗਿਆ ਤਾਂ ਸੀ.ਆਰ. ਕਾਲਜ ਆਫ ਐਜੂਕੇਸ਼ਨ, ਹਿਸਾਰ (ਹਰਿਆਣਾ) ਤੋਂ ਲੈਕਚਰਾਰ ਦੀ ਪੋਸਟ ਲਈ ਇੰਟਰਵਿਊ ਪੱਤਰ ਆਇਆ ਪਿਆ ਸੀ ਪਰ ਮੈਂ ਇੰਟਰਵਿਊ 'ਤੇ ਜਾਣਾ ਠੀਕ ਨਾ ਸਮਝਿਆ। ਉਥੇ ਨੌਕਰੀ ਮਿਲਣ ਦੀ ਕੋਈ ਸੰਭਾਵਨਾ ਨਹੀਂ ਸੀ। ਫਿਰ ਬੇਬੇ ਵੀ ਚਾਹੁੰਦੀ ਸੀ ਕਿ ਮੈਂ ਨੌਕਰੀ ਪੰਜਾਬ ਵਿਚ ਹੀ ਕਰਾਂ। ਜਿਸ ਦਿਨ ਮੈਂ ਵਾਪਸ ਕਾਂਗੜੇ ਜਾਣਾ ਸੀ, ਉਸੇ ਦਿਨ ਹੀ ਸ਼ਾਮੀਂ ਤਿੰਨ ਵਜੇ ਹਿਸਾਰ ਇੰਟਰਵਿਊ ਸੀ।

ਮੈਂ ਸਵੇਰੇ ਹੀ ਕਾਂਗੜੇ ਜਾਣ ਲਈ ਭਾਰੀ ਟਰੰਕ ਅਤੇ ਬਿਸਤਰਾ ਲੈ ਕੇ ਲੁਧਿਆਣੇ ਬੱਸ ਅੱਡੇ ਵੜਿਆ ਤਾਂ ਉਥੇ ਹਿਸਾਰ ਨੂੰ ਜਾਣ ਵਾਲੀ ਬੱਸ ਲੱਗੀ ਹੋਈ ਸੀ। ਕੰਡਕਟਰ ਨੇ ਦੱਸਿਆ ਕਿ ਬੱਸ ਦੋ ਵਜੇ ਹਿਸਾਰ ਪੁੱਜਦੀ ਹੈ। ਮੈਂ ਹਿਸਾਰ ਇੰਟਰਵਿਊ 'ਤੇ ਜਾਣ ਦਾ ਫੈਸਲਾ ਕਰ ਲਿਆ। ਸਮਾਨ ਉਤੇ ਚੜ੍ਹਾਇਆ ਤੇ ਬੱਸ ਵਿਚ ਜਾ ਬੈਠਾ। ਹਿਸਾਰ ਪੁੱਜ, ਸਾਮਾਨ ਰਿਕਸ਼ੇ ਵਿਚ ਲੱਦਿਆ ਤੇ ਸੀ.ਆਰ. ਕਾਲਜ ਜਾ ਪਹੁੰਚਿਆ। ਇੰਟਰਵਿਊ ਦੇਣ ਲਈ ਕਾਫੀ ਉਮੀਦਵਾਰ ਆਏ ਹੋਏ ਸਨ। ਮੈਂ ਚਪੜਾਸੀ ਨੂੰ ਕਹਿ ਕੇ ਆਪਣਾ ਟਰੰਕ ਅਤੇ ਬਿਸਤਰਾ ਸਟਾਫ ਰੂਮ ਵਿਚ ਹੀ ਰਖਵਾ ਲਿਆ। ਹਰਿਆਣਵੀ ਭਾਈ ਹੱਸਣ ਲੱਗੇ ਤੇ ਮੇਰੀ ਇੰਟਰਵਿਊ ਲੈਣ ਲੱਗ ਪਏ। ਇਕ ਬੋਲਿਆ, "ਭਈ ਸਰਦਾਰ ਜੀ, ਆਪ ਕੀ ਅਪੁਆਇੰਟਮੈਂਟ ਤੋਂ ਪਹਿਲਾਂ ਹੀ ਹੋਈ ਲਾਗੈ ਸੈ।"

"ਹਾਂ-ਹਾਂ ਕਿਉਂ ਨਹੀਂ, ਕੱਲ੍ਹ ਜੁਆਇਨ ਕਰ ਲੇਂਗੇ।" ਮੈਂ ਹੱਸ ਕੇ ਕਿਹਾ।

"ਕਿੱਤਾ ਪੜ੍ਹੇ-ਲਿਖੇ ਹੋ ਸਰਦਾਰ ਜੀ?" ਇਕ ਨੇ ਪੁੱਛਿਆ।

"ਡਬਲ ਐਮ.ਏ. ਐਮ.ਐਡ. ਹੂੰ ਭਾਈ। ਤੀਨ ਸਾਲ ਕਾ ਟਰੇਨਿੰਗ ਕਾਲਜ ਮੈਂ ਪੜ੍ਹਾਨੇ ਕਾ ਐਕਸਪੀਰੀਐਂਸ ਹੈ। ਕਹੀਏ?" ਮੈਂ ਨਿਰਾ ਝੂਠ ਬੋਲਿਆ ਤਾਂ ਪੁੱਛਣ ਵਾਲੇ ਦੀ ਜਿਵੇਂ ਹਵਾ ਹੀ ਨਿਕਲ ਗਈ। ਸਾਰੇ ਚੁੱਪ ਕਰ ਗਏ। ਸ਼ਾਇਦ ਸੋਚਣ ਲੱਗੇ, ਐਨਾ ਪੜ੍ਹਿਆ-ਲਿਖਿਆ ਸ਼ਰੀਕ ਕਿੱਥੋਂ ਆ ਟਪਕਿਆ।

ਇੰਟਰਵਿਊ ਸ਼ੁਰੂ ਹੋਈ ਤਾਂ ਮੈਂ ਬਾਹਰ ਉਮੀਦਵਾਰਾਂ ਵਿਚ ਬੈਠ ਗਿਆ ਤੇ ਆਪਣੀ ਵਾਰੀ ਦੀ ਉਡੀਕ ਕਰਨ ਲੱਗਾ। ਕਾਲਜ ਦੇ ਪ੍ਰਿੰਸੀਪਲ ਬਾਹਰ ਆਏ ਤਾਂ ਕੋਈ ਜਣਾ ਬੋਲਿਆ, "ਇਸ ਬੁੱਢੇ ਕੀ ਚਲਤੀ ਹੈ ਯਹਾਂ। ਜੋ ਕਹੇਗਾ, ਵੋਹੀ ਹੋਗਾ।" ਮੈਂ ਗਹੁ ਨਾਲ ਦੇਖਿਆ, ਉਹ ਤਾਂ ਪ੍ਰੋਫੈਸਰ ਐਸ.ਐਸ. ਭਾਟੀਆ ਸਨ ਜੋ 1964 ਵਿਚ ਸਰਕਾਰੀ ਕਾਲਜ ਰੋਪੜ ਵਿਚ ਪੜ੍ਹਾਉਂਦੇ ਸਨ ਅਤੇ ਮੇਰੇ ਟਿਊਟੋਰੀਅਲ ਗਰੁੱਪ ਦੇ ਇੰਚਾਰਜ ਸਨ। ਬੜੇ ਜ਼ਿੰਦਾ ਦਿਲ, ਲਤੀਫਿਆਂ ਦੀ ਖਾਣ ਤੇ ਹਾਸਿਆਂ ਦੇ ਬਾਦਸ਼ਾਹ। ਉਹ ਨੰਗੇ ਪੈਰੀਂ ਲਾਅਨ ਵੱਲ ਲੰਘ ਗਏ। ਮੈਂ ਉਠਿਆ ਤੇ ਉਨ੍ਹਾਂ ਦੇ ਮਗਰ ਚਲਾ ਗਿਆ। ਉਨ੍ਹਾਂ ਦੇ ਪੈਰ ਛੂਹੇ, ਤੁਆਰਫ਼ ਕਰਵਾਇਆ ਤੇ ਆਉਣ ਦਾ ਮਕਸਦ ਦੱਸਿਆ। ਉਹ ਹੱਸੇ ਤੇ ਬੋਲੇ, "ਕਮਲਿਆ, ਤੂੰ ਐਥੇ ਕਿੱਥੇ ਆ ਗਿਆ। ਐਥੇ ਤੈਨੂੰ ਕੌਣ ਪੁੱਛੂ?"

"ਸਰ, ਤੁਸੀਂ ਵੀ ਤਾਂ ਪੰਜਾਬ ਤੋਂ ਹੀ ਆਏ ਹੋ। ਉਵੇਂ ਮੈਂ ਆ ਗਿਆ। ਸਰ, ਸੁਣ ਲਓ ਗਰੀਬ ਦੀ। ਮਾਰ ਦਿਓ ਕੋਈ ਰੇਖ 'ਚ ਮੇਖ। ਤੁਸੀਂ ਚਾਹੋ ਤਾਂ ਕੀ ਨਹੀਂ ਹੋ ਸਕਦਾ?" ਮੈਂ ਤਰਲਾ ਕੀਤਾ।

"ਅੰਦਰ ਤਾਂ ਭਰਾਵਾ ਜਾਟਾਂ ਦੇ ਭੇੜ ਹੋਣ ਡਹੇ ਆ। ਇਕ ਧੜਾ ਕਹਿੰਦਾ ਏ ਸਾਡਾ ਰੱਖੋ, ਦੂਜਾ ਕਹਿੰਦਾ ਏ ਸਾਡਾ। ਇੰਟਰਵਿਊ ਤਾਂ ਅੱਖਾਂ ਪੂੰਝਣ ਵਾਸਤੇ ਹੀ ਆ। ਤੂੰ ਆਪਣਾ ਨਿਕਲ ਜਾ।" ਉਨ੍ਹਾਂ ਨੇ ਕਿਹਾ ਤੇ ਮੁੜ ਅੰਦਰ ਚਲੇ ਗਏ।

ਮੈਂ ਨਿਰਾਸ਼ਾ ਹੋ ਕੇ ਮੁੜ ਉਮੀਦਵਾਰਾਂ ਵਿਚ ਆ ਬੈਠਾ। ਸੋਚਿਆ, ਵਾਪਸ ਜਾਣ ਦਾ ਤਾਂ ਹੁਣ ਕੋਈ ਟਾਇਮ ਨਹੀਂ ਰਿਹਾ; ਇੰਟਰਵਿਊ ਦੇ ਦਿੰਦੇ ਹਾਂ। ਨਹੀਂ ਰੱਖਦੇ ਨਾ ਰੱਖਣ। ਘਰ ਨੂੰ ਜਾਣ ਤੋਂ ਥੋੜ੍ਹੀ ਰੋਕ ਲੈਣਗੇ।




*ਸੀ.ਆਰ. ਕਾਲਜ ਆਫ਼ ਐਜੂਕੇਸ਼ਨ, ਹਿਸਾਰ ਦੀ ਤਸਵੀਰ ਜਿੱਥੇ ਲੇਖਕ ਨੂੰ ਅਚਾਨਕ ਨੌਕਰੀ ਮਿਲ ਗਈ ਗਈ।*

ਮੇਰੀ ਵਾਰੀ ਆਈ ਤਾਂ ਉਨ੍ਹਾਂ ਸਰਟੀਫਿਕੇਟਾਂ 'ਤੇ ਸਰਸਰੀ ਜਿਹੀ ਨਜ਼ਰ ਘੁਮਾਈ ਤੇ ਮੈਥੋਂ ਅਗਲੇ ਨੂੰ ਸੱਦ ਲਿਆ। ਮੈਂ ਕਾਲਜ ਵਿਚ ਰਾਤ ਕੱਟਣ ਲਈ ਪੰਜ ਰੁਪਏ ਚੌਕੀਦਾਰ ਨੂੰ ਪਹਿਲਾਂ ਹੀ ਫੜਾਏ ਹੋਏ ਸਨ। ਇਸ ਲਈ ਇੰਟਰਵਿਊ ਮੁੱਕਣ ਤੱਕ ਬਾਹਰ ਬੈਠਾ ਰਿਹਾ। ਇੰਟਰਵਿਊ ਖ਼ਤਮ ਹੋਈ ਤਾਂ ਦਫ਼ਤਰ ਵਿਚ ਕਾਫੀ ਸ਼ੋਰ ਮਚ ਗਿਆ। ਜਦੋਂ ਗੱਲ ਕਿਸੇ ਸਿੱਟੇ 'ਤੇ ਨਾ ਪੁੱਜੀ ਤਾਂ ਪ੍ਰਿੰਸੀਪਲ ਨੇ ਦੋਹਾਂ ਧਿਰਾਂ ਨੂੰ ਕਿਹਾ, "ਦੇਖੋ, ਆਪਾਂ ਨੂੰ ਓ.ਟੀ. ਕਲਾਸਾਂ ਪੜ੍ਹਾਉਣ ਲਈ ਪੰਜਾਬੀ ਟੀਚਰ ਦੀ ਵੀ ਲੋੜ ਹੈ। ਦੋਨੋਂ ਪਾਸੇ ਜੋੜੀ ਰੱਖਾਂਗੇ, ਸਰਦਾਰ ਨੂੰ ਰੱਖ ਲਉ।"

ਮੈਨੂੰ ਫਿਰ ਅੰਦਰ ਸੱਦਿਆ ਗਿਆ। ਪ੍ਰਿੰਸੀਪਲ ਨੇ ਮੈਨੂੰ ਪੁੱਛਿਆ ਤਾਂ ਮੈਂ ਕਿਹਾ, "ਸਰ ਪੰਜਾਬੀ ਕੀ, ਤੁਸੀਂ ਜਿਹੜਾ ਮਰਜ਼ੀ ਸਬਜੈਕਟ ਮੈਨੂੰ ਦੇ ਦੇਣਾ। ਮੈਂ ਪੜ੍ਹਾ ਦਿਆਂਗਾ।"

ਕਾਲਜ ਦੇ ਸੈਕਟਰੀ ਡੀ.ਐਸ. ਲਾਂਬਾ (ਜੋ ਮੁੱਖ ਮੰਤਰੀ ਬੰਸੀ ਲਾਲ ਦੇ ਭਰਾ ਲਗਦੇ ਸਨ ਤੇ ਮਗਰੋਂ ਪੰਜਾਬ ਤੇ ਹਰਿਆਣਾ ਹਾਈਕੋਰਟ ਦੇ ਐਡਵੋਕੇਟ ਜਨਰਲ ਵੀ ਬਣੇ) ਮੈਨੂੰ ਇਕ ਪਾਸੇ ਲਿਜਾ ਕੇ ਕਹਿਣ ਲੱਗੇ, "ਮੇਰੇ ਦੋ ਬੱਚੇ ਹਨ, ਕੀ ਤੁਸੀਂ ਮੇਰੀ ਕੋਠੀ ਆ ਕੇ ਉਨ੍ਹਾਂ ਨੂੰ ਪੰਜਾਬੀ ਪੜ੍ਹਨੀ ਲਿਖਣੀ ਸਿਖਾ ਦਿਓਗੇ?"

"ਸਰ, ਜੇ ਨੌਕਰੀ ਦੇ ਦਿਉਗੇ ਤਾਂ ਜ਼ਰੂਰ ਸਿਖਾ ਦਿਆਂਗਾ", ਮੈਂ ਕਿਹਾ।

ਪ੍ਰਿੰਸੀਪਲ ਵੀ ਸਹਿਮਤ, ਸੈਕਟਰੀ ਵੀ ਸਹਿਮਤ। ਦੋਨੋਂ ਧਿਰਾਂ ਠੰਢੀਆਂ ਹੋ ਗਈਆਂ। ਮੇਰਾ ਅਪੁਆਇੰਟਮੈਂਟ ਲੈਟਰ ਟਾਈਪ ਹੋ ਕੇ ਆ ਗਿਆ। ਤਨਖਾਹ ਸੀ 466 ਰੁਪਏ ਮਹੀਨਾ। ਮੈਂ ਭਮੱਤਰ ਗਿਆ ਅਤੇ ਖੁਸ਼ੀ 'ਤੇ ਸਵਾਰ ਹੋ ਕੇ ਬਾਹਰ ਆਇਆ।

ਜੇ.ਬੀ.ਟੀ. ਵਿੰਗ ਦੇ ਇੰਚਾਰਜ ਪ੍ਰੋ. ਡੀ.ਆਰ. ਪਹੂਜਾ ਰਿਕਸ਼ੇ ਵਿਚ ਸਾਮਾਨ ਲਦਵਾ ਕੇ ਮੈਨੂੰ ਆਪਣੇ ਘਰ ਲੈ ਗਏ ਤੇ ਬੋਲੇ, "ਸਰਦਾਰ ਜੀ, ਜਿੰਨੀ ਦੇਰ ਕੋਈ ਵਧੀਆ ਮਕਾਨ ਨਹੀਂ ਮਿਲਦਾ, ਮੇਰੇ ਕੋਲ ਟਿਕ ਜਾਉ।"

ਮੈਂ ਕਾਲਜ ਜਾਣਾ ਸ਼ੁਰੂ ਕੀਤਾ ਤਾਂ ਅੱਧੇ ਮੁੰਡੇ-ਕੁੜੀਆਂ ਉਮਰ ਵਿਚ ਮੈਥੋਂ ਵੱਡੇ। ਕਈ ਤਾਂ ਚਿੱਟੇ ਵਾਲਾਂ ਵਾਲੇ ਬੀ.ਐਡ. ਕਰਨ ਆਏ ਹੋਏ ਸਨ। ਰਤੀਆ ਪਿੰਡ ਦੇ ਕਈ ਸਰਦਾਰ ਅਤੇ ਪੰਜਾਬੀ ਮੁੰਡੇ ਉਸ ਕਾਲਜ ਦੇ ਸਟੂਡੈਂਟ ਸਨ। ਹਰਨੇਕ ਸਿੰਘ ਅਤੇ ਮੁਖਤਿਆਰ ਸਿੰਘ ਮੇਰਾ ਸਾਮਾਨ ਜਬਰੀ ਚੁੱਕ ਕੇ ਸ਼ਹਿਰ ਵਿਚ ਵੱਡੀ ਸਾਰੀ ਹਵੇਲੀ ਵਿਚ ਲੈ ਗਏ ਜਿੱਥੇ ਬੀ.ਐਡ., ਓ.ਟੀ., ਜੇ.ਬੀ.ਟੀ. ਕਰਨ ਵਾਲੇ ਸਾਰੇ ਪੰਜਾਬੀ ਮੁੰਡੇ ਰਹਿੰਦੇ ਸਨ। ਮੈਨੂੰ ਲੱਗਾ ਜਿਵੇਂ ਮੈਂ ਪੰਜਾਬ ਵਿਚ ਆ ਗਿਆ ਹੋਵਾਂ।

ਮੈਂ ਇਸ ਕਾਲਜ ਵਿਚ ਤਿੰਨ ਸਾਲ ਪੜ੍ਹਾਇਆ। ਓ.ਟੀ. ਕਲਾਸ ਦੇ ਚਾਰ ਸੌ ਤੋਂ ਵੱਧ ਮੁੰਡੇ ਕੁੜੀਆਂ ਨੂੰ ਪੰਜਾਬੀ ਪੜ੍ਹਨੀ-ਲਿਖਣੀ ਸਿਖਾਈ। ਮੈਂ ਤਿੰਨੇ ਸਾਲ ਕਾਲਜ ਮੈਗਜ਼ੀਨ ਦੇ ਪੰਜਾਬੀ ਸੈਕਸ਼ਨ ਦਾ ਸੰਪਾਦਕ ਵੀ ਰਿਹਾ। ਸ਼ਾਇਦ ਉਹ ਜ਼ਿੰਦਗੀ ਦਾ ਸਭ ਤੋਂ ਸੁਨਹਿਰੀ ਸਮਾਂ ਸੀ।

***(ਚਲਦਾ)***

# ਪ੍ਰਸ਼ਾਦ (ਦੇਗ)

ਪ੍ਰਸ਼ਾਦ ਦੀ ਸਿੱਖ ਧਰਮ ਵਿਚ ਬਹੁਤ ਅਹਮੀਅਤ ਹੈ। ਗੁਰਬਾਣੀ ਵਿਚ 'ਪਰਸਾਦੁ' ਸ਼ਬਦ ਕਈ ਥਾਂਈਂ ਆਇਆ ਹੈ, ਜਿਸ ਗੁਰੁ ਪੂਰਾ ਪੂਰਾ ਪਰਸਾਦੁ॥੨॥ (ਅੰਗ 1143) ਇਹ ਸਭ ਕੁਝ ਪੂਰਾ ਗੁਰੂ ਹੀ ਕਰਨ ਵਾਲਾ ਹੈ, ਇਹ ਪੂਰੇ ਗੁਰੂ ਦੀ ਹੀ ਮਿਹਰ ਹੋਈ ਹੈ। ਹੋਰ ਵੀ ਪ੍ਰਮਾਣ ਹਨ, 'ਗੁਰ ਪਰਸਾਦੁ ਕਰੇ ਨਾਮੁ ਦੇਵੈ ਨਾਮੇ ਨਾਮਿ ਸਮਾਵਣਿਆ॥੨॥ (ਅੰਗ 130) ਅਰਥਾਤ ਜਿਸ ਮਨੁੱਖ ਉਤੇ ਗੁਰੂ ਕਿਰਪਾ ਕਰਦਾ ਹੈ, ਉਸ ਨੂੰ ਤੇਰਾ ਨਾਮ ਬਖ਼ਸ਼ਦਾ ਹੈ, ਉਹ ਮਨੁੱਖ ਤੇਰੇ ਨਾਮ ਵਿਚ ਹੀ ਮਸਤ ਰਹਿੰਦਾ ਹੈ। ਗੁਰਬਾਣੀ ਵਿਚ ਗੁਰੂ ਦੀ ਕਿਰਪਾ ਨੂੰ ਹੀ ਪ੍ਰਸ਼ਾਦ ਕਿਹਾ ਗਿਆ ਹੈ।

ਸੰਗਤ ਵਿਚ ਪ੍ਰਸ਼ਾਦ ਵਰਤਾਉਣ ਦੀ ਪਰੰਪਰਾ ਗੁਰੂ ਨਾਨਕ ਸਾਹਿਬ ਦੇ ਸਮੇਂ ਤੋਂ ਚਲਦੀ ਦਸਦੇ ਹਨ। ਇਸ ਦਾ ਇਕ ਮਕਸਦ ਸੀ, ਬਿਨਾ ਕਿਸੇ ਭੇਦਭਾਵ ਤੋਂ ਸਾਰੇ ਇਕੱਠੇ ਬੈਠ ਕੇ ਛਕਣ। ਦੂਸਰਾ, ਸਿੱਖ 'ਤੇ ਖੁਸ਼ੀ ਆਏ, ਚਾਹੇ ਗਮੀ-ਸਿੱਖ ਨੇ ਰੱਬ ਦਾ ਭਾਣਾ ਮੰਨ ਕੇ ਪ੍ਰਸ਼ਾਦ ਹੀ ਛਕਣਾ ਹੈ। ਜਦੋਂ ਵੀ ਸਿੱਖ ਗੁਰਦੁਆਰੇ ਆਵੇ, ਪ੍ਰਸ਼ਾਦ ਛਕੇ ਅਤੇ ਵਾਹਿਗੁਰੂ ਦੇ ਗੁਣ ਗਾਵੇ। ਪ੍ਰਸ਼ਾਦ ਦੀ ਪਰੰਪਰਾ ਸਿਰਫ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਸੰਗਤਾਂ ਵਲੋਂ ਸਿਰਫ ਬੈਠ ਕੇ ਛਕਣ ਦੀ ਹੈ। ਹੁਣ ਤੁਸੀਂ ਸੋਚੋਗੇ ਪ੍ਰਸ਼ਾਦ ਭਾਵ ਦੇਗ ਬਾਰੇ ਤਾਂ ਸਭ ਨੂੰ ਪਤਾ ਹੀ ਹੈ, ਇਸ ਬਾਰੇ ਇਹ ਦਸਣ ਦੀ ਕੀ ਜਰੂਰਤ ਸੀ।

ਇਸ ਬਾਰੇ ਚਰਚਾ ਕਰਨੀ ਜਰੂਰੀ ਹੈ ਕਿਉਂਕਿ ਅੱਜ ਕੁਝ ਲੋਕਾਂ ਨੇ ਪ੍ਰਸ਼ਾਦ ਦੀ ਰੂਪ ਰੇਖਾ ਹੀ ਬਦਲ ਦਿਤੀ ਹੈ। ਗੁਰਮਤਿ ਵਿਚ ਸਿਰਫ ਕੜਾਹ ਪ੍ਰਸ਼ਾਦ ਨੂੰ ਹੀ ਪ੍ਰਵਾਨਗੀ ਹੈ ਪਰ ਅਜ ਕਲ ਬਹੁਤੇ ਡੇਰਿਆਂ ਵਿਚ ਮਿਸ਼ਰੀ, ਲੱਡੂ ਅਤੇ ਹੋਰ ਮਿਠਾਈਆਂ ਨੂੰ ਵੀ ਪ੍ਰਸ਼ਾਦ ਆਖ ਕੇ ਵਰਤਾਇਆ ਜਾਂਦਾ ਹੈ। ਕਈ ਡੇਰਿਆਂ ਵਿਚ ਤਾਂ ਸ਼ਰਾਬ ਵੀ ਪ੍ਰਸ਼ਾਦ ਆਖ ਕੇ ਵਰਤਾਈ ਜਾਂਦੀ ਹੈ। ਨਿਹੰਗ ਸਿੰਘ ਭੰਗ ਅਤੇ ਮੀਟ ਨੂੰ ਵੀ ਪ੍ਰਸ਼ਾਦ ਦਾ ਨਾਂ ਦਿੰਦੇ ਹਨ ਜੋ ਗੁਰਮਤਿ ਦੇ ਉਲਟ ਹੈ ਅਤੇ ਪ੍ਰਸ਼ਾਦ ਦੇ ਨਾਂ 'ਤੇ ਸੰਗਤਾਂ ਨਾਲ ਧੋਖਾ ਹੈ। ਅੱਜ ਕੱਲ ਪ੍ਰਸ਼ਾਦ ਦੇ ਨਾਂ 'ਤੇ ਬਹੁਤ ਵੱਡਾ ਧੰਦਾ ਚੱਲ



ਰਿਹਾ ਹੈ। ਬਹੁਤੇ ਸਾਧ ਨਵੇਂ ਡੇਰੇ ਵੱਡੀਆਂ ਸੜਕਾਂ ਦੇ ਨੇੜੇ ਬਣਾਉਂਦੇ ਹਨ। ਇਸ ਦਾ ਕਾਰਨ ਹੈ ਦੇਗ ਅਤੇ ਚਾਹ ਤੋਂ ਵੱਡੀ ਕਮਾਈ। ਡੇਰੇ ਦੇ ਨੇੜੇ ਤੇੜੇ ਇਹ ਗੱਲ ਫੈਲਾ ਦਿਤੀ ਜਾਂਦੀ ਹੈ ਕਿ ਜਿਹੜਾ ਇਥੇ ਰੁਕ ਕੇ ਨਾ ਗਿਆ, ਉਸ ਨੂੰ ਅੱਗੇ ਜਾ ਕੇ ਹਾਦਸਾ ਪੇਸ਼ ਆ ਸਕਦਾ ਹੈ। ਕੀ ਕਦੇ ਅਸੀਂ ਸੋਚਿਆ ਹੈ ਕਿ ਗੁਰੂ ਸਾਡੇ ਨਾਲ ਇਸ ਤਰ੍ਹਾਂ ਕਰ ਸਕਦਾ ਹੈ? ਇਨ੍ਹਾਂ ਠੱਗਾਂ ਨੇ ਗੁਰੂ ਨੂੰ ਇਕ ਡਰਾਉਣ ਵਾਲੀ ਚੀਜ ਬਣਾ ਦਿਤਾ ਹੈ। ਮਿਸਾਲ ਵਜੋਂ ਮੋਗੇ ਨੇੜੇ ਦਾਮੂ ਸ਼ਾਹ ਦੀ ਦਰਗਾਹ, ਜਗਰਾਓਂ ਨੇੜੇ ਨਾਨਕਸਰ-ਜਿਥੇ ਸੜਕ 'ਤੇ ਬੈਰੀਕੇਡ ਲਾ ਕੇ ਜਬਰਦਸਤੀ ਲੋਕਾਂ ਨੂੰ ਰੋਕਿਆ ਜਾਂਦਾ ਹੈ; ਸੰਗਰੂਰ ਨੇੜੇ ਮਸਤੂਆਣਾ ਅਤੇ ਅੰਮ੍ਰਿਤਸਰ ਤੇ ਤਰਨਤਾਰਨ ਵਿਚਕਾਰ ਬਾਬਾ ਦੀਪ ਸਿੰਘ ਦਾ ਗੁਰਦੁਆਰਾ। ਹੋਰ ਅਨੇਕਾਂ ਗੁਰਦੁਆਰਿਆਂ ਬਾਰੇ ਜਿਥੇ ਮਿਥ ਬਣਾਈ ਹੋਈ ਹੈ ਕਿ ਹਰ ਇਕ ਗੱਡੀ ਨੇ ਇਥੇ ਰੁਕ ਕੇ ਜਾਣਾ ਹੈ। ਜਿਹੜਾ ਵੀ ਰੁਕੇ ਦੋ, ਚਾਰ, ਦਸ ਰੁਪਈਏ ਚੜ੍ਹਾ ਕੇ ਵੀ ਜਾਂਦਾ ਹੈ ਅਤੇ ਉਸ ਨੂੰ ਪ੍ਰਸ਼ਾਦ ਵੀ ਦਿਤਾ ਜਾਂਦਾ ਹੈ, ਭਾਵੇਂ ਉਸ ਦਾ ਸਿਰ ਨੰਗਾ ਹੈ, ਭਾਵੇਂ ਉਸ ਨੇ ਜੁਤੀ ਪਾਈ ਹੋਈ ਹੈ। ਉਸ ਨੂੰ ਸੰਗਤੀ ਰੂਪ ਵਿਚ ਬੈਠਣ ਦੀ ਲੋੜ ਨਹੀਂ, ਬੱਸ ਦੂਰੋਂ ਪੈਸੇ ਚਲਾ ਕੇ ਮਾਰੋ ਅਤੇ ਪ੍ਰਸ਼ਾਦ ਲੈ ਕੇ ਖਾਂਦੇ ਜਾਵੋ।

ਇਸ ਤਰ੍ਹਾਂ ਧਰਮ ਦੇ ਨਾਂ 'ਤੇ ਬਹੁਤ ਵੱਡਾ ਗੋਰਖ-ਧੰਦਾ ਚਲਾ ਲਿਆ ਹੈ, ਚਲਾਕ ਲੋਕਾਂ ਨੇ। ਇਕ ਵਾਰ ਅਸੀਂ ਕਿਰਾਏ ਦੀ ਗੱਡੀ ਵਿਚ ਦਿੱਲੀ ਜਾਂਦੇ ਸਾਂ ਅਤੇ ਡਰਾਈਵਰ ਨੇ ਮਸਤੁਆਣਾ ਡੇਰੇ ਅੱਗੇ ਗੱਡੀ ਰੋਕ ਲਈ। ਮੈਂ ਕਿਹਾ, ਕੀ ਹੋਇਆ? ਕਹਿੰਦਾ, ਬਾਈ ਜੀ ਦੇਗ ਕਰਵਾ ਦੇਈਏ। ਇਕ ਛੋਟਾ ਜਿਹਾ ਕਮਰਾ ਬਣਿਆ ਹੋਇਆ ਸੀ। ਨਿਕੀ ਜਿਹੀ ਬਾਰੀ ਵਿਚੋਂ ਡਰਾਈਵਰ ਨੇ ਦਸ ਰੁਪਈਏ ਦਿੱਤੇ ਅਤੇ ਭਾਈ ਨੇ ਪੱਤੇ ਉਪਰ ਥੋੜਾ ਜਿਹਾ ਪ੍ਰਸ਼ਾਦ ਪਾ ਕੇ ਦੇ ਦਿਤਾ। ਮੈਂ ਵੀ ਆਦਤ ਤੋਂ ਮਜਬੂਰ ਪਿਛੇ ਚਲਾ ਗਿਆ ਅਤੇ ਕਿਹਾ ਮੱਥਾ ਟੇਕਣਾ ਹੈ, ਗੁਰੂ ਗ੍ਰੰਥ ਸਾਹਿਬ ਕਿਥੇ ਹੈ? ਕਹਿੰਦਾ, ਬਾਈ ਜੀ, ਉਹ ਤਾਂ ਕਾਫੀ ਪਿਛੇ ਗੁਰਦੁਆਰਾ ਸਾਹਿਬ ਵਿਚ ਹੈ। ਮੈਂ ਭਾਈ ਨੂੰ ਕਿਹਾ, ਫੇਰ ਤੂੰ ਇਥੇ ਦੇਗ ਕਿਹੜੀ ਖੁਸ਼ੀ ਵਿਚ ਦੇਈ ਜਾਂਦਾ ਹੈ? ਜਦੋਂ ਗੁਰੂ ਗ੍ਰੰਥ ਸਾਹਿਬ ਤਾਂ ਇਥੇ ਸੁਸ਼ੋਭਿਤ ਨਹੀਂ ਹਨ। ਉਹ ਮੇਰੇ ਮੂੰਹ ਵੱਲ ਦੇਖੇ। ਅਜਿਹੀਆਂ ਹਜਾਰਾਂ ਮਿਸਾਲਾਂ ਹਨ ਜਿਥੇ ਪ੍ਰਸ਼ਾਦ ਦੁਕਾਨਾਂ ਦੀ ਤਰ੍ਹਾਂ ਵੇਚ ਕੇ ਪੈਸਾ ਕਮਾਇਆ ਜਾ ਰਿਹਾ ਹੈ।

ਹੁਣ ਗੱਲ ਕਰਦੇ ਹਾਂ, ਸ਼੍ਰੋਮਣੀ ਕਮੇਟੀ ਦੇ ਅਧੀਨ ਗੁਰਦੁਆਰਿਆਂ ਵਿਚ ਪ੍ਰਸ਼ਾਦ ਦੇ ਨਾਮ 'ਤੇ ਕੀਤੀ ਜਾਂਦੀ ਕਮਾਈ ਅਤੇ ਘਪਲਿਆਂ ਦੀ। ਜਿਹੜੇ ਇਨ੍ਹਾਂ ਗੁਰਦੁਆਰਿਆਂ ਵਿਚ ਦੇਗ ਦੀਆਂ

## ਕੌੜੀ-ਕੁਸੈਲੀ

ਪਰਚੀਆਂ ਕਟਦੇ ਹਨ, ਉਨ੍ਹਾਂ ਨੇ ਸਿਰਫ ਪਰਚੀਆਂ ਕੱਟ ਕੱਟ ਕੇ ਲੱਖਾਂ ਰੁਪਈਏ ਕਮਾਏ ਹਨ। ਸਵਾਲ ਹੈ, ਪਰਚੀ ਕਟਣ ਵਾਲੇ ਨੇ ਇੰਨੇ ਪੈਸੇ ਕਿਵੇਂ ਕਮਾਏ? ਇਹ ਕਮਾਈ ਇਸ ਤਰ੍ਹਾਂ ਕਰਦੇ ਹਨ ਕਿ ਜੇ ਕਿਸੇ ਨੇ ਸੌ ਰੁਪਈਏ ਦੀ ਦੇਗ ਕਾਰਵਾਈ, ਇਨ੍ਹਾਂ ਨੇ ਸੌ ਦੀ ਇਕ ਪਰਚੀ ਨਹੀਂ ਕੱਟਣੀ, ਦਸਾਂ ਦਸਾਂ ਦੀਆਂ ਨੌਂ ਪਰਚੀਆਂ ਕਟ ਕੇ ਦੇਗ ਦੇ ਵਿਚ ਖੁਭੋ ਦੇਣੀਆਂ ਹਨ। ਪ੍ਰਸ਼ਾਦ ਦੇ ਘਿਓ ਨਾਲ ਲਥ ਪਥ ਇਹ ਪਰਚੀਆ ਪੜ੍ਹਨ ਯੋਗ ਨਹੀ ਰਹਿੰਦੀਆਂ। ਆਪਣੇ ਵਿਚੋਂ ਬਹੁਤੇ ਲੋਕ ਇਧਰ ਧਿਆਨ ਹੀ ਨਹੀਂ ਦਿੰਦੇ। ਜਦੋਂ ਅੱਗੇ ਜਾ ਕੇ ਇਕ ਹੋਰ ਸਿੰਘ ਖੜ੍ਹਾ ਹੁੰਦਾ ਹੈ, ਉਹ ਪਰਚੀਆਂ ਚੁੱਕ ਕੇ ਇਕ ਕੂੜੇਦਾਨ ਵਿਚ ਆਪ ਹੀ ਪਾ ਦਿੰਦਾ ਹੈ। ਹੋ ਗਈ ਨਾ ਦਸ ਰੁਪਈਆਂ ਦੀ ਕਮਾਈ।

ਇਹ ਸਿਰਫ ਇਕ ਮਿਸਾਲ ਹੈ। ਪ੍ਰਸ਼ਾਦ ਦੀਆਂ ਪਰਚੀਆ ਕੱਟਣ ਵਾਲੇ ਹਜਾਰਾਂ ਰੁਪਏ ਜੇਬ ਵਿਚ ਪਾ ਕੇ ਉਠਦੇ ਹਨ, ਹਰ ਰੋਜ। ਹੁਣ ਦਰਬਾਰ ਸਾਹਿਬ ਵਿਚ ਪ੍ਰਸ਼ਾਦ ਭਾਵ ਦੇਗ ਦਾ ਠੇਕਾ ਇਕ ਪ੍ਰਾਈਵੇਟ ਕੰਪਨੀ ਕੋਲ ਹੈ। ਪਹਿਲਾਂ ਜਿਹੜੇ ਲੋਕ ਦਰਬਾਰ ਸਾਹਿਬ ਜਾਂਦੇ ਸੀ, ਜਦੋਂ ਉਹ ਪ੍ਰਸ਼ਾਦ ਲੈ ਕੇ ਜਾਂਦੇ ਤਾਂ ਅੱਗੇ ਖੜ੍ਹਾ ਸੇਵਾਦਾਰ ਅਧੀ ਦੇਗ ਰਖ ਕੇ ਅੱਧੀ ਮੋੜ ਦਿੰਦਾ ਸੀ ਪਰ ਹੁਣ ਜਦੋਂ ਤੁਸੀਂ ਜਾਓਗੇ ਉਹ ਤੁਹਾਨੂੰ ਥੋੜੀ ਜਿਹੀ ਦੇਗ ਵਾਪਸ ਕਰਨਗੇ, ਬਾਕੀ ਰੱਖ ਲੈਣਗੇ ਕਿਉਂਕਿ ਉਹੀ ਦੇਗ ਵਾਪਿਸ ਫੇਰ ਪਰਚੀਆਂ ਕੱਟਣ ਵਾਲਿਆਂ ਕੋਲ ਚਲੀ ਜਾਂਦੀ ਹੈ। ਇਸ ਤਰ੍ਹਾਂ ਦੂਹਰੀ ਕਮਾਈ ਕਰ ਰਹੀ ਹੈ ਇਹ ਕੰਪਨੀ। ਕਰੇ ਵੀ ਕਿਉਂ ਨਾ? ਅਗਲਿਆਂ ਨੇ ਠੇਕਾ ਨਹੀਂ ਦਿੱਤਾ। ਇਹ ਕੰਪਨੀ

***(ਬਾਕੀ ਅਗਲੇ ਸਫੇ 'ਤੇ)***

# ਵੰਡ ਤੋਂ ਬਾਅਦ ਪੰਜਾਬ

## ਯਾਦਾਂ ਦਾ ਨਕਸ਼ਾ

*ਦਸਤਾਵੇਜ਼ੀ ਫਿਲਮਸਾਜ਼ ਅਜੇ ਭਾਰਦਵਾਜ (1964) ਅੱਜਕੱਲ੍ਹ ਦਿੱਲੀ ਵੱਸਦਾ ਹੈ। ਪਿਛਲੇ ਦੋ ਦਹਾਕਿਆਂ ਤੋਂ ਉਹ ਮੀਡੀਆ ਵਿਚ ਧੜੱਲੇ ਨਾਲ ਆਪਣੀ ਹਾਜ਼ਰੀ ਲੁਆ ਰਿਹਾ ਹੈ। ਪੰਜਾਬ ਬਾਰੇ ਉਹਨੇ ਫਿਲਮਾਂ ਦੀ ਤ੍ਰੈਲੜੀ ਤਿਆਰ ਕੀਤੀ ਹੈ। ਇਨ੍ਹਾਂ ਵਿਚ 'ਮਿਲਾਂਗੇ ਬਾਬੇ ਰਤਨ ਦੇ ਮੇਲੇ ਤੇ', 'ਰੱਬਾ ਹੁਣ ਕੀ ਕਰੀਏ' ਅਤੇ 'ਕਿਤੇ ਮਿਲ ਵੇ ਮਾਹੀ' ਸ਼ਾਮਲ ਹਨ। ਉਹਦੀ ਅਤੇ ਉਹਦੀ ਫਿਲਮਸਾਜ਼ੀ ਦੀ ਵਧੇਰੇ ਚਰਚਾ 'ਇਕ ਮਿੰਟ ਕਾ ਮੌਨ' ਫਿਲਮ ਨਾਲ ਹੋਈ ਸੀ। ਇਸ ਲੇਖ ਵਿਚ ਉਸ ਨੇ ਵੰਡ ਦਾ ਦਰਦ ਬਿਆਨ ਕੀਤਾ ਹੈ। -ਸੰਪਾਦਕ*

ਇਹ ਲੇਖ ਦੋ ਕਹਾਣੀਆਂ ਬਾਰੇ ਹੈ ਜੋ ਪੂਰਬੀ ਪੰਜਾਬ ਵਿਚ ਹੋਈ 1947 ਦੀ ਹਿੰਸਾ ਬਾਰੇ ਦੋ ਬੰਦਿਆਂ ਵੱਲੋਂ ਸੁਣਾਈਆਂ ਗਈਆਂ। ਇਨ੍ਹਾਂ ਵਿਚੋਂ ਇਕ ਸਿੱਖ ਅਤੇ ਦੂਜਾ ਮੁਸਲਮਾਨ ਸੀ।

ਪਹਿਲੀ ਕਹਾਣੀ ਜਨਵਰੀ 2003 ਦੀ ਹੈ ਜਦੋਂ ਮੈਂ ਹੈਦਰਾਬਾਦ ਤੋਂ ਏਸ਼ੀਅਨ ਸੋਸ਼ਲ ਫੋਰਮ ਦੇ ਤਿੰਨ ਦਿਨਾਂ ਪ੍ਰੋਗਰਾਮ ਵਿਚ ਸ਼ਿਰਕਤ ਕਰ ਕੇ ਪਰਤ ਰਿਹਾ ਸਾਂ। ਉਥੇ ਮੇਰੀ ਦਸਤਾਵੇਜ਼ੀ ਫ਼ਿਲਮ 'ਏਕ ਮਿੰਟ ਕਾ ਮੌਨ' ਦਿਖਾਈ ਗਈ ਸੀ। ਸਫ਼ਰ ਦੌਰਾਨ ਭੀੜ ਨਾਲ ਭਰੀ ਰੇਲ ਗੱਡੀ ਵਿਚ ਮੈਂ ਮੌਸਮ ਦੀ ਮਾਰ ਨਾਲ ਨਿੱਸਲ ਹੋਏ ਦਰਮਿਆਨੀ ਉਮਰ ਦੇ ਇਕ ਬੰਦੇ ਨੂੰ ਮਿਲਿਆ ਸੀ ਜੋ 'ਸਿੱਧੂ ਰੈਫਰੀਜੇਸ਼ਨ' ਨਾਂ ਹੇਠ ਦੁਕਾਨ ਚਲਾਉਂਦਾ ਸੀ ਅਤੇ ਪੂਰਾ ਏਅਰਕੰਡੀਸ਼ਨ ਪਲਾਂਟ ਸੈੱਟ ਕਰਨਾ ਦਾ



**ਅਜੇ ਭਾਰਦਵਾਜ**

ਮਾਹਿਰ ਸੀ। ਜਿਉਂ ਹੀ ਰੇਲ ਗੱਡੀ ਅਗਾਂਹ ਵਧੀ, ਹਲਕੇ ਜਿਹੇ ਝਟਕੇ ਨੇ ਸਾਨੂੰ ਨਜ਼ਦੀਕ ਸਰਕਾ ਦਿੱਤਾ। ਫਿਰ ਸਾਡੀ ਸਾਂਝੀ ਮਾਤ-ਭਾਸ਼ਾ ਪੰਜਾਬੀ ਨੇ ਸਾਡੇ ਵਿਚਲੇ ਫਾਸਲੇ ਹੋਰ ਘਟਾ ਦਿੱਤੇ। ਜਿਸ ਤਰ੍ਹਾਂ ਕੋਈ ਅਜਨਬੀ ਇਕ ਦੂਜੇ ਨਾਲ ਖੁੱਲ੍ਹਦੇ ਹੀ ਹਨ, ਉਹ ਹੈਦਰਾਬਾਦ ਵਿਚ ਬਿਤਾਈ ਜ਼ਿੰਦਗੀ



*1947: ਨੰਗੇ ਪੈਰੀਂ 'ਉਜਾੜੇ ਦਾ ਭਾਰ' ਢੋਹ ਰਹੇ ਪੰਜਾਬੀ।*

ਬਾਰੇ ਦੱਸਣ ਲੱਗਾ। ਲਾਜ਼ਮੀ ਹੈ ਕਿ ਕਿ ਦੋ ਪੰਜਾਬੀਆਂ ਵਿਚਲੀ ਗੱਲਬਾਤ 1947 ਦੀ ਭਾਰਤ ਦੀ ਵੰਡ ਦੇ ਭੂਤਾਂ ਨਾਲ ਸਾਹਮਣਾ ਕਰਨ ਅੰਦਰ ਵੱਲ ਚਲੀ ਜਾਵੇ। ਸਿੱਧੂ ਨੇ ਮੈਨੂੰ ਦੱਸਿਆ ਕਿ ਕਿਵੇਂ ਉਸ ਦੇ ਚਾਚੇ ਨੇ ਮੁਸਲਮਾਨ ਬੱਚਿਆਂ ਨੂੰ ਮਾਰ ਕੇ ਆਪਣੇ ਬਰਛੇ ਉਤੇ ਟੰਗਿਆ ਸੀ।

"ਮੇਰੇ ਬਾਪ ਨੇ ਉਸ ਨਾਲ ਸਾਰੇ ਨਾਤੇ ਤੋੜ ਲਏ", ਸਿੱਧੂ ਨੇ ਦੱਸਿਆ। ਬਹੁਤ ਲੰਮੀ ਅਤੇ ਔਖੀ ਕਰਨ ਵਾਲੀ ਚੁੱਪ ਤੋਂ ਬਾਅਦ ਸਿੱਧੂ ਨੇ ਆਪਣੀ ਕਹਾਣੀ ਫਿਰ ਛੋਹੀ- "ਮੇਰੇ ਚਾਚੇ ਨੂੰ ਆਪਣੇ ਕੀਤੇ ਦੀ ਬੁਰੀ ਸਜ਼ਾ ਮਿਲੀ। ਉਸ ਦਾ ਕੋਈ ਵੀ ਬੱਚਾ ਨਹੀਂ ਬਚਿਆ। ਜਾਂ ਤਾਂ ਉਸ ਦੇ ਲੂਲੇ ਬੱਚੇ ਪੈਦਾ ਹੋਏ, ਤੇ ਜਾਂ ਜਨਮ ਤੋਂ ਕੁਝ ਘੰਟਿਆਂ ਬਾਅਦ ਮਰ ਗਿਆ।"

ਸਿੱਧੂ ਦੀ ਸੁਣਾਈ ਇਸ ਕਹਾਣੀ ਦੀਆਂ ਗੂੰਜਾਂ, ਸਾਲ ਬਾਅਦ ਮੁੜ ਪੈਣ ਲੱਗੀਆਂ ਜਦੋਂ ਮੈਂ ਦਲਿਤਾਂ ਅਤੇ ਸੂਫ਼ੀਆਂ ਦੀਆਂ ਡੂੰਘੀਆਂ ਤੰਦਾਂ 'ਤੇ ਰੋਸ਼ਨੀ ਪਾਉਣ ਵਾਲੀ ਦਸਤਾਵੇਜ਼ੀ ਫ਼ਿਲਮ 'ਕਿਤੇ ਮਿਲ ਵੇ ਮਾਹੀ' ਬਣਾ ਰਿਹਾ ਸੀ। ਦੱਖਣੀ ਪੰਜਾਬ ਦੇ ਪਿੰਡਾਂ ਵਿਚ ਅਜਿਹੇ ਇਤਿਹਾਸ ਦੀ ਖੋਜ ਲਈ ਘੁੰਮਦਿਆਂ ਇਕ ਦਿਨ ਮੈਨੂੰ ਹਨੀਫ਼ ਮੁਹੰਮਦ ਮਿਲਿਆ ਜਿਸ ਕੋਲ ਪਿੰਡ ਦੀ ਦੇਹਰੀ 'ਤੇ ਬਣੀ ਮਜ਼ਾਰ ਦੁਆਲੇ ਘੁੰਮਦੀ ਵੰਡ ਬਾਰੇ ਅਜਿਹੀ ਹੀ ਕਹਾਣੀ ਸੀ।

ਹਨੀਫ਼ ਮੁਹੰਮਦ ਹਾਈ ਸਕੂਲ 'ਚੋਂ ਚਪੜਾਸੀ ਵਜੋਂ ਸੇਵਾ ਮੁਕਤ ਹੋਇਆ ਸੀ। ਉਹ ਸੱਠਾਂ ਸਾਲਾਂ ਦਾ, ਲੰਮਾ-ਝੰਮਾ, ਗਠੀਲੇ ਜੁੱਸੇ ਵਾਲਾ ਸੀ ਜਿਸ ਦੇ ਚਿਹਰੇ ਉਤੇ ਝੁਰੜੀ ਅਜੇ ਇਕ ਵੀ ਨਹੀਂ ਸੀ ਪਈ। ਉਹਦੀ ਦਾੜ੍ਹੀ ਬੱਗੀ ਸੀ ਅਤੇ ਉਹਨੇ ਸਿਰ ਉਤੇ ਚਿੱਟੀ ਟੋਪੀ ਲਈ ਹੋਈ ਸੀ। ਆਪਣੇ ਚਾਲੀ ਸਾਲਾਂ ਦੇ ਜੀਵਨ ਵਿਚ ਇਹ ਪਹਿਲੀ ਵਾਰ ਸੀ ਕਿ ਮੈਂ ਕੋਈ ਪੰਜਾਬੀ ਮੁਸਲਮਾਨ ਦੇਖਿਆ ਸੀ।

ਪਹਿਲਾਂ ਸਮਾਧ ਦੀ ਕਹਾਣੀ ਹੌਲੀ-ਹੌਲੀ ਹਨੀਫ਼ ਮੁਹੰਮਦ ਦੀ ਕਹਾਣੀ ਬਣ ਗਈ। ਫਿਰ ਪੂਰਬੀ ਪੰਜਾਬ ਦੇ ਪੰਜਾਬੀ ਮੁਸਲਮਾਨਾਂ ਦੀ ਕਹਾਣੀ ਨਾਲ ਬੁਣੀ ਹੋਈ ਹਨੀਫ਼ ਦੀ ਕਹਾਣੀ ਵੰਡ ਦੀ ਕਹਾਣੀ ਬਣ ਗਈ। ਇਹ ਕਹਾਣੀ ਬਿਨਾਂ ਕਿਸੇ ਕੁੜੱਤਣ ਦੇ ਜੋੜੀ ਗਈ ਸੀ ਅਤੇ ਬਹੁਤ ਸਾਰੀਆਂ ਕਹਾਣੀਆਂ ਦਾ ਮਿਸ਼ਰਨ ਵੀ ਸੀ। ਇਹ ਕਹਾਣੀਆਂ 1947 ਵਿਚ ਸ਼ੁਰੂ ਹੋਈਆਂ ਜਦੋਂ ਹਨੀਫ਼ ਪੰਜਾਂ ਵਰ੍ਹਿਆਂ ਦਾ ਸੀ। ਹਨੀਫ਼ ਦਾ ਬਿਰਤਾਂਤ, ਇਹ ਯਾਦ ਕਰਦਿਆਂ ਖਤਮ ਹੋਇਆ ਕਿ 1947 ਵਿਚ ਪੀਰ ਦੀ ਸਮਾਧ ਦਾ ਅਪਮਾਨ ਕਰਨ ਵਾਲੇ ਆਪਣਾ ਮਾਨਸਿਕ ਸੰਤੁਲਨ ਗੁਆ ਕੇ, ਪਾਗਲ ਹੋ ਕੇ ਮਰੇ ਸਨ। ਇਹ ਸਿੱਧੂ ਵਾਲੀ ਕਹਾਣੀ ਦੀ ਹੀ ਗੂੰਜ ਸੀ।

ਇਹ ਦੋ ਕਹਾਣੀਆਂ ਭਾਵੇਂ ਕਿੰਨੀਆਂ ਵੀ ਵੱਖਰੀਆਂ ਹਨ, ਦੋਵੇਂ ਨੈਤਿਕਤਾ ਦੀ ਦੁਹਾਈ ਦਿੰਦੀਆਂ ਹਨ। ਬੁਰਛਾਗਰਦਾਂ ਨੂੰ ਉਨ੍ਹਾਂ ਦੇ ਜਿਉਂਦਿਆਂ ਹੀ ਉਨ੍ਹਾਂ ਦੇ ਕੀਤੇ ਦੀ ਸਜ਼ਾ ਮਿਲ ਗਈ। ਲੋਕ ਇਸ ਇਨਸਾਫ ਦੇ ਗਵਾਹ ਸਨ। ਇਹ ਕਹਾਣੀਆਂ ਮੈਨੂੰ ਜਾਣੀਆਂ-ਪਛਾਣੀਆਂ ਜਿਹੀਆਂ ਲੱਗੀਆਂ, ਕਿਉਂਕਿ ਮੇਰੀ ਯਾਦ ਵਿਚ ਵੀ ਅਜਿਹਾ ਇਕ ਬਿਰਤਾਂਤ ਵੱਸਿਆ ਹੋਇਆ ਸੀ ਜੋ ਮੈਂ ਆਪਣੇ ਬਚਪਨ ਵਿਚ ਪੰਜਾਬ ਵਿਚਲੇ ਆਪਣੇ ਪਿੰਡ ਅਕਾਲਗੜ੍ਹ ਫੇਰੀ ਦੌਰਾਨ ਇਕ ਪਿੰਡ ਵਾਸੀ ਤੋਂ ਸੁਣਿਆ ਸੀ।

ਵੰਡ ਦੌਰਾਨ ਕਾਤਲ ਟੋਲਿਆਂ ਤੋਂ ਬਚਣ ਲਈ ਸਾਡੇ ਪਿੰਡ ਦੇ ਮੁਸਲਮਾਨ, ਮੁਸਲਿਮ ਬਹੁਗਿਣਤੀ ਵਾਲੇ ਗੁਆਂਢੀ ਪਿੰਡ ਹਲਵਾਰੇ ਚਲੇ ਗਏ ਸਨ। ਜਾਣ ਵੇਲੇ ਉਨ੍ਹਾਂ ਨੇ ਆਪਣਾ ਕੀਮਤੀ ਸਮਾਨ ਆਪਣੇ ਹਿੰਦੂ ਸਿੱਖ ਮਿੱਤਰਾਂ ਨੂੰ ਦਿੱਤਾ। ਜਦੋਂ ਉਹ ਕੈਂਪਾਂ ਵਿਚ ਪਹੁੰਚੇ, ਉਨ੍ਹਾਂ ਨੂੰ ਉਨ੍ਹਾਂ ਦਾ ਸਾਮਾਨ ਵਾਪਸ ਕਰ ਦਿੱਤਾ ਗਿਆ ਪਰ ਕੁਝ ਰਾਜਪੂਤ ਮੁਸਲਮਾਨਾਂ ਦੇ ਵਿਸ਼ਵਾਸ ਨੂੰ ਇਕ ਗੁਆਂਢੀ ਪਰਿਵਾਰ ਨੇ ਤੋੜ ਸੁੱਟਿਆ ਅਤੇ ਉਹ ਖਾਲੀ ਹੱਥ ਪਾਕਿਸਤਾਨ ਚਲੇ ਗਏ। ਉਂਝ ਜਿਸ ਪਰਿਵਾਰ ਨੇ ਇਨ੍ਹਾਂ ਲੋਕਾਂ ਨਾਲ ਧੋਖਾ ਕੀਤਾ ਸੀ, ਉਨ੍ਹਾਂ ਨੂੰ ਆਪਣੇ ਕੀਤੇ ਦੀ ਸਜ਼ਾ ਮਿਲੀ। ਪਰਿਵਾਰ ਦੇ ਚਾਰੇ ਭਰਾ ਜੁਆਨੀ ਵਿਚ ਹੀ ਮਰ ਗਏ। ਉਨ੍ਹਾਂ ਦੇ ਬੱਚੇ ਕੰਗਾਲੀ ਵਾਲੇ ਹਾਲਾਤ ਵਿਚ ਪਲੇ। ਪਿੰਡ ਵਾਲੇ ਉਨ੍ਹਾਂ ਨਾਲ ਹਮਦਰਦੀ ਕਰਦੇ ਸਨ, ਪਰ ਪਛਤਾਵੇ ਨਾਲ ਇਹ ਕਹਿੰਦੇ ਸਨ ਕਿ ਇਹ ਮੁਸਲਮਾਨਾਂ ਨਾਲ ਕੀਤੇ ਧੋਖੇ ਦੀ ਸਜ਼ਾ ਹੈ।

ਇਨਸਾਫ ਦੀ ਲੋਕਯਾਨੀ ਧਾਰਨਾ ਪਿਛਲੇ ਸਾਲਾਂ ਦੌਰਾਨ ਆਪਣੀਆਂ ਦਸਤਾਵੇਜ਼ੀ ਫ਼ਿਲਮਾਂ ਦੇ ਸਿਲਸਿਲੇ ਵਿਚ ਮੈਂ ਲੁਧਿਆਣਾ, ਪਟਿਆਲਾ, ਮਾਨਸਾ, ਬਠਿੰਡਾ ਅਤੇ ਸੰਗਰੂਰ ਜ਼ਿਲ੍ਹਿਆਂ ਦੇ ਦਿਹਾਤ ਵਿਚ ਘੁੰਮਿਆ-ਫਿਰਿਆ ਹਾਂ। ਅਕਸਰ ਮੇਰਾ ਅਜਿਹੇ ਲੋਕਾਂ ਨਾਲ ਵਾਹ ਪੈ ਜਾਂਦਾ ਹੈ ਜਿਨ੍ਹਾਂ ਚੋਂ ਬਹੁਤੇ ਵੰਡ ਦੀ ਪੀੜ੍ਹੀ ਵਾਲੇ ਹਨ। ਇਹ ਉਨ੍ਹਾਂ ਲੋਕਾਂ ਦੀ ਹੋਣੀ ਬਾਰੇ ਦੱਸਦੇ ਹਨ ਜਿਨ੍ਹਾਂ ਨੇ 1947 ਦੇ ਕਤਲੇਆਮ ਨੂੰ ਅੰਜ਼ਾਮ ਦਿੱਤਾ ਸੀ। ਛੇ ਦਹਾਕਿਆਂ ਬਾਅਦ ਵੀ ਉਹ ਸਪਸ਼ਟ ਰੂਪ ਵਿਚ ਉਨ੍ਹਾਂ ਘਟਨਾਵਾਂ ਨੂੰ ਯਾਦ ਕਰਦੇ ਹਨ, ਜਿਵੇਂ ਇਹ ਅਜੇ ਕੱਲ੍ਹ ਦੀ ਹੀ ਗੱਲ ਹੋਵੇ। ਉਹ ਨਿੱਘੇ ਰੂਪ ਵਿਚ ਆਪਣੇ ਮੁਸਲਿਮ ਗੁਆਂਢੀਆਂ, ਹਮਜਮਾਤੀਆਂ ਤੇ ਬਚਪਨ ਦੇ ਦੋਸਤਾਂ ਅਤੇ ਇਕੱਠੇ ਬਿਤਾਏ ਸਮੇਂ ਨੂੰ ਯਾਦ ਕਰਦੇ ਹਨ। ਬੜੇ ਦੁੱਖ ਅਤੇ ਅਫ਼ਸੋਸ ਨਾਲ, ਫਿਰ ਉਹ ਯਾਦ ਕਰਦੇ ਹਨ ਕਿ ਕਿਵੇਂ ਉਨ੍ਹਾਂ ਦੇ ਗੁਆਂਢੀਆਂ ਨੂੰ ਜਾਣਾ ਪਿਆ, ਤੇ ਜਾਂ ਕਿਸ ਤਰ੍ਹਾਂ ਉਹ ਬੇਸ਼ਰਮੀ ਨਾਲ ਮਾਰ ਦਿੱਤੇ ਗਏ।

ਬਿਨਾਂ ਸੁਆਲ ਦੀ ਉਡੀਕ ਕੀਤਿਆਂ, ਉਹ ਆਪ ਮੁਹਾਰੇ ਆਪਣੀਆਂ ਗੱਲਾਂ-ਬਾਤਾਂ ਇਹ ਕਹਿ ਕੇ ਮੁਕਾਉਂਦੇ ਹਨ ਕਿ ਕਿਵੇਂ ਕੁਕਰਮੀ ਜੋ ਉਨ੍ਹਾਂ ਦੇ ਭਾਈਚਾਰੇ ਵਿਚੋਂ ਹੀ ਸਨ, ਨੂੰ ਆਪਣੇ ਜੀਵਨ ਵਿਚ ਹੀ ਆਪਣੀਆਂ 1947 ਦੀਆਂ ਕਰਤੂਤਾਂ ਭੁਗਤਣੀਆਂ ਪਈਆਂ। ਉਹ ਇਹ ਦੱਸਣਾ ਕਦੇ ਵੀ ਨਹੀਂ ਭੁੱਲਦੇ ਕਿ ਕਿੰਨੇ ਬੁਰੇ ਢੰਗ ਨਾਲ ਇਨ੍ਹਾਂ ਲੋਕਾਂ ਦੇ ਜੀਵਨ ਦਾ ਅੰਤ ਹੋਇਆ। ਨਾ ਹੀ ਮੈਂ ਕਦੀ ਕਿਸੇ ਨੂੰ ਪੂਰਬੀ ਪੰਜਾਬ ਦੇ ਮੁਸਲਮਾਨਾਂ ਦੀ ਦੁਰਦਸ਼ਾ ਲਈ ਹੋਣੀ ਨੂੰ ਜ਼ਿੰਮੇਵਾਰ ਠਹਿਰਾਉਂਦਿਆਂ ਸੁਣਿਆ ਹੈ। ਨਾ ਹੀ ਮੇਰਾ ਕਿਸੇ ਅਜਿਹੀ ਘਟਨਾ ਨਾਲ ਕਦੀ ਵਾਸਤਾ ਪਿਆ ਹੈ ਜਿੱਥੇ ਲੋਕਾਂ ਨੇ ਮੁਸਲਮਾਨਾਂ ਦੇ ਕਾਤਲਾਂ ਨੂੰ ਵਡਿਆਇਆ ਹੋਵੇ, ਜਾਂ ਉਨ੍ਹਾਂ ਦੇ ਕਾਰਿਆਂ ਕਾਰਨ ਉਨ੍ਹਾਂ ਦੀ ਇਜ਼ਤ ਕੀਤੀ ਹੋਵੇ, ਜਾਂ ਮੌਤਾਂ ਨੂੰ ਸੂਰਮਗਤੀ ਦੇ ਕਾਰਜ ਗਰਦਾਨਿਆ ਹੋਵੇ।

ਇਹ ਗੈਰ-ਰਸਮੀ ਕਹਾਣੀਆਂ ਜਿਹੜੀਆਂ ਲੋਕਯਾਨ ਦੀ ਕਿਸੇ ਵੰਨਗੀ ਵਰਗੀਆਂ ਜਾਪਦੀਆਂ ਹਨ, ਪੰਜਾਬ ਦੇ ਦਿਹਾਤ ਦੇ ਯਾਦ-ਨਕਸ਼ੇ ਉਤੇ ਉੱਕਰੀਆਂ ਪਈਆਂ ਹਨ। ਪੂਰਬੀ ਪੰਜਾਬ ਦੇ ਦਿਹਾਤ ਦੇ ਇਹ ਬਿਰਤਾਂਤ, ਵੰਡ ਦੇ ਬਿਰਤਾਂਤ ਦਾ ਅਨਿੱਖੜ ਹਿੱਸਾ ਬਣ ਚੁੱਕੇ ਹਨ।

ਪਿੰਡ ਵਿਚ ਹਰ ਕੋਈ, ਹਰ ਕਿਸੇ ਨੂੰ ਜਾਣਦਾ ਹੈ। ਪੀੜ੍ਹੀਆਂ ਤੋਂ ਲੋਕ ਇਕੱਠੇ ਰਹਿੰਦੇ ਹਨ। ਅਜਿਹਾ ਕੁਝ ਵੀ ਨਹੀਂ ਜੋ ਇਕ ਦੂਜੇ ਤੋਂ ਲਕੋਇਆ ਜਾ ਸਕੇ। ਇਹੀ ਕਾਰਨ ਹੈ ਕਿ 1947 ਵਿਚ ਕਿਸ ਨੇ ਕੀ-ਕੀ ਕੀਤਾ, ਇਹ ਸਾਰੇ ਲੋਕਾਂ ਦੀ ਜਾਣਕਾਰੀ ਵਿਚ ਹੈ। ਵੰਡ ਵਾਲੀ ਪੀੜ੍ਹੀ ਵੰਡ ਦੀਆਂ ਇਹ ਯਾਦਾਂ ਆਪਣੇ ਸੀਨੇ ਵਿਚ ਸਾਂਭੀ ਬੈਠੀ ਹੈ, ਪਰ ਇਹ ਪੀੜ੍ਹੀ ਹੁਣ ਤੇਜ਼ੀ ਨਾਲ ਖਤਮ ਹੋ ਰਹੀ ਹੈ। ਇਹ ਪੀੜ੍ਹੀ ਵੰਡ ਦੀਆਂ ਯਾਦਾਂ ਅਤੇ ਅੱਜ ਵਿਚਕਾਰ ਇਕ ਵਿਸ਼ੇਸ਼ ਕੜੀ ਹੈ। 1947 ਦੇ ਘੱਲੂਘਾਰੇ ਬਾਰੇ ਉਨ੍ਹਾਂ ਦਾ ਫੈਸਲਾ, ਇਤਿਹਾਸ ਅਤੇ ਸਮਾਜ, ਦੋਹਾਂ ਲਈ ਬਹੁਤ ਮਹੱਤਵਪੂਰਨ ਹੈ ਜਿਸ ਨੂੰ ਅਸੀਂ ਆਪਣੀ ਬਰਬਾਦੀ ਦੀ ਕੀਮਤ 'ਤੇ ਹੀ ਅਣਗੋਲਿਆਂ ਕਰ ਸਕਦੇ ਹਾਂ। ਇਹ ਮੰਨੇ ਜਾਂਦੇ



*1947: ਰਿਫਿਊਜੀ ਕੈਂਪ ਨੇੜਲੀ ਕੰਧ ਉਤੇ ਬੈਠਾ ਇਕ ਬਾਲ।*

ਵਖਰੇਵਿਆਂ ਦੇ ਆਧਾਰ 'ਤੇ ਲੋਕਾਂ ਨੂੰ ਵੰਡਣ ਅਤੇ ਮਾਰਨ ਦੀਆਂ ਕੋਸ਼ਿਸ਼ਾਂ ਖਿਲਾਫ਼ ਇਕ ਤਾਕਤਵਰ ਗਵਾਹੀ ਹੈ। ਇਹ ਗਵਾਹੀ ਹੋਰ ਵੀ ਬਹੁਤ ਜ਼ਿਆਦਾ ਮਹੱਤਵਪੂਰਨ ਹੋ ਜਾਂਦੀ ਹੈ, ਕਿਉਂਕਿ ਪੱਛਮੀ ਏਸ਼ਿਆਈ ਦੇਸ਼ਾਂ ਵਿਚ ਦਸ ਲੱਖ ਬੇਕਸੂਰੇ ਬੱਚਿਆਂ, ਔਰਤਾਂ ਅਤੇ ਮਰਦਾਂ ਜਿਹੜੇ 1947 ਦੇ ਕਤਲੇਆਮ ਵਿਚ ਮਾਰੇ ਗਏ, ਨੂੰ ਯਾਦ ਕਰਨ ਲਈ ਅਜੇ ਵੀ ਕੁਝ ਨਹੀਂ ਕੀਤਾ ਗਿਆ।

ਵੰਡ ਦਾ ਬਿਰਤਾਂਤ ਅਜੇ ਤੱਕ ਬਹੁਤ ਹੱਦ ਤੱਕ ਉੱਥੇ ਸ਼ਕਲ ਅਖਤਿਆਰ ਕਰਦਾ ਹੈ, ਜਿੱਥੇ ਹਿੰਦੂ, ਸਿੱਖ ਅਤੇ ਮੁਸਲਮਾਨ ਪਨਾਹਗੀਰ, 'ਦੂਜੀ' ਧਿਰ ਦੇ ਜ਼ੁਲਮਾਂ ਅਤੇ ਕਤਲੇਆਮਾਂ ਦੇ ਸ਼ਿਕਾਰ ਬਣੇ ਪਰ ਇਹ ਬਿਰਤਾਂਤ ਇਕ ਸੁਆਲ ਉਠਾਉਂਦਾ ਹੈ- ਜੇ ਹਰ ਕੋਈ ਪੀੜਤ ਸੀ, ਤਾਂ ਇਸ ਨੂੰ ਅੰਜ਼ਾਮ ਦੇਣਾ ਵਾਲੇ ਫਿਰ ਕੌਣ ਸਨ? ਭਾਰਤ ਅਤੇ ਪਾਕਿਸਤਾਨ, ਦੋਵੇਂ ਖੰਡਨ ਦੀ ਮਿੱਥ ਵਿਚ ਵਿਸ਼ਵਾਸ ਰੱਖਣਾ ਪਸੰਦ ਕਰਦੇ ਹਨ, ਲੋਕ ਵੀ ਆਪਣੇ ਭਾਈਚਾਰੇ ਦੁਆਰਾ ਕੀਤੇ ਗਏ ਕਤਲੇਆਮਾਂ ਬਾਰੇ ਗੱਲ ਨਹੀਂ ਕਰਨਾ ਚਾਹੁੰਦੇ। ਇਹ ਮਿੱਥ ਦੋਹੀਂ ਪਾਸੀਂ ਉਸਰੇ ਕੌਮਵਾਦੀ ਪ੍ਰਵਚਨ ਦੇ ਐਨ ਮੇਚ ਆਉਂਦੀ ਹੈ। ਕੁਕਰਮੀ ਸਦਾ ਹੀ 'ਦੂਜਾ' ਭਾਈਚਾਰਾ ਹੁੰਦਾ ਹੈ। ... ਤੇ ਇਸੇ ਤਰਜ਼ 'ਤੇ ਦੂਜਾ ਦੇਸ਼। ਹਿੰਦੂਆਂ ਅਤੇ ਸਿੱਖਾਂ ਲਈ ਮੁਸਲਮਾਨ ਤੇ ਪਾਕਿਸਤਾਨ, ...ਤੇ ਪਾਕਿਸਤਾਨ ਦੇ ਮੁਸਲਮਾਨਾਂ ਲਈ ਹਿੰਦੂ ਤੇ ਸਿੱਖ, ਅਤੇ ਭਾਰਤ। ਨਤੀਜੇ ਵਜੋਂ, ਪਿਛਲੇ ਸਾਢੇ ਛੇ ਦਹਾਕਿਆਂ ਵਿਚ ਨਫ਼ਰਤ ਦੀ ਮਧਾਣੀ ਆਟੋ ਮੋਡ 'ਤੇ ਲੱਗੀ ਹੈ।

ਵੰਡ ਦੇ ਮਸਲੇ ਨਾਲ ਦੋ-ਚਾਰ ਹੁੰਦਿਆਂ, ਸ਼ਾਇਦ ਇਹ ਯਾਦ ਰੱਖਣਾ ਜ਼ਰੂਰੀ ਹੋਵੇਗਾ ਕਿ ਭਾਰਤ ਅਤੇ ਪਾਕਿਸਤਾਨ ਨੇ ਨਿਊਰਮਬਰਗ ਟਰਾਇਲ ਜਾਂ ਹਾਲੋਕਾਸਟ ਤੋਂ ਬਾਅਦ ਦੇ ਜਰਮਨੀ ਦੇ ਕਤਲੇਆਮ ਦਾ ਸ਼ਿਕਾਰ ਬਣੇ ਲੋਕਾਂ ਜਿਹੀ ਕੋਈ ਘਟਨਾ ਦਾ ਤਜਰਬਾ ਨਹੀਂ ਹੋਇਆ। ਤਬਾਹੀ ਤੋਂ ਬਾਅਦ ਦੇ ਜਰਮਨੀ ਦੇ ਬਿਲਕੁਲ ਉਲਟ, ਭਾਰਤ ਵਿਚ ਵੰਡ ਦੇ ਕਤਲੇਆਮ ਨੂੰ ਕਦੇ ਵੀ ਯਾਦ ਨਹੀਂ ਕੀਤਾ ਗਿਆ। ਜਨਤਕ ਥਾਵਾਂ 'ਤੇ ਇਸ ਨੂੰ ਯਾਦ ਕਰਦੀ ਕੋਈ ਕਲਾਕ੍ਰਿਤੀ ਨਹੀਂ ਬਣਾਈ ਗਈ। ਇਹ ਯਕੀਨੀ ਬਣਾਉਣ ਲਈ ਕੋਈ ਅਜਾਇਬ ਘਰ ਨਹੀਂ ਉਸਾਰਿਆ ਗਿਆ ਤਾਂ ਕਿ ਅਸੀਂ ਇਸ ਨੂੰ ਆਸਾਨੀ ਨਾਲ ਭੁੱਲ ਨਾ ਸਕੀਏ। ਇਸ ਲਈ, ਜਥੇਬੰਦ ਅਤੇ ਸਮਾਜਕ ਰੂਪ ਵਿਚ ਲੋਕਾਂ ਨੂੰ ਕਦੇ ਵੀ ਪੜ੍ਹਾਇਆ, ਸਮਝਾਇਆ, ਪ੍ਰੇਰਿਤ ਅਤੇ ਤਿਆਰ ਨਹੀਂ ਕੀਤਾ ਗਿਆ ਕਿ ਉਨ੍ਹਾਂ ਜਾਂ ਉਨ੍ਹਾਂ ਦੇ ਭਾਈਚਾਰੇ ਦੁਆਰਾ 1947 ਵਿਚ ਕੀਤੇ ਗਏ ਕਤਲੇਆਮ ਨਾਲ ਅੱਖਾਂ ਵਿਚ ਅੱਖਾਂ ਪਾ ਕੇ ਦੇਖ ਸਕਣ।

ਜਰਮਨੀ ਕੋਲ 1960ਵਿਆਂ ਦੀ ਵਿਦਿਆਰਥੀ ਲਹਿਰ ਹੈ ਜਦੋਂ ਖਾਣੇ ਦੇ ਮੇਜ਼ 'ਤੇ ਬੱਚੇ ਆਪਣੇ ਮਾਪਿਆਂ ਨਾਲ ਯਹੂਦੀਆਂ ਦੀਆਂ ਮੌਤਾਂ ਅਤੇ ਗਾਇਬ ਹੋਣ ਵਿਚ ਨਿਭਾਏ ਰੋਲ ਲਈ ਖਹਿਬੜੇ ਸਨ। ਦੱਖਣੀ ਅਫ਼ਰੀਕਾ ਕੋਲ ਆਪਣਾ 'ਸੱਚ ਅਤੇ ਮੇਲਜੋਲ ਕਮਿਸ਼ਨ' ਹੈ ਜਿਸ ਨੇ ਲੋਕਾਂ ਨੂੰ ਇਕ ਦੂਜੇ ਦੇ ਨੇੜੇ ਲਿਆਂਦਾ ਹੈ, ਪੀੜਤਾਂ ਅਤੇ ਜ਼ੁਲਮੀਆਂ ਦੋਹਾਂ ਨੂੰ ਹੀ। ਭਾਰਤ ਵਿਚ, ਇਕ ਸਮਾਜ ਵਜੋਂ ਇਸ ਨਾਲ ਮਿਲਦੀ-ਜੁਲਦੀ ਕੋਈ ਚੀਜ਼ ਨਹੀਂ ਮਿਲਦੀ; ਸਗੋਂ ਅਸੀਂ ਹਿੰਸਾ ਦੀ ਇਕ ਪੂਰੀ ਕੜੀ ਨੂੰ ਖਾਮੋਸ਼ੀ ਦੀ ਕੰਧ ਨਾਲ ਬੰਦ ਕਰ ਦਿੱਤਾ ਹੈ।

ਇਨ੍ਹਾਂ ਸਾਰੇ ਸਮਾਜਕ ਤਜਰਬਿਆਂ ਤੋਂ ਸੱਖਣੇ, ਲੋਕਾਂ ਦਾ ਵੱਡਾ ਹਿੱਸਾ ਹਾਲੇ ਵੀ 1947 ਵਿਚ ਉਨ੍ਹਾਂ ਦੇ ਭਾਈਚਾਰਿਆਂ ਵਲੋਂ ਕੀਤੀ ਗਈ ਹਿੰਸਾ ਨੂੰ ਖਾਰਜ ਕਰਦਾ ਹੈ। ਉਹ ਹਿੰਸਾ ਦੇ ਆਪਣੇ ਕਾਰਨਾਮਿਆਂ ਨੂੰ ਨਹੀਂ ਭੁੱਲਦੇ ਅਤੇ ਨਾ ਹੀ ਉਹ ਉਨ੍ਹਾਂ ਦੀ ਨਿਖੇਧੀ ਕਰਦੇ ਹਨ ਜਾਂ ਉਨ੍ਹਾਂ ਨੂੰ ਬੇਦਖਲ ਕਰਦੇ ਹਨ। ਇਸ ਦੀ ਥਾਂ ਉਹ ਆਪਣੇ ਕਰਮਾਂ ਨੂੰ ਕਬੂਲਦੇ ਹਨ, ਅਫਸੋਸ ਤੇ ਪਛਤਾਵਾ ਕਰਦੇ ਹਨ। ਇਹ ਸਭ ਕੁਝ ਉਹ ਅਜਿਹੀ ਭਾਸ਼ਾ ਵਿਚ ਕਰਦੇ ਹਨ ਜੋ ਪੂਰੀ ਤਰ੍ਹਾਂ ਨਾ਼ਲ ਉਨ੍ਹਾਂ ਦੀ ਆਪਣੀ ਹੈ, ਆਪਣੇ ਵਿਲੱਖਣ ਰਵਾਇਤੀ ਅਤੇ ਸਭਿਆਚਾਰਕ ਢੰਗ ਨਾਲ; ਇਕ ਅਜਿਹੀ ਭਾਸ਼ਾ ਜਿਸ ਨੂੰ ਅਕਾਦਮਿਕਤਾ ਦੇ ਦਰਸ਼ਨੀ ਦਰਵਾਜ਼ਿਆਂ ਨੇ ਅਣਗੌਲਿਆਂ ਕੀਤਾ ਹੋਇਆ ਹੈ। ਫਿਰ ਵੀ ਇਹ ਪੰਜਾਬੀ ਲੋਕਾਂ ਦੀ 1947 ਦੇ ਕਤਲੇਆਮ ਦੇ ਖਿਲਾਫ਼ ਸਭ ਤੋਂ ਤਾਕਤਵਰ ਜਥੇਬੰਦਕ ਹੁੰਗਾਰਾ ਦਿਖਾਈ ਦਿੰਦੀ ਹੈ।

# ਪ੍ਰਸ਼ਾਦ (ਦੇਗ)

*(ਪਿਛਲੇ ਸਫੇ ਦੀ ਬਾਕੀ)*

ਦੇਗ ਵੀ ਇਸ ਤਰ੍ਹਾਂ ਤਿਆਰ ਕਰਦੀ ਹੈ ਕਿ ਪਹਿਲਾਂ ਆਟਾ ਪੂਰੀ ਤਰ੍ਹਾਂ ਬਿਨਾ ਘਿਓ ਤੋਂ ਹੀ ਭੁੰਨਦੇ ਹਨ, ਅਖੀਰ ਵਿਚ ਘਿਓ ਪਾਉਂਦੇ ਹਨ। ਇਸ ਤਰ੍ਹਾਂ ਆਟਾ ਜਿਆਦਾ ਘਿਓ ਨਹੀਂ ਪੀਂਦਾ। ਤੁਸੀਂ ਦੇਖਿਆ ਹੋਵੇਗਾ ਕਿ ਦੇਗ ਵਿਚ ਘਿਓ ਅਲੱਗ ਹੀ ਫਿਰਦਾ ਹੁੰਦਾ ਹੈ। ਸਾਨੂੰ ਲਗਦਾ ਹੈ, ਦੇਖੋ ਦੇਗ ਵਿਚ ਕਿੰਨਾ ਘਿਓ ਹੈ? ਅਸਲ ਵਿਚ ਇਹ ਟ੍ਰਿਕ ਹੈ ਘਿਓ ਦੀ ਬਚਤ ਕਰਨ ਦਾ। ਇਸ ਤਰ੍ਹਾਂ ਸ਼੍ਰੋਮਣੀ ਕਮੇਟੀ ਨੇ ਪੈਸਾ ਕਮਾਉਣ ਦੀ ਖਾਤਿਰ ਇਹ ਠੇਕਾ ਦਿਤਾ ਹੋਇਆ ਹੈ। ਹੁਣ ਤਾਂ ਹਿੰਦੂ ਤੀਰਥ ਸਥਾਨਾਂ ਦੀ ਤਰ੍ਹਾਂ ਪਿੰਨੀ ਪ੍ਰਸ਼ਾਦ ਵੀ ਵੇਚਿਆ ਜਾ ਰਿਹਾ ਹੈ ਅਤੇ ਜੇ ਕਿਸੇ ਨੇ ਡਾਕ ਰਾਹੀਂ ਪ੍ਰਸ਼ਾਦ ਮੰਗਵਾਉਣਾ ਹੈ, ਉਹ ਵੀ ਮੰਗਵਾਇਆ ਜਾ ਸਕਦਾ ਹੈ।

ਜਿਸ ਮਕਸਦ ਵਾਸਤੇ ਬਾਬੇ ਨਾਨਕ ਨੇ ਪ੍ਰਸ਼ਾਦ ਦੀ ਪਰੰਪਰਾ ਚਲਾਈ ਸੀ, ਉਸ ਨੂੰ ਧਰਮ ਦੇ ਇਨ੍ਹਾਂ ਠੇਕੇਦਾਰਾਂ ਨੇ ਕਮਾਈ ਦਾ ਸਾਧਨ ਬਣਾ ਲਿਆ ਹੈ। ਪ੍ਰਸ਼ਾਦ ਦਾ ਉਹੀ ਹੈ ਜੋ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਸੰਗਤੀ ਰੂਪ ਵਿਚ ਵਰਤੇ। ਸੜਕਾਂ ਤੋਂ ਖਰੀਦਿਆ ਪ੍ਰਸ਼ਾਦ ਨਹੀਂ, ਇਕ ਮਿਠਾਈ ਹੈ, ਹੋਰ ਕੁਝ ਨਹੀਂ। ਸੰਗਤਾਂ ਨੂੰ ਬੇਨਤੀ ਹੈ, ਇਸ ਨੂੰ ਵਹਿਮ ਜਾਂ ਕਰਮਕਾਂਡ ਨਾ ਬਣਾਓ ਅਤੇ ਇਨ੍ਹਾਂ ਚੀਜਾਂ ਪਿਛੇ ਆਪਣੀ ਲੁਟ ਨਾ ਕਰਵਾਓ। ਸਾਡਾ ਮਕਸਦ ਪ੍ਰਸ਼ਾਦ 'ਤੇ ਕਿੰਤੂ ਕਰਨਾ ਨਹੀਂ, ਸਿਰਫ ਸੰਗਤਾਂ ਨੂੰ ਜਾਣਕਾਰੀ ਦੇਣਾ ਹੈ ਕਿ ਕਿਸ ਤਰ੍ਹਾਂ ਧਰਮ ਦੇ ਪੁਜਾਰੀ ਗੁਰੂ ਵਲੋਂ ਦਿਤੀ ਹਰ ਇਕ ਚੀਜ ਨੂੰ ਕਰਮਕਾਂਡ ਬਣਾ ਕੇ ਲੋਕਾਂ ਦੇ ਦਿਲਾਂ ਵਿਚ ਵਹਿਮ-ਭਰਮ ਬਿਠਾ ਕੇ ਕਮਾਈ ਕਰਦੇ ਹਨ। ਸਾਡਾ ਉਦੇਸ਼ ਹੈ, ਲੋਕਾਂ ਨੂੰ ਕਹਿਣਾ-ਜਾਗਦੇ ਰਹੋ ਜਾਗਦੇ ਰਹੋ।

***-ਦਲਜੀਤ ਸਿੰਘ ਇੰਡੀਆਨਾ***
***ਫੋਨ: 317-590-7448***

### ਮਿੰਨੀ ਕਹਾਣੀ

## ਕਾਂਵਾਂ ਦਾ ਭਾਈਚਾਰਾ

ਮੋਟਰਸਾਈਕਲ 'ਤੇ ਸ਼ਹਿਰ ਜਾ ਰਿਹਾ ਸੀ। ਰਸਤੇ ਵਿਚ ਮੈਂ ਕੋਈ ਢਾਈ-ਤਿੰਨ ਸੌ ਕਾਂਵਾਂ ਦੀ ਡਾਰ ਦੇਖੀ, ਸਾਰੇ ਉਡਦੇ ਹੋਏ ਕੰਨ ਪਾੜਵੀਂ ਆਵਾਜ਼ ਵਿਚ ਕੁਰਲਾ ਰਹੇ ਸਨ। ਸਾਰੇ ਕਾਂ ਬੇਚੈਨ ਲੱਗ ਰਹੇ ਸਨ। ਸੁਭਾਵਿਕ ਹੀ ਮੇਰਾ ਧਿਆਨ ਉਸ ਥਾਂ ਵੱਲ ਕੇਂਦ੍ਰਿਤ ਹੋ ਗਿਆ, ਜਿਥੇ ਉਹ ਘੁੰਮਣ-ਘੇਰੀਆਂ ਲਾ ਰਹੇ ਸਨ। ਮੈਂ ਪਤਾ ਲਾਉਣ ਲਈ ਮੋਟਰਸਾਈਕਲ ਰੋਕ ਕੇ ਆਲੇ-ਦੁਆਲੇ ਦਾ ਜਾਇਜ਼ਾ ਲਿਆ। ਉਥੇ ਬਿਜਲੀ ਦੀਆਂ ਤਾਰਾਂ ਥੱਲੇ ਇੱਕ ਕਾਂ ਮਰਿਆ ਪਿਆ ਸੀ, ਸ਼ਾਇਦ ਕਰੰਟ ਲੱਗਣ ਨਾਲ। ਮੈਂ ਮੋਟਰਸਾਈਕਲ ਸਟਾਰਟ ਕੀਤਾ ਤੇ ਸ਼ਹਿਰ ਦੀ ਮੁੱਖ ਸੜਕ 'ਤੇ ਜਾ ਚੜ੍ਹਿਆ। ਸ਼ਹਿਰ ਤੋਂ ਅੱਧਾ ਕੁ ਕਿਲੋਮੀਟਰ ਪਹਿਲਾਂ ਸੜਕ ਦੇ ਖੱਬੇ ਪਾਸੇ ਇੱਕ ਨੌਜਵਾਨ ਦੀ ਲਾਸ਼ ਪਈ ਸੀ। ਲਾਸ਼ ਕੋਲ ਕੋਈ ਨਹੀਂ ਸੀ। ਲੋਕ ਚੁੱਪ-ਚਾਪ ਲਾਸ਼ ਤੋਂ ਪਰ੍ਹੇ ਹੋ ਕੇ ਲੰਘ ਰਹੇ ਸਨ। ਮੈਨੂੰ ਮਨੁੱਖਾਂ ਦੇ ਵਿਹਾਰ ਤੋਂ ਠੇਸ ਪੁੱਜੀ। ਮੈਨੂੰ ਕਾਂਵਾਂ ਦਾ ਭਾਈਚਾਰਾ ਮਨੁੱਖਾਂ ਤੋਂ ਕਿਤੇ ਵਧੀਆ ਲੱਗਿਆ।

***-ਮਾ. ਦਰਸ਼ਨ ਸਿੰਘ ਭੂਰੜੇ***

ਕਹਾਣੀ

# ਹੁਣ ਮੈਂ ਚੌੜ ਨਹੀਂ ਕਰਦਾ

***'ਹੁਣ ਮੈਂ ਚੌੜ ਨਹੀਂ ਕਰਦਾ' ਕਹਾਣੀ ਬੇਵਸੀ ਦਾ ਕੋਈ ਬਿਆਨ ਹੈ। ਇਸ ਬੇਵਸੀ ਵਿਚੋਂ ਹੀ ਦਰਦ ਦਾ ਉਛਲਦਾ ਦਰਿਆ ਕਦੋਂ ਵਹਿਣ ਲਗ ਪੈਂਦਾ ਹੈ, ਪਤਾ ਵੀ ਨਹੀਂ ਲਗਦਾ। ਇਸ ਦਰਦ ਦੀਆਂ ਚੀਸਾਂ ਚੁੱਪ-ਚੁਪੀਤੀਆਂ ਹੀ ਦਿਲ ਦੇ ਆਰ-ਪਾਰ ਲੰਘਦੀਆਂ ਜਾਪਣ ਲਗਦੀਆਂ ਹਨ। ਕਹਾਣੀ ਵਿਚ ਬਾਲ-ਮਨ ਨੂੰ ਬਹੁਤ ਬਾਰੀਕੀ ਨਾਲ ਫੜਿਆ ਗਿਆ ਹੈ। ਕਹਾਣੀ ਗੁੰਦਣ ਵੇਲੇ ਲੇਖਕ ਜਗਦੀਸ਼ ਕੌਸ਼ਲ ਨੇ ਪੂਰਾ ਕੌਸ਼ਲ ਨਿਭਾਇਆ ਹੈ। ਇੰਨੀ ਬੇਵਸੀ! ਕਿ ਕੰਧਾਂ ਵੀ ਰੋ ਪੈਣ! -ਸੰਪਾਦਕ***

**ਜਗਦੀਸ਼ ਕੌਸ਼ਲ**

ਸਕੂਲ ਦੀ ਸੱਜੀ ਕੰਧ ਵਾਲੇ ਪਾਸੇ ਟਾਹਲੀ ਹੇਠਾਂ ਪੰਜਵੀਂ ਜਮਾਤ ਨੂੰ ਮਾਸਟਰ ਨੇ ਹਿਸਾਬ ਦੇ ਕੁਝ ਸੁਆਲ ਸਮਝਾਏ ਤੇ ਬਾਕੀ ਆਪੇ ਕਰਨ ਨੂੰ ਦੇ ਦਿੱਤੇ। ਇਸੇ ਜਮਾਤ ਦੇ ਸਿਆਣੇ ਵਿਦਿਆਰਥੀ ਹਰਦਿਆਲ ਨੂੰ ਉਹਨੇ ਗੇਟ ਤੋਂ ਬਰਾਂਡੇ ਤਕ ਦੇ ਸੱਤ-ਫੁੱਟੇ ਰਾਹ ਦੇ ਨਾਲ ਨਿੰਮ ਤੇ ਅੰਬ ਦੇ ਦਰਖ਼ਤ ਹੇਠ ਪਹਿਲੀ ਤੇ ਦੂਜੀ ਜਮਾਤ ਵੱਲ ਤੋਰ ਦਿੱਤਾ ਤਾਂ ਜੋ ਉਹ ਉਨ੍ਹਾਂ ਦੀ ਅੱਖਰਾਂ ਤੇ ਸ਼ਬਦ-ਜੋੜਾਂ ਦੀ, ਅੰਕਾਂ ਤੇ ਪਹਾੜਿਆਂ ਦੀ ਦੁਹਰਾਈ ਕਰਵਾਉਂਦਾ ਰਹੇ।

ਆਪ ਉਹ ਅਜੇ ਪੰਜਵੀਂ ਦੇ ਨਾਲ ਬੈਠੀ ਚੌਥੀ ਜਮਾਤ ਵੱਲ ਹੋਇਆ ਹੀ ਸੀ ਕਿ ਉਸ ਤੋਂ ਅੱਗੇ, ਦਫ਼ਤਰ ਵੱਲ ਪਿੱਪਲ ਹੇਠ ਬੈਠੀ ਤੀਜੀ ਜਮਾਤ ਦੇ ਦੋ ਬੱਚੇ ਆਪਸ ਵਿਚ ਝਗੜਦੇ ਹੋਏ ਉਹਦੇ ਕੋਲ ਆ ਗਏ। ਦੋਵੇਂ ਇਕ-ਦੂਜੇ ਤੋਂ ਅੱਗੇ ਵਧ ਕੇ ਸ਼ਿਕਾਇਤ ਕਰ ਰਹੇ ਸਨ,

"ਮਾਸ਼ਟਰ ਜੀ, ਆਹ ਦੇਖੋ ਜੀ, ਜੰਟੇ ਨੇ ਮੇਰੀ ਕਤਾਬ ਪਾੜ'ਤੀ ਜੀ!"

"ਮੈਂ ਨ੍ਹੀਂ ਪਾੜੀ ਜੀ। ਮੈਂ ਤਾਂ ਦੇਖਣ ਲੱਗਾ ਸੀ। ਇਹਨੇ ਖਿੱਚ ਲੀ, ਤਾਂ ਪਾਟਗੀ ਜੀ!"

"ਨਹੀਂ ਜੀ, ਇਹਨੇ ਜਾਣ ਕੇ ਪਾੜੀ ਐ ਜੀ!"

ਮਾਸਟਰ ਸਮਝ ਗਿਆ, ਕਸੂਰ ਕਿਸੇ ਦਾ ਕੋਈ ਖ਼ਾਸ ਨਹੀਂ ਸੀ। ਇਕ ਜਣਾ ਕਿਤਾਬ ਦੇਖਣੀ ਚਾਹੁੰਦਾ ਸੀ, ਦੂਜਾ ਦਿਖਾਉਣੀ ਨਹੀਂ ਸੀ ਚਾਹੁੰਦਾ। ਖੋਹ-ਖੁਹਾਈ ਵਿਚ ਇਕ ਵਰਕਾ ਥੋੜ੍ਹਾ ਜਿਹਾ ਪਾਟ ਗਿਆ ਸੀ। ਮਾਮੂਲੀ ਗੱਲ ਸਮਝ ਕੇ ਮਾਸਟਰ ਨੇ ਫ਼ੈਸਲਾ ਸੁਣਾ ਦਿੱਤਾ, "ਕੋਈ ਨਹੀਂ ਓਏ ਮੀਤਿਆ, ਜੰਟੇ ਨੂੰ ਵੀ ਨਾਲ ਪੜ੍ਹਾ ਲੈ। ਦੋਵੇਂ ਜਣੇ ਰਲ ਕੇ ਪੜ੍ਹ ਲੋ। ਜਾਓ, ਬੈਠੋ।"

ਤੇ ਉਹ ਵਿਗਿਆਨ ਦੀ ਕਿਤਾਬ ਲੈ ਕੇ ਚੌਥੀ ਜਮਾਤ ਨੂੰ ਸੰਬੋਧਤ ਹੋਇਆ, "ਹਾਂ ਬਈ, ਦੱਸੋ।"

ਪਰ ਮੀਤੇ ਦੀ ਕਿਤਾਬ ਪਾਟ ਗਈ ਸੀ। ਮਾਸਟਰ ਦੇ ਫ਼ੈਸਲੇ ਨਾਲ ਉਹਦੀ ਤਸੱਲੀ ਨਹੀਂ ਸੀ ਹੋਈ। ਵਾਪਸ ਆਪਣੀ ਥਾਂ 'ਤੇ ਬੈਠਦਿਆਂ ਹੀ ਉਹਨੇ ਜੰਟੇ ਨੂੰ ਕਿਤਾਬ ਦਿਖਾਉਣ ਤੋਂ ਨਾਂਹ ਕਰ ਦਿੱਤੀ। ਜੰਟੇ ਨੇ ਖਿੱਚ-ਧੂਹ ਕੀਤੀ। ਦੋਵੇਂ ਘਸੁੰਨ-ਮੁੱਕੀ ਹੋ ਪਏ। ਕੇਸ ਫੇਰ ਮਾਸਟਰ ਕੋਲ ਆ ਗਿਆ। ਮਾਸਟਰ ਨੇ ਦੋਵਾਂ ਨੂੰ ਹੱਥ ਉਪਰ ਕਰ ਕੇ ਖੜ੍ਹੇ ਰਹਿਣ ਦੀ ਸਜ਼ਾ ਦੇ ਦਿੱਤੀ। ਆਪ ਉਹ ਫੇਰ ਚੌਥੀ ਜਮਾਤ ਨੂੰ ਸੰਬੋਧਤ ਹੋਇਆ, "ਹਾਂ ਬਈ, ਮੈਂ ਪੁੱਛ ਰਿਹਾ ਸਾਂ-ਸੂਰਜ ਧਰਤੀ ਦੁਆਲੇ ਘੁੰਮਦੈ ਕਿ ਧਰਤੀ ਸੂਰਜ ਦੁਆਲੇ?"

ਜਵਾਬ ਦੇਣ ਲਈ ਬੱਚਿਆਂ ਨੇ ਹੱਥ ਖੜ੍ਹੇ ਕੀਤੇ। ਮਾਸਟਰ ਨੇ ਦੇਖਿਆ, ਉਨ੍ਹਾਂ ਦੇ ਹਿਲਦੇ ਹੱਥਾਂ ਦੇ ਮੂਹਰੇ ਪਹਿਲੀ ਜਮਾਤ ਦਾ ਇਕ ਬੱਚਾ ਆ ਕੇ ਰੁਕਾਵਟ ਬਣ ਗਿਆ ਸੀ। ਬੱਚਾ ਸੱਜੇ ਹੱਥ ਦੀ ਚੀਚੀ ਉਂਗਲ ਖੜ੍ਹੀ ਕਰ ਕੇ ਪੁੱਛ ਰਿਹਾ ਸੀ, "ਮਾਸ਼ਟਰ ਜੀ, ਮੂਤ ਕਰਿਆਵਾਂ ਜੀ?"

ਮਾਸਟਰ ਦੀ ਧਰਤੀ ਤੇ ਸੂਰਜ ਦੀ ਬਾਤ ਫੇਰ ਰੁਕ ਗਈ। ਉਹਨੇ ਪਹਿਲੀ-ਦੂਜੀ ਨੂੰ ਸੰਭਾਲ ਰਹੇ ਮੁੰਡੇ ਨੂੰ ਆਵਾਜ਼ ਮਾਰੀ, "ਓਏ ਹਰਦਿਆਲ, ਓਏ ਐਹਨੂੰ ਮੇਰੇ ਕੋਲ ਕਾਹਤੋਂ ਘੱਲ 'ਤਾ!"

ਹਰਦਿਆਲ ਨੇ ਵੀ ਦੂਰੋਂ ਹੀ ਉਚੀ ਦੇਣੇ ਉਤਰ ਮੋੜਿਆ, "ਮੈਂ ਨ੍ਹੀਂ ਜੀ ਘੱਲਿਆ! ਮੈਨੂੰ ਤਾਂ ਪਤਾ ਈ ਨ੍ਹੀਂ ਲੱਗਿਆ, ਕਦੋਂ ਥੋਡੇ ਕੋਲ ਆ ਗਿਆ!"

ਮਾਸਟਰ ਨੇ ਛੁੱਟੀ ਮੰਗਣ ਆਏ ਮੁੰਡੇ ਨੂੰ ਕਿਹਾ, "ਜਾਹ ਓਏ, ਭੱਜ ਜਾ। ਅੱਧੀ ਛੁੱਟੀ ਹੁਣੇ ਹੋ ਕੇ ਹਟੀ ਐ। ਅਜੇ ਕੋਈ ਛੁੱਟੀ ਛੱਟੀ ਨਹੀਂ ਮਿਲਣੀ। ਜਾਹ, ਬੈਠ ਜਾ ਕੇ!"

ਬੱਚੇ ਨੂੰ ਉਹਦੀ ਜਮਾਤ ਵੱਲ ਤੋਰ ਕੇ ਮਾਸਟਰ ਫੇਰ ਧਰਤੀ ਤੇ ਸੂਰਜ ਦੇ ਗੇੜਿਆਂ ਦੀ ਗੱਲ ਕਰਨ ਲੱਗਾ। ਕੁਝ ਮਿੰਟ ਹੀ ਬੀਤੇ ਸਨ ਕਿ ਹਰਦਿਆਲ ਨੇ ਆ ਕੇ ਟੋਕ ਦਿੱਤਾ, "ਮਾਸਟਰ ਜੀ, ਜੀਹਨੂੰ ਤੁਸੀਂ ਛੁੱਟੀ ਨ੍ਹੀਂ ਸੀ ਦਿੱਤੀ, ਉਹਨੇ ਕੱਛੇ 'ਚ ਹੀ ਮੂਤ 'ਤਾ ਜੀ।"

ਮਾਸਟਰ ਖਿਝ ਕੇ ਬੋਲਿਆ, "ਓਏ ਯਾਰ, ਕੁਸ਼ ਪੜ੍ਹਨ-ਪੜ੍ਹਾਉਣ ਵੀ ਦਿਓਗੇ ਕਿ ਨਹੀਂ!" ਤੇ ਫੇਰ ਕੁਝ ਸਹਿਜ ਹੋਣ ਦੀ ਕੋਸ਼ਿਸ਼ ਕਰਦਿਆਂ ਬੋਲਿਆ, "ਇਉਂ ਕਰ, ਉਹਨੂੰ ਬਸਤਾ ਚੁਕਾ ਕੇ ਘਰ ਭੇਜ ਦੇ।"

ਹਰਦਿਆਲ ਮੁੜ ਚੱਲਿਆ ਤਾਂ ਮਾਸਟਰ ਨੇ ਕੁਝ ਸੋਚ ਕੇ ਉਹਨੂੰ ਮੁੜੇ ਜਾਂਦੇ ਨੂੰ ਕਿਹਾ, "ਚੱਲ ਬੈਠਾ ਰਹਿਣ ਦੇ, ਐਨੀ ਦੂਰ 'ਕੱਲਾ ਕਿਵੇਂ ਜਾਊਗਾ। ਐਨੀ ਧੁੱਪ ਪੈਂਦੀ ਐ। ਰਾਹ 'ਚ ਛੱਪੜ ਐ, ਰੜਾ ਮੈਦਾਨ ਐ। 'ਕੱਲੇ ਨੂੰ ਨਹੀਂ ਭੇਜਣਾ।"

"ਮੈਂ ਛੱਡਿਆਵਾਂ ਜੀ!" ਧਰਤੀ ਤੇ ਸੂਰਜ ਦੇ ਗੇੜ ਤੋਂ ਮੁਕਤੀ ਪ੍ਰਾਪਤ ਕਰਨ ਦੇ ਚਾਹਵਾਨ ਚੌਥੀ ਜਮਾਤ ਦੇ ਕੁਝ ਮੁੰਡੇ ਆਪਣੀਆਂ ਸੇਵਾਵਾਂ ਪੇਸ਼ ਕਰਨ ਲਈ ਹੱਥ ਹਿਲਾਉਣ ਲੱਗ ਪਏ। ਮਾਸਟਰ ਨੇ ਉਨ੍ਹਾਂ ਨੂੰ ਝਿੜਕਿਆ, "ਬੈਠੇ ਰਹੋ ਓਏ ਚੁੱਪ ਕਰ ਕੇ! ਆਏ ਵੱਡੇ ਸਮਾਜ ਸੇਵਕ! ਤੇ ਫੇਰ ਉਹਨੇ ਹਰਦਿਆਲ ਨੂੰ ਹਦਾਇਤ ਦਿੱਤੀ, "ਇਉਂ ਕਰ, ਉਹਨੂੰ ਮੂਤ ਕਰਨ ਭੇਜ ਦੇ। ਨਾਲੇ ਕਹੀਂ, ਹੱਥ-ਪੈਰ ਧੋ ਲਵੇ। ਕਿਸੇ ਵੱਡੇ ਮੁੰਡੇ ਨੂੰ ਨਾਲ ਭੇਜ ਦੇਈਂ।"

ਇੰਜ ਕਰਦਿਆਂ-ਕਰਾਉਂਦਿਆਂ, ਖਿੱਚ-ਧੂਹ ਕਰ ਕੇ ਮਾਸਟਰ ਨੇ ਚੌਥੀ ਜਮਾਤ ਦਾ ਪਾਠ ਪੂਰਾ ਕੀਤਾ। ਬੱਚਿਆਂ ਨੂੰ ਅਗਲਾ ਕੰਮ ਦੇ ਕੇ ਉਹਨੇ ਕੁਰਸੀ ਘੜੀਸੀ ਤੇ ਪਿੱਪਲ ਹੇਠ ਤੀਜੀ ਜਮਾਤ ਵੱਲ ਹੋ ਗਿਆ। ਤੀਜੀ ਜਮਾਤ ਨੇ ਵੀ ਵਿਗਿਆਨ ਦੀਆਂ ਕਿਤਾਬਾਂ ਕੱਢ ਲਈਆਂ। ਇਕ ਕਤਾਰ ਦੀ ਇਕ ਕੁੜੀ ਖੜ੍ਹੀ ਹੋ ਗਈ, "ਬੀਰ ਜੀ, ਐਧਰ ਧੁੱਪ ਆਗੀ ਜੀ। ਤੱਪੜ ਹੌਧਰ ਨੂੰ ਕਰਲੀਏ ਜੀ?"

"ਆਹੋ, ਕਰ ਲਉ।" ਮਾਸਟਰ ਨੇ ਇਜਾਜ਼ਤ ਦਿੱਤੀ।

ਬਜਾਏ ਇਸ ਦੇ ਕਿ ਕੁੜੀਆਂ ਵਾਲਾ ਤੱਪੜ ਧੁੱਪ ਵਾਲੇ ਪਾਸਿਉਂ ਚੁੱਕ ਕੇ ਛਾਂਵੇਂ ਵਿਛਾ ਦਿੱਤਾ ਜਾਂਦਾ, ਛਾਂ ਵਿਚ ਬੈਠੇ ਮੁੰਡੇ ਵੀ ਆਪਣੇ ਦੋ ਤੱਪੜ ਘੜੀਸਣ ਲੱਗ ਪਏ। ਘੜੀਸਾ-ਘੜਾਸੀ ਪਿੱਛੋਂ ਜਦੋਂ ਟਿਕਟਿਕਾ ਹੋ ਗਿਆ ਤਾਂ ਮਾਸਟਰ ਨੇ ਇਕ ਬੱਚੇ ਤੋਂ ਕਿਤਾਬ ਮੰਗੀ। ਬੱਚਾ ਕਿਤਾਬ ਦੇ ਹੀ ਰਿਹਾ ਸੀ ਕਿ ਚੌਥੀ ਜਮਾਤ ਦਾ ਇਕ ਮੁੰਡਾ ਸਮੱਸਿਆ ਲੈ ਕੇ ਆ ਗਿਆ। ਖੋਲ੍ਹੀ ਹੋਈ ਕਿਤਾਬ ਮਾਸਟਰ ਮੂਹਰੇ ਕਰ ਕੇ ਉਹਨੇ ਪੁੱਛਿਆ, "ਮਾਸਟਰ ਜੀ, ਆਹ ਗੱਲ ਨੀ ਜੀ ਪਤਾ ਲੱਗੀ, ਬਈ ਧਰਤੀ ਘੁਕੀ ਕਿਵੇਂ ਜਾਂਦੀ ਐ!

ਮਾਸਟਰ ਸ਼ਸ਼ੋਪੰਜ ਵਿਚ ਪੈ ਗਿਆ। ਉਹਨੂੰ ਸਮਝ ਨਾ ਆਈ ਕਿ ਮੁੰਡੇ ਨੂੰ ਕੀ ਜਵਾਬ ਦੇਵੇ ਪਰ ਜਵਾਬ ਤਾਂ ਕੋਈ ਦੇਣਾ ਹੀ ਸੀ। ਸੋ ਦਿੱਤਾ, "ਤੂੰ ਇਉਂ ਕਰ, ਅਜੇ ਆਪੇ ਸਮਝਣ ਦੀ ਕੋਸ਼ਿਸ਼ ਕਰ, ਜੇ ਸਮਝ ਨਾ ਆਵੇ ਤਾਂ ਗੁਰਪਾਲ ਜਾਂ ਨਿਰਮਲਾ ਨੂੰ ਪੁੱਛ ਲਈਂ। ਜੇ ਫੇਰ ਵੀ ਸਮਝ ਨਾ ਆਈ ਤਾਂ ਮੈਂ ਸਮਝਾਦੂੰ। ਜਾਹ।"

ਮੁੰਡਾ ਪਾਠ ਉਤੇ ਨਜ਼ਰਾਂ ਗੱਡੀ, ਸਮਝਣ ਦੀ ਕੋਸ਼ਿਸ਼ ਵਿਚ ਸਿਰ ਹਿਲਾਉਂਦਾ ਮੁੜ ਗਿਆ। ਮਾਸਟਰ ਨੇ ਤੀਜੀ ਦੇ ਇਕ ਹੁਸ਼ਿਆਰ ਮੁੰਡੇ ਨੂੰ ਖੜ੍ਹਾ ਕੀਤਾ ਤੇ ਪਾਠ ਪੜ੍ਹਨ ਲਈ ਕਿਹਾ। ਮੁੰਡੇ ਨੇ ਜਦੋਂ ਇਕ ਪੈਰਾ ਮੁਕਾ ਲਿਆ ਤਾਂ ਮਾਸਟਰ ਪੈਰੇ ਦੀ ਵਿਆਖਿਆ ਕਰ ਕੇ ਸਮਝਾਉਣ ਲੱਗ ਪਿਆ। ਉਹਨੇ ਵਿਆਖਿਆ ਅਜੇ ਸ਼ੁਰੂ ਹੀ ਕੀਤੀ ਸੀ ਕਿ ਹਰਦਿਆਲ ਦੂਜੀ ਜਮਾਤ ਦੇ ਬਸੰਤ ਨੂੰ ਫੜ ਕੇ ਲੈ ਆਇਆ, "ਆਹ ਦੇਖੋ ਜੀ, ਆਵਦੀ ਥਾਂ 'ਤੇ ਨੀ ਬਹਿੰਦਾ। ਕਦੇ ਕਿਸੇ ਦੀ ਕਤਾਬ-ਕਾਪੀ ਛੇੜਨ ਲੱਗ ਪੈਂਦੈ, ਕਦੇ ਕਿਸੇ ਕੁੜੀ ਦੀ ਗੁੱਤ ਖਿੱਚ ਦਿੰਦੈ।"

ਮਾਸਟਰ ਨੇ ਗੋਲ-ਮਟੋਲ ਜਿਹੇ ਬਸੰਤ ਦੀਆਂ ਗੋਰੀਆਂ ਗੱਲ੍ਹਾਂ ਉਤੇ ਦੋ ਚਪੇੜਾਂ ਜੜ ਦਿੱਤੀਆਂ ਤੇ ਕਿਹਾ, "ਜੇ ਹੁਣ ਤੂੰ ਚੌੜ ਕੀਤੀ ਤਾਂ ਦੇਖੀਂ ਫੇਰ!"

ਪੰਦਰਾਂ ਕੁ ਮਿੰਟ ਬੀਤੇ ਸਨ। ਮਾਸਟਰ ਨੇ ਤੀਜੀ ਜਮਾਤ ਦਾ ਹੱਥਲਾ ਪਾਠ ਅੱਧਾ ਕੁ ਮੁਕਾ ਲਿਆ ਸੀ। ਹਰਦਿਆਲ ਫੇਰ ਬਸੰਤ ਨੂੰ ਫੜ ਕੇ ਲੈ ਆਇਆ, "ਇਹ ਜੀ, ਅਜੇ ਵੀ ਨੀ ਹਟਿਆ। ਸਾਰਿਆਂ ਨੂੰ ਤੰਗ ਕਰੀ ਜਾਂਦੈ।"

ਮਾਸਟਰ ਨੇ ਗੁੱਸੇ ਵਿਚ ਤੇ ਬਹੁਤ ਸਜ਼ਾ ਦੇਣ ਦੇ ਰੌਂਅ ਵਿਚ ਬਸੰਤ ਵੱਲ ਦੇਖਿਆ। ਫੇਰ ਹਰਦਿਆਲ ਨੂੰ ਪੁੱਛਿਆ, "ਇਨ੍ਹਾਂ ਨੂੰ ਗਿਣਤੀ ਤੇ ਪਹਾੜੇ ਲਿਖਵਾਏ ਸੀ?"

"ਉਹ ਤਾਂ ਜੀ ਇਹਨੇ ਸਭ ਤੋਂ ਪਹਿਲਾਂ ਲਿਖ ਲੇ ਸੀ।"

"ਤੇ ਸੁਲੇਖ?"

"ਸੁਲੇਖ ਲਿਖਣ ਲੱਗਾ ਵੀ ਮਿੰਟ ਲਾਉਂਦੈ। ਆਵਦਾ ਕੰਮ ਛੇਤੀ-ਛੇਤੀ ਕਰ ਕੇ ਦੂਜਿਆਂ ਨੂੰ ਤੰਗ ਕਰਨ ਲੱਗ ਪੈਂਦੈ ਜੀ।"

ਮਾਸਟਰ ਬਸੰਤ ਨੂੰ ਸੰਬੋਧਤ ਹੋਇਆ, "ਤੂੰ ਇਉਂ ਕਰ ਓਏ! ਬਸਤਾ ਚੁੱਕ ਲਿਆ ਤੇ ਐਥੇ ਮੇਰੇ ਕੋਲ ਬੈਠ ਆ ਕੇ।"

ਬਸੰਤ ਹਰਦਿਆਲ ਦੇ ਪਿੱਛੇ-ਪਿੱਛੇ ਮੁੜ ਗਿਆ ਤੇ ਥੋੜ੍ਹੀ ਦੇਰ ਬਾਅਦ ਬਸਤਾ ਲੈ ਕੇ ਆ ਗਿਆ। ਮਾਸਟਰ ਨੇ ਉਹਨੂੰ ਆਪਣੀ ਕੁਰਸੀ ਦੇ ਕੋਲ, ਸੱਜੇ ਪਾਸੇ ਬਿਠਾ ਲਿਆ ਤੇ ਕਿਤਾਬ, ਕਾਪੀ ਤੇ ਪੈਨਸਿਲ ਕਢਵਾ ਕੇ ਲਿਖਣ ਦੇ ਕੰਮ ਲਾ ਦਿੱਤਾ। ਉਹਦੇ ਵੱਲੋਂ ਨਿਸਚਿੰਤ ਹੋ ਕੇ ਮਾਸਟਰ ਫੇਰ ਤੀਜੀ ਜਮਾਤ ਨੂੰ ਪੜ੍ਹਾਉਣ ਵਿਚ ਰੁੱਝ ਗਿਆ।

ਕੁਝ ਚਿਰ ਬਾਅਦ ਮਾਸਟਰ ਨੇ ਦੇਖਿਆ, ਬਸੰਤ ਕੁਰਸੀ ਕੋਲੋਂ ਖਿਸਕ ਕੇ ਮੂਹਰੇ ਬੈਠੀ ਇਕ ਕੁੜੀ ਦੀ ਕਾਪੀ ਉਲਟਣ-ਪਲਟਣ ਲੱਗਿਆ ਪਿਆ ਸੀ। ਮਾਸਟਰ ਨੇ ਉਹਨੂੰ ਕੰਨੋਂ ਫੜ ਕੇ ਕਿਹਾ, "ਓਏ, ਮੇਰੇ ਏਥੇ ਹੋਣ ਦਾ ਵੀ ਡਰ ਨਹੀਂ! ਏਥੇ ਵੀ ਪੰਗੇ ਲਈ ਜਾਨੈਂ। ਚੱਲ, ਦਫਤਰ ਮੂਹਰੇ, ਬਰਾਂਡੇ ਵਿਚ ਜਾ ਕੇ ਬੈਠ ਤੇ ਦਸ ਤਕ ਪਹਾੜੇ ਲਿਖ। ਮੈਂ ਹੁਣੇ ਆ ਕੇ ਦੇਖੂੰਗਾ।"

ਬਸੰਤ ਆਪਣਾ ਬਸਤਾ ਲੈ ਕੇ ਦਫਤਰ ਮੂਹਰੇ ਬਰਾਂਡੇ ਵਿਚ ਜਾ ਕੇ ਬੈਠ ਗਿਆ।

ਤੀਜੀ ਜਮਾਤ ਤੋਂ ਵਿਹਲੇ ਹੋ ਕੇ ਮਾਸਟਰ ਦਾ ਧਿਆਨ ਬਰਾਂਡੇ ਵੱਲ ਗਿਆ। ਉਹਨੂੰ ਲੱਗਿਆ,



ਬਸੰਤ ਉਹਦੇ ਮੁਤਾਬਕ ਕੰਮ ਨਹੀਂ ਸੀ ਕਰ ਰਿਹਾ, ਕੁਝ ਹੋਰ ਕਰ ਰਿਹਾ ਸੀ। ਮਾਸਟਰ ਸ਼ਿਕਾਰੀ ਵਾਂਗ ਕੰਧ ਦੇ ਨਾਲ-ਨਾਲ ਛਹਿ ਕੇ ਤੁਰਦਾ, ਦਫਤਰ ਦੇ ਕੋਲੋਂ ਅਚਾਨਕ ਬਰਾਂਡੇ ਵਿਚ ਪਹੁੰਚ ਗਿਆ। ਉਹਨੇ ਦੇਖਿਆ, ਬਸੰਤ ਕਾਪੀ ਵਿਚੋਂ ਵਰਕੇ ਪਾੜ ਕੇ ਕਿਸ਼ਤੀਆਂ ਤੇ ਰਾਕੇਟ ਬਣਾ ਰਿਹਾ ਸੀ। ਮਾਸਟਰ ਨੂੰ ਗੁੱਸਾ ਆ ਗਿਆ, "ਤੂੰ ਅਜੇ ਵੀ ਸ਼ਰਾਰਤਾਂ ਕਰਨੋਂ ਨਹੀਂ ਹਟਿਆ। ਦਸ ਤਕ ਪਹਾੜੇ ਨਹੀਂ ਨਾ ਲਿਖੇ! ਤੂੰ ਐਵੇਂ ਸੂਤ ਨਹੀਂ ਆਉਣਾ!"

ਤੇ ਮਾਸਟਰ ਬਸੰਤ ਨੂੰ ਉਹਦਾ ਬਸਤਾ ਚੁਕਵਾ ਕੇ, ਸਟੋਰ ਵਾਲੇ ਪਾਸੇ ਦੇ ਵੱਡੇ ਕਮਰੇ ਵਿਚ ਲੈ ਆਇਆ। ਇਹ ਕਮਰਾ ਬਹੁਤ ਕਰ ਕੇ ਵਿਹਲਾ ਤੇ ਬੰਦ ਹੀ ਰਹਿੰਦਾ ਸੀ। ਤੱਪੜ ਤੇ ਹੋਰ ਨਿਕ-ਸੁਕ ਸਟੋਰ ਵਿਚ ਰੱਖ ਦਿੱਤਾ ਜਾਂਦਾ ਸੀ। ਕੁਰਸੀਆਂ ਤੇ ਮੇਜ਼ ਦਫਤਰ ਵਿਚ ਟਿਕ ਜਾਂਦੇ ਸਨ। ਕਦੇ ਕਦਾਈਂ ਮੀਂਹ-ਕਣੀ ਵੇਲੇ ਇਕ ਦੋ ਜਮਾਤਾਂ ਇਸ ਕਮਰੇ ਵਿਚ ਬਿਠਾ ਦਿੱਤੀਆਂ ਜਾਂਦੀਆਂ ਸਨ। ਜਾਂ ਫੇਰ ਇਹ ਕਮਰਾ ਉਦੋਂ ਵਰਤਿਆ ਜਾਂਦਾ ਸੀ ਜਦੋਂ ਕਿਸੇ ਸ਼ਰਾਰਤੀ ਬੱਚੇ ਨੂੰ ਇਕੱਲ ਭੋਗਣ ਦੀ ਸਜ਼ਾ ਦਿੱਤੀ ਜਾਣੀ ਹੁੰਦੀ ਸੀ। ਤੇ ਅੱਜ ਇਹ ਸਜ਼ਾ ਦੂਜੀ ਜਮਾਤ ਦੇ ਬਸੰਤ ਨੂੰ ਮਿਲੀ ਸੀ।

ਮਾਸਟਰ ਨੇ ਉਹਨੂੰ ਕਮਰੇ ਅੰਦਰ ਵਾੜ ਕੇ ਕਿਹਾ, "ਬੰਦਾ ਬਣ ਕੇ ਏਥੇ ਬੈਠ। ਜਦੋਂ ਚੌੜ ਕਰਨੋਂ ਹਟੇਂਗਾ, ਮਾਫ਼ੀ ਮੰਗੇਂਗਾ, ਉਦੋਂ ਕੱਢੂੰਗਾ। ਹੁਣ ਤਕ ਤੂੰ ਦੂਜਿਆਂ ਨੂੰ ਤੰਗ ਕਰਦਾ ਰਿਹੈਂ, ਹੁਣ ਆਪ ਤੰਗ ਹੋ।"

ਵੱਡੇ ਸਾਰੇ ਸੁੰਨੇ ਕਮਰੇ ਦੇ ਫ਼ਰਸ਼ ਉਤੇ ਡੌਰ-ਭੌਰ ਹੋਇਆ ਖੜ੍ਹਾ ਬਸੰਤ ਮਾਸਟਰ ਵੱਲ ਇੰਜ ਬਿਟਰ-ਬਿਟਰ ਤੱਕ ਰਿਹਾ ਸੀ ਜਿਵੇਂ ਉਹਨੂੰ ਸਮਝ ਨਾ ਆ ਰਹੀ ਹੋਵੇ ਕਿ ਉਹਦੇ ਕੋਲੋਂ ਕਿਹੜੀ ਇੰਨੀ ਵੱਡੀ ਗਲਤੀ ਹੋ ਗਈ ਸੀ ਜਿਸ ਕਰ ਕੇ ਉਹਨੂੰ ਇਕਾਂਤਵਾਸ ਦੀ ਸਜ਼ਾ ਦਿੱਤੀ ਜਾ ਰਹੀ ਸੀ ਪਰ ਉਹ ਬੋਲਿਆ ਕੁਝ ਨਹੀਂ। ਕੀ ਪਤਾ, ਬੋਲਣ ਕਰ ਕੇ ਮਾਸਟਰ ਉਹਨੂੰ ਕੰਨ ਫੜਨ ਦੀ ਸਜ਼ਾ ਦੇ ਦੇਵੇ।

ਮਾਸਟਰ ਬਸੰਤ ਨੂੰ ਕਮਰੇ ਅੰਦਰ ਛੱਡ ਕੇ, ਬਾਹਰੋਂ ਕੁੰਡਾ ਲਾ ਕੇ ਬਾਕੀ ਸਕੂਲ ਸੰਭਾਲਣ ਚਲਿਆ ਗਿਆ।

ਬਸੰਤ ਨੂੰ ਸਕੂਲ ਦੀ ਸਾਰੀ ਰੌਣਕ ਦਿਸਣੋਂ ਹਟ ਗਈ। ਉਹਨੇ ਪਿਛਲੇ ਪਾਸੇ ਦੇਖਿਆ। ਉਧਰ ਖੇਤਾਂ ਵੱਲ ਦੀਆਂ ਦੋਵੇਂ ਖਿੜਕੀਆਂ ਵੀ ਬੰਦ ਸਨ। ਉਨ੍ਹਾਂ ਦੀਆਂ ਚਿਟਕਣੀਆਂ ਇੰਨੀਆਂ ਉਚੀਆਂ ਸਨ ਕਿ ਨਿੱਕੇ ਜਿਹੇ ਬਸੰਤ ਵਾਸਤੇ ਇਨ੍ਹਾਂ ਤਕ ਅੱਪੜਨਾ ਸੰਭਵ ਨਹੀਂ ਸੀ। ਉਹਨੇ ਬੰਦ ਖਿੜਕੀਆਂ ਵੱਲ ਇੰਜ ਦੇਖਿਆ ਜਿਵੇਂ ਸੋਚ ਰਿਹਾ ਹੋਵੇ, 'ਕਾਸ਼! ਜੇ ਇਹ ਖੁੱਲ੍ਹੀਆਂ ਹੁੰਦੀਆਂ ਤਾਂ ਖੇਤਾਂ ਵੱਲ ਦੇ ਨਜ਼ਾਰੇ ਹੀ ਦੇਖਣ ਨੂੰ ਮਿਲ ਜਾਂਦੇ!' ਫੇਰ ਉਹਨੇ ਖਿੜਕੀਆਂ ਵੱਲੋਂ ਇਕ ਦਮ ਧਿਆਨ ਹਟਾ ਲਿਆ, ਜਿਵੇਂ ਉਹਨੂੰ ਖ਼ਿਆਲ ਆ ਗਿਆ ਹੋਵੇ ਕਿ ਉਹਨੂੰ ਇਸ ਗੱਲ ਦੀ ਤਾਂ ਸਜ਼ਾ ਮਿਲੀ ਸੀ ਕਿ ਉਹਦਾ ਧਿਆਨ ਇਧਰ-ਉਧਰ ਬਹੁਤਾ ਰਹਿੰਦਾ ਸੀ ਤੇ ਉਹ ਟਿਕ ਕੇ ਨਹੀਂ ਸੀ ਬੈਠਦਾ। ਤੇ ਉਹ ਬਲੈਕ-ਬੋਰਡ ਵਾਲੇ ਪਾਸੇ ਦੀ ਖਿੜਕੀ ਦੇ ਹੇਠਾਂ ਕੰਧ ਨਾਲ ਲੱਗ ਕੇ, ਟਿਕ ਕੇ ਬੈਠ ਗਿਆ। ਉਹਨੇ ਬਸਤੇ ਵਿਚੋਂ ਸਾਰਾ ਸਮਾਨ ਕੱਢ ਕੇ ਬਾਹਰ ਰੱਖ ਲਿਆ, ਜਿਵੇਂ ਮਾਸਟਰ ਨੂੰ ਦਿਖਾਉਣਾ ਚਾਹੁੰਦਾ ਹੋਵੇ ਕਿ ਉਹਨੇ ਕਮਰੇ ਵਿਚ ਬੰਦ ਰਹਿ ਕੇ ਸ਼ਰਾਰਤਾਂ ਨਹੀਂ ਸਨ ਕੀਤੀਆਂ, ਪੜ੍ਹਾਈ ਕੀਤੀ ਸੀ।

ਉਹਨੇ ਕਾਪੀ ਵਿਚ ਪੈਨਸਿਲ ਨਾਲ ਦਸ ਤਕ ਦੇ ਪਹਾੜੇ ਸੋਹਣੇ-ਸੋਹਣੇ ਕਰ ਕੇ ਲਿਖ ਲਏ। ਫੇਰ ਉਹਨੇ ਪੰਜਾਬੀ ਦੀ ਕਿਤਾਬ ਵਿਚੋਂ ਦੇਖ ਕੇ ਸੁਲੇਖ ਲਿਖ ਲਿਆ। ਗਿਣਤੀ ਅਤੇ ਪਹਾੜੇ ਉਹਨੇ ਸਲੇਟ ਉਤੇ ਵੀ ਲਿਖ ਲਏ। ਲਿਖਣ ਦਾ ਕੰਮ ਕਰ ਕੇ ਉਹ ਕਿਤਾਬ ਪੜ੍ਹਨ ਲੱਗ ਪਿਆ। ਸ਼ਾਇਦ ਉਹਦਾ ਖ਼ਿਆਲ ਸੀ, ਜਦੋਂ ਮਾਸਟਰ ਉਹਨੂੰ ਬਾਹਰ ਕੱਢਣ ਲਈ ਬੂਹਾ ਖੋਲ੍ਹੇਗਾ ਤਾਂ ਉਹਨੂੰ ਪੜ੍ਹਦੇ ਨੂੰ ਦੇਖ ਕੇ ਬਹੁਤ ਖੁਸ਼ ਹੋਏਗਾ ਪਰ ਉਹਦੀ ਇਕਾਗਰਤਾ ਵਾਰ-ਵਾਰ ਭੰਗ ਹੋ ਰਹੀ ਸੀ। ਸਕੂਲ ਦੀਆਂ ਸਰਗਰਮੀਆਂ ਕੰਨਾਂ ਰਾਹੀਂ ਉਹਨੂੰ ਬੰਦ ਦਰਵਾਜ਼ੇ ਵਿਚੋਂ ਦੀ ਵੀ ਦਿਖਾਈ ਦੇ ਰਹੀਆਂ ਸਨ। ਕਈ ਵਾਰ ਬੱਚੇ ਦਗੜ-ਦਗੜ ਕਰਦੇ ਇਧਰੋਂ ਉਧਰ ਭੱਜ ਕੇ ਜਾਂਦੇ ਸਨ। ਮਾਸਟਰ ਉਚੀ ਦੇਣੇ ਕਦੇ ਕਿਸੇ ਨੂੰ ਝਿੜਕਦਾ ਸੀ, ਕਦੇ ਆਵਾਜ਼ ਮਾਰਦਾ ਸੀ। ਕਦੇ ਕੋਈ ਬੱਚਾ ਉਚੀ ਆਵਾਜ਼ ਵਿਚ ਸ਼ਿਕਾਇਤ ਕਰਦਾ ਸੀ, "ਆਹ ਦੇਖੋ ਜੀ, ਹਟਦਾ ਨੀ!"

ਬਸੰਤ ਨੇ ਸੁਣਿਆ, ਮਾਸਟਰ ਕਿਸੇ ਜਮਾਤ ਨੂੰ ਕਹਿ ਰਿਹਾ ਸੀ, "ਛੁੱਟੀਆਂ ਵਿਚ ਲਿਖ ਕੇ ਲਿਆਇਓ। ਸਵਾਲ ਕੱਢ ਕੇ ਲਿਆਇਓ।"

ਛੁੱਟੀਆਂ ਦੀ ਗੱਲ ਸੁਣ ਕੇ ਬਸੰਤ ਦੇ ਚਿਹਰੇ 'ਤੇ ਰੌਣਕ ਆ ਗਈ। ਪਰਸੋਂ ਉਹਦੀ ਬੇਬੇ ਆਖ ਰਹੀ ਸੀ, 'ਛੁੱਟੀਆਂ ਵਿਚ ਆਪਾਂ ਨਾਨੀ ਕੋਲ ਚੱਲਾਂਗੇ...।'

ਨਾਨਕੇ ਜਾਣ ਦਾ ਸਾਰਾ ਪ੍ਰੋਗਰਾਮ ਉਹਦੀਆਂ ਅੱਖਾਂ ਅੱਗਿਉਂ ਦੀ ਘੁੰਮ ਗਿਆ। ਪਿੰਡੋਂ ਉਹ ਬੱਸ 'ਤੇ ਜਾਣਗੇ। ਫੇਰ ਸਟੇਸ਼ਨ ਤੋਂ ਰੇਲ ਗੱਡੀ ਵਿਚ ਬੈਠਣਗੇ। ਰੇਲ ਗੱਡੀ ਛੁਕ-ਛੁਕ ਕਰਦੀ ਜਾਏਗੀ। ਖੇਤ, ਖੇਤਾਂ ਵਿਚ ਕੰਮ ਕਰਦੇ ਲੋਕ, ਪਸ਼ੂ, ਪੰਛੀ ਸਭ ਪਿੱਛੇ ਰਹਿੰਦੇ ਜਾਣਗੇ। ਤਾਰਾਂ ਵਾਲੇ ਖੰਭੇ ਤੇ ਦਰਖ਼ਤ ਤੇਜ਼-ਤੇਜ਼ ਪਿੱਛੇ ਨੂੰ ਭੱਜਣਗੇ। ਕਿੰਨਾ ਸੁਆਦ ਆਏਗਾ! ਮਾਮਾ ਸਾਨੂੰ ਲੈਣ ਆਏਗਾ। ਮਾਮਾ ਮੈਨੂੰ ਘੋੜੀ 'ਤੇ ਬਿਠਾ ਕੇ ਖੇਤ ਲਿਜਾਇਆ ਕਰੇਗਾ। ਸਾਡੇ ਤਾਂ ਏਥੇ ਘੋੜੀ ਵੀ ਹੈਨੀ। ਮੈਂ ਬਾਪੂ ਨੂੰ ਆਖੂੰਗਾ, ਬਾਪੂ, ਆਪਾਂ ਵੀ ਘੋੜੀ ਲਿਆਈਏ।

"ਮਾਸਟਰ ਜੀ, ਆਹ ਮੰਗਾ ਬਿਨਾਂ ਪੁੱਛੇ ਪਾਣੀ ਪੀਣ ਚਲਾ ਗਿਆ ਜੀ।" ਹਰਦਿਆਲ ਨੇ ਉਚੀ ਆਵਾਜ਼ ਵਿਚ ਮੰਗੇ ਦੀ ਸ਼ਿਕਾਇਤ ਕੀਤੀ। ਬਸੰਤ ਦਾ ਧਿਆਨ ਨਾਨਕਿਆਂ ਵੱਲੋਂ ਮੁੜ ਆਇਆ। ਉਹਨੇ ਸੋਚਿਆ, 'ਹੁਣ ਮੰਗੇ ਨੂੰ ਕੁੱਟ ਪਏਗੀ। ਮੈਂ ਬੇਬੇ ਨੂੰ ਆਖ ਕੇ ਹੜਦਿਆਲ-ਸ਼ੜਦਿਆਲ ਨੂੰ ਕੁੱਟ ਪੁਆਊਂਗਾ। ਇਹ ਸਾਰਿਆਂ ਦੀਆਂ ਸ਼ਕੈਤਾਂ ਲਾਉਂਦਾ ਰਹਿੰਦੈ, ਸ਼ਕੈਤੀ ਟੱਟੂ।'

"ਮਾਸ਼ਟਰ ਜੀ, ਪਾਣੀ ਪੀ ਆਵਾਂ ਜੀ?" ਤੀਜੀ ਚੌਥੀ ਦਾ ਕੋਈ ਮੁੰਡਾ ਛੁੱਟੀ ਮੰਗ ਰਿਹਾ ਸੀ।

ਬਸੰਤ ਨੂੰ ਵੀ ਤੇਹ ਲੱਗ ਆਈ। ਉਹ ਮਾਸਟਰ ਤੋਂ ਛੁੱਟੀ ਮੰਗਣ ਵਾਸਤੇ ਦਰਵਾਜ਼ੇ ਤਕ ਆਇਆ ਪਰ ਦਰਵਾਜ਼ਾ ਖੜਕਾਇਆ ਨਹੀਂ। ਕੀ ਪਤਾ, ਮਾਸਟਰ ਗੁੱਸੇ ਹੋ ਜਾਵੇ ਤੇ ਉਹਨੂੰ ਹੋਰ ਬਹੁਤ ਚਿਰ ਅੰਦਰੇ ਡੱਕੀ ਰੱਖੇ!

ਉਹ ਪਰਤ ਕੇ ਫੇਰ ਆਪਣੇ ਖਿੱਲਰੇ ਪਏ ਬਸਤੇ ਕੋਲ ਬੈਠ ਗਿਆ। ਉਹ ਕੋਸ਼ਿਸ਼ ਕਰਨ ਲੱਗਾ ਕਿ ਚੰਗਾ ਬਣ ਕੇ ਦਿਖਾਵੇ ਤਾਂ ਜੋ ਮਾਸਟਰ ਜਦੋਂ ਬੂਹਾ ਖੋਲ੍ਹੇ ਤਾਂ ਖੁਸ਼ ਹੋ ਕੇ ਉਹਦੀ ਸਜ਼ਾ ਖਤਮ ਕਰ ਦੇਵੇ।

ਉਹ ਚੁਪ ਕਰ ਕੇ, ਸਾਊ ਬਣ ਕੇ ਕੁਝ ਨਾ ਕੁਝ ਅਜਿਹਾ ਕਰਨ ਲੱਗ ਪਿਆ ਜਿਸ ਨੂੰ ਪੜ੍ਹਾਈ ਕਹਿੰਦੇ ਹਨ ਪਰ ਉਹਦਾ ਧਿਆਨ ਵਾਰ-ਵਾਰ ਬਾਹਰ ਵੱਲ ਖਿੱਚਿਆ ਜਾ ਰਿਹਾ ਸੀ। ਉਹਨੂੰ ਤੇਹ ਲੱਗੀ ਹੋਈ ਸੀ। ਕਮਰੇ ਵਿਚ ਗਰਮੀ ਵੀ ਬਹੁਤ ਸੀ। ਬਾਹਰ ਬੱਚਿਆਂ ਦਾ ਰੌਲਾ ਸੁਣਾਈ ਦੇ ਰਿਹਾ ਸੀ। ਬਸੰਤ ਕਮਰੇ ਵਿਚੋਂ ਨਿਕਲ ਕੇ ਉਸ ਰੌਲੇ ਵਿਚ ਰਲ ਜਾਣਾ ਚਾਹੁੰਦਾ ਸੀ ਪਰ ਬੂਹਾ ਬਾਹਰੋਂ

*(ਬਾਕੀ ਅਗਲੇ ਸਫੇ 'ਤੇ)*

ਬੰਦ ਸੀ। ਉਹਨੂੰ ਮਾਸਟਰ ਹੀ ਖੋਲ੍ਹ ਸਕਦਾ ਸੀ।

ਬੱਚਿਆਂ ਦਾ ਰੌਲਾ ਇਕ ਦਮ ਕਾਂਵਾਂ-ਰੌਲੀ ਵਿਚ ਬਦਲ ਗਿਆ। ਛੁੱਟੀ ਦੀ ਘੰਟੀ ਵੱਜ ਗਈ ਸੀ। ਬੱਚਿਆਂ ਨੇ ਸਾਰਾ ਸਕੂਲ ਸਿਰ 'ਤੇ ਚੁੱਕ ਲਿਆ, ਸਕੂਲ ਤਾਂ ਉਹ ਹਰ ਸਨਿਚਰਵਾਰ ਵੀ ਸਿਰ 'ਤੇ ਚੁੱਕ ਲੈਂਦੇ ਸਨ ਜਦੋਂ ਅਗਲੇ ਦਿਨ ਐਤਵਾਰ ਦੀ ਛੁੱਟੀ ਹੋਣੀ ਹੁੰਦੀ ਸੀ; ਅੱਜ ਤਾਂ ਦੋ ਮਹੀਨਿਆਂ ਦੀਆਂ ਛੁੱਟੀਆਂ ਹੋ ਰਹੀਆਂ ਸਨ!

...

ਦੁਪਹਿਰ ਬਾਅਦ ਬੱਚੇ ਆਪੋ ਆਪਣੇ ਘਰੀਂ ਪੁੱਜ ਗਏ। ਘਰ ਦੇ ਕੰਮਾਂ ਧੰਦਿਆਂ ਵਿਚ ਰੁੱਝੀ ਬਸੰਤ ਦੀ ਬੇਬੇ ਨੂੰ ਕਾਫ਼ੀ ਦੇਰ ਬਾਅਦ ਖ਼ਿਆਲ ਆਇਆ ਕਿ ਬਸੰਤ ਅਜੇ ਘਰ ਨਹੀਂ ਸੀ ਆਇਆ। ਉਹਨੇ ਆਂਢ-ਗੁਆਂਢੋਂ ਪਤਾ ਕੀਤਾ। ਰੁਲੀਆ ਰਾਮ ਕੀ ਛਿੰਦੋ ਆ ਗਈ ਸੀ। ਨਛੱਤਰ ਦਾ ਗੋਲੂ ਵੀ ਆ ਚੁੱਕਿਆ ਸੀ। ਉਹਨੇ ਛਿੰਦੋ ਤੇ ਗੋਲੂ ਨੂੰ ਪੁੱਛਿਆ, "ਸਾਡਾ ਬਸੰਤ ਕਿੱਥੇ ਰਹਿ ਗਿਆ? ਅੱਗੇ ਤਾਂ ਥੋਡੇ ਨਾਲ ਆ ਜਾਂਦਾ ਹੁੰਦਾ ਸੀ!"

ਛਿੰਦੋ ਤੇ ਗੋਲੂ ਨੂੰ ਬਸੰਤ ਬਾਰੇ ਕੁਝ ਵੀ ਪਤਾ ਨਹੀਂ ਸੀ। ਉਥੋਂ ਬੇਬੇ ਬਸੰਤ ਨਾਲ ਪੜ੍ਹਦੇ ਨਰੈਣੇ ਕੇ ਬਿੱਕਰ ਨੂੰ ਪੁੱਛਣ ਗਈ। ਬਿੱਕਰ ਨੇ ਦੱਸਿਆ, "ਬਸੰਤ ਚੌੜ ਕਰਦਾ ਸੀ। ਮਾਸ਼ਟਰ ਨੇ ਤੀਜੀ ਵਿਚ ਆਪਣੇ ਕੋਲ ਬਠਾ ਲਿਆ ਸੀ। ਤੀਜੀ ਵਾਲਿਆਂ ਨਾਲ ਹੀ ਆ ਗਿਆ ਹੋਊ। ਜਾਂ ਫੇਰ ਮਾਸਟਰ ਜੀ ਕੋਲ ਬੈਠਾ ਹੋਊ। ਮਾਸ਼ਟਰ ਜੀ ਹਜੇ ਸਕੂਲੇ ਈ ਸੀਗੇ।"

'ਆਪ ਜਾ ਕੇ ਦੇਖਦੀ ਆਂ।' ਬਸੰਤ ਦੀ ਬੇਬੇ ਨੇ ਸੋਚਿਆ। ਤੇ ਫੇਰ ਉਹ ਘਰ ਨੂੰ, ਰਸੋਈ ਨੂੰ ਤੇ ਛੋਟੀ ਗੁੱਡੀ ਨੂੰ ਸੱਸ ਦੇ ਸਪੁਰਦ ਕਰ ਕੇ ਸਕੂਲ ਵੱਲ ਤੁਰ ਪਈ।

ਜਾ ਕੇ ਦੇਖਿਆ, ਸਕੂਲ ਬੰਦ ਸੀ। ਮੂਹਰਲੇ ਗੇਟ ਨੂੰ ਜਿੰਦਰਾ ਲੱਗਿਆ ਹੋਇਆ ਸੀ। ਸਕੂਲ ਨੇੜੇ ਨਾ ਬੰਦਾ, ਨਾ ਬੰਦੇ ਦੀ ਜਾਤ।

'ਤਾਂ ਫੇਰ ਮੇਰਾ ਪੁੱਤ ਗਿਆ ਕਿਧਰ!' ਬਸੰਤ ਦੀ ਬੇਬੇ ਸੋਚਣ ਲੱਗੀ, ਕੀ ਪਤਾ ਕਿਸੇ ਦੇ ਆਖੇ ਗੁਰਦੁਆਰੇ ਵੰਨੀ ਚਲਿਆ ਗਿਆ ਹੋਵੇ! ਤੇ ਉਹ ਛੱਪੜ ਦੇ ਪਰਲੇ ਪਾਸੇ ਗੁਰਦੁਆਰੇ ਵੱਲ ਤੁਰ ਪਈ। ਗੁਰਦੁਆਰੇ ਦਾ ਭਾਈ ਜੀ ਨਲਕੇ ਕੋਲ, ਪਿੱਪਲ ਹੇਠ ਮੰਜਾ ਡਾਹ ਕੇ ਸੁੱਤਾ ਪਿਆ ਸੀ। ਉਹਨੂੰ ਜਗਾ ਕੇ ਬਸੰਤ ਦੀ ਬੇਬੇ ਨੇ ਪੁੱਛਿਆ, "ਭਾਈ ਜੀ, ਇਧਰ ਖੇਡਦੇ-ਖੇਡਦੇ ਕੋਈ ਨਿੱਕੇ ਨਿਆਣੇ ਤਾਂ ਨੀ ਆਏ।"

ਅੱਖਾਂ ਮਲਦੇ ਭਾਈ ਜੀ ਨੇ ਨਾਂਹ ਵਿਚ ਸਿਰ ਹਿਲਾਇਆ। ਬੇਬੇ ਨੇ ਸੋਚਿਆ, 'ਕਿਤੇ ਛੱਪੜ ਕੰਢੇ ਪਰਲੇ ਬੋਹੜ ਹੇਠ ਖੇਡਣ ਨਾ ਤੁਰ ਗਿਆ ਹੋਵੇ।'

ਤੇ ਉਹ ਇਕ ਤਰ੍ਹਾਂ ਨਾਲ ਭੱਜਦੀ ਹੋਈ ਬੋਹੜ ਤਕ ਗਈ। ਬੋਹੜ ਹੇਠ ਸੁੱਤੇ ਪਏ ਦੋ ਮੰਗਤੇ ਤੇ ਵੱਗ ਚਾਰਨ ਵਾਲੇ ਦੋ-ਤਿੰਨ ਮੁੰਡੇ ਹੀ ਦਿਸੇ। ਉਨ੍ਹਾਂ ਵਿਚ ਉਹਦਾ ਬਸੰਤ ਜਾਂ ਸਕੂਲ ਪੜ੍ਹਨ ਵਾਲਾ ਕੋਈ ਬੱਚਾ ਕਿਧਰੇ ਨਹੀਂ ਸੀ।

'ਸ਼ੈਦ ਘਰੇ ਪਹੁੰਚ ਗਿਆ ਹੋਵੇ।' ਇਹ ਸੋਚ ਕੇ ਉਹ ਘਰ ਵੱਲ ਭੱਜ ਪਈ। ਘਰ ਜਾ ਕੇ ਦੇਖਿਆ, ਬਸੰਤ ਅਜੇ ਨਹੀਂ ਸੀ ਆਇਆ। ਉਹਨੂੰ ਫ਼ਿਕਰ ਲੱਗ ਗਿਆ, ਛੁੱਟੀ ਹੋਈ ਨੂੰ ਤਾਂ ਦੋ ਘੰਟੇ ਹੋ ਗਏ, ਬਸੰਤ ਕਿਧਰ ਚਲਿਆ ਗਿਆ!'

ਉਹ ਰੋਣਹਾਕੀ ਹੋ ਗਈ। ਕੀ ਕਰੇ, ਕੀ ਨਾ ਕਰੇ! ਇਹ ਸੋਚ ਕੇ ਕਿ ਖ਼ਬਰੇ ਨਿਆਣਾ ਆਵਦੇ ਬਾਪੂ ਵੱਲ ਈ ਤੁਰ ਗਿਆ ਹੋਵੇ, ਉਹਨੇ ਆਪਣੇ ਜੇਠ ਦੇ ਮੁੰਡੇ ਪੀਤੂ ਨੂੰ ਖੇਤ ਵੱਲ ਭਜਾਇਆ।

"ਭਾਈ ਬਹੂ, ਖੇਤੋਂ ਤਾਂ ਜਦੋਂ ਪਤਾ ਲੱਗੂ, ਉਦੋਂ ਲੱਗੂ ਆਪਾਂ ਤਾਂ ਭੱਜ-ਨੱਠ ਕਰੀਏ। ਤੀਜਾ ਪਹਿਰ ਢਲਣ ਵਾਲਾ ਐ! ਭੁੱਖਣ-ਭਾਣਾ ਨਿਆਣਾ ਵਿਚਾਰਾ ਪਤਾ ਨੀ ਕਿਨ੍ਹਾਂ ਹਾਲਾਂ 'ਚ ਐ! ਤੂੰ ਲਾਗੇ-ਚਾਗੇ ਪਤਾ ਕਰ ਤੇ ਨੰਬਰਦਾਰਾਂ ਦੀ ਪੱਤੀ ਜਾਹ। ਮੈਂ ਰਣੀਏ ਕੇ ਅਗਵਾੜ ਜਾਨੀ ਆਂ।" ਤੇ ਬਸੰਤ ਦੀ ਦਾਦੀ ਖੂੰਡੀ ਟੇਕਦੀ ਰਣੀਏ ਕੇ ਅਗਵਾੜ ਵੱਲ ਚੱਲ ਪਈ। ਛੋਟੀ ਗੁਡੀ ਨੂੰ ਕੁੱਛੜ ਚੁੱਕ ਕੇ ਬਸੰਤ ਦੀ ਬੇਬੇ ਘਰ-ਘਰ ਪੁੱਛਣ ਤੁਰ ਪਈ। ਉਹਨੇ ਸਕੂਲ ਪੜ੍ਹਦੇ ਇਕ-ਇਕ ਬੱਚੇ ਨੂੰ ਪੁੱਛਿਆ ਪਰ ਕੋਈ ਕੁਝ ਨਾ ਦੱਸ ਸਕਿਆ। ਕੁਝ ਕੁ ਬੱਚਿਆਂ ਨੂੰ ਬਸੰਤ ਦੇ ਮਾਸਟਰ ਦੀ ਕੁਰਸੀ ਕੋਲ ਬੈਠੇ ਹੋਣ ਦਾ ਪਤਾ ਸੀ। ਇਕ-ਦੋ ਜਣਿਆਂ ਨੇ ਉਹਨੂੰ ਬਰਾਂਡੇ ਵਿਚ ਬੈਠੇ ਨੂੰ ਵੀ ਦੇਖਿਆ ਸੀ। ਇਨ੍ਹਾਂ ਦੇਖਣ ਵਾਲਿਆਂ ਵਿਚ ਪਹਿਲੀ ਤੇ ਦੂਜੀ ਜਮਾਤ ਨੂੰ ਸੰਭਾਲਣ ਵਾਲਾ ਹਰਦਿਆਲ ਵੀ ਸ਼ਾਮਲ ਸੀ।

ਬਸੰਤ ਦੀ ਬੇਬੇ ਹਰਦਿਆਲ ਨੂੰ ਤੇ ਪੰਜ ਸੱਤ ਹੋਰ ਵੱਡੇ ਮੁੰਡਿਆਂ ਨੂੰ ਨਾਲ ਲੈ ਕੇ ਫੇਰ ਸਕੂਲ ਵੱਲ ਗਈ।

ਮੁੰਡੇ ਸਕੂਲ ਦਾ ਗੇਟ ਟੱਪ ਕੇ ਅੰਦਰ ਵੜੇ। ਉਨ੍ਹਾਂ ਬਸੰਤ ਨੂੰ ਆਵਾਜ਼ਾਂ ਮਾਰੀਆਂ, "ਬਸੰਤੇ! ਬਸੰਤ ਓਏ!" ਉਨ੍ਹਾਂ ਨੇ ਬਰਾਂਡੇ ਦਾ ਗੇੜਾ ਦਿੱਤਾ, ਝਾੜੀਆਂ ਓਹਲੇ ਦੇਖਿਆ। ਕਮਰਿਆਂ ਦੇ ਪਿਛਲੇ ਪਾਸੇ ਵੱਲ ਗਏ। ਹਰਦਿਆਲ ਨੇ ਤੇ ਇਕ ਦੋ ਹੋਰ ਦੋ ਮੁੰਡਿਆਂ ਨੇ ਖਿੜਕੀਆਂ ਦੇ ਉਤਲੇ ਸ਼ੀਸ਼ਿਆਂ ਵਿਚੋਂ ਦੀ ਤੇ ਝੀਥਾਂ ਵਿਚੋਂ ਦੀ ਅੰਦਰ ਦੇਖਿਆ। ਉਨ੍ਹਾਂ ਦੀਆਂ ਨਜ਼ਰਾਂ ਸਾਹਮਣੇ ਦਰਵਾਜ਼ੇ ਅਤੇ ਕੰਧਾਂ ਨਾਲ ਟਕਰਾ ਕੇ ਮੁੜ ਆਈਆਂ। ਹਰਦਿਆਲ ਨੇ ਕਿਹਾ, "ਏਥੇ ਤਾਂ ਕਿਤੇ ਦਿਸਦਾ ਨੀ।" ਦੂਜਾ ਮੁੰਡਾ ਬੋਲਿਆ, "ਨਾ, ਹੈਨੀ ਕਿਤੇ!"

ਲੱਭ-ਲੱਭ ਥੱਕ ਕੇ ਰੋਂਦੀ-ਕੁਰਲਾਉਂਦੀ ਬਸੰਤ ਦੀ ਬੇਬੇ ਘਰ ਮੁੜ ਆਈ। ਬਸੰਤ ਦਾ ਬਾਪੂ ਵੀ ਖੇਤੋਂ ਆ ਗਿਆ। ਰਣੀਏ ਕੇ ਅਗਵਾੜ ਗਈ ਦਾਦੀ ਦੇ ਹੱਥ-ਪੱਲੇ ਵੀ ਕੁਝ ਨਹੀਂ ਸੀ ਪਿਆ। ਬੇਬੇ ਤੇ ਬਾਪ ਨੇ ਘਰ ਸਾਹ ਵੀ ਨਾ ਲਿਆ। ਛੋਟੀ ਗੁੱਡੀ ਨੂੰ ਦਾਦੀ ਦੀ ਬੁੱਕਲ ਵਿਚ ਬਿਠਾ ਕੇ ਦੋਵੇਂ ਜੀਅ ਫੇਰ ਬਾਹਰ ਨੂੰ ਤੁਰ ਪਏ। ਪਿੰਡ ਦੇ ਬਹੁਤ ਸਾਰੇ ਲੋਕ ਤੇ ਸ਼ਰੀਕੇ-ਕਬੀਲੇ ਵਾਲੇ ਵੀ ਉਨ੍ਹਾਂ ਦੇ ਨਾਲ ਹੋ ਤੁਰੇ। ਦੇਖੀਆਂ ਹੋਈਆਂ ਥਾਂਵਾਂ ਦੁਬਾਰਾ ਦੇਖੀਆਂ ਗਈਆਂ। ਪਿੰਡ ਦੇ ਗੱਭਰੂ ਦੂਰ-ਦੂਰ ਤਕ ਖੇਤਾਂ ਦਾ ਗੇੜਾ ਮਾਰਨ ਨਿਕਲ ਪਏ। ਦੂਰ-ਦੂਰ ਤਕ ਵਣਾਂ, ਕਰੀਰਾਂ ਤੇ ਝਿੜੀਆਂ ਦੀ ਛਾਣ-ਬੀਣ ਕੀਤੀ ਗਈ।

ਸੱਥ ਵਿਚ ਇਕ ਤਰ੍ਹਾਂ ਨਾਲ ਸਾਰਾ ਪਿੰਡ ਇਕੱਠਾ ਹੋ ਗਿਆ। ਸਿਆਣਿਆਂ ਨੇ ਸਲਾਹ ਕੀਤੀ ਕਿ ਮਾਸਟਰ ਵੱਲ ਕਿਸੇ ਨੂੰ ਭੇਜਿਆ ਜਾਏ। ਖ਼ਬਰੇ, ਉਸੇ ਤੋਂ ਮੁੰਡੇ ਦਾ ਕੋਈ ਥਹੁ-ਪਤਾ ਮਿਲ ਜਾਏ!

ਬੇਬੇ ਧਨਕੁਰ ਕੰਬਦੀ ਤੇ ਰੋਂਦੀ ਜਿਹੀ ਆਵਾਜ਼ ਵਿਚ ਬੋਲੀ, "ਵੇ ਮਾਸ਼ਟਰ ਵਚਾਰੇ ਨੂੰ ਕੀ ਪਤਾ ਹੋਊ ਭਾਈ। ਉਹ ਤਾਂ ਛੁੱਟੀਆਂ ਕਰ ਕੇ ਆਵਦੇ ਘਰ ਨੂੰ ਚਲਿਆ ਗਿਆ। ਜੇ ਤੁਰੇ ਆਉਂਦੇ ਨਿਆਣੇ ਨੂੰ ਕੋਈ ਕੁਸ਼ ਸੁੰਘਾ ਕੇ ਚੁੱਕ ਲਜਾਵੇ ਤਾਂ ਮਾਸ਼ਟਰ ਵਿਚਾਰਾ ਕੀ ਕਰੂ! ਦੱਸੋ ਮੈਨੂੰ!"

ਬੇਬੇ ਧਨਕੁਰ ਦੀ ਗੱਲ ਮੁੱਕੀ ਹੀ ਸੀ ਕਿ ਨੰਬਰਦਾਰਾਂ ਦਾ ਸ਼ਹਿਰ ਪੜ੍ਹਦਾ ਮੁੰਡਾ ਬਲਵਿੰਦਰ ਬੋਲਿਆ, "ਪੰਚੈਤ ਸੱਦ ਕੇ ਇਕ ਫ਼ੈਸਲਾ ਤਾਂ ਇਹ ਕਰੋ, ਬਈ ਪਿੰਡ 'ਚ ਮੰਗਤਾ ਜਾਂ ਸਾਧ ਨਹੀਂ ਕੋਈ ਵੜਨ ਦੇਣਾ। ਝੋਟਿਆਂ ਵਰਗੇ ਮੰਗਤੇ ਸਾਧ ਸਾਰਾ ਦਿਨ ਪਿੰਡ 'ਚ ਹਰਲ-ਹਰਲ ਕਰਦੇ ਫਿਰਦੇ ਐ।"

"ਤੁਸੀਂ ਭਾਈ, ਝਬੇਲਪੁਰੇ ਦੇ ਸਾਧੂ ਰਾਮ ਪਾਧੇ ਤੋਂ ਟੇਵਾ ਲੁਆਓ।" ਮੀਰਾਅਬ ਪਾਲਾ ਸਿੰਘ ਦੀ ਮਾਂ ਬੋਲੀ, "ਪਾਧਾ ਥੋਨੂੰ ਸਾਰਾ ਸ੍ਹਾਬ ਲਾ ਕੇ ਦੱਸ ਦੂ ਬੀ ਨਿਆਣਾ ਕਿੱਧਰ ਨੂੰ ਗਿਐ ਤੇ ਕਦੋਂ ਮੁੜੂ!"

"ਗੱਲਾਂ ਪਿੱਛੋਂ ਕਰਿਓ, ਪਹਿਲਾਂ ਮਾਸਟਰ ਵੱਲ ਕਿਸੇ ਨੂੰ ਭੇਜਣ ਦੀ ਗੱਲ ਕਰੋ।" ਸਰਪੰਚ ਬਚਿੱਤਰ ਸਿੰਘ ਨੇ ਇਕ ਤਰ੍ਹਾਂ ਨਾਲ ਫ਼ੈਸਲਾ ਸੁਣਾਇਆ।

ਮਾਸਟਰ ਨਾਲ ਬਹੁਤਾ ਬਹਿਣ-ਉਠਣ ਵਾਲੇ ਸੰਧੂਆਂ ਦੇ ਜਗੀਰੇ ਨੂੰ ਤੇ ਪੰਡਤਾਂ ਦੇ ਕਿੱਛੀ ਨੂੰ ਮੋਟਰਸਾਈਕਲ ਉਤੇ ਮਾਸਟਰ ਦੇ ਸ਼ਹਿਰ ਵੱਲ ਤੋਰ ਦਿੱਤਾ ਗਿਆ। ਉਨ੍ਹਾਂ ਨੂੰ ਤੋਰ ਕੇ ਸਰਪੰਚ ਨੇ ਕਿਹਾ, "ਮਾਸਟਰ ਦਾ ਸ਼ਹਿਰ ਐ ਐਥੋਂ ਨੱਬੇ ਮੀਲ। ਏਸ ਹਿਸਾਬ, ਜੇ ਮੁੰਡੇ ਤੇਜ਼-ਤੇਜ਼ ਵੀ ਮੋਟਰਸੈਕਲ ਚਲਾਉਣ ਤਾਂ ਵੀ ਉਨ੍ਹਾਂ ਨੂੰ ਮੁੜਦਿਆਂ ਰਾਤ ਦੇ ਇਕ-ਦੋ ਤਾਂ ਵੱਜ ਈ ਜਾਣਗੇ। ਹੁਣ ਆਪਾਂ ਇਕ ਤਾਂ ਸਦਰ ਥਾਣੇ ਰਪਟ ਲਿਖਾ ਆਈਏ, ਨਾਲੇ ਭਾਲ ਜਾਰੀ ਰੱਖੀਏ।"

ਸਰਪੰਚ ਸਮੇਤ, ਪਿੰਡ ਦੇ ਮੁਹਤਬਰ ਬੰਦੇ ਬਸੰਤ ਦੇ ਬਾਪੂ ਨਾਲ ਸ਼ਹਿਰ, ਸਦਰ ਥਾਣੇ ਵੱਲ ਚੱਲ ਪਏ। ਗੁਰਦੁਆਰੇ ਦੇ ਭਾਈ ਜੀ ਨੂੰ ਲਾਊਡ ਸਪੀਕਰ ਰਾਹੀਂ ਸੂਚਨਾ ਦੇਣ ਲਈ ਕਹਿ ਦਿੱਤਾ ਗਿਆ। ਦਿਨ ਢਲ ਰਿਹਾ ਸੀ। ਪਹਿਲਾਂ ਤੋਂ ਲੱਭਣ ਨਿਕਲੇ ਕਈ ਗੱਭਰੂ ਮੁੜ ਆਏ ਸਨ। ਉਹ ਤੇ ਕੁਝ ਹੋਰ ਮੁੰਡੇ ਬੈਟਰੀਆਂ ਤੇ ਲਾਲਟੈਣਾਂ ਦਾ ਪ੍ਰਬੰਧ ਕਰ ਕੇ ਦੁਬਾਰਾ ਖੇਤਾਂ, ਝਿੜੀਆਂ ਵੱਲ, ਖੂਹ-ਟੋਭਿਆਂ ਵੱਲ ਤੇ ਨੇੜੇ-ਤੇੜੇ ਦੇ ਪਿੰਡਾਂ ਵੱਲ ਨਿਕਲ ਤੁਰੇ।

ਪਿੰਡ ਦੇ ਬਹੁਤੇ ਘਰਾਂ ਵਿਚ ਚੁਲ੍ਹੇ ਨਹੀਂ ਬਲੇ। ਜੇ ਬਲੇ ਤਾਂ ਸਿਰਫ਼ ਬੱਚਿਆਂ ਦੀ ਖ਼ਾਤਰ।

...

ਛੁੱਟੀ ਹੋਈ ਦਾ ਰੌਲਾ ਪਿਆ ਤਾਂ ਬਸੰਤ ਨੇ ਬਾਹਰਲੀ ਸਰਗਰਮੀ ਤੋਂ ਅੰਦਾਜ਼ਾ ਲਾਇਆ ਕਿ ਬੱਚੇ ਘਰਾਂ ਨੂੰ ਜਾ ਰਹੇ ਸਨ। ਕੁਝ ਬੱਚੇ ਤੱਪੜ ਤੇ ਕਾਲੇ ਫੱਟੇ ਸਟੋਰ ਵਿਚ ਰੱਖ ਰਹੇ ਸਨ। ਮਾਸਟਰ ਜੀ ਦਾ ਮੇਜ਼ ਤੇ ਕੁਰਸੀਆਂ ਦਫ਼ਤਰ ਵਿਚ ਟਿਕਾਈਆਂ ਜਾ ਰਹੀਆਂ ਸਨ।

ਜਦੋਂ ਟਿਕਟਿਕਾ ਹੋ ਗਿਆ ਤਾਂ ਬਸੰਤ ਨੇ ਸੁਣਿਆ, ਮਾਸਟਰ ਕਹਿ ਰਿਹਾ ਸੀ, "ਇਉਂ ਕਰ ਓਏ ਮਹਿੰਦਰਾ, ਸਟੋਰ ਨੂੰ ਤੇ ਦੋਵਾਂ ਕਮਰਿਆਂ ਨੂੰ ਜਿੰਦਰਾ ਲਾ ਦੇ।"

ਬਸੰਤ ਨੇ ਬਰਾਂਡੇ ਵਿਚ ਹੁੰਦੀ ਹਿਲਜੁਲ ਤੋਂ ਮਹਿਸੂਸ ਕੀਤਾ ਕਿ ਮਹਿੰਦਰ ਨੇ ਸਟੋਰ ਨੂੰ ਜਿੰਦਰਾ ਲਾਇਆ ਸੀ। ਫੇਰ ਉਹਨੇ ਉਸ ਕਮਰੇ ਨੂੰ ਵੀ ਲਾ ਦਿੱਤਾ ਜਿਸ ਵਿਚ ਬਸੰਤ ਬੰਦ ਸੀ। ਬਸੰਤ ਨੇ ਸੋਚਿਆ, 'ਹੁਣੇ ਮਾਸਟਰ ਜਿੰਦਰਾ ਖੁਲ੍ਹਵਾਏਗਾ ਤੇ ਉਹਨੂੰ ਬਾਹਰ ਕੱਢੇਗਾ ਪਰ ਕੁਝ ਦੇਰ ਬਾਅਦ ਉਸ ਨੇ ਮਹਿਸੂਸ ਕੀਤਾ ਕਿ ਉਹਦੀ ਬੰਦਖ਼ਲਾਸੀ ਤਾਂ ਕਿਸੇ ਨੇ ਵੀ ਨਹੀਂ ਕੀਤੀ। ਬੱਚੇ ਤੇ ਮਾਸਟਰ ਸਾਰੇ ਸਕੂਲ ਨੂੰ ਜਿੰਦਰੇ ਮਾਰ ਕੇ ਚਲੇ ਗਏ ਸਨ। ਹੁਣ ਤਕ ਬਸੰਤ ਇਹੀ ਸੋਚ ਕੇ ਚੁੱਪ ਰਿਹਾ ਸੀ ਕਿ ਮਾਸਟਰ ਜ਼ਰੂਰ ਬੂਹਾ ਖੋਲ੍ਹੇਗਾ ਤੇ ਉਹਦੇ ਲਿਖੇ ਦਸ ਤਕ ਦੇ ਪਹਾੜੇ ਤੇ ਸੁਲੇਖ ਦੇਖ ਕੇ, ਖੁਸ਼ ਹੋ ਕੇ ਉਹਦੀ ਸਜ਼ਾ ਖ਼ਤਮ ਕਰ ਦੇਵੇਗਾ। ਇਸੇ ਉਡੀਕ ਵਿਚ ਉਹਨੂੰ ਸੁਝਿਆ ਹੀ ਨਹੀਂ ਕਿ ਜਦੋਂ ਜਿੰਦਰੇ ਲਾਏ ਜਾ ਰਹੇ ਸਨ ਤਾਂ ਆਵਾਜ਼ ਮਾਰ ਕੇ ਆਖਦਾ, ਮੈਨੂੰ ਬਾਹਰ ਕੱਢੋ।

ਤੇ ਜਦੋਂ ਉਹਨੇ ਆਵਾਜ਼ ਮਾਰੀ ਤੇ ਨਿੱਕੇ-ਨਿੱਕੇ ਹੱਥਾਂ ਨੇ ਬੂਹਾ ਖੜਕਾਇਆ ਤਾਂ ਨੇੜੇ ਤੇੜੇ ਸੁਣਨ ਵਾਲਾ ਕੋਈ ਨਹੀਂ ਸੀ। ਸਾਰੀ ਹਿਲਜੁਲ ਖ਼ਤਮ ਹੋ ਗਈ ਸੀ ਤੇ ਸਕੂਲ ਵਿਚ ਚਾਰੇ ਪਾਸੇ ਚੁੱਪ ਵਰਤ ਗਈ ਸੀ।

ਬਸੰਤ ਨੇ ਬਹੁਤ ਆਵਾਜ਼ਾਂ ਮਾਰੀਆਂ, ਬਹੁਤ ਬੂਹਾ ਖੜਕਾਇਆ ਪਰ ਕਿਸੇ ਪਾਸਿਓਂ ਕੋਈ ਹੁੰਗਾਰਾ ਨਹੀਂ ਆਇਆ; ਉਹਨੂੰ ਬਾਹਰ ਕੱਢਣ ਲਈ ਕੋਈ ਨਾ ਬਹੁੜਿਆ।

ਬੂਹਾ ਖੜਕਾ ਕੇ, ਆਵਾਜ਼ਾਂ ਮਾਰ ਕੇ, ਥੱਕ-ਹਾਰ ਕੇ ਬਸੰਤ ਵੀ ਸਕੂਲ ਵਿਚ ਪਸਰੀ ਚੁੱਪ ਵਿਚ ਸ਼ਾਮਲ ਹੋ ਗਿਆ। ਕੁਝ ਪਲ ਉਹ ਬੂਹੇ ਕੋਲ ਖੜ੍ਹਾ ਰਿਹਾ। ਉਹ ਸੋਚਣ ਲੱਗਾ, 'ਮਾਸਟਰ ਜੀ ਜਾਣ-ਬੁੱਝ ਕੇ ਜਿੰਦਰਾ ਲਾ ਕੇ ਗਏ ਐ। ਉਹ ਹੁਣੇ ਮੁੜ ਕੇ ਆਉਣਗੇ ਤੇ ਜਿੰਦਰਾ ਖੋਲ੍ਹ ਕੇ ਮੈਨੂੰ ਕੱਢਣਗੇ।' ਤੇ ਬਸੰਤ ਨੇ ਚੁੱਪ-ਚਾਪ ਉਡੀਕ ਕਰਨ ਦਾ ਫੈਸਲਾ ਕੀਤਾ। ਉਹ ਖਿੜਕੀ ਕੋਲ ਖਿੱਲਰੇ ਪਏ ਬਸਤੇ ਕੋਲ ਜਾ ਬੈਠਾ ਤੇ ਕਾਪੀ ਉਤੇ ਦਸ ਤਕ ਦੇ ਪਹਾੜੇ ਦੁਬਾਰਾ ਲਿਖਣ ਲੱਗ ਪਿਆ। ਪਹਾੜੇ ਮੁਕਾ ਕੇ ਉਹਨੇ ਸੌ ਤਕ ਗਿਣਤੀ ਵੀ ਲਿਖ ਲਈ। ਉਹਨੇ ਸੋਚਿਆ, 'ਮਾਸਟਰ ਜੀ ਜਦੋਂ ਪਹਾੜੇ ਤੇ ਗਿਣਤੀ ਦੇਖਣਗੇ ਤਾਂ ਸ਼ਾਬਾਸ਼ ਦੇਣਗੇ। ਮੈਂ ਉਨ੍ਹਾਂ ਨੂੰ ਆਖਾਂਗਾ, ਮਾਸਟਰ ਜੀ ਅੱਗੇ ਤੋਂ ਮੈਂ ਚੌੜ ਨਹੀਂ ਕਰਾਂਗਾ।'

ਇਹ ਕੁਝ ਸੋਚਦੇ ਹੋਏ ਉਹਨੇ ਦੂਜੀ ਕਾਪੀ ਚੁੱਕ ਲਈ ਤੇ ਕਿਤਾਬ ਵਿਚੋਂ ਦੇਖ-ਦੇਖ ਕੇ ਸੁਲੇਖ ਲਿਖਣ ਲੱਗ ਪਿਆ। ਉਹਦੇ ਸਾਹਮਣੇ ਕਵਿਤਾ ਦਾ ਪੰਨਾ ਖੁੱਲ੍ਹਾ ਸੀ। ਉਹਨੇ ਪਹਿਲੀ ਪੰਕਤੀ ਲਿਖੀ: ਕਾਲੇ-ਕਾਲੇ ਬੱਦਲ ਆਏ, ਮਿੱਠਾ-ਮਿੱਠਾ ਪਾਣੀ ਲਿਆਏ।

ਤੇ ਬਸੰਤ ਨੂੰ ਫੇਰ ਤੇਹ ਲੱਗ ਆਈ। ਹੁਣ ਤਕ ਉਹ ਕੰਮ ਕਰਕੇ ਚੰਗਾ ਬਣ ਕੇ ਦਿਖਾਉਣ ਦੇ ਚੱਕਰ ਵਿਚ ਤੇਹ ਭੁੱਲ ਗਿਆ ਸੀ।

ਉਹ ਕਾਪੀ-ਪੈਨਸਿਲ ਫਰਸ਼ 'ਤੇ ਰੱਖ ਕੇ ਬੂਹੇ ਵੱਲ ਤੁਰ ਪਿਆ ਪਰ ਪਾਣੀ ਤਾਂ ਬੰਦ ਬੂਹੇ ਤੋਂ ਬਾਹਰ ਸੀ। ਤੇ ਬਾਹਰ ਜਿੰਦਰਾ ਲੱਗਿਆ ਹੋਇਆ ਸੀ। ਉਹਨੇ ਬੂਹਾ ਖੜਕਾਇਆ। ਬਾਹਰ ਕੋਈ ਹਿਲ ਜੁਲ ਨਾ ਹੋਈ। ਕੋਈ ਬੂਹਾ ਖੋਲ੍ਹਣ ਨਾ ਆਇਆ। ਸੱਜੀ ਕੰਧ ਦੇ ਨਾਲੋਂ ਲੰਘਦੇ ਪਹੇ 'ਤੇ ਕਿਸੇ ਦੀ ਬਿੜਕ ਸੁਣਾਈ ਦਿੱਤੀ। ਬਸੰਤ ਨੇ ਹੋਰ ਜ਼ੋਰ ਨਾਲ ਬੂਹਾ ਖੜਕਾਇਆ, ਹੋਰ ਉਚੀ ਆਵਾਜ਼ਾਂ ਮਾਰੀਆਂ, "ਬੂਹਾ ਖੋਲ੍ਹੋ! ਮੈਨੂੰ ਕੱਢੋ! ਮੈਂ ਪਾਣੀ ਪੀਣੈ! ਮਾਸਟਰ ਜੀ, ਮੈਂ ਫੇਰ ਚੌੜ ਨੀ ਕਰਦਾ! ਮੈਨੂੰ ਕੱਢੋ! ਮੈਂ ਪਾਣੀ ਪੀਣੈ! ਤੇਹ ਲੱਗੀ ਐ! ਬੇਬੇ ਮੈਨੂੰ ਲੈ ਜਾ! ਬੇਬੇ, ਤੇਹ ਲੱਗੀ ਐ, ਭੁੱਖ ਵੀ ਲੱਗੀ ਐ! ਬਾਪੂ...!"

ਉਹਨੇ ਪੂਰਾ ਜ਼ੋਰ ਲਾ ਕੇ ਬੂਹਾ ਖੜਕਾਇਆ। ਖੜਕਾਉਂਦਾ-ਖੜਕਾਉਂਦਾ ਰੋਣ ਲੱਗ ਪਿਆ। ਉਹਦੇ ਨਿੱਕੇ-ਨਿੱਕੇ, ਗੋਲ-ਗੋਲ ਤੇ ਗੋਰੇ-ਗੋਰੇ ਹੱਥ ਬੂਹੇ ਨਾਲ ਵੱਜ-ਵੱਜ ਕੇ ਲਾਲ ਹੋ ਗਏ, ਦੁਖਣ ਲੱਗ ਪਏ! ਹੰਝੂਆਂ ਦੀਆਂ ਘਰਾਲਾਂ ਨਾਲ ਗੋਰੀਆਂ ਗੱਲ੍ਹਾਂ ਘਸਮੈਲੀਆਂ ਹੋ ਗਈਆਂ।

ਕਾਫ਼ੀ ਦੇਰ ਉਹ ਬੂਹਾ ਖੜਕਾਉਂਦਾ ਰਿਹਾ, ਰੋਂਦਾ ਰਿਹਾ; ਮਾਸਟਰ ਤੋਂ ਮਾਫੀਆਂ ਮੰਗਦਾ ਰਿਹਾ; ਬੇਬੇ ਤੇ ਬਾਪੂ ਨੂੰ ਆਵਾਜ਼ਾਂ ਮਾਰਦਾ ਰਿਹਾ ਤੇ ਭੁੱਖ-ਤੇਹ ਦੇ ਵਾਸਤੇ ਪਾਉਂਦਾ ਰਿਹਾ। ਫੇਰ ਉਹ ਥੱਕ ਗਿਆ, ਹੰਭ ਗਿਆ ਤੇ ਨਿਢਾਲ ਹੋ ਕੇ ਬੂਹੇ ਦੇ ਕੋਲ ਹੀ ਬੈਠ ਗਿਆ।

ਖੇਤਾਂ ਵਾਲੇ ਪਾਸਿਓਂ ਕੋਈ ਆਵਾਜ਼ ਸੁਣਾਈ ਦਿੱਤੀ। ਬਸੰਤ ਬੂਹੇ ਕੋਲੋਂ ਉਠ ਕੇ ਖਿੜਕੀ ਵੱਲ ਆ ਗਿਆ ਤੇ ਖਿੜਕੀ ਖੜਕਾਉਣ ਲੱਗ ਪਿਆ। ਲੋਹੇ ਦੀ ਗਰਿੱਲ ਵਿਚੋਂ ਹੀ ਖੜਕਾਉਂਦਿਆਂ ਉਹਦੇ ਹੱਥ ਹੋਰ ਦੁਖਣ ਲੱਗ ਪਏ। ਉਹਨੇ ਹੇਠਾਂ ਬਸਤੇ ਕੋਲ ਪਈ ਸਲੇਟ ਚੁੱਕ ਲਈ। ਉਹ ਸਲੇਟ ਨਾਲ ਖਿੜਕੀ ਭੰਨਣ ਲੱਗ ਪਿਆ। ਇਸ ਸਾਰੀ ਜਦੋਜਹਿਦ ਦਾ ਵੀ ਕੋਈ ਨਤੀਜਾ ਨਾ ਨਿਕਲਿਆ ਸਗੋਂ ਉਹ ਹੋਰ ਵਧੇਰੇ ਥੱਕ ਗਿਆ, ਹੰਭ ਗਿਆ, ਹਾਰ ਗਿਆ। ਉਹਦੀ ਤੇਹ ਹੋਰ ਵਧ ਗਈ, ਗਲਾ ਖੁਸ਼ਕ ਹੋ ਗਿਆ। ਉਹਨੂੰ ਸਾਹ ਚੜ੍ਹ ਗਿਆ। ਸਲੇਟ ਵਾਲਾ ਉਹਦਾ ਹੱਥ ਢਿੱਲਾ ਪੈ ਗਿਆ। ਸਲੇਟ ਉਹਦੇ ਹੱਥੋਂ ਡਿੱਗ ਪਈ। ਉਹਨੇ ਦੋਵੇਂ ਹੱਥਾਂ ਨਾਲ ਲੋਹੇ ਦੀ ਗਰਿੱਲ ਫੜ ਲਈ। ਉਹਦਾ ਸਿਰ ਖਿੜਕੀ ਦੇ ਹੇਠਾਂ ਕੰਧ ਨਾਲ ਲੱਗ ਗਿਆ। ਕੁਝ ਦੇਰ ਬਾਅਦ ਉਹਦੇ ਹੱਥਾਂ ਦੀ ਪਕੜ ਵੀ ਢਿੱਲੀ ਪੈ ਗਈ। ਉਹ ਤੋਰੀ ਦੀ ਉਸ ਵੇਲ ਵਾਂਗ ਕੰਧ ਦੇ ਨਾਲ ਘਸਰਦਾ ਹੇਠਾਂ ਨੂੰ ਢਿਲਕ ਗਿਆ ਜੀਹਨੂੰ ਦਰਖ਼ਤ, ਵਾੜ ਜਾਂ ਕੰਧ ਦਾ ਮਿਲਿਆ ਸਹਾਰਾ ਖੋਹ ਲਿਆ ਗਿਆ ਹੋਵੇ। ਉਹਦੇ ਅੰਦਰ ਬੈਠੇ ਰਹਿਣ ਦੀ ਵੀ ਹਿੰਮਤ ਨਹੀਂ ਸੀ ਬਚੀ। ਉਹ ਨਿਢਾਲ ਹੋ ਕੇ ਲੰਮਾ ਪੈ ਗਿਆ। ਉਹਦਾ ਸਿਰ ਸਹਿਜ-ਸੁਭਾਅ ਹੀ ਬਸਤੇ ਉਤੇ ਜਾ ਟਿਕਿਆ। ਪਏ ਪਏ ਉਸ ਨੂੰ ਪਤਾ ਨਹੀਂ, ਕਦੋਂ ਨੀਂਦ ਆ ਗਈ, ਗੂੜ੍ਹੀ ਨੀਂਦ।

...

ਸਕੂਲੋਂ ਉਹ ਘਰ ਨੂੰ ਤੁਰਿਆ ਜਾ ਰਿਹਾ ਸੀ। ਖੇਤੋਂ ਮੁੜਦੇ ਉਹਦੇ ਬਾਪੂ ਨੇ ਉਹਨੂੰ ਗੱਡੇ ਉਤੇ ਬਿਠਾ ਲਿਆ। ਗੱਡੇ ਦੇ ਪਹੀਏ ਚੀਂਅ-ਚੀਂਅ ਕਰ ਰਹੇ ਸਨ। ਬਲਦਾਂ ਦੇ ਗਲੀਂ ਘੁੰਗਰੂ ਛਣਕ ਰਹੇ ਸਨ। ਬਾਪੂ ਬਲਦਾਂ ਨੂੰ ਹੱਕ ਰਿਹਾ ਸੀ "ਤੱਅ-ਤੱਅ-ਤੱਅ, ਚੱਲ ਛੇਰਾ ਚੱਲ ਬਈ।" ਫੇਰ ਉਹ ਮਾਮੇ ਦੀ ਘੋੜੀ ਉਤੇ ਚੜ੍ਹ ਗਿਆ। ਨਾਨਕੇ-ਘਰ ਉਹ ਘੋਲੂ, ਭਿੰਦੀ ਤੇ ਨੰਦੀ ਨਾਲ ਲੁਕ-ਮਿਚਾਈ ਖੇਡ ਰਿਹਾ ਸੀ। ਉਹ ਤੂੜੀ ਵਾਲੇ ਕੋਠੇ ਵਿਚ ਲੁਕ ਗਿਆ ਸੀ। ਘੋਲੂ ਉਹਨੂੰ ਲੱਭ ਰਿਹਾ ਸੀ ਤੇ ਆਵਾਜ਼ਾਂ ਮਾਰ ਰਿਹਾ ਸੀ, "ਬਸੰਤੇ!" ਫੇਰ ਭਿੰਦੀ ਦੀ ਆਵਾਜ਼ ਆਈ, "ਬਸੰਤੇ ਓਏ!" ਹਰਦਿਆਲ ਕਹਿ ਰਿਹਾ ਸੀ, "ਏਥੇ ਤਾਂ ਕਿਤੇ ਦਿਸਦਾ ਨੀ।" ਫੇਰ ਭਿੰਦੀ ਬੋਲਿਆ, "ਨਾ, ਹੈਨੀ ਕਿਤੇ!"

ਤੇ ਬਸੰਤ ਚੁੱਪ ਕੀਤਾ ਲੁਕਿਆ ਰਿਹਾ। ਲੁਕੇ-ਲੁਕੇ ਨੂੰ ਉਹਨੂੰ ਤੇਹ ਲੱਗੀ। ਉਹ ਸੂਏ ਦੇ ਕੰਢੇ ਬੈਠ ਗਿਆ। ਉਹਨੇ ਪਾਣੀ ਦੀ ਚੂਲੀ ਭਰੀ। ਮੂੰਹ ਨੂੰ ਲਾਈ ਤਾਂ ਚੂਲੀ ਖਾਲੀ ਸੀ। ਉਹ ਸੂਏ ਵਿਚ ਡਿੱਗ ਪਿਆ। ਸੂਆ ਨਹੀਂ, ਉਹ ਤਾਂ ਵੱਡੀ ਨਹਿਰ ਸੀ। ਉਹ ਡੁੱਬਣ ਲੱਗਾ। ਉਹਨੇ ਨਿਕਲਣ ਲਈ ਜ਼ੋਰ ਲਾਇਆ, ਬਹੁਤ ਹੱਥ-ਪੈਰ ਮਾਰੇ ਪਰ ਉਹ ਨਿਕਲ ਨਹੀਂ ਸਕਿਆ। ਉਹਦਾ ਗਲਾ ਖ਼ੁਸ਼ਕ ਹੋ ਗਿਆ। ਉਹਦਾ ਸਾਹ ਘੁੱਟਣ ਲੱਗਿਆ। ਉਹਨੇ ਜ਼ੋਰ ਦੀ ਚੀਕ ਮਾਰੀ, "ਬੇਬੇ...!"

ਤੇ ਉਹ ਉਠ ਕੇ ਬੈਠ ਗਿਆ। ਇਧਰ-ਉਧਰ ਦੇਖਿਆ ਘੋੜੀ ਨਹੀਂ ਸੀ, ਗੱਡਾ ਨਹੀਂ ਸੀ। ਉਹਦੇ ਨਾਲ ਲੁਕ-ਮਿਚਾਈ ਖੇਡਣ ਵਾਲੇ ਘੋਲੂ, ਭਿੰਦੀ, ਹਰਦਿਆਲ ਵੀ ਉਥੇ ਨਹੀਂ ਸਨ। ਸਾਰੇ ਜਣੇ ਕਿਧਰੇ ਗਾਇਬ ਹੋ ਗਏ ਸਨ। ਵੱਡੇ ਸਾਰੇ ਕਮਰੇ ਵਿਚ ਉਹ ਇਕੱਲਾ ਸੀ। ਪਹੇ ਉਤੋਂ ਲੋਕ ਲੰਘ ਰਹੇ ਸਨ- ਖੇਤੋਂ ਪੱਠੇ ਲੈ ਕੇ, ਗੱਡੇ ਲੈ ਕੇ, ਤੇ ਵੱਗ ਹੱਕਦੇ ਹੋਏ। ਬਸੰਤ ਨੂੰ ਉਨ੍ਹਾਂ ਦੀਆਂ ਆਵਾਜ਼ਾਂ, ਬਲਦਾਂ ਦੇ ਗਲਾਂ ਵਿਚ ਪਏ ਘੁੰਗਰੂਆਂ ਦੀ ਛਣਕਾਰ, ਕਦੇ ਮੱਧਮ ਕਦੇ ਸਾਫ਼ ਸੁਣਾਈ ਦੇ ਰਹੀ ਸੀ। ਉਹਨੇ ਬੈਠੇ-ਬੈਠੇ ਨੇ ਲੰਘਣ ਵਾਲਿਆਂ ਨੂੰ ਆਵਾਜ਼ ਦਿੱਤੀ ਪਰ ਤੇਹ ਦੇ ਭੰਨੇ ਖ਼ੁਸ਼ਕ ਗਲੇ ਵਿਚੋਂ ਉਹਦੀ ਆਵਾਜ਼ ਭਰੜਾ ਕੇ ਨਿਕਲੀ ਤੇ ਕਮਰੇ ਦੀਆਂ ਕੰਧਾਂ ਨਾਲ ਹੀ ਟਕਰਾ ਕੇ ਰਹਿ ਗਈ। ਫੇਰ ਉਹ ਹਿੰਮਤ ਕਰ ਕੇ ਉਠਿਆ। ਸਲੇਟ ਲੈ ਕੇ ਫੇਰ ਬੂਹਾ ਭੰਨਣ ਲੱਗ ਪਿਆ। ਉਹਨੇ ਖੇਤਾਂ ਵੱਲ ਦੀਆਂ ਖਿੜਕੀਆਂ ਵੀ ਖੜਕਾਈਆਂ ਪਰ ਉਹਦੀ ਕੋਈ ਕੋਸ਼ਿਸ਼ ਕਿਸੇ ਦਾ ਧਿਆਨ ਨਾ ਖਿੱਚ ਸਕੀ।

ਹੌਲੀ-ਹੌਲੀ ਖੇਤਾਂ ਵਾਲਿਆਂ ਦੀ ਆਵਾਜਾਈ ਵੀ ਖਤਮ ਹੋ ਗਈ। ਖਿੜਕੀਆਂ ਦੇ ਉਤਲੇ ਸ਼ੀਸ਼ਿਆਂ ਅਤੇ ਰੋਸ਼ਨਦਾਨਾਂ ਵਿਚੋਂ ਦੀ ਵੜਿਆ ਸ਼ਾਮ ਦਾ ਘੁਸਮੁਸਾ ਹਨੇਰੇ ਵਿਚ ਬਦਲ ਗਿਆ। ਬਸੰਤ ਦਾ ਬਸਤਾ, ਬਸਤੇ ਦਾ ਖਿਲਰਿਆ ਸਮਾਨ, ਸਭ ਕੁਝ ਹਨੇਰੇ ਵਿਚ ਸਮਾ ਗਿਆ। ਖਿੜਕੀਆਂ ਤੇ ਰੌਸ਼ਨਦਾਨਾਂ ਵਿਚੋਂ ਦੀ ਤਾਰਿਆਂ ਦੀ ਮੱਧਮ ਜਿਹੀ ਲੋਅ ਦਿਖਾਈ ਦੇ ਰਹੀ ਸੀ। ਪਿਛਲੇ ਪਾਸੇ ਲੱਗੇ ਸਫ਼ੈਦਿਆਂ ਦੀਆਂ ਟਾਹਣੀਆਂ ਦੇ ਝੌਲੇ ਜਿਹੇ ਪੈ ਰਹੇ ਸਨ। ਉਹ ਬਸੰਤ ਨੂੰ ਭੂਤ ਪ੍ਰੇਤ ਜਾਪ ਰਹੇ ਸਨ।

ਛੱਪੜ ਦੇ ਪਰਲੇ ਪਾਸਿਉਂ, ਗੁਰਦੁਆਰੇ ਦੇ ਸਪੀਕਰ ਵਿਚੋਂ ਆਵਾਜ਼ ਸੁਣਾਈ ਦਿੱਤੀ, "ਗੁਰੂ ਪਿਆਰੀ ਸਾਧ ਸੰਗਤ ਜੀ, ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫਤਿਹ!"

ਬਸੰਤ ਬੂਹੇ ਬਾਰੀਆਂ ਖੜਕਾਉਣੇ ਬੰਦ ਕਰ ਕੇ ਸਪੀਕਰ ਦੀ ਆਵਾਜ਼ ਸੁਣਨ ਲੱਗ ਪਿਆ। ਭਾਈ ਜੀ ਕਹਿ ਰਿਹਾ ਸੀ, "ਸਾਧ-ਸੰਗਤ ਜੀ, ਜਿਵੇਂ ਕਿ ਆਪ ਜੀ ਨੂੰ ਪਹਿਲਾਂ ਵੀ ਸੂਚਨਾ ਦਿੱਤੀ ਜਾ ਚੁੱਕੀ ਹੈ ਕਿ ਆਪਣੇ ਪਿੰਡ ਦੇ ਸਰਦਾਰ ਦਲਜੀਤ ਸਿੰਘ ਦਾ ਦੂਜੀ ਵਿਚ ਪੜ੍ਹਦਾ ਸਪੁੱਤਰ ਬਸੰਤ ਸਿੰਘ ਸਕੂਲੋਂ ਛੁੱਟੀ ਹੋਣ ਉਪਰੰਤ ਘਰ ਨਹੀਂ ਅਪੜਿਆ। ਜਿਸ ਮਾਈ-ਭਾਈ ਨੂੰ ਉਹਦੀ ਸੂਹ ਲੱਗੇ, ਤੁਰੰਤ ਸੂਚਨਾ ਦੇਣ ਦੀ ਖੇਚਲ ਕਰੇ। ਬਾਲਕ ਦੇ ਮਾਤਾ-ਪਿਤਾ ਤੇ ਉਹਦੀ ਬਿਰਧ ਦਾਦੀ ਉਹਨੂੰ ਲੱਭਦੇ ਹਾਲੋਂ ਬੇਹਾਲ ਹੋਏ ਪਏ ਹਨ। ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ!"

ਸੂਚਨਾ ਸੁਣਦਿਆਂ ਹੀ ਬਸੰਤ ਭਰੜਾਈ ਆਵਾਜ਼ ਵਿਚ ਚੀਕ ਉਠਿਆ, "ਬੇਬੇ, ਬਾਪੂ, ਮੈਂ ਐਥੇ ਹਾਂ, ਸਕੂਲ 'ਚ! ਮੈਨੂੰ ਲੈ ਜਾਓ! ਮੈਨੂੰ ਤੇਹ ਲੱਗੀ ਐ, ਭੁੱਖ ਵੀ ਲੱਗੀ ਐ! ਬੇਬੇ ਮੈਨੂੰ ਡਰ ਲਗਦੈ, ਭੂਤ ਫਿਰਦੇ ਐ, ਮੈਨੂੰ ਬਹੁਤ ਡਰ ਲਗਦੈ, ਬਾਪੂ ਮੈਨੂੰ ਲੈ ਜਾ। ਮੈਂ ਪਾਣੀ ਪੀਣੈ। ਮਾਸਟਰ ਜੀ ਨੂੰ ਆਖੀਂ, ਹੁਣ ਮੈਂ ਚੌੜ ਨਹੀਂ ਕਰਦਾ। ਮੈਂ ਭਾੜੇ ਲਿਖ ਲੇ ਗਿਣਤੀ ਵੀ ਲਿਖ ਲੀ। ਮੈਂ ਕੰਮ ਕਰਿਆ ਕਰੂੰਗਾ ਕਿਸੇ ਨੂੰ ਤੰਗ ਨੀ ਕਰਦਾ।"

ਗੁਰਦੁਆਰੇ ਦਾ ਸਪੀਕਰ ਦੋ-ਤਿੰਨ ਵਾਰ ਸੂਚਨਾ ਦੇ ਕੇ ਚੁੱਪ ਕਰ ਗਿਆ। ਬਸੰਤ ਦੀ ਬੈਠੀ ਆਵਾਜ਼ ਉਹਦੇ ਤਕ ਹੀ ਰਹਿ ਗਈ। ਸਪੀਕਰ ਤੋਂ ਬਾਅਦ ਕਿਧਰੋਂ ਆਵਾਜ਼ ਨਾ ਆਈ। ਕਦੇ-ਕਦਾਈਂ ਪਹੇ ਤੋਂ ਲੰਘਦੀ ਮੱਧਮ ਜਿਹੀ ਕੋਈ ਆਵਾਜ਼ ਸੁਣਾਈ ਦਿੰਦੀ। ਬਸੰਤ ਦਾ ਕਿਸੇ ਵੀ ਆਵਾਜ਼ ਨਾਲ ਕੋਈ ਰਾਬਤਾ ਕਾਇਮ ਨਾ ਹੋ ਸਕਿਆ। ਉਹ ਇਸ ਚੁੱਪ ਚਾਨ ਤੋਂ ਹੋਰ ਡਰ ਗਿਆ। ਭੁੱਖ-ਤੇਹ ਨੇ ਉਹਨੂੰ ਬਹੁਤ ਨਿਢਾਲ ਕਰ ਦਿੱਤਾ ਸੀ। ਉਹਦੇ ਮੂੰਹ ਦਾ ਲੁਆਬ ਕਦੋਂ ਦਾ ਸੁੱਕ ਚੁੱਕਾ ਸੀ। ਖ਼ੁਸ਼ਕ ਹੋ ਕੇ ਖੁਰਦਰੀ ਹੋ ਚੁੱਕੀ ਉਹਦੀ ਜੀਭ ਨੂੰ ਜਿਵੇਂ ਕੋਈ ਪਿੱਛੇ ਖਿੱਚ ਰਿਹਾ ਸੀ। ਹੌਲੀ-ਹੌਲੀ ਉਹਦੀ ਹਾਲਤ ਇਹ ਹੋ ਗਈ ਜਦੋਂ ਉਹ ਬੇਬੇ ਬਾਪੂ ਨੂੰ ਸੱਦਣ ਲਈ ਮੂੰਹ ਖੋਲ੍ਹਦਾ ਤਾਂ ਉਹਦੀ ਆਵਾਜ਼ ਗਲੇ ਤੋਂ ਬਾਹਰ ਨਾ ਨਿਕਲਦੀ।

ਰੋਸ਼ਨਦਾਨ ਵਿਚ ਰੈਣ-ਬਸੇਰਾ ਕਰਦੇ ਕਿਸੇ ਪੰਛੀ ਨੇ ਖੰਭ ਫੜਫੜਾਏ ਤਾਂ ਬਸੰਤ ਥਰ-ਥਰ ਕੰਬਣ ਲੱਗਾ। ਉਹਨੂੰ ਜਾਪਿਆ, ਉਹਨੂੰ ਖਾਣ ਲਈ ਕੋਈ ਭੂਤ ਰੋਸ਼ਨਦਾਨ ਵਿਚ ਆ ਬੈਠਾ ਹੈ। ਭੂਤ ਤੋਂ ਬਚਣ ਲਈ ਉਹ ਬਸਤੇ ਦੇ ਕੋਲ ਖੂੰਜੇ ਵਿਚ ਕੁੰਗੜ ਕੇ ਬੈਠ ਗਿਆ। ਉਹਦਾ ਨਿੱਕਾ ਜਿਹਾ ਦਿਲ ਜ਼ੋਰ-ਜ਼ੋਰ ਦੀ ਧੜਕ ਰਿਹਾ ਸੀ। ਘੁੱਪ ਹਨੇਰੇ ਵਿਚ ਚੁੱਪ ਨੂੰ ਤੋੜਦਾ ਕੋਈ ਮਾਮੂਲੀ ਜਿਹਾ ਖੜਕਾ ਇਸ ਧੜਕਣ ਨੂੰ ਹੋਰ ਵਧਾ ਦਿੰਦਾ ਸੀ।

ਪਿੱਪਲ ਦੇ ਟਾਹਣਿਆਂ ਵਿਚ ਅਚਾਨਕ ਖੜ-ਖੜ ਹੋਈ। ਬਸੰਤ ਦੀ ਭਰੜਾਈ ਚੀਕ ਨਿਕਲ ਗਈ। ਸ਼ਾਇਦ ਪਿੱਪਲ ਉਤੇ ਕੋਈ ਚਮਗਿੱਦੜ ਜਾਂ ਉਲੂ ਆ ਕੇ ਬੈਠਿਆ ਸੀ ਜਾਂ ਸ਼ਾਇਦ ਉਡਿਆ ਸੀ। ਬਸੰਤ ਨੇ ਡਰ ਕੇ ਗੋਡਿਆਂ ਵਿਚ ਮੂੰਹ ਲੁਕੋ ਲਿਆ ਤੇ ਸਿਰ ਉਤੋਂ ਦੀ ਬਾਹਾਂ ਵਲ ਲਈਆਂ। ਆਲੇ-ਦੁਆਲੇ ਫੇਰ ਇਕ ਡਰਾਉਣੀ ਚੁੱਪ ਸੀ, ਗੂੜ੍ਹਾ ਹਨੇਰਾ ਸੀ। ਬਸੰਤ ਨੂੰ ਲੱਗ ਰਿਹਾ ਸੀ, ਹੁਣੇ ਕੋਈ ਭੂਤ ਰੋਸ਼ਨਦਾਨ ਵਿਚੋਂ ਦੀ ਛਾਲ ਮਾਰੇਗਾ ਤੇ ਉਹਨੂੰ ਫੜ ਲਵੇਗਾ।

ਕੁਝ ਪਲ ਇਸੇ ਸਥਿਤੀ ਵਿਚ ਬੀਤੇ। ਫੇਰ ਅਚਾਨਕ ਨੇੜੇ ਦੇ ਖੇਤਾਂ ਵਿਚ ਗਿੱਦੜ ਹੁਆਂਕ ਉਠੇ। ਪਹਿਲਾਂ ਇਕ, ਫੇਰ ਦੋ, ਫੇਰ ਕਈ। ਬਸੰਤ ਨੂੰ ਲੱਗਿਆ, ਰੋਸ਼ਨਦਾਨਾਂ ਵਿਚੋਂ ਬਹੁਤ ਸਾਰੇ ਭੂਤ ਉਹਦੇ ਉਤੇ ਟੁੱਟ ਪਏ ਹਨ। ਉਹ ਦਹਿਲ ਗਿਆ। ਸਿਰ ਦੁਆਲੇ ਵਲੀਆਂ ਬਾਹਾਂ ਖੁੱਲ੍ਹ ਗਈਆਂ। ਉਹਦੇ ਹੱਥ ਇਕ ਦਮ ਉਪਰ ਨੂੰ ਇੰਜ ਫੈਲ ਗਏ ਜਿਵੇਂ ਰੋਸ਼ਨਦਾਨਾਂ ਵੱਲੋਂ ਆਉਂਦੀ ਕਿਸੇ ਬਲਾ ਨੂੰ ਰੋਕ ਰਹੇ ਹੋਣ। ਉਹਦੀ ਭਰੜਾਈ ਚੀਕ ਨਾਲ ਹਨੇਰਾ ਕਮਰਾ ਗੂੰਜ ਉਠਿਆ। ਉਹਨੇ ਲੇਰ ਮਾਰੀ, "ਬੇਬੇ ...!" ਤੇ ਉਹ ਇਕ ਪਾਸੇ ਨੂੰ ਢੇਰੀ ਹੋ ਗਿਆ।

...

ਅੱਧੀ ਰਾਤ ਤੋਂ ਪਿਛੋਂ ਲੋਕਾਂ ਨੇ ਪਿੰਡ ਵੱਲ ਆਉਂਦੀ ਮੋਟਰ ਸਾਈਕਲ ਦੀ ਆਵਾਜ਼ ਸੁਣੀ। ਸਾਰੇ ਛੱਪੜ ਕੋਲ, ਪਿੰਡ ਨੂੰ ਆਉਂਦੇ ਰਾਹ ਉਤੇ, ਆ ਇਕੱਠੇ ਹੋਏ। ਸੰਧੂਆਂ ਦੇ ਜਗੀਰੇ ਤੇ ਪੰਡਤਾਂ ਦੇ ਕਿੱਛੀ ਨੂੰ ਮਾਸਟਰ ਨੇ ਚਾਬੀਆਂ ਦੇ ਕੇ ਮੋੜ ਦਿੱਤਾ ਸੀ। ਉਹ ਛੱਪੜ ਕੋਲ ਰੁਕੇ ਨਹੀਂ, ਸਿੱਧੇ ਸਕੂਲ ਵੱਲ ਵਧ ਗਏ। ਪਿੰਡ ਵਾਲੇ ਵੀ ਭੱਜ ਕੇ ਸਕੂਲ ਅੱਪੜ ਗਏ। ਉਹ ਪੁੱਛ ਰਹੇ ਸਨ, "ਮਾਸਟਰ ਤੋਂ ਕੁਸ਼ ਪਤਾ ਚੱਲਿਆ?" "ਆਹੋ" ਕਹਿ ਕੇ ਜਗੀਰੇ ਨੇ ਕਾਹਲੀ-ਕਾਹਲੀ ਗੇਟ ਖੋਲ੍ਹਿਆ ਤੇ ਫੇਰ ਕਮਰੇ ਦਾ ਬੂਹਾ। ਬੈਟਰੀਆਂ ਦੇ ਚਾਨਣ ਵਿਚ ਸਭ ਨੇ ਦੇਖਿਆ, ਬਸੰਤ ਬਸਤੇ ਉਤੇ ਸਿਰ ਟਿਕਾਈ ਪਿਆ ਸੀ। ਉਹਦੀ ਬੇਬੇ ਨੇ ਧਾਹ ਕੇ ਬੁੱਕਲ ਵਿਚ ਲੈ ਲਿਆ; ਛਾਤੀ ਨਾਲ ਘੁੱਟਿਆ; ਜਗਾਉਣ ਲਈ ਬੁਲਾਇਆ, ਹਿਲਾਇਆ, ਚੁੰਮਿਆ। ਚੁੰਮਦਿਆਂ ਉਹ ਅਚਾਨਕ ਰੁਕ ਗਈ। ਉਹਦਾ ਸੱਜਾ ਕੰਨ ਬੱਚੇ ਦੀ ਨਿੱਕੀ ਜਿਹੀ ਹਿੱਕ ਉਤੇ ਟਿਕ ਗਿਆ। ਉਹਦੇ ਹੱਥ ਬੱਚੇ ਦੀਆਂ ਨਬਜ਼ਾਂ ਟੋਹਣ ਲੱਗੇ। ਫੇਰ ਉਹਨੇ ਆਕਾਸ਼ ਤਕ ਨੂੰ ਚੀਰ ਸੁੱਟਣ ਵਾਲੀ ਧਾਹ ਮਾਰੀ, "ਵੇ ਮੇਰਿਆ ਪੜ੍ਹਾਕੂਆ ਪੁੱਤਾ...!" ਤੇ ਉਹ ਜਿੱਥੇ ਬੈਠੀ ਸੀ, ਬਸੰਤ ਨੂੰ ਹਿੱਕ ਨਾਲ ਘੁੱਟੀ, ਪਛਾੜ ਖਾ ਕੇ ਉਥੇ ਹੀ ਡਿੱਗ ਪਈ।

*(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)*

# ਤ੍ਰਾਤਸਕੀ ਅਤੇ ਉਹਦਾ ਤ੍ਰਾਤਸਕੀਵਾਦ-2

*ਰੂਸੀ ਇਨਕਲਾਬ ਵਿਚ ਲਿਓਨ ਤ੍ਰਾਤਸਕੀ (1879-1940) ਦਾ ਚੰਗਾ-ਚੋਖਾ ਯੋਗਦਾਨ ਰਿਹਾ ਹੈ। ਇਨਕਲਾਬ ਤੋਂ ਬਾਅਦ ਉਸ ਨੇ ਲਾਲ ਫੌਜ ਦੀ ਜਿਸ ਢੰਗ ਨਾਲ ਅਗਵਾਈ ਕੀਤੀ ਅਤੇ ਉਲਟ-ਇਨਕਲਾਬ ਦੇ ਖਦਸ਼ੇ ਨਾਲ ਜਿਸ ਤਰ੍ਹਾਂ ਕਰੜੇ ਹੱਥੀਂ ਨਜਿੱਠਿਆ, ਉਸ ਦੀ ਸੰਸਾਰ ਭਰ ਵਿਚ ਕਿਤੇ ਕੋਈ ਮਿਸਾਲ ਨਹੀਂ ਲੱਭਦੀ। ਉਂਜ, ਉਸ ਦੇ ਕੁਝ ਵਿਚਾਰ ਪਹਿਲਾਂ ਰੂਸੀ ਇਨਕਲਾਬ ਦੇ ਪਿਤਾਮਾ ਲੈਨਿਨ ਅਤੇ ਮਗਰੋਂ ਸਤਾਲਿਨ ਨਾਲ ਇੰਨੇ ਜ਼ਿਆਦਾ ਖਹਿਸਰੇ ਕਿ ਅਖੀਰ ਉਹ ਇਕ-ਦੂਜੇ ਦੇ ਵਿਰੋਧੀ ਹੋ ਨਿਬੜੇ। ਇਸ ਵਿਚਾਰਧਾਰਕ ਭੇੜ ਵਿਚ ਤ੍ਰਾਤਸਕੀ ਨੂੰ ਪਰਿਵਾਰਕ ਤੌਰ 'ਤੇ ਬਹੁਤ ਵੱਡੀ ਕੀਮਤ ਤਾਰਨੀ ਪਈ। ਇਸ ਕੋਣ ਤੋਂ ਸਤਾਲਿਨ ਦੀ ਅੱਜ ਤੱਕ ਨੁਕਤਾਚੀਨੀ ਹੋ ਰਹੀ ਹੈ ਜਿਸ ਨੇ ਆਪਣੇ ਵਿਰੋਧੀਆਂ ਖਿਲਾਫ ਸਫਾਏ ਦੀ ਮੁਹਿੰਮ ਵਿੱਢ ਦਿੱਤੀ ਸੀ। ਇਸ ਲੇਖ ਵਿਚ ਡਾ. ਅੰਮ੍ਰਿਤਪਾਲ ਸਿੰਘ ਨੇ ਤ੍ਰਾਤਸਕੀ ਦੇ ਵਿਚਾਰਾਂ ਦੀ ਵਿਸਥਾਰ ਸਹਿਤ ਪੁਣ-ਛਾਣ ਕੀਤੀ ਹੈ। ਨਾਲ ਹੀ ਲੈਨਿਨ ਅਤੇ ਸਤਾਲਿਨ ਦੇ ਮੁਕਾਬਲੇ ਤ੍ਰਾਤਸਕੀ ਕਿਸ ਤਰ੍ਹਾਂ ਪਛੜਦਾ-ਪਛੜਦਾ ਪਛੜ ਗਿਆ, ਉਨ੍ਹਾਂ ਕਾਰਨਾਂ ਦੀ ਨਿਸ਼ਾਨਦੇਹੀ ਕਰਨ ਦਾ ਯਤਨ ਵੀ ਕੀਤਾ ਹੈ। ਇਸ ਵਾਰ ਲੇਖ ਦੀ ਦੂਜੀ ਤੇ ਆਖਰੀ ਕਿਸ਼ਤ ਛਾਪੀ ਜਾ ਰਹੀ ਹੈ। -ਸੰਪਾਦਕ*

ਡਾ. ਅੰਮ੍ਰਿਤਪਾਲ ਸਿੰਘ

**ਬਸਤੀਆਂ ਤੇ ਅਰਧ-ਬਸਤੀਆਂ ਵਿਚ ਸਥਾਈ ਇਨਕਲਾਬ:** ਬਸਤੀਆਂ ਤੇ ਅਰਧ-ਬਸਤੀਆਂ ਵਿਚ ਇਨਕਲਾਬ ਬਾਰੇ ਤੀਜੀ ਇੰਟਰਨੈਸ਼ਨਲ ਵੱਲੋਂ ਅਖਤਿਆਰ ਕੀਤੀ ਲੈਨਿਨਵਾਦੀ ਲਾਈਨ ਇਹ ਸੀ ਕਿ ਉਥੇ ਦੀਆਂ ਕਮਿਊਨਿਸਟ ਪਾਰਟੀਆਂ ਨੂੰ ਉਥੋਂ ਦੇ ਬੁਰਜੂਆ-ਜਮਹੂਰੀ ਲਹਿਰਾਂ (ਇਸ ਨੂੰ ਬਾਅਦ ਵਿਚ ਸੁਧਾਰਵਾਦੀ ਬੁਰਜੂਆ ਲਹਿਰਾਂ ਨਾਲੋਂ ਨਿਖੇੜਨ ਲਈ ਕੌਮੀ ਇਨਕਲਾਬੀ ਲਹਿਰਾਂ ਦਾ ਨਾਮ ਦਿੱਤਾ) ਦੀ ਸਰਗਰਮ ਹਮਾਇਤ ਕਰਨੀ ਚਾਹੀਦੀ ਹੈ ਅਤੇ ਇਸ ਦੀ ਅਗਵਾਈ ਆਪਣੇ ਹੱਥਾਂ ਵਿਚ ਲੈਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਕਿਸਾਨੀ ਨਾਲ ਸਾਂਝਾ ਮੋਰਚਾ ਸਥਾਪਤ ਕਰਦਿਆਂ ਪਹਿਲਾਂ ਮਜ਼ਦੂਰ-ਕਿਸਾਨ ਜਮਹੂਰੀ ਤਾਨਾਸ਼ਾਹੀ ਕਾਇਮ ਕੀਤੀ ਜਾਵੇ ਅਤੇ ਨਾਲ ਹੀ ਸਾਮਰਾਜ-ਜਗੀਰਦਾਰੀ ਤੋਂ ਮੁਕਤੀ ਹਾਸਲ ਕਰਦੇ ਹੋਏ ਜਮਹੂਰੀ ਕਾਰਜ ਨੇਪਰੇ ਚਾੜ੍ਹੇ ਜਾਣ। ਇਸ ਤੋਂ ਬਾਅਦ ਪ੍ਰੋਲੇਤਾਰੀ ਦੀ ਤਾਨਾਸ਼ਾਹੀ ਅਧੀਨ ਸਮਾਜਵਾਦੀ ਇਨਕਲਾਬ ਨੂੰ ਪੂਰਾ ਕਰਨ ਲਈ ਕਦਮ ਵਧਾਏ ਜਾਣ। ਤੀਜੀ ਇੰਟਰਨੈਸ਼ਨਲ ਦੀ ਕਾਨਫਰੰਸ ਦੌਰਾਨ ਤ੍ਰਾਤਸਕੀ ਵੀ ਇਨ੍ਹਾਂ ਪ੍ਰਸਤਾਵਾਂ ਨਾਲ ਸਹਿਮਤ ਸੀ ਪਰ ਲੈਨਿਨ ਦੀ ਮੌਤ ਤੋਂ ਬਾਅਦ ਉਸ ਨੇ ਇਥੇ ਵੀ ਆਪਣਾ 'ਸਥਾਈ ਇਨਕਲਾਬ' ਦਾ ਸਿਧਾਂਤ ਲਾਗੂ ਕਰਨਾ ਸ਼ੁਰੂ ਕਰ ਦਿੱਤਾ ਜਿਸ ਦੀ ਸ਼ੁਰੂਆਤ ਉਸ ਨੇ ਚੀਨੀ ਇਨਕਲਾਬ ਬਾਰੇ ਲਿਖ ਕੇ ਕੀਤੀ।

ਇਸ ਤੋਂ ਬਾਅਦ ਉਸ ਨੇ ਇਹ ਪ੍ਰਸਤਾਵ ਪੇਸ਼ ਕੀਤਾ ਕਿ ਭਾਵੇਂ ਵਿਕਸਤ ਸਰਮਾਏਦਾਰ ਦੇਸ਼ ਹੋਵੇ ਜਾਂ ਬਸਤੀ ਤੇ ਅਰਧ-ਬਸਤੀ; ਸਭ ਜਗ੍ਹਾ ਬੁਰਜੁਆਜੀ ਹੀ ਹਕੂਮਤ ਕਰਦੀ ਹੈ। ਇਸ ਦੇ ਰੂਪ ਭਾਵੇਂ ਭਿੰਨ-ਭਿੰਨ ਹਨ। ਇਸ ਲਈ ਮੁੱਖ ਵਿਰੋਧਤਾਈ ਕਿਰਤ ਤੇ ਸਰਮਾਏ ਦੀ ਹੈ ਅਤੇ ਇਸ ਸਭ ਦਾ ਹੱਲ ਇਕ ਹੀ ਹੈ-ਪ੍ਰੋਲੇਤਾਰੀ ਦੀ ਤਾਨਾਸ਼ਾਹੀ। ਬਸਤੀਆਂ ਤੇ ਅਰਧ-ਬਸਤੀਆਂ ਵਿਚ ਪੈਦਾਵਾਰੀ ਸਬੰਧ ਅਤੇ ਮਜ਼ਦੂਰ ਜਮਾਤ ਦੀ ਅਣਹੋਂਦ ਜਾਂ ਬਹੁਤ ਥੋੜ੍ਹੀ ਗਿਣਤੀ ਉਸ ਦੇ 'ਸਥਾਈ ਇਨਕਲਾਬ' ਲਈ ਕੋਈ ਮਾਅਨੇ ਨਹੀਂ ਰੱਖਦੇ। ਫਿਰ ਜਿਹੜੇ ਦੇਸ਼ਾਂ ਵਿਚ ਮਜ਼ਦੂਰ ਜਮਾਤ ਦੀ ਹੋਂਦ ਹੀ ਨਹੀਂ ਹੈ ਜਾਂ ਬਹੁਤ ਘੱਟ ਹੈ, ਉਨ੍ਹਾਂ ਬਾਰੇ ਤ੍ਰਾਤਸਕੀ ਦਾ ਕਹਿਣਾ ਹੈ ਕਿ ਇਨ੍ਹਾਂ ਦੇਸ਼ਾਂ ਵਿਚ ਬੁਰਜੂਆ-ਜਮਹੂਰੀ ਕਾਰਜ ਪੂਰੇ ਹੋਣੇ ਅਸੰਭਵ ਹਨ। ਇਸ ਤੋਂ ਵੀ ਵੱਧ ਉਹ ਇਨ੍ਹਾਂ ਲਹਿਰਾਂ ਤੇ ਇਨਕਲਾਬਾਂ ਨੂੰ ਵੀ ਸੰਸਾਰ ਇਨਕਲਾਬ 'ਤੇ ਨਿਰਭਰ ਕਰ ਦਿੰਦਾ ਹੈ; ਕਿਉਂਕਿ ਉਸ ਸਮੇਂ ਹਾਲਤ ਇਹ ਬਣ ਗਏ ਸਨ ਕਿ ਵਿਕਸਤ ਸਰਮਾਏਦਾਰ ਦੇਸ਼ਾਂ ਵਿਚ ਇਨਕਲਾਬ ਦੀਆਂ ਸੰਭਾਵਨਾਵਾਂ ਬਹੁਤ ਫਿੱਕੀਆਂ ਪੈ ਚੁੱਕੀਆਂ ਸਨ, ਭਾਵ ਨਾ ਨੌਂ ਮਣ ਤੇਲ ਹੋਵੇ ਨਾ ਰਾਧਾ ਨੱਚੇ। ਨਾ ਵਿਕਸਤ ਦੇਸ਼ਾਂ ਵਿਚ ਇਨਕਲਾਬ ਹੋਣ, ਤੇ ਨਾ ਬਸਤੀਆਂ ਅਰਧ-ਬਸਤੀਆਂ ਬਣੇ ਦੇਸ਼ਾਂ 'ਚ ਹੀ ਹੋ ਸਕਣ। ਇਕ ਤਰ੍ਹਾਂ ਨਾਲ ਉਹ ਕੌਮੀ-ਮੁਕਤੀ ਦੇ ਸੰਘਰਸ਼ਾਂ ਨੂੰ ਖਾਰਜ ਕਰ ਦਿੰਦਾ ਹੈ।

**ਸੋਵੀਅਤ ਯੂਨੀਅਨ ਵਿਚ ਸਮਾਜਵਾਦ:** ਇਨਕਲਾਬ ਤੋਂ ਤੁਰੰਤ ਬਾਅਦ ਤ੍ਰਾਤਸਕੀ ਨੇ ਸਾਰੇ ਅਹਿਮ ਮਸਲਿਆਂ 'ਤੇ ਵੱਖਰੀ ਬੰਸਰੀ ਵਜਾਉਣੀ ਜਾਰੀ ਰੱਖੀ। ਘਰੋਗੀ ਜੰਗ ਸਮੇਂ ਜਦੋਂ 'ਜੰਗੀ ਕਮਿਊਨਿਜ਼ਮ' ਦੀ ਨੀਤੀ ਅਪਨਾਈ ਗਈ ਤਾਂ ਇਸ ਬਾਰੇ ਲੈਨਿਨ ਨੇ ਕਿਹਾ ਸੀ ਕਿ ਇਹ 'ਜ਼ਰੂਰੀ ਗਲਤੀ' ਸੀ ਜੋ ਹਾਲਾਤ ਨੇ ਬਾਲਸ਼ਵਿਕਾਂ ਉਤੇ ਲੱਦ ਦਿੱਤੀ ਸੀ ਅਤੇ ਜਿਸ ਤੋਂ ਛੇਤੀ-ਛੇਤੀ ਪਿੱਛਾ ਛੁਡਾਉਣਾ ਪਵੇਗਾ ਪਰ ਤ੍ਰਾਤਸਕੀ ਇਸ ਨੀਤੀ ਤੋਂ ਸਮਾਜਵਾਦੀ ਦੌਰ ਲਈ ਆਮ ਸਿਧਾਂਤਕ ਸਿੱਟੇ ਕੱਢ ਰਿਹਾ ਸੀ। ਦਸਵੀਂ ਪਾਰਟੀ ਕਾਂਗਰਸ ਸਮੇਂ ਜਦੋਂ ਨਵੀਂ ਆਰਥਿਕ ਨੀਤੀ ਦਾ ਐਲਾਨ ਕੀਤਾ ਗਿਆ ਤਾਂ 'ਜੰਗੀ ਕਮਿਊਨਿਜ਼ਮ' ਦੀ ਨੀਤੀ ਦੇ ਆਧਾਰ 'ਤੇ ਤ੍ਰਾਤਸਕੀ ਦਾ ਨਿਚੋੜ ਇਹ ਸੀ ਕਿ ਬੰਧੂਆ ਕਿਰਤ ਸਰਮਾਏਦਾਰੀ ਤੋਂ ਸਮਾਜਵਾਦ ਵਿਚ ਤਬਦੀਲੀ ਦੇ ਦੌਰ ਦੌਰਾਨ ਆਪਣੀ ਸ਼ਿੱਦਤ ਦੀ ਚਰਮ ਸੀਮਾ 'ਤੇ ਪਹੁੰਚ ਜਾਵੇਗੀ। ਉਸ ਅਨੁਸਾਰ ਕਿਰਤ ਦੀ ਫੌਜੀ ਤਰੀਕੇ ਨਾਲ ਜਥੇਬੰਦੀ, ਸਮਾਜਵਾਦ ਦੀ ਬੁਨਿਆਦ ਹੈ।

ਲੈਨਿਨ ਅਨੁਸਾਰ 1921 ਵਿਚ ਐਲਾਨੀ ਗਈ ਨਵੀਂ ਆਰਥਿਕ ਨੀਤੀ ਰਣਨੀਤਕ ਤੌਰ 'ਤੇ ਪਿੱਛੇ ਹਟਣਾ ਸੀ, ਭਾਵ ਪ੍ਰੋਲੇਤਾਰੀ ਦੀ ਸੱਤਾ ਅਧੀਨ ਪੂੰਜੀਵਾਦੀ ਤਰੀਕੇ ਨਾਲ ਪੈਦਾਵਾਰ ਨੂੰ ਜਗ੍ਹਾ ਦਿੱਤੀ ਜਾਣੀ ਸੀ। ਸੰਸਾਰ ਜੰਗ ਅਤੇ ਖਾਨਾਜੰਗੀ ਦੀ ਤਬਾਹੀ ਤੋਂ ਬਾਅਦ ਪੈਦਾਵਾਰ ਨੂੰ ਮੁੜ ਪੈਰਾਂ ਸਿਰ ਕਰਨ ਲਈ ਇਹ ਜ਼ਰੂਰੀ ਹੋ ਗਿਆ ਸੀ ਕਿ ਕਿਸਾਨਾਂ ਅਤੇ ਸਰਮਾਏਦਾਰਾਂ ਨੂੰ ਪੈਦਾਵਾਰ ਵਧਾਉਣ ਲਈ ਲਾਲਚ ਦਿੱਤਾ ਜਾਂਦਾ ਅਤੇ ਸਮਾਜਵਾਦ ਵੱਲ ਵਧਣ ਲਈ ਅਧਾਰ ਤਿਆਰ ਕੀਤਾ ਜਾਂਦਾ ਪਰ ਤ੍ਰਾਤਸਕੀ ਹਮੇਸ਼ਾਂ ਵਾਂਗ 'ਹਾਲਾਤ ਦੇ ਵਿਸ਼ਲੇਸ਼ਣ' ਦੀ ਥਾਂ 'ਸਿਧਾਂਤਾਂ' ਉਤੇ ਚੱਲਣ ਦੀ ਪੁਰਾਣੀ ਬਿਮਾਰੀ ਕਾਰਨ ਇਕ ਵਾਰ ਫਿਰ ਇਸ ਨੀਤੀ ਦੇ ਉਲਟ ਸੀ। ਉਸ ਅਨੁਸਾਰ ਪ੍ਰੋਲੇਤਾਰੀ ਰਾਜ ਨੂੰ ਪੈਦਾਵਾਰ ਅਤੇ ਨਿਵੇਸ਼ 'ਤੇ ਪੂਰੀ ਤਰ੍ਹਾਂ ਕਬਜ਼ਾ ਕਰ ਲੈਣਾ ਚਾਹੀਦਾ ਸੀ ਅਤੇ ਕੇਂਦਰੀਕ੍ਰਿਤ ਯੋਜਨਾਬੰਦੀ ਬਣਾਈ ਜਾਣੀ ਸੀ, ਪਰ ਇਕ ਤਬਾਹ-ਬਰਬਾਦ ਦੇਸ਼ ਵਿਚ ਇਹ ਕਿਸ ਤਰ੍ਹਾਂ ਸੰਭਵ ਹੁੰਦਾ, ਇਸ ਬਾਰੇ ਤ੍ਰਾਤਸਕੀ ਕੁਝ ਨਹੀਂ ਦੱਸਦਾ। ਪਾਰਟੀ ਦੀ ਵੱਡੀ ਬਹੁਗਿਣਤੀ ਨਵੀਂ ਆਰਥਿਕ ਨੀਤੀ ਨਾਲ ਸੀ ਅਤੇ ਇਤਿਹਾਸ ਨੇ ਇਸ ਨੂੰ ਸਹੀ ਸਿੱਧ ਕੀਤਾ। ਨਵੀਂ ਆਰਥਿਕ ਨੀਤੀ ਲਾਗੂ ਹੋਣ ਤੋਂ ਬਾਅਦ ਪੈਦਾਵਾਰ ਤੇਜ਼ੀ ਨਾਲ ਵਧੀ ਅਤੇ ਕੁਝ ਕੁ ਸਾਲਾਂ ਵਿਚ ਸੰਸਾਰ ਜੰਗ ਸ਼ੁਰੂ ਹੋਣ ਤੋਂ ਪਹਿਲਾਂ ਵਾਲੇ ਪੱਧਰ 'ਤੇ ਆ ਗਈ।

ਨਵੰਬਰ 1927 ਵਿਚ ਪਾਰਟੀ ਵਿਚ ਲਗਾਤਾਰ ਭੰਨ-ਤੋੜ ਦੀਆਂ ਕਾਰਵਾਈਆਂ ਕਰਨ ਤੋਂ ਬਾਅਦ ਤ੍ਰਾਤਸਕੀ ਨੂੰ ਪਾਰਟੀ ਵਿਚੋਂ ਕੱਢ ਦਿੱਤਾ ਗਿਆ ਪਰ ਉਸ ਨੇ ਆਪਣਾ ਵਿਰੋਧ ਜਾਰੀ ਰੱਖਿਆ। 1928 ਆਉਂਦੇ-ਆਉਂਦੇ ਜਦੋਂ ਨਵੀਂ ਆਰਥਿਕ ਨੀਤੀ ਤਿਆਗ ਕੇ ਪੰਜ-ਸਾਲਾ ਯੋਜਨਾਵਾਂ ਤਹਿਤ ਸਮਾਜਵਾਦੀ ਉਸਾਰੀ ਦਾ ਕੰਮ ਹੱਥ ਲਿਆ ਗਿਆ ਤਾਂ ਬਾਲਸ਼ਵਿਕਾਂ ਅੱਗੇ ਕੁਲਕਾਂ (ਮੁਕਾਬਲਤਨ ਅਮੀਰ ਕਿਸਾਨ) ਤੇ ਨੇਪਮੈਨਾਂ (ਵਪਾਰੀ ਤੇ ਹੋਰ ਵਿਚੋਲੇ) ਦੀ ਸਮੱਸਿਆ ਖੜ੍ਹੀ ਹੋ ਗਈ। ਕੁਲਕ ਹੀ ਇਕੋ-ਇਕ ਕਿਸਾਨ ਸਨ ਜਿਨ੍ਹਾਂ ਕੋਲ ਵਾਧੂ ਉਪਜ ਸੀ ਪਰ ਉਨ੍ਹਾਂ ਨੇ ਅਨਾਜ ਦੀ ਜਮ੍ਹਾਂਖੋਰੀ ਕਰ ਕੇ ਸ਼ਹਿਰਾਂ ਨੂੰ ਭੁੱਖਮਰੀ ਦੀ ਹਾਲਤ ਵਿਚ ਪਹੁੰਚਾ ਦਿੱਤਾ ਸੀ। ਉਹ ਸਨਅਤੀ ਉਪਜਾਂ ਦੀ ਕੀਮਤ ਨਾਲ ਸਹਿਮਤ ਨਹੀਂ ਸਨ। ਉਨ੍ਹਾਂ ਨੇ ਕਿਸਾਨੀ ਦੀਆਂ ਦੂਜੀਆਂ ਪਰਤਾਂ ਨੂੰ ਆਪਣੇ ਪਿੱਛੇ ਲਗਾ ਲਿਆ ਸੀ ਅਤੇ ਪ੍ਰੋਲੇਤਾਰੀ ਰਾਜ ਲਈ ਖਤਰਾ ਬਣ ਰਹੇ ਸਨ। ਇਸ ਹਾਲਤ ਨਾਲ ਨਜਿੱਠਣ ਲਈ ਦੋ ਰਸਤੇ ਸਨ-ਜਾਂ ਤਾਂ ਕੁਲਕਾਂ ਨੂੰ ਖੁੱਲ੍ਹੀ ਖੇਡ ਖੇਡਣ ਦਾ ਮੌਕਾ ਦਿੱਤਾ ਜਾਂਦਾ ਅਤੇ ਛੋਟੇ ਕਿਸਾਨਾਂ ਨੂੰ ਬਰਬਾਦ ਹੋਣ ਦਿੱਤਾ ਜਾਂਦਾ, ਜਾਂ ਫਿਰ ਤੇਜ਼ੀ ਨਾਲ ਖੇਤੀ ਵਿਚ ਸਹਿਕਾਰਤਾ ਤੇ ਸਮੂਹੀਕਰਨ ਅਤੇ ਸਨਅਤੀਕਰਨ ਕਰਦੇ ਹੋਏ ਕੁਲਕਾਂ ਤੇ ਨੇਪਮੈਨਾਂ ਨੂੰ ਜਮਾਤ ਦੇ ਤੌਰ 'ਤੇ ਖਤਮ ਕਰ ਦਿੱਤਾ ਜਾਂਦਾ। ਤ੍ਰਾਤਸਕੀ (ਤੇ ਉਹਦੇ ਸਾਥੀ ਰਾਕੋਵਸਕੀ) ਨੂੰ ਉਮੀਦ ਸੀ ਕਿ ਸਤਾਲਿਨ ਪਹਿਲਾ ਰਸਤਾ ਚੁਣੇਗਾ, ਪਰ ਸਤਾਲਿਨ ਇਨਕਲਾਬੀ ਸੀ; ਉਹਨੇ ਦੂਜਾ ਰਸਤਾ ਫੜਿਆ ਤੇ ਸਫ਼ਲਤਾਪੂਰਵਕ ਲਾਗੂ ਕੀਤਾ। ਇਸ ਦੌਰਾਨ ਭਾਵੇਂ ਕੁਝ ਗਲਤੀਆਂ ਵੀ ਹੋਈਆਂ ਜਿਨ੍ਹਾਂ ਨੂੰ ਪਾਰਟੀ ਤੇ ਸਤਾਲਿਨ ਨੇ ਮੰਨਿਆ ਵੀ ਅਤੇ ਉਨ੍ਹਾਂ ਨੂੰ ਠੀਕ ਕਰਨ ਦੀਆਂ ਕੋਸ਼ਿਸ਼ਾਂ ਵੀ ਕੀਤੀਆਂ ਗਈਆਂ।



*ਤ੍ਰਾਤਸਕੀ, ਲੈਨਿਨ ਅਤੇ ਕਾਮੇਨੇਵ ਦੀ ਇਕ ਯਾਦਗਾਰੀ ਤਸਵੀਰ।*

## ਤ੍ਰਾਤਸਕੀ ਨਾਲ ਜੁੜੇ ਫੁਟਕਲ ਮਸਲੇ

**ਬ੍ਰੈਸਤ ਲਿਤੋਵਸਕ:** ਤ੍ਰਾਤਸਕੀਵਾਦੀ ਕਦੇ ਵੀ ਇਹ ਦੋ ਸ਼ਬਦ ਆਪਣੀ ਗੱਲਬਾਤ ਵਿਚ ਦਾਖਲ ਨਹੀਂ ਹੋਣ ਦਿੰਦੇ। ਅਕਤੂਬਰ ਇਨਕਲਾਬ ਤੋਂ ਤੁਰੰਤ ਬਾਅਦ ਜਰਮਨ ਹਮਲੇ ਦੇ ਮਸਲੇ 'ਤੇ ਕੀ ਕੀਤਾ ਜਾਵੇ, ਦੇ ਮੁੱਦੇ 'ਤੇ ਬਹਿਸ ਛਿੜੀ। ਲੈਨਿਨ ਤੇ ਸਤਾਲਿਨ ਕਿਸੇ ਵੀ ਕੀਮਤ 'ਤੇ ਜਰਮਨ ਨਾਲ ਅਮਨ-ਸੰਧੀ ਦੇ ਪੱਖ ਵਿਚ ਸਨ ਕਿਉਂਕਿ ਉਨ੍ਹਾਂ ਅਨੁਸਾਰ ਨਵ-ਜੰਮਿਆ ਸੋਵੀਅਤ ਰਾਜ ਦੋ ਮੋਰਚਿਆਂ-ਵਿਦੇਸ਼ੀ ਅਤੇ ਘਰੋਗੀ, ਉਪਰ ਇਕੋ ਵੇਲੇ ਨਹੀਂ ਲੜ ਸਕਦਾ ਸੀ। ਲੈਨਿਨ ਦਾ ਕਹਿਣਾ ਸੀ ਕਿ ਬਾਹਰੀ ਮੋਰਚੇ 'ਤੇ ਅਮਨ ਸਥਾਪਤ ਕਰ ਕੇ ਘਰੋਗੀ ਹਾਲਤ ਨਾਲ ਨਜਿੱਠਿਆ ਜਾਵੇ। ਜੇ ਸੋਵੀਅਤ ਸਟੇਟ ਟਿਕ ਜਾਂਦਾ ਹੈ ਤਾਂ ਜੋ ਇਲਾਕੇ ਅਮਨ-ਸੰਧੀ ਦੌਰਾਨ ਜਰਮਨਾਂ ਲਈ ਛੱਡਣੇ ਪੈਣਗੇ, ਉਹ ਵਾਪਸ ਲਏ ਜਾ ਸਕਦੇ ਹਨ। ਬੁਖਾਰਿਨ ਦਾ ਕਹਿਣਾ ਸੀ ਕਿ ਇਨਕਲਾਬੀ ਜੰਗ ਲੜੀ ਜਾਵੇ। ਤ੍ਰਾਤਸਕੀ ਨੇ ਇੱਥੇ ਵੀ ਆਪਣੀ 'ਬੌਧਿਕਤਾ' ਦਿਖਾਈ? ਉਸ ਅਨੁਸਾਰ ਅਸੀਂ ਜੰਗ ਵੀ ਨਹੀਂ ਲੜਨੀ ਤੇ ਅਮਨ ਸੰਧੀ ਵੀ ਨਹੀਂ ਕਰਨੀ, ਬੱਸ ਫੌਜ ਨੂੰ ਖਿੰਡਾ ਦਿੱਤਾ ਜਾਵੇ। ਜਦੋਂ ਉਹਨੂੰ ਜਰਮਨਾਂ ਨਾਲ ਸੰਧੀ ਕਰਨ ਲਈ ਭੇਜਿਆ ਗਿਆ ਤਾਂ ਉਹਨੇ ਬ੍ਰੈਸਤ ਲਿਤੋਵਸਕ ਦੀ ਸੰਧੀ ਉਤੇ ਪਿੱਤਰ-ਭੂਮੀ ਤੇ ਅਪਮਾਨਜਨਕ ਸ਼ਰਤਾਂ ਦੀ ਦੁਹਾਈ ਦਿੰਦੇ ਦਸਤਖਤ ਕਰਨ ਤੋਂ ਨਾਂਹ ਕਰ ਦਿੱਤੀ ਅਤੇ 'ਨਾ ਜੰਗ ਨਾ ਅਮਨ' ਦਾ ਆਪਣਾ ਇਨਕਲਾਬ ਤੋਂ ਪਹਿਲਾਂ ਦਾ ਨਾਅਰਾ ਬੁਲੰਦ ਕਰ ਦਿੱਤਾ। ਉਹਦੇ ਖਿਆਲ ਅਨੁਸਾਰ ਸੋਵੀਅਤ ਸਰਕਾਰ ਦਾ ਵਤੀਰਾ ਜਰਮਨ ਪ੍ਰੋਲੇਤਾਰੀ ਨੂੰ ਵਿਦਰੋਹ ਕਰਨ ਲਈ ਉਤਸ਼ਾਹਿਤ ਕਰੇਗਾ ਅਤੇ ਜਰਮਨ ਵਿਚ ਇਨਕਲਾਬ ਹੋ ਜਾਣ 'ਤੇ ਹੀ ਰੂਸ ਵਿਚ ਮਜ਼ਦੂਰ ਰਾਜ ਟਿਕ ਸਕੇਗਾ, ਪਰ ਅਮਲ ਵਿਚ ਇਹਦਾ ਸਿੱਟਾ ਇਹ ਸੀ ਕਿ ਜਰਮਨੀ ਦੇ ਫੌਜੀਆਂ ਨੇ ਸਿਰਫ਼ ਰੇਲਗੱਡੀ ਵਿਚ ਬੈਠ ਕੇ ਮਾਸਕੋ ਵੱਲ ਰਵਾਨਗੀ ਪਾਉਣੀ ਸੀ ਤੇ ਉਨ੍ਹਾਂ ਨੇ ਜਿੱਤ ਜਾਣਾ ਸੀ; ਕਿਉਂਕਿ ਉਨ੍ਹਾਂ ਨੂੰ ਰੋਕਣ ਲਈ ਕੋਈ ਫੌਜ ਨਹੀਂ ਸੀ ਹੋਣੀ। ਜਰਮਨਾਂ ਨੇ ਫਿਰ ਤਕਰੀਬਨ ਇਹੀ ਕੀਤਾ। ਉਨ੍ਹਾਂ ਨੇ ਮਾਸਕੋ 'ਤੇ ਕਬਜ਼ਾ ਕਰ ਲੈਣਾ ਸੀ ਜੇ ਪਹਿਲਾਂ ਨਾਲੋਂ ਵੀ ਜ਼ਿਆਦਾ ਅਪਮਾਨਜਨਕ ਸੰਧੀ ਕਰ ਕੇ ਉਨ੍ਹਾਂ ਨੂੰ ਰੋਕਿਆ ਨਾ ਜਾਂਦਾ। ਇਹ ਹੈ ਤ੍ਰਾਤਸਕੀ ਦਾ 'ਠੋਸ ਹਾਲਾਤ ਦਾ ਠੋਸ ਵਿਸ਼ਲੇਸ਼ਣ!' ਜੇ ਤ੍ਰਾਤਸਕੀ ਦੀ ਚਲਦੀ ਤਾਂ ਸੋਵੀਅਤ ਸੱਤਾ ਦਾ ਕੁਝ ਹਫਤਿਆਂ ਵਿਚ ਹੀ ਭੋਗ ਪੈ ਗਿਆ ਹੁੰਦਾ! ਇਸ ਤੋਂ ਬਾਅਦ ਤ੍ਰਾਤਸਕੀ ਨੂੰ ਵਿਦੇਸ਼ੀ ਮਾਮਲਿਆਂ ਬਾਰੇ ਕੁਮੀਸਾਰ ਵਜੋਂ ਅਸਤੀਫਾ ਦੇਣਾ ਪਿਆ।

**ਇਨਕਲਾਬ ਵਿਚ ਭੂਮਿਕਾ:** ਇਨਕਲਾਬ ਨੂੰ ਅੰਜ਼ਾਮ ਦੇਣ ਵਾਲੀ ਬਾਲਸ਼ਵਿਕ ਪਾਰਟੀ ਦੇ ਨਿਰਮਾਣ ਵਿਚ ਤ੍ਰਾਤਸਕੀ ਦੀ ਕੀ ਭੂਮਿਕਾ ਹੋ ਸਕਦੀ ਹੈ, ਇਹ ਤਾਂ ਇਸ ਤੱਥ ਤੋਂ ਹੀ ਸਪਸ਼ਟ ਹੋ ਜਾਂਦਾ ਹੈ ਕਿ ਤ੍ਰਾਤਸਕੀ ਖੁਦ ਹੀ ਆਪਣੇ ਛੋਟੇ ਜਿਹੇ ਗੁੱਟ ਸਮੇਤ 26 ਜੁਲਾਈ 1917 ਵਿਚ ਬਾਲਸ਼ਵਿਕ ਪਾਰਟੀ ਦਾ ਪ੍ਰੋਗਰਾਮ ਮੰਨਣ ਦੀ ਸ਼ਰਤ 'ਤੇ ਮੈਂਬਰ ਬਣਦਾ ਹੈ। ਅਜਿਹਾ ਬਾਲਸ਼ਵਿਕਾਂ ਦੀ ਉਨ੍ਹਾਂ ਸਭ ਲੋਕਾਂ ਨੂੰ ਆਪਣੇ ਨਾਲ ਲੈਣ ਦੀ ਨੀਤੀ ਅਧੀਨ ਕੀਤਾ ਗਿਆ ਜੋ ਪਾਰਟੀ ਪ੍ਰੋਗਰਾਮ ਨੂੰ ਮੰਨਣ ਦੀ ਹਾਮੀ ਭਰਦੇ ਸਨ। ਫਰਵਰੀ ਇਨਕਲਾਬ ਤੋਂ ਬਾਅਦ ਜਦੋਂ ਲੈਨਿਨ ਵਾਪਸ ਆਇਆ ਤਾਂ ਕੁਝ ਮਹੀਨਿਆਂ ਬਾਅਦ ਹੀ ਅਸਥਾਈ ਸਰਕਾਰ ਨੇ ਉਨ੍ਹਾਂ ਦੇ ਗ੍ਰਿਫ਼ਤਾਰੀ ਵਾਰੰਟ ਕੱਢ ਦਿੱਤੇ। ਬਾਲਸ਼ਵਿਕ ਪਾਰਟੀ ਦੇ ਅਖਬਾਰ 'ਪਰਾਵਦਾ' ਦਾ ਦਫ਼ਤਰ ਬੰਦ ਕਰ ਦਿੱਤਾ ਗਿਆ ਅਤੇ ਬਾਲਸ਼ਵਿਕ ਨੇਤਾਵਾਂ ਦੀ ਫੜੋ-ਫੜੀ ਸ਼ੁਰੂ ਹੋ ਗਈ। ਤ੍ਰਾਤਸਕੀ ਨੂੰ ਵੀ ਗ੍ਰਿਫ਼ਤਾਰ ਕਰ ਲਿਆ ਗਿਆ। ਤ੍ਰਾਤਸਕੀ ਨੇ ਲੈਨਿਨ ਨੂੰ ਵੀ ਆਤਮ-ਸਮਰਪਣ ਕਰ ਦੇਣ ਲਈ ਜ਼ੋਰ ਲਾਇਆ ਪਰ ਲੈਨਿਨ ਤੇ ਸਤਾਲਿਨ ਨੇ ਇਸ ਦਾ ਵਿਰੋਧ ਕੀਤਾ ਅਤੇ ਸਤਾਲਿਨ ਦੀ ਮਦਦ ਨਾਲ ਲੈਨਿਨ ਰੂਪੋਸ਼ ਹੋ ਗਏ ਤੇ ਪਾਰਟੀ ਦੀ ਅਗਵਾਈ ਜਾਰੀ ਰੱਖੀ।

ਲੈਨਿਨ ਦੀ ਗੈਰ-ਹਾਜ਼ਰੀ ਵਿਚ ਜੁਲਾਈ-ਅਗਸਤ 1917 ਦੀ ਛੇਵੀਂ ਪਾਰਟੀ ਕਾਂਗਰਸ ਸਤਾਲਿਨ ਦੀ ਅਗਵਾਈ ਵਿਚ ਹੋਈ ਅਤੇ ਇਨਕਲਾਬ ਦੀ ਤਿਆਰੀ ਦਾ ਪਾਰਟੀ ਪ੍ਰੋਗਰਾਮ ਪਾਸ ਕੀਤਾ ਗਿਆ। ਕਾਂਗਰਸ ਦੌਰਾਨ ਸਤਾਲਿਨ ਨੇ ਤ੍ਰਾਤਸਕੀਵਾਦੀਆਂ ਦੀ ਵਿਕਸਤ ਯੂਰਪੀ ਮੁਲਕਾਂ ਵਿਚ ਪਹਿਲਾਂ ਇਨਕਲਾਬ ਹੋਣ ਦੀ ਲਾਈਨ ਦਾ ਡਟ ਕੇ ਵਿਰੋਧ ਕੀਤਾ ਅਤੇ ਇਸ ਨੂੰ ਹਰਾਉਣ ਵਿਚ ਅਹਿਮ ਰੋਲ ਨਿਭਾਇਆ। ਇਸ ਦੌਰਾਨ ਇਨਕਲਾਬ ਦੀ ਤਿਆਰੀ ਸਬੰਧੀ ਤੇ ਲੋਕਾਂ ਦੀ ਅਗਵਾਈ ਲਈ ਬਾਲਸ਼ਵਿਕ ਅਖਬਾਰਾਂ ਵਿਚ ਲਗਾਤਾਰ ਲੈਨਿਨ ਤੇ ਸਤਾਲਿਨ ਦੇ ਲੇਖ ਛਪੇ। 10-16 ਅਕਤੂਬਰ ਤੱਕ ਚੱਲੀ ਕੇਂਦਰੀ ਕਮੇਟੀ ਦੀ ਮੀਟਿੰਗ ਵਿਚ ਹਥਿਆਰਬੰਦ ਇਨਕਲਾਬ ਦੀ ਅਗਵਾਈ ਲਈ ਪਾਰਟੀ-ਕੇਂਦਰ ਦਾ ਸੰਚਾਲਕ ਸਤਾਲਿਨ ਨੂੰ ਥਾਪਿਆ ਗਿਆ ਅਤੇ ਇਸ ਕੇਂਦਰ ਵਿਚ 'ਇਨਕਲਾਬ ਦਾ ਨੇਤਾ' ਤ੍ਰਾਤਸਕੀ ਸ਼ਾਮਿਲ ਨਹੀਂ ਸੀ।

**ਲਾਲ ਸੈਨਾ ਅਤੇ ਤ੍ਰਾਤਸਕੀ:** ਤ੍ਰਾਤਸਕੀਪੰਥੀਆਂ ਕੋਲ ਜਦੋਂ ਕੋਈ ਸਿਧਾਂਤਕ ਮੁੱਦਾ ਨਹੀਂ ਰਹਿ ਜਾਂਦਾ ਤਾਂ ਤ੍ਰਾਤਸਕੀ ਦੀ ਲਾਲ ਸੈਨਾ ਖੜ੍ਹੀ ਕਰਨ ਅਤੇ ਘਰੋਗੀ ਜੰਗ ਦੌਰਾਨ ਉਹਦੀ 'ਆਗੂ' ਭੂਮਿਕਾ 'ਤੇ ਗੱਲ ਆ ਜਾਂਦੀ ਹੈ। ਉਹਨੂੰ ਲਾਲ ਸੈਨਾ ਦਾ ਇਕੋ-ਇਕ ਲੀਡਰ ਤੇ ਨਿਰਮਾਤਾ ਬਣਾ ਕੇ ਪੇਸ਼ ਕੀਤਾ ਜਾਂਦਾ ਹੈ। ਪਹਿਲੀ ਗੱਲ ਤਾਂ ਇਹ ਕਿ ਤ੍ਰਾਤਸਕੀ ਇਕੱਲਾ ਨਹੀਂ ਸੀ ਲਾਲ ਸੈਨਾ ਦੀ ਅਗਵਾਈ ਕਰਨ ਵਾਲਾ; ਉਲਟਾ ਸਤਾਲਿਨ ਅਤੇ ਵੋਰੋਸ਼ਿਲੋਵ ਨੂੰ ਕੇਂਦਰੀ ਕਮੇਟੀ ਵਲੋਂ ਬਹੁਗਿਣਤੀ ਅਹਿਮ ਮੋਰਚਿਆਂ 'ਤੇ ਅਗਵਾਈ ਲਈ ਭੇਜਿਆ ਗਿਆ ਅਤੇ ਉਨ੍ਹਾਂ ਦੀ ਅਗਵਾਈ ਵਿਚ ਹੀ ਲਾਲ ਸੈਨਾ ਨੇ ਜਿੱਤ ਹਾਸਲ ਕੀਤੀ; ਇਹ ਭਾਵੇਂ ਜ਼ਾਰਤੀਸਿਨ ਦਾ ਮੋਰਚਾ ਹੋਵੇ ਜਾਂ ਫਿਰ ਦੱਖਣੀ, ਪੇਰਮ, ਯੂਕਰੇਨ ਦਾ ਮੋਰਚਾ ਹੋਵੇ ਜਾਂ ਫਿਰ ਪੀਤਰੋਗਰਦ ਵਿਚ ਉਠੀ ਬਗਾਵਤ ਹੋਵੇ। ਦੂਜੀ ਗੱਲ, ਲਾਲ ਸੈਨਾ ਦੇ ਕੰਮ ਤਰੀਕਿਆਂ ਬਾਰੇ ਤ੍ਰਾਤਸਕੀ ਅਤੇ ਦੂਜੇ ਬਾਲਸ਼ਵਿਕਾਂ ਵਿਚ ਸਿਆਸੀ ਮਤਭੇਦਾਂ ਦੀ ਗੱਲ ਵੀ ਗੋਲ ਕੀਤੀ ਜਾਂਦੀ ਹੈ।

**ਪਾਰਟੀ ਨਿਰਮਾਣ ਅਤੇ ਜਮਹੂਰੀ-ਕੇਂਦਰਵਾਦ:** ਪਾਰਟੀ ਦੇ ਨਿਰਮਾਣ ਸਬੰਧੀ ਲੈਨਿਨ ਤੇ ਤ੍ਰਾਤਸਕੀ ਦੇ ਮਤਭੇਦ ਕਿਸੇ ਤੋਂ ਲੁਕੇ ਨਹੀਂ ਜੋ ਪਾਰਟੀ ਦੀ ਦੂਜੀ ਕਾਂਗਰਸ ਵਿਚ ਉਭਰੇ। ਤ੍ਰਾਤਸਕੀ ਕਦੇ ਕੇਂਦਰਵਾਦੀ ਤੇ ਕਦੇ ਮੈਨਸ਼ਵਿਕ ਪੈਂਤੜਾ ਮੱਲਦਾ ਹੈ। ਜਮਹੂਰੀ-ਕੇਂਦਰਵਾਦ ਦੇ ਮੁੱਦੇ 'ਤੇ ਸ਼ੁਰੂ ਵਿਚ ਉਸ 'ਤੇ ਕੇਂਦਰਵਾਦ ਭਾਰੂ ਰਹਿੰਦਾ ਹੈ ਪਰ ਕਾਂਗਰਸ ਦੇ ਖਤਮ ਹੁੰਦੇ-ਹੁੰਦੇ ਮੈਨਸ਼ਵਿਕਾਂ ਨਾਲ ਜਾ ਖੜ੍ਹਦਾ ਹੈ ਅਤੇ ਲੈਨਿਨ ਨੂੰ 'ਰੋਬੀਸਪੀਅਰ ਦਾ ਵਿਗੜਿਆ ਰੂਪ' ਕਹਿੰਦੇ ਹੋਏ ਤਾਕਤ ਦਾ ਭੁੱਖਾ, ਕੇਂਦਰਵਾਦ ਨੂੰ ਤੋੜਨ-ਮਰੋੜਨ ਵਾਲਾ ਅਤੇ 'ਜਮਾਤ ਦੀ ਥਾਂ ਪਾਰਟੀ, ਪਾਰਟੀ ਦੀ ਥਾਂ ਕੇਂਦਰੀ ਕਮੇਟੀ ਤੇ ਫਿਰ ਕੇਂਦਰੀ ਕਮੇਟੀ ਦੀ ਥਾਂ ਇਕ ਵਿਅਕਤੀ ਦੀ ਤਾਨਾਸ਼ਾਹੀ ਸਥਾਪਤ ਕਰਨ ਦਾ ਚਾਹਵਾਨ ਹੋਣ ਦਾ' ਇਲਜ਼ਾਮ ਲਾਉਂਦਾ ਹੈ। ਇਸ ਪਿੱਛੇ ਅਸਲ ਵਿਚ ਤ੍ਰਾਤਸਕੀ ਦੀ ਇਹ ਧਾਰਨਾ ਸੀ ਕਿ ਮਜ਼ਦੂਰ ਜਮਾਤ ਬਿਨਾਂ ਪਾਰਟੀ ਤੋਂ ਹੀ, ਸਮੁੱਚੀ ਜਮਾਤ ਦੇ ਰੂਪ ਵਿਚ ਸਿਆਸੀ ਸੰਘਰਸ਼ ਚਲਾ ਸਕਦੀ ਹੈ ਪਰ ਇਹੀ ਤ੍ਰਾਤਸਕੀ 1920 ਵਿਚ 'ਟਰੇਡ ਯੂਨੀਅਨਾਂ ਦਾ ਫੌਜੀਕਰਨ' ਕਰਨ ਦੀ ਲਾਈਨ ਲੈ ਕੇ ਆਉਂਦਾ ਹੈ ਅਤੇ ਮਜ਼ਦੂਰ ਯੂਨੀਅਨਾਂ ਵਿਚ ਚੁਣੇ ਨੇਤਾਵਾਂ ਦੀ ਥਾਂ ਪਾਰਟੀ ਵੱਲੋਂ ਅਧਿਕਾਰੀ ਨਿਯੁਕਤ ਕਰਨ ਦੀ ਵਕਾਲਤ ਕਰਦਾ ਹੈ। ਲੈਨਿਨ ਦੁਆਰਾ ਤਿੱਖੀ ਆਲੋਚਨਾ ਤੋਂ ਬਾਅਦ ਉਹਨੂੰ ਪੈਰ ਪਿੱਛੇ ਖਿੱਚਣੇ ਪੈਂਦੇ ਹਨ ਪਰ ਫਿਰ ਤ੍ਰਾਤਸਕੀ ਅਤਿ-ਜਮਹੂਰੀਅਤ ਦਾ ਫੜਦਾ

*(ਬਾਕੀ ਅਗਲੇ ਸਫੇ 'ਤੇ)*



ਲੈਨਿਨ



ਸਤਾਲਿਨ

# ਅਦੁੱਤੀ ਦੇਸ਼ ਭਗਤ ਬਾਬਾ ਸੋਹਣ ਸਿੰਘ ਭਕਨਾ

**ਦੇਸ਼ ਭਗਤ ਯੋਧੇ**

***ਬਾਬਾ ਸੋਹਣ ਸਿੰਘ ਭਕਨਾ ਅਮਰੀਕਾ ਦੀ ਧਰਤੀ ਉਤੇ ਭਾਰਤ ਦੀ ਆਜ਼ਾਦੀ ਲਈ ਅਰੰਭ ਹੋਈ ਗਦਰ ਲਹਿਰ ਦੇ ਮੋਢੀਆਂ ਵਿਚੋਂ ਸਨ। ਬਾਬਾ ਭਕਨਾ ਨੇ ਦੇਸ਼ ਦੇ ਲੋਕਾਂ ਦੀ ਹਰ ਪੱਖੋਂ ਆਜ਼ਾਦੀ ਦਾ ਸੁਪਨਾ ਲਿਆ ਅਤੇ ਇਸ ਖਾਤਰ ਵੱਡੀਆਂ ਮੁਸੀਬਤਾਂ ਝੱਲੀਆਂ, ਕੈਦਾਂ ਕੱਟੀਆਂ ਪਰ ਉਨ੍ਹਾਂ ਦਾ ਉਹ ਸੁਪਨਾ ਅਧੂਰਾ ਹੀ ਰਿਹਾ। ਦੇਸ਼ ਦੀ ਹਕੂਮਤ ਬਦਲ ਗਈ, ਗੋਰਿਆਂ ਦੀ ਥਾਂ ਕਾਲੇ ਹਾਕਮ ਆ ਗਏ ਪਰ ਲੋਕਾਂ ਦਾ ਆਰਥਕ ਤੇ ਸਮਾਜਕ ਗੁਲਾਮੀ ਤੋਂ ਕਦੇ ਛੁਟਕਾਰਾ ਨਾ ਹੋਇਆ। ਗਦਰੀ ਬਾਬਿਆਂ ਦਾ ਸੁਪਨਾ ਅਧੂਰਾ ਹੀ ਰਿਹਾ। ਲੇਖਕ ਜਸਵੰਤ ਸਿੰਘ ਘਰਿੰਡਾ ਨੇ ਇਸ ਲੇਖ ਵਿਚ ਬਾਬਾ ਭਕਨਾ ਅਤੇ ਉਨ੍ਹਾਂ ਦੇ ਸਾਥੀ ਮਹਾਨ ਦੇਸ਼ ਭਗਤਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ ਹੈ। -ਸੰਪਾਦਕ***

ਬਾਬਾ ਸੋਹਣ ਸਿੰਘ ਭਕਨਾ ਦਾ ਜਨਮ ਪਿਤਾ ਸ. ਕਰਮ ਸਿੰਘ ਤੇ ਮਾਤਾ ਰਾਮ ਕੌਰ ਦੇ ਘਰ, ਪਿੰਡ ਖੁਤਰਾਏ ਖੁਰਦ ਜ਼ਿਲ੍ਹਾ ਅੰਮ੍ਰਿਤਸਰ ਵਿਖੇ 4 ਜਨਵਰੀ 1870 ਨੂੰ ਹੋਇਆ। ਉਹ ਅਜੇ ਇਕ ਸਾਲ ਦੇ ਹੀ ਸਨ ਕਿ ਪਿਤਾ ਜੀ ਚਲਾਣਾ ਕਰ ਗਏ। ਗੁਰਦੁਆਰੇ ਦੇ ਗ੍ਰੰਥੀ ਪਾਸੋਂ ਉਨ੍ਹਾਂ ਪੰਜਾਬੀ ਪੜ੍ਹਨੀ ਸਿੱਖੀ। ਜਦ ਪਿੰਡ ਵਿਚ ਪ੍ਰਾਇਮਰੀ ਸਕੂਲ ਖੁੱਲ੍ਹ ਗਿਆ ਤਾਂ ਸਕੂਲ 'ਚੋਂ ਚੰਗੇ ਨੰਬਰ ਲੈ ਕੇ ਚਾਰ ਜਮਾਤਾਂ ਪਾਸ ਕੀਤੀਆਂ। ਇਕਲੌਤਾ ਪੁੱਤਰ ਹੋਣ ਕਰ ਕੇ ਉਨ੍ਹਾਂ ਨੂੰ ਅੱਗੇ ਨਾ ਪੜ੍ਹਾਇਆ ਕਿਉਂਕਿ ਉਸ ਵਕਤ ਹਾਈ ਸਕੂਲ ਸ਼ਹਿਰਾਂ ਵਿਚ ਸਨ ਅਤੇ ਮਾਂ ਨੇ ਉਨ੍ਹਾਂ ਨੂੰ ਪੜ੍ਹਨ ਲਈ ਸ਼ਹਿਰ ਨਾ ਭੇਜਿਆ।



**ਜਸਵੰਤ ਸਿੰਘ ਸੰਧੂ ਘਰਿੰਡਾ**
**ਫੋਨ: 510-516-5971**

ਉਨ੍ਹਾਂ ਨੂੰ ਅੱਗੇ ਨਾ ਪੜ੍ਹ ਸਕਣ ਦਾ ਝੋਰਾ ਸਾਰੀ ਉਮਰ ਰਿਹਾ।

ਜਦ ਬਾਲ ਸੋਹਣ ਸਿੰਘ ਜਵਾਨ ਹੋਇਆ ਤਾਂ ਖੇਤੀਬਾੜੀ ਦਾ ਕੰਮ ਆਪ ਸੰਭਾਲ ਲਿਆ। 65 ਕਿਲੇ ਜ਼ਮੀਨ ਵਿਚੋਂ ਕਾਫ਼ੀ ਆਮਦਨ ਹੋਣ ਲੱਗ ਪਈ। ਘਰ ਦੀ ਆਰਥਿਕ ਦਸ਼ਾ ਠੀਕ ਹੋਣ ਕਰ ਕੇ ਦੋਸਤਾਂ ਦੇ ਭੇਸ ਵਿਚ ਲੁਕੇ ਦੁਸ਼ਮਣਾਂ ਨੇ ਘੇਰਾ ਪਾ ਲਿਆ। ਛਕਣ-ਛਕਾਉਣ ਵਾਲੇ ਉਨ੍ਹਾਂ ਦੇ ਦੁਆਲੇ ਇਕੱਠੇ ਹੋਣ ਲੱਗੇ। ਸੋਹਣ ਸਿੰਘ ਵੀ ਉਨ੍ਹਾਂ ਨੂੰ ਆਪਣੇ ਸੱਚੇ ਦੋਸਤ ਸਮਝਣ ਲੱਗੇ। ਰੋਜ਼ ਸ਼ਰਾਬ-ਕਬਾਬ ਦਾ ਦੌਰ ਚਲਦਾ। ਯਾਰ ਲੋਕ ਪੀ ਕੇ ਲੱਗੇ ਸਿੱਖਿਆ ਦੇਣ, "ਸਰਦਾਰ ਜੀ, ਤੁਹਾਡੇ ਕੋਲ ਸ਼ਿਕਾਰੀ ਕੁੱਤੇ ਅਤੇ ਦੋ-ਚਾਰ ਘੋੜੀਆਂ ਨਾ ਹੋਣ, ਤੇ ਚਾਰ ਬੰਦੇ ਤੁਹਾਡੇ ਨਾਲ ਰੋਟੀ ਨਾ ਖਾਣ ਤਾਂ ਫਿਰ ਸਰਦਾਰੀ ਕਾਹਦੀ ਹੋਈ!" ਇਨ੍ਹਾਂ ਲੋਕਾਂ ਦੀ ਸਿੱਖਿਆ 'ਤੇ ਚੱਲਣ ਨਾਲ ਰਾਤ-ਦਿਨ ਸ਼ਰਾਬਖੋਰੀ ਤੇ ਸ਼ਿਕਾਰ ਖੇਡਣ ਵਿਚ ਨਿਕਲਣ ਲੱਗ ਪਏ। ਮਾੜੀ ਸੰਗਤ ਵਿਚ ਦਸ ਸਾਲ ਬਰਬਾਦ ਕਰਨ ਤੋਂ ਬਾਅਦ ਉਮਰ ਦੇ ਛੱਬੀਵੇਂ ਸਾਲ ਉਨ੍ਹਾਂ ਦੇ ਜੀਵਨ ਵਿਚ ਪਲਟਾ ਆਇਆ ਤੇ ਜੀਵਨ ਦਾ ਨਵਾਂ ਦੌਰ ਸ਼ੁਰੂ ਹੋਇਆ।

ਬਾਬਾ ਕੇਸਰ ਸਿੰਘ ਪਿੰਡ ਮਹਾਵਾ (ਲਾਗੇ ਅਟਾਰੀ ਸ਼ਾਮ ਸਿੰਘ) ਜ਼ਿਲ੍ਹਾ ਅੰਮ੍ਰਿਤਸਰ ਦੇ ਵਸਨੀਕ ਸਨ ਅਤੇ ਬਾਬਾ ਰਾਮ ਸਿੰਘ ਦੀ ਚਲਾਈ ਨਾਮਧਾਰੀ ਲਹਿਰ ਦੇ ਪੈਰੋਕਾਰ ਸਨ। ਹਿੰਦੂ, ਮੁਸਲਿਮ, ਸਿੱਖ, ਈਸਾਈ ਉਨ੍ਹਾਂ ਲਈ ਇਨਸਾਨ ਹੋਣ ਦੇ ਨਾਤੇ ਸਭ ਇਕੋ ਜਿਹੇ ਸਨ। ਉਹ ਗੁਰੂ ਗ੍ਰੰਥ ਸਾਹਿਬ ਬਾਣੀ ਦੇ ਚੰਗੇ ਵਿਦਵਾਨ ਸਨ। 1896 ਦੇ ਸ਼ੁਰੂ ਵਿਚ ਉਹ ਪਿੰਡ ਭਕਨੇ ਆਏ। ਉਨ੍ਹਾਂ ਨਾਲ ਰਾਗੀ ਵੀ ਸਨ ਜੋ ਬਾਬਾ ਜੀ ਦੀ ਸੰਗਤ ਨਾਲ ਉਨ੍ਹਾਂ ਦੇ ਵਿਚਾਰ ਗ੍ਰਹਿਣ ਕਰ ਚੁੱਕੇ ਸਨ। ਉਹ ਬਗੈਰ ਕਿਸੇ ਲਾਲਚ ਦੇ ਆਪਣਾ ਫਰਜ਼ ਸਮਝ ਕੇ ਕੀਰਤਨ ਕਰਦੇ।

ਸੋਹਣ ਸਿੰਘ ਇਕ ਦਿਨ ਗਰਮੀਆਂ ਦੀ ਸ਼ਾਮ ਨੂੰ ਗੁਰਦੁਆਰੇ ਲਾਗਿਉਂ ਲੰਘ ਰਹੇ ਸਨ। ਦੀਵਾਨ ਸਜਿਆ ਹੋਇਆ ਸੀ। ਇਸ ਤੋਂ ਪਹਿਲਾਂ ਉਨ੍ਹਾਂ ਨੇ ਮਰਾਸੀਆਂ ਤੋਂ ਅੱਯਾਸ਼ੀ ਦੇ ਗਾਣੇ ਤਾਂ ਸੁਬ੍ਹਾ-ਸ਼ਾਮ ਸੁਣੇ ਹੋਏ ਸਨ, ਪਰ ਬਾਣੀ ਦਾ ਕੀਰਤਨ ਉਨ੍ਹਾਂ ਲਈ ਨਵਾਂ ਤਜਰਬਾ ਸੀ। ਰਾਗੀ ਬਾਬਾ ਸ਼ੇਖ ਫਰੀਦ ਦੇ ਸਲੋਕ ਵੈਰਾਗ ਨਾਲ ਗਾ ਰਹੇ ਸਨ। ਇਨ੍ਹਾਂ ਸਲੋਕਾਂ ਨੇ ਸੋਹਣ ਸਿੰਘ ਨੂੰ ਅਗਾਂਹ ਤੁਰਨ ਨਾ ਦਿੱਤਾ। ਉਹ ਦੀਵਾਨ ਵਿਚ ਜਾ ਬੈਠੇ। ਦੀਵਾਨ ਸਮਾਪਤੀ ਪਿੱਛੋਂ ਬਾਬਾ ਕੇਸਰ ਸਿੰਘ ਨੇ ਆਪਣੇ ਵਿਚਾਰ ਪ੍ਰਗਟ ਕੀਤੇ ਜਿਹੜੇ ਮਜ਼੍ਹਬੀ ਫਿਰਕਾਪ੍ਰਸਤੀ ਤੇ ਦੂਜੇ ਧਾਰਮਿਕ ਵਹਿਮਾਂ ਤੋਂ ਰਹਿਤ ਸਨ; ਏਕਤਾ ਤੇ ਪ੍ਰੇਮ ਵੱਲ ਲਿਜਾਣ ਵਾਲੇ ਸਨ ਜੋ ਸੋਹਣ ਸਿੰਘ ਨੂੰ ਚੰਗੇ ਲੱਗੇ। ਉਨ੍ਹਾਂ ਮਹਾਂਪੁਰਸ਼ਾਂ ਤੇ ਰਾਗੀ ਜਥੇ ਨੂੰ ਰਾਤ ਦੇ ਭੋਜਨ ਦੀ ਦਾਅਵਤ ਦੇ ਦਿੱਤੀ ਜੋ ਉਨ੍ਹਾਂ ਮੰਨ ਲਈ। ਪ੍ਰਸ਼ਾਦਾ ਛਕਣ ਪਿੱਛੋਂ ਦੀਵਾਨ ਸਜਿਆ। ਸਾਰਾ ਪਿੰਡ ਹੁਮ-ਹੁਮਾ ਕੇ ਇਕੱਠਾ ਹੋਇਆ ਕਿ ਇਹ ਉਲਟੀ ਗੰਗਾ ਕਿੱਧਰ ਨੂੰ ਚੱਲਣ ਲੱਗ ਪਈ! ਦੀਵਾਨ ਦੀ ਸਮਾਪਤੀ ਪਿੱਛੋਂ ਪਿੰਡ ਦੇ ਬਜ਼ੁਰਗ ਤੇ ਉਨ੍ਹਾਂ ਦੀ ਮਾਤਾ ਜੀ ਨੇ ਬਾਬਾ ਕੇਸਰ ਸਿੰਘ ਨੂੰ ਅਰਜ ਕੀਤੀ ਕਿ ਮਹਾਰਾਜ! ਜੇ ਕਿਤੇ ਸੋਹਣ ਸਿੰਘ ਸੁਧਰ ਜਾਵੇ ਤਾਂ ਸਮਝੋ ਸਾਰਾ ਪਿੰਡ ਹੀ ਸੁਧਰ ਗਿਆ।

ਬਾਬਾ ਕੇਸਰ ਸਿੰਘ ਦੀ ਪ੍ਰੇਰਨਾ ਨਾਲ ਸੋਹਣ ਸਿੰਘ ਨੇ ਮਾੜੀਆਂ ਆਦਤਾਂ ਛੱਡ ਦਿੱਤੀਆਂ। ਉਨ੍ਹਾਂ ਸਮਝ ਲਿਆ ਕਿ ਯਾਰ ਲੋਕ ਉਨ੍ਹਾਂ ਦੇ ਦੋਸਤ ਨਹੀਂ, ਵੈਰੀ ਹਨ। ਇਸ ਤੋਂ ਬਾਅਦ ਮਾੜੀ ਸੰਗਤ ਉਨ੍ਹਾਂ ਦੇ ਦਿਲੋਂ ਲਹਿ ਗਈ। ਉਨ੍ਹਾਂ ਦੇ ਦੋਸਤ ਉਨ੍ਹਾਂ ਨੂੰ ਘਰ ਸੱਦਣ ਆਏ ਤਾਂ ਉਨ੍ਹਾਂ ਘਰੋਂ ਸ਼ਰਾਬ ਦੀ ਅੱਧੀ ਬੋਤਲ ਜੋ ਵਧੀ ਪਈ ਸੀ, ਜ਼ਮੀਨ ਉਤੇ ਮਾਰ ਕੇ ਤੋੜ ਦਿੱਤੀ ਤੇ ਕਿਹਾ, "ਅੱਜ ਤੋਂ ਤੁਸਾਂ ਮੈਨੂੰ ਕਦੇ ਬੁਲਾਉਣ ਨਹੀਂ ਆਉਣਾ।"

ਸ਼ਰਾਬ ਤੇ ਅੱਯਾਸ਼ੀ ਵਿਚ ਉਨ੍ਹਾਂ ਦੇ ਘਰ ਦੀ ਆਰਥਿਕ ਦਸ਼ਾ ਮਾੜੀ ਹੋ ਗਈ ਸੀ। ਸਾਰੀ ਜ਼ਮੀਨ ਗਹਿਣੇ ਪੈ ਚੁੱਕੀ ਸੀ। ਜਦ ਆਰਥਿਕ ਦਸ਼ਾ ਕਮਜ਼ੋਰ ਹੋ ਗਈ ਤੇ ਆਤਮਿਕ ਸ਼ਾਂਤੀ ਵੀ ਜਵਾਬ ਦੇਣ ਲੱਗੀ ਤਾਂ ਉਨ੍ਹਾਂ ਅਮਰੀਕਾ ਜਾਣ ਦਾ ਫੈਸਲਾ ਕਰ ਲਿਆ। ਉਹ 3 ਫਰਵਰੀ 1909 ਨੂੰ ਅਮਰੀਕਾ ਜਾਣ ਲਈ ਘਰੋਂ ਚੱਲ ਪਏ ਤੇ 4 ਅਪਰੈਲ 1909 ਨੂੰ ਅਮਰੀਕਾ ਦੀ ਉਤਰੀ ਬੰਦਰਗਾਹ ਸਿਆਟਲ ਪਹੁੰਚ ਗਏ।

ਅਮਰੀਕਾ ਪਹੁੰਚ ਕੇ ਉਨ੍ਹਾਂ ਪੋਰਟਲੈਂਡ ਤੋਂ ਤਿੰਨ ਮੀਲ ਦੂਰ ਕੋਲੰਬੀਆ ਦਰਿਆ ਦੇ ਕੰਢੇ ਬਣ ਰਹੀ ਲੱਕੜੀ ਮਿੱਲ (ਮਨਾਰਕ ਮਿੱਲ) ਵਿਚ ਕੰਮ ਕਰਨਾ ਸ਼ੁਰੂ ਕੀਤਾ। ਇਸ ਮਿੱਲ ਵਿਚ ਹੋਰ ਪੰਜਾਬੀ ਵੀ ਕੰਮ ਕਰਦੇ ਸਨ। ਕੰਮ ਕਾਫੀ ਸਖ਼ਤ ਸੀ। ਅਮਰੀਕੀ ਮਜ਼ਦੂਰਾਂ ਦਾ ਰਹਿਣ-ਸਹਿਣ ਵਿਦੇਸ਼ੀ ਮਜ਼ਦੂਰਾਂ ਨਾਲੋਂ ਉਚਾ ਸੀ। ਉਹ ਥੋੜ੍ਹੀ ਤਨਖਾਹ 'ਤੇ ਕੰਮ ਕਰਨ ਨੂੰ ਵੀ ਤਿਆਰ ਨਾ ਹੁੰਦੇ। ਨਾਲੇ ਉਨ੍ਹਾਂ ਨੂੰ ਬੇਕਾਰੀ ਅਲਾਊਂਸ ਮਿਲਦਾ ਸੀ। ਦੂਜੇ ਬੰਨੇ ਏਸ਼ੀਆਈ ਮਜ਼ਦੂਰ ਥੋੜ੍ਹੀ ਤਨਖਾਹ 'ਤੇ ਕੰਮ ਕਰਦੇ ਰਹਿੰਦੇ। ਇਸ ਨੂੰ ਅਮਰੀਕੀ ਮਜ਼ਦੂਰ ਇਹ ਸਮਝਦੇ ਕਿ ਵਿਦੇਸ਼ੀ ਮਜ਼ਦੂਰ ਹੀ ਉਨ੍ਹਾਂ ਨੂੰ ਭੁੱਖੇ ਮਾਰਨ ਦਾ ਕਾਰਨ ਹਨ। ਉਨ੍ਹਾਂ ਨੇ ਹਿੰਦੀ ਮਜ਼ਦੂਰਾਂ ਉਤੇ ਹਮਲੇ ਕਰਨੇ ਸ਼ੁਰੂ ਕਰ ਦਿੱਤੇ। ਅਖੀਰ ਇਹ ਹਮਲੇ ਰੋਕਣ ਲਈ ਹਿੰਦੀ ਮਜ਼ਦੂਰਾਂ ਨੇ ਰਲ ਕੇ 'ਹਿੰਦੁਸਤਾਨ ਐਸੋਸੀਏਸ਼ਨ ਆਫ ਪੈਸੇਫਿਕ ਕੋਸਟ' ਨਾਂ ਦੀ ਸੁਸਾਇਟੀ ਕਾਇਮ ਕੀਤੀ ਜਿਸ ਦੇ ਪ੍ਰਧਾਨ ਸੋਹਣ ਸਿੰਘ ਭਕਨਾ, ਮੁੱਖ ਸਕੱਤਰ ਜੀ.ਡੀ. ਕੁਮਾਰ ਅਤੇ ਖ਼ਜ਼ਾਨਚੀ ਕਾਸ਼ੀ ਰਾਮ ਸਰਬਸੰਮਤੀ ਨਾਲ ਚੁਣੇ ਗਏ।

ਸੋਹਣ ਸਿੰਘ ਭਕਨਾ ਜਿਸ ਮਿੱਲ ਵਿਚ ਕੰਮ ਕਰਦੇ ਸਨ, ਉਹ ਬੰਦ ਹੋ ਗਈ। ਉਹ ਅਤੇ ਉਨ੍ਹਾਂ ਦਾ ਇਕ ਦੋਸਤ ਕਿਸੇ ਹੋਰ ਮਿੱਲ ਵਿਚ ਕੰਮ ਪੁੱਛਣ ਗਏ ਤੇ ਦਫ਼ਤਰ ਵਿਚ ਜਾ ਕੇ ਸੁਪਰਡੈਂਟ ਨੂੰ ਮਿਲੇ। ਸੁਪਰਡੈਂਟ ਨੇ ਬੜੇ ਆਦਰ ਨਾਲ ਕੁਰਸੀਆਂ ਦਿੱਤੀਆਂ। ਦੋਵੇਂ ਕੁਰਸੀਆਂ 'ਤੇ ਬੈਠ ਗਏ। ਕੰਮ ਪੁੱਛਣ 'ਤੇ ਉਸ ਨੇ ਜਵਾਬ ਦਿੱਤਾ, "ਮੇਰਾ ਦਿਲ ਕਰਦੈ, ਤੁਹਾਨੂੰ ਗੋਲੀ ਮਾਰ ਦਿਆਂ।" ਸੋਹਣ ਸਿੰਘ ਨੇ ਹੈਰਾਨੀ ਨਾਲ ਪੁੱਛਿਆ, "ਕਿਉਂ ਅਸੀਂ ਕੀ ਪਾਪ ਕੀਤਾ?" ਉਸ ਨੇ ਸਵਾਲ ਕੀਤਾ, "ਤੁਹਾਡੀ ਆਬਾਦੀ ਕਿੰਨੀ ਹੈ?" ਜਵਾਬ ਸੀ, "30 ਕਰੋੜ।" ਉਸ ਨੇ ਕਿਹਾ, "30 ਕਰੋੜ ਭੇਡਾਂ ਨੇ ਜਾਂ ਆਦਮੀ?" ਜਵਾਬ ਮਿਲਿਆ, "ਆਦਮੀ।" ਉਸ ਨੇ ਕਿਹਾ, "ਜੇ ਆਦਮੀ ਹੁੰਦੇ ਤਾਂ ਗੁਲਾਮ ਕਿਉਂ ਰਹਿੰਦੇ? ਜਾਓ, ਮੈਂ ਤੁਹਾਨੂੰ ਦੋਹਾਂ ਨੂੰ ਇਕ ਇਕ ਬੰਦੂਕ ਦਿੰਦਾ ਹਾਂ। ਪਹਿਲਾਂ ਆਪਣਾ ਦੇਸ਼ ਆਜ਼ਾਦ ਕਰਾ ਕੇ ਆਓ ਤਾਂ ਮੈਂ ਤੁਹਾਨੂੰ ਸਭ ਤੋਂ ਅੱਗੇ ਹੋ ਕੇ ਜੀ ਆਇਆਂ ਆਖਾਂਗਾ।" ਦੋਵੇਂ ਸ਼ਰਮਿੰਦਾ ਹੋ ਕੇ ਵਾਪਸ ਆ ਗਏ।

ਅਜਿਹੀਆਂ ਨਿਰਾਦਰ ਭਰੀਆਂ ਗੱਲਾਂ ਸੁਣ ਕੇ ਸੋਹਣ ਸਿੰਘ ਅਤੇ ਸਾਥੀਆਂ ਨੇ ਦੇਸ਼ ਨੂੰ ਆਜ਼ਾਦ ਕਰਾਉਣ ਲਈ ਹਥਿਆਰਬੰਦ ਇਨਕਲਾਬ ਦਾ ਰਾਹ ਚੁਣਿਆ। ਉਹ ਸਾਥੀਆਂ ਸਮੇਤ ਜਦ ਸਮੁੰਦਰੀ ਜਹਾਜ਼ ਰਾਹੀਂ ਖਾੜੀ ਬੰਗਾਲ ਪਹੁੰਚੇ ਤਾਂ ਇਨ੍ਹਾਂ ਨੂੰ ਪੁਲਿਸ ਨੇ ਗ੍ਰਿਫ਼ਤਾਰ ਕਰ ਲਿਆ। ਸਾਥੀਆਂ ਨੂੰ ਤਾਂ ਪੁਛਗਿਛ ਤੋਂ ਬਾਅਦ ਛੱਡ ਦਿੱਤਾ ਪਰ ਸੋਹਣ ਸਿੰਘ ਨੂੰ ਪੁਲਿਸ ਦੇ ਪਹਿਰੇ ਥੱਲੇ ਮੁਲਤਾਨ ਦੀ ਜੇਲ੍ਹ ਵਿਚ ਡੱਕ ਦਿੱਤਾ। ਉਨ੍ਹਾਂ ਦੀ ਇਹ ਗ੍ਰਿਫ਼ਤਾਰੀ 1914 ਵਿਚ ਹੋਈ। ਉਨ੍ਹਾਂ 'ਤੇ ਪਹਿਲਾ ਮੁਕੱਦਮਾ ਲਾਹੌਰ ਸਾਜ਼ਿਸ ਕੇਸ ਚੱਲਿਆ ਜਿਸ ਵਿਚ ਉਨ੍ਹਾਂ ਸਮੇਤ 24 ਦੇਸ਼ ਭਗਤਾਂ ਨੂੰ ਫਾਂਸੀ ਦੀ ਸਜ਼ਾ ਹੋਈ। ਇਨ੍ਹਾਂ ਵਿਚ ਸ. ਕਰਤਾਰ ਸਿੰਘ ਸਰਾਭਾ ਵੀ ਸੀ। ਬਾਅਦ ਵਿਚ 24 ਦੇਸ਼ ਭਗਤਾਂ 'ਚੋਂ 17 ਦੀ ਸਜ਼ਾ ਉਮਰ ਕੈਦ ਵਿਚ ਬਦਲ ਗਈ ਜਿਨ੍ਹਾਂ ਵਿਚ ਸੋਹਣ ਸਿੰਘ ਵੀ ਸਨ। ਅਲੱਗ-ਅਲੱਗ ਮੁਕੱਦਮਿਆਂ ਵਿਚ ਕਈ ਸਾਲ ਜੇਲ੍ਹ ਕੱਟਣ ਤੋਂ ਬਾਅਦ ਉਹ 1930 ਵਿਚ ਰਿਹਾ ਹੋਏ।

ਰਿਹਾਈ ਤੋਂ ਬਾਅਦ ਸੋਹਣ ਸਿੰਘ ਨੇ ਆਪਣੇ ਪਿੰਡ ਭਕਨੇ ਆਪਣੀ ਜ਼ਮੀਨ ਵਿਚ ਸੜਕ ਕੰਢੇ ਖੇਤਾਂ ਵਿਚ ਕਿਰਤੀ ਕਿਸਾਨ ਆਸ਼ਰਮ ਕਾਇਮ ਕੀਤਾ ਅਤੇ ਜਾਇਦਾਦ ਕਮੇਟੀ ਦੇ ਨਾਂ ਲਵਾ ਦਿੱਤੀ। ਨਾਲ ਹੀ ਦੇਸ਼ ਨੂੰ ਆਜ਼ਾਦ ਕਰਾਉਣ ਲਈ ਸਰਗਰਮੀਆਂ ਜਾਰੀ ਰੱਖੀਆਂ। ਅਖ਼ੀਰ ਦੇਸ਼ ਨੂੰ 15 ਅਗਸਤ 1947 ਨੂੰ ਆਜ਼ਾਦੀ ਮਿਲੀ।



*ਬਾਬਾ ਸੋਹਨ ਸਿੰਘ ਭਕਨਾ*

ਆਜ਼ਾਦੀ ਤੋਂ ਬਾਅਦ ਵੀ ਮਾਰਚ 1948 ਵਿਚ ਉਨ੍ਹਾਂ ਨੂੰ ਪੁਲਿਸ ਨੇ ਅਚਾਨਕ ਕਿਰਤੀ ਕਿਸਾਨ ਆਸ਼ਰਮ 'ਚੋਂ ਗ੍ਰਿਫ਼ਤਾਰ ਕਰ ਲਿਆ। ਉਨ੍ਹਾਂ ਨਾਲ ਸੱਤ ਅੱਠ ਸਾਥੀ ਹੋਰ ਸਨ। ਸਾਰਿਆਂ ਨੂੰ ਯੋਲ ਕੈਂਪ ਵਿਚ ਭੇਜ ਦਿੱਤਾ ਗਿਆ ਜਿਸ ਪੁਲਿਸ ਦੇ ਮਾੜੇ ਵਿਚਾਰ ਅਤੇ ਘਟੀਆ ਰੋਟੀ ਵੇਖ ਕੇ ਭੁੱਖ ਹੜਤਾਲ ਕਰ ਦਿੱਤੀ ਜੋ 27-28 ਦਿਨ ਚਲਦੀ ਰਹੀ। ਸੰਤ ਵਿਸਾਖਾ ਸਿੰਘ ਨੇ ਪੰਡਿਤ ਜਵਾਹਰ ਲਾਲ ਨਹਿਰੂ ਨੂੰ ਦੱਸਿਆ, ਜਿਨ੍ਹਾਂ ਲੋਕਾਂ ਨੇ ਤੁਹਾਡੀਆਂ ਜੜ੍ਹਾਂ ਲਾਈਆਂ, ਅੱਜ ਆਜ਼ਾਦੀ ਤੋਂ ਬਾਅਦ ਉਨ੍ਹਾਂ ਹੀ ਲੋਕਾਂ ਨੂੰ ਜੇਲ੍ਹਾਂ ਵਿਚ ਬੰਦ ਕਰ ਦਿੱਤਾ ਗਿਆ ਹੈ। ਕੀ ਇਹੋ ਕੌਮੀ ਹਕੂਮਤ ਹੈ? ਜਵਾਹਰ ਲਾਲ ਨਹਿਰੂ ਨੇ ਕਿਹਾ ਕਿ ਉਨ੍ਹਾਂ ਨੂੰ ਤਾਂ ਇਸ ਬਾਰੇ ਕੁਝ ਪਤਾ ਨਹੀਂ। ਫਿਰ ਨਹਿਰੂ ਦੇ ਕਹਿਣ 'ਤੇ ਸੋਹਣ ਸਿੰਘ ਅਤੇ ਸਾਥੀਆਂ ਦੀ ਰਿਹਾਈ ਹੋਈ। ਇਹ ਸੋਹਣ ਸਿੰਘ ਭਕਨਾ ਦੀ ਆਖਰੀ ਭੁੱਖ ਹੜਤਾਲ ਸੀ ਜਿਸ ਨੇ ਉਨ੍ਹਾਂ ਦੀ ਕਮਰ ਟੇਢੀ ਕਰ ਦਿੱਤੀ। ਜਦ ਉਨ੍ਹਾਂ ਨੂੰ ਕੋਈ ਕਮਰ ਟੇਢੀ ਹੋਣ ਦਾ ਕਾਰਨ ਪੁੱਛਦਾ ਤਾਂ ਉਨ੍ਹਾਂ ਦਾ ਜਵਾਬ ਹੁੰਦਾ, "ਇਹ ਕੌਮੀ ਕਾਂਗਰਸ ਹਕੂਮਤ ਦੀ ਮੇਰੀ ਪਿੱਠ 'ਤੇ ਮੁਹਰ ਛਾਪ ਹੈ।"

ਆਜ਼ਾਦੀ ਤੋਂ ਬਾਅਦ ਸੱਪ (ਹਕੂਮਤੀ ਲੋਕਾਂ) ਦਾ ਰੰਗ ਤਾਂ ਬਦਲ ਗਿਆ ਸੀ, ਪਰ ਡੰਗ ਨਹੀਂ ਸੀ ਬਦਲਿਆ 1952 ਵਿਚ ਜਦ ਭਾਰਤ ਦੀ ਪਹਿਲੀ ਚੋਣ ਬਾਬਾ ਸੋਹਣ ਸਿੰਘ ਨੇ ਲੜੀ, ਤਾਂ ਉਨ੍ਹਾਂ ਦੇ ਮੁਕਾਬਲੇ ਗੁਰਦਿਆਲ ਸਿੰਘ ਢਿੱਲੋਂ ਖਲੋਤੇ। ਪਹਿਲੀ ਗੱਲ ਤਾਂ ਇਹ ਕਿ ਇਖਲਾਕੀ ਤੌਰ 'ਤੇ ਗੁਰਦਿਆਲ ਸਿੰਘ ਢਿੱਲੋਂ ਨੂੰ ਮਹਾਨ ਦੇਸ਼ ਭਗਤ ਦੇ ਮੁਕਾਬਲੇ ਖਲੋਣਾ ਨਹੀਂ ਸੀ ਚਾਹੀਦਾ, ਪਰ ਲੋਕਾਂ ਨੇ ਵੀ ਬਾਬੇ ਭਕਨੇ ਦਾ ਸਾਥ ਨਾ ਦਿੱਤਾ ਤੇ ਉਹ ਚੋਣ ਹਾਰ ਗਏ। ਸਾਡੇ ਲੋਕ ਚੰਗੇ ਬੰਦਿਆਂ ਨੂੰ ਅਜੇ ਤੱਕ ਪਛਾਣ ਨਹੀਂ ਸਕੇ।

1960 ਵਿਚ ਬਾਬਾ ਜੀ ਇਕ ਕਾਨਫਰੰਸ 'ਤੇ ਦਿੱਲੀ ਗਏ। ਹੋਰ ਇਨਕਲਾਬੀ ਦੇਸ਼ ਭਗਤ ਵੀ ਉਨ੍ਹਾਂ ਦੇ ਨਾਲ ਸਨ। ਪੰਡਿਤ ਜਵਾਹਰ ਲਾਲ ਨੇ ਸਾਰਿਆਂ ਨੂੰ ਚਾਹ 'ਤੇ ਬੁਲਾਇਆ। ਪੰਡਿਤ ਜੀ ਵੀ ਬਾਬਾ ਜੀ ਦੇ ਮੇਜ਼ 'ਤੇ ਆ ਬੈਠੇ ਤਾਂ ਬਾਬਾ ਜੀ ਲੱਗੇ, "ਪੰਡਤ ਜੀ, ਸਾਡੇ ਦੇਸ਼ ਦਾ ਰਿਵਾਜ਼ ਹੈ, ਪਾਰਟੀ ਨਾਲ ਦੱਛਣਾ ਵੀ ਦਿੰਦੇ ਹਨ। ਤੁਸੀਂ ਵੀ ਦਛਣਾ ਦਿਓ।" ਪੰਡਤ ਜੀ ਸੋਚੀਂ ਪੈ ਗਏ ਕਿ ਪਤਾ ਨਹੀਂ ਬਾਬਾ ਜੀ ਕੀ ਮੰਗ ਲੈਣ! ਬਾਬਾ ਜੀ ਉਨ੍ਹਾਂ ਦੀ ਮਾਨਸਿਕਤਾ ਨੂੰ ਤਾੜ ਗਏ ਅਤੇ ਕਹਿਣ ਲੱਗੇ, "ਝਕੋ ਨਾ। ਅਸੀਂ ਅਜਿਹੀ ਚੀਜ਼ ਨਹੀਂ ਮੰਗਦੇ ਜੋ ਤੁਸੀਂ ਦੇ ਨਾ ਸਕੋ।" ਪੰਡਿਤ ਜੀ ਨੂੰ ਕਹਿਣਾ ਹੀ ਪਿਆ, "ਮੰਗੋ।" ਉਨ੍ਹਾਂ ਕਿਹਾ, "ਅਸੀਂ ਸਾਰਾ ਭਾਰਤ ਅਨੰਦ ਭਵਨ ਵੇਖਣਾ ਚਾਹੁੰਦੇ ਹਾਂ। ਬਸ, ਇਹੋ ਸਾਡੀ ਅੱਜ ਦੀ ਦੱਛਣਾ ਹੈ।" ਪੰਡਤ ਜੀ ਬੜੇ ਖੁਸ਼ ਹੋਏ ਅਤੇ ਖੁੱਲ੍ਹ ਕੇ ਹੱਸੇ। ਬਾਬਾ ਜੀ ਬੋਲੇ, "ਪੰਡਤ ਜੀ, ਤੁਹਾਡੇ ਦੁਆਲੇ ਉਹ ਲੋਕ ਕੁੰਡਲੀ ਮਾਰੀ ਬੈਠੇ ਹਨ ਜਿਨ੍ਹਾਂ ਨੇ ਦੇਸ਼ ਭਗਤ ਫਾਹੇ ਲਵਾਏ। ਅੰਗਰੇਜ਼ ਦੇ ਝੋਲੀ ਚੁੱਕ ਅੱਜ ਖੱਦਰ ਪਾ ਕੇ ਤੁਹਾਡੇ ਵਿਚ ਆ ਰਲੇ ਹਨ।"

ਪੰਡਤ ਜੀ ਦਾ ਚਿਹਰਾ ਵੀ ਗੰਭੀਰ ਹੋ ਗਿਆ। ਬਾਬਾ ਜੀ ਕਹਿੰਦੇ ਗਏ, "ਜਦ ਲੋਕ ਕਹਿੰਦੇ ਨੇ, ਇਸ ਰਾਜ ਨਾਲੋਂ ਅੰਗਰੇਜ਼ ਦਾ ਰਾਜ ਚੰਗਾ ਸੀ, ਤਾਂ ਮੈਨੂੰ ਬੜਾ ਦੁੱਖ ਹੁੰਦਾ ਹੈ। ਅਸੀਂ ਇਹ ਸੁਣਨਾ ਨਹੀਂ ਚਾਹੁੰਦੇ। ਉਹ ਵੀ ਸੱਚੇ ਨੇ। ਜਿਵੇਂ ਕਿਵੇਂ ਵੀ ਹੋਵੇ, ਉਨ੍ਹਾਂ ਦੀ ਤੰਗੀ ਦੂਰ ਕਰੋ। ਇਕ ਗੱਲ ਪੰਡਿਤ ਜੀ ਹੋਰ, ਜਿਹੜਾ ਤੁਸੀਂ ਕਹਿੰਦੇ ਹੋ ਕਿ ਬਾਪੂ ਗਾਂਧੀ ਨੇ ਇਕ ਕਤਰਾ ਖ਼ੂਨ ਵਹਾਉਣ ਤੋਂ ਬਗੈਰ ਆਜ਼ਾਦੀ ਲੈ ਦਿੱਤੀ ਹੈ, ਇਹ ਮੇਰੇ ਸਮਝ ਨਹੀਂ ਆਉਂਦੀ। ਗਦਰ ਲਹਿਰ ਨਾਲ ਸਬੰਧਤ 250 ਦੇਸ਼ ਭਗਤਾਂ ਨੇ ਫਾਂਸੀ ਦੇ ਰੱਸੇ ਚੁੰਮੇ, ਸੈਂਕੜੇ ਜੇਲ੍ਹਾਂ ਵਿਚ ਸੜੇ। ਦਸ ਲੱਖ ਲੋਕ ਪਾਕਿਸਤਾਨ ਬਣਨ ਵੇਲੇ ਮਰੇ। ਇਹ ਖ਼ੂਨ ਕਿਸ ਲੇਖੇ? ਅਸੀਂ ਇਹ ਆਜ਼ਾਦੀ ਖ਼ੂਨ ਦੇ ਕੇ ਲਈ ਹੈ। ਸ਼ਹੀਦਾਂ ਦੇ ਖ਼ੂਨ ਦੀ ਕਦਰ ਕਰੋ।"

ਇਕ ਵਾਰ ਬਾਬਾ ਜੀ ਮੈਨੂੰ ਬੱਸ ਵਿਚ ਸਫ਼ਰ ਕਰਦਿਆਂ ਮਿਲ ਪਏ। ਮੈਂ ਪੁੱਛਿਆ, "ਬਾਬਾ ਜੀ, ਜਦ ਤੁਸੀਂ ਦੇਸ਼ ਨੂੰ ਆਜ਼ਾਦ ਕਰਾਉਣ ਲਈ ਆਜ਼ਾਦੀ ਲਹਿਰ ਵਿਚ ਕੁੱਦੇ ਸੀ, ਤੁਸੀਂ ਤੇ ਤੁਹਾਡੇ ਸਾਥੀ ਜਵਾਨ ਸੀ, ਫਿਰ ਬਾਬੇ ਕਿਉਂ ਕਹਾਏ?" ਬਾਬਾ ਜੀ ਨੇ ਕਿਹਾ, "ਬਰਖੁਰਦਾਰ! ਬੇਸ਼ਕ ਅਸੀਂ ਜਵਾਨ ਸਾਂ, ਪਰ ਸਾਡੀ ਸੋਚ ਪਰੌੜ ਤੇ ਸਿਆਣੇ ਬੰਦਿਆਂ ਵਾਲੀ ਸੀ। ਇਸ ਲਈ ਲੋਕਾਂ ਨੇ ਇਨਕਲਾਬੀ ਦੇਸ਼ ਭਗਤਾਂ ਨੂੰ ਬਾਬੇ ਕਹਿਣਾ ਸ਼ੁਰੂ ਕਰ ਦਿੱਤਾ।"

ਮੈਂ ਇਕ ਵਾਰ ਬਾਬੇ ਬੁੱਢੇ ਦਾ ਮੇਲਾ ਵੇਖ ਕੇ ਵਾਪਸ ਆਉਂਦਿਆਂ ਉਨ੍ਹਾਂ ਨੂੰ ਉਨ੍ਹਾਂ ਦੀ ਕੁਟੀਆ ਵਿਚ ਮਿਲਿਆ। ਬਾਬਾ ਜੀ ਅੰਬ ਦੇ ਅਚਾਰ ਅਤੇ ਚਾਹ ਨਾਲ ਰੋਟੀ ਖਾ ਰਹੇ ਸਨ। ਉਨ੍ਹਾਂ ਮੈਨੂੰ ਪੁੱਛਿਆ, "ਤੁਸੀਂ ਕਿੱਥੋਂ ਆਏ ਹੋ?" ਮੈਂ ਕਿਹਾ, "ਬਾਬੇ ਬੁੱਢੇ ਦਾ ਮੇਲਾ ਵੇਖ ਕੇ।" ਕਹਿਣ ਲੱਗੇ, "ਉਥੋਂ ਕੀ ਸਿੱਖਿਆ ਲਈ?" ਮੈਂ ਕਿਹਾ, "ਸੋਹਣ ਸਿੰਘ ਸੀਤਲ ਨੇ ਭਾਈ ਡੱਲੇ ਦੀ ਵਾਰ ਸੁਣਾਈ ਸੀ ਕਿ ਸੱਚਾ ਸਿੱਖ ਕੀ ਹੁੰਦਾ ਹੈ?" ਬਾਬਾ ਜੀ ਕਹਿਣ ਲੱਗੇ, "ਪੁੱਤਰ, ਸੱਚਾ ਸਿੱਖ ਮੌਤ ਤੋਂ ਬਹੁਤ ਉਚਾ ਹੁੰਦਾ ਹੈ।" ਫਿਰ ਮੈਂ ਗਾਂਧੀ ਜੀ ਬਾਰੇ ਉਨ੍ਹਾਂ ਦੇ ਵਿਚਾਰ ਜਾਣਨੇ ਚਾਹੇ ਤਾਂ ਕਹਿਣ ਲੱਗੇ, "ਗਾਂਧੀ ਅੰਗਰੇਜ਼ ਦਾ ਪਿੱਠੂ ਸੀ। ਅਸੀਂ ਉਸ ਨੂੰ ਕਿਹਾ ਕਿ ਅੱਜ ਅੰਗਰੇਜ਼ ਜੰਗ ਵਿਚ ਫਸਿਆ ਹੈ, ਸਾਡੇ ਨਾਲ ਆ... ਅਸੀਂ ਇਸ ਨੂੰ ਹਥਿਆਰਬੰਦ ਇਨਕਲਾਬ ਰਾਹੀਂ ਭਜਾ ਕੇ ਦੇਸ਼ 'ਚੋਂ ਕੱਢ ਕੇ, ਦੇਸ਼ ਨੂੰ ਆਜ਼ਾਦ ਕਰਾਈਏ, ਪਰ ਗਾਂਧੀ ਨੇ ਅੱਗਿਉਂ ਕਿਹਾ ਕਿ ਜਦ ਅੰਗਰੇਜ਼ ਜੰਗ ਜਿੱਤ ਜਾਵੇਗਾ ਤਾਂ ਸਾਨੂੰ ਆਜ਼ਾਦ ਕਰ ਦਏਗਾ। ਜਦ ਪਹਿਲੀ ਸੰਸਾਰ ਜੰਗ ਖ਼ਤਮ ਹੋਈ ਤਾਂ ਅੰਗਰੇਜ਼ ਨੇ ਭਾਰਤੀਆਂ ਨੂੰ ਰੌਲਟ ਐਕਟ ਦਿੱਤਾ ਜਿਸ ਨਾਲ ਦੇਸ਼ ਗੁਲਾਮੀ ਦੀਆਂ ਜ਼ੰਜੀਰਾਂ ਵਿਚ ਜਕੜਿਆ ਗਿਆ ਅਤੇ ਜਿਸ ਦੇ ਕਾਰਨ ਜਲਿਆਂਵਾਲੇ ਬਾਗ ਦਾ ਸਾਕਾ ਵਾਪਰਿਆ।"

ਦਸੰਬਰ 1968 ਵਿਚ ਬਾਬਾ ਜੀ ਬਿਮਾਰ ਹੋ ਗਏ। ਉਨ੍ਹਾਂ ਨੂੰ ਅੰਮ੍ਰਿਤਸਰ ਦੇ ਵੀ.ਜੇ. ਹਸਪਤਾਲ ਦਾਖ਼ਲ ਕਰਾਇਆ ਗਿਆ। ਉਨ੍ਹਾਂ ਦੇ ਪ੍ਰਸ਼ੰਸਕ ਉਨ੍ਹਾਂ ਦੀ ਮਿਜਾਜ਼ਪੁਰਸ਼ੀ ਲਈ ਹਸਪਤਾਲ ਆਉਂਦੇ, ਉਨ੍ਹਾਂ ਦੀ ਹਰ ਤਰ੍ਹਾਂ ਸੇਵਾ ਕਰਦੇ। ਜਦ ਬਾਬਾ ਜੀ ਠੀਕ ਨਾ ਹੋਏ ਤਾਂ ਉਨ੍ਹਾਂ ਨੂੰ ਸਪੈਸ਼ਲ ਵਾਰਡ ਵਿਚ ਲਿਜਾਣ ਲੱਗੇ ਤਾਂ ਬਾਬਾ ਜੀ ਨੇ ਕਿਹਾ, "ਮੈਨੂੰ ਸਪੈਸ਼ਲ ਵਾਰਡ ਵਿਚ ਨਾ ਲਿਜਾਓ। ਮੈਂ ਆਪਣੇ ਆਮ ਲੋਕਾਂ ਵਿਚ ਮਰਨਾ ਚਾਹੁੰਦਾ ਹਾਂ।"

ਅਖੀਰ ਬਾਬਾ ਸੋਹਣ ਸਿੰਘ 21 ਦਸੰਬਰ 1968 ਨੂੰ 99 ਸਾਲ ਦੀ ਜ਼ਿੰਦਗੀ ਗੁਜ਼ਾਰ ਕੇ ਇਸ ਦੁਨੀਆਂ ਤੋਂ ਰੁਖਸਤ ਹੋ ਗਏ। ਆਜ਼ਾਦੀ ਦਾ ਜੋ ਸੁਪਨਾ ਬਾਬਾ ਜੀ, ਸਰਦਾਰ ਭਗਤ ਸਿੰਘ ਅਤੇ ਸਰਦਾਰ ਕਰਤਾਰ ਸਿੰਘ ਸਰਾਭਾ ਨੇ ਵੇਖਿਆ ਸੀ, ਉਹ ਪੂਰਾ ਨਹੀਂ ਹੋਇਆ। ਅੱਜ ਹਰ ਖੇਤਰ ਵਿਚ ਉਨ੍ਹਾਂ ਦੇ ਵਿਚਾਰਾਂ ਦੇ ਉਲਟ ਹੋ ਰਿਹਾ ਹੈ।

# ਤ੍ਰਾਤਸਕੀ ਅਤੇ ਉਹਦਾ ਤ੍ਰਾਤਸਕੀਵਾਦ-2

***(ਪਿਛਲੇ ਸਫੇ ਦੀ ਬਾਕੀ)***

ਹੈ ਅਤੇ ਮੰਗ ਰੱਖਦਾ ਹੈ ਕਿ ਪਾਰਟੀ ਵਿਚ ਅਲੱਗ-ਅਲੱਗ ਧੜਿਆਂ ਦੀ ਹੋਂਦ ਨੂੰ ਸਵੀਕਾਰ ਕਰ ਕੇ ਉਨ੍ਹਾਂ ਨੂੰ ਆਪਣੀ ਵੱਖ-ਵੱਖ ਲੀਡਰਸ਼ਿਪ ਤੇ ਵੱਖਰੇ ਮੰਚ ਲਗਾ ਕੇ ਰੱਖਣ ਦੀ ਆਗਿਆ ਦਿੱਤੀ ਜਾਵੇ; ਹਾਲਾਂਕਿ ਦਸਵੀਂ ਕਾਂਗਰਸ ਵਿਚ ਪਾਰਟੀ ਅੰਦਰ ਧੜੇਬੰਦੀ ਦੀ ਮਨਾਹੀ ਕਰਨ ਦੇ ਪ੍ਰਸਤਾਵ ਦੀ ਉਹਨੇ ਹਮਾਇਤ ਕੀਤੀ ਸੀ। ਇਹ ਸਿਧਾਂਤ ਉਹਨੇ ਪਾਰਟੀ ਵਿਚ ਜਮਹੂਰੀਅਤ ਬਹਾਲੀ ਦੇ ਨਾਂ ਹੇਠ ਲਿਆਂਦਾ ਪਰ ਇਸ ਦਾ ਅਮਲੀ ਮਤਲਬ ਸੀ, ਪਾਰਟੀ ਅੰਦਰ ਪਾਰਟੀ ਬਣਾਉਣ ਦੀ ਆਗਿਆ ਹੋਣਾ ਜੋ ਤ੍ਰਾਤਸਕੀ ਦੀ ਬੁੱਧੀਜੀਵੀ ਮੱਧਵਰਗੀ ਸਿਆਸਤ ਨੂੰ ਮੇਚ ਬੈਠਦੀ ਸੀ ਪਰ ਇਸਪਾਤੀ ਅਨੁਸ਼ਾਸਨ ਵਿਚ ਢਲੀ ਇਨਕਲਾਬੀ ਬਾਲਸ਼ਵਿਕ ਪਾਰਟੀ ਵਿਚ ਅਜਿਹੇ ਗੁੱਟਬੰਦਕ ਤੌਰ ਤਰੀਕਿਆਂ ਲਈ ਕੋਈ ਥਾਂ ਨਹੀਂ ਸੀ।

**ਇਤਿਹਾਸਕਾਰ ਤ੍ਰਾਤਸਕੀ:** ਅਕਤੂਬਰ ਇਨਕਲਾਬ ਸਮੇਂ ਕੇਂਦਰੀ ਕਮੇਟੀ ਦੇ ਮੈਂਬਰਾਂ ਬਾਰੇ ਤ੍ਰਾਤਸਕੀ ਲਿਖਦਾ ਹੈ, "ਲੈਨਿਨ ਸਾਰਿਆਂ ਲਈ ਆਗੂ ਸਨ ਪਰ ਜਿਵੇਂ ਤੱਥ ਦੱਸਦੇ ਹਨ, ਉਨ੍ਹਾਂ ਨੇ ਚਾਰ ਮਹੀਨਿਆਂ ਤੋਂ ਪਾਰਟੀ ਦੇ ਕੰਮਾਂ ਵਿਚ ਸਿੱਧਾ ਹਿੱਸਾ ਨਹੀਂ ਲਿਆ ਸੀ... ਪੁਰਾਣੇ ਬਾਲਸ਼ਵਿਕ ਕੇਂਦਰ ਵਿਚ ਸਭ ਤੋਂ ਅਹਿਮ ਨੇਤਾ ਜ਼ਿਨੋਵੀਵ ਤੇ ਕਾਮੇਨੇਵ ਸਨ ਪਰ ਇਨਕਲਾਬ ਦਾ ਵਿਰੋਧ ਕਰ ਕੇ ਉਨ੍ਹਾਂ ਨੂੰ ਕਾਰਕੁਨਾਂ ਦੀ ਹੈਸੀਅਤ ਤੋਂ ਦੂਰ ਕਰ ਦਿੱਤਾ... ਸਵੇਰਦਲੋਵ ਨਵੇਂ ਸਨ ਤੇ ਉਹ ਬਾਅਦ ਵਿਚ ਜਾ ਕੇ ਵਿਕਸਤ ਹੋਏ... ਦਜਰੇਜਿੰਸਕੀ ਹਾਲੇ ਨਵੇਂ ਹੀ ਪਾਰਟੀ ਵਿਚ ਭਰਤੀ ਹੋਏ ਸਨ ਤੇ ਉਨ੍ਹਾਂ ਨੇ ਸਿਧਾਂਤਕ ਕੰਮ ਦੀ ਪ੍ਰਤਿਭਾ ਨਹੀਂ ਦਿਖਾਈ ਸੀ... ਬੁਖਾਰਿਨ, ਰੀਕੋਵ ਤੇ ਨੋਗਿਨ ਮਾਸਕੋ ਵਿਚ ਸਨ... ਬੁਖਾਰਿਨ ਪ੍ਰਤਿਭਾਸ਼ਾਲੀ ਪਰ ਗੈਰ-ਭਰੋਸੇਮੰਦ ਸਿਧਾਂਤਕਾਰ ਮੰਨੇ ਜਾਂਦੇ ਸਨ... ਰੀਕੋਵ ਤੇ ਨੋਗਿਨ ਬਗਾਵਤ ਦੇ ਵਿਰੋਧੀ ਸਨ... ਲੋਮੋਵ, ਬਾਬੋਨੋਵ ਤੇ ਮਿਲਿਉਤਿਨ ਨੂੰ ਫੈਸਲੇ ਲੈਣ ਵੇਲੇ ਸ਼ਾਇਦ ਹੀ ਕੋਈ ਗਿਣਤੀ ਵਿਚ ਰੱਖਦਾ ਹੋਵੇ... ਜ਼ੋਫੇ ਤੇ ਊਰੋਤਸਕੀ (ਦੋਵੇਂ ਤ੍ਰਾਤਸਕੀਪੰਥੀ-ਲੇਖਕ) ਤ੍ਰਾਤਸਕੀ ਨਾਲ ਨੇੜਿਉਂ ਜੁੜੇ ਹੋਏ ਸਨ ਅਤੇ ਮਿਲ ਕੇ ਕੰਮ ਕਰ ਰਹੇ ਸਨ।" (ਤ੍ਰਾਤਸਕੀ, ਰੂਸੀ ਇਨਕਲਾਬ ਦਾ ਇਤਿਹਾਸ, ਭਾਗ-3, ਅੰਤਿਕਾ-1, ਇੰਟਰਨੈਟ ਐਡੀਸ਼ਨ)। ਇਹ ਹੈ ਤ੍ਰਾਤਸਕੀ ਦਾ ਇਤਿਹਾਸ। ਸਤਾਲਿਨ ਦਾ ਨਾਮ ਤੱਕ ਨਹੀਂ, ਤ੍ਰਾਤਸਕੀ ਤੇ ਤ੍ਰਾਤਸਕੀਪੰਥੀਆਂ ਨੂੰ ਛੱਡ ਕੇ ਕੇਂਦਰੀ ਕਮੇਟੀ ਦੇ ਬਾਕੀ ਮੈਂਬਰ ਇਨਕਲਾਬ ਦੀ ਕਮਾਂਡ ਸਾਂਭਣ ਦੇ ਨੇੜੇ-ਤੇੜੇ ਵੀ ਸਨ! 1917 ਵਿਚ ਰੂਪੋਸ਼ੀ ਦੌਰਾਨ ਲੈਨਿਨ ਦੇ ਥਾਂ ਟਿਕਾਣੇ ਬਾਰੇ ਸਤਾਲਿਨ ਤੋਂ ਬਿਨਾਂ ਕਿਸੇ ਹੋਰ ਨੂੰ ਦੱਸਿਆ ਵੀ ਨਹੀਂ ਸੀ ਗਿਆ। ਇਸ ਦਾ ਨਤੀਜਾ ਤ੍ਰਾਤਸਕੀ ਇਹ ਕੱਢਦਾ ਹੈ ਕਿ ਲੈਨਿਨ ਪਾਰਟੀ ਦੇ ਕੰਮਾਂ ਵਿਚ ਹਿੱਸਾ ਹੀ ਨਹੀਂ ਸਨ ਲੈ ਰਹੇ। ਅਸਲ ਵਿਚ ਅਕਤੂਬਰ ਇਨਕਲਾਬ ਦਾ ਇਤਿਹਾਸ ਲਿਖਣ ਲਈ ਤ੍ਰਾਤਸਕੀ ਨੂੰ ਥਾਂ-ਥਾਂ ਮੈਨਸ਼ਵਿਕ ਸੁਖਾਨੋਵ ਦਾ ਸਹਾਰਾ ਲੈਣਾ ਪੈਂਦਾ ਹੈ।

***(ਸਮਾਪਤ)***




### ਅਫਰੀਕੀ ਨਜ਼ਰੀਏ ਤੋਂ ਸਮਕਾਲੀ ਅਫਰੀਕਾ

# ਦਿ ਬੈਟਲ ਔਫ ਟੋਬੈਟੋ

ਗੋਆ ਵਿਚ ਹੋਏ ਚੁਤਾਲੀਵੇਂ ਕੌਮਾਂਤਰੀ ਫ਼ਿਲਮ ਮੇਲੇ ਵਿਚ ਪੱਛਮੀ ਅਫ਼ਰੀਕਾ ਦੇ ਛੋਟੇ ਜਹੇ ਦੇਸ਼ ਗਿਨੀ-ਬਿਸਾਉ ਦੀ ਫ਼ਿਲਮ 'ਦਿ ਬੈਟਲ ਔਫ ਟੋਬੈਟੋ' ਦਿਖਾਈ ਗਈ। ਇਹ ਫ਼ਿਲਮ ਪਹਿਲੀ ਦੁਨੀਆਂ ਜਾਂ ਗ਼ੈਰ-ਯੂਰਪੀ ਦੇ ਨਜ਼ਰੀਏ ਤੋਂ ਸਮਕਾਲੀ ਅਫ਼ਰੀਕਾ ਦੀ ਤਸਵੀਰ ਪੇਸ਼ ਕਰਦੀ ਹੈ। ਅਫ਼ਰੀਕਾ ਮਹਾਂਦੀਪ ਸਦੀਆਂ ਤੋਂ ਬਸਤਾਨਾਂ ਦੀ ਲੁੱਟ ਦਾ ਸ਼ਿਕਾਰ ਹੈ। ਅਫ਼ਰੀਕੀਆਂ ਨੇ ਗ਼ੁਲਾਮੀ ਦੇ ਯੁੱਗ ਤਨ-ਮਨ 'ਤੇ ਹੰਢਾਏ ਹਨ। ਇਹ ਗ਼ੁਲਾਮਾਂ ਦੀ ਮੰਡੀ ਦਾ ਕੇਂਦਰ ਰਿਹਾ ਹੈ। ਮੌਜੂਦਾ ਸਮਿਆਂ 'ਚ ਆਲਮੀਕਰਨ ਦੇ ਨਾਮ 'ਤੇ ਜ਼ਮੀਨ ਅਤੇ ਕੁਦਰਤੀ ਵਸੀਲਿਆਂ ਦੀ ਵੱਡੀ ਲੁੱਟ ਇਸ ਮਹਾਂਦੀਪ ਵਿਚ ਮਚਾਈ ਗਈ ਹੈ। ਇਹ ਮਹਾਂਦੀਪ ਬਿਮਾਰੀ ਅਤੇ ਭਿਆਨਕ ਖ਼ਾਨਾਜੰਗੀ ਦੀ ਮਾਰ ਹੇਠ ਹੈ। ਇਹ ਅਲਾਮਤਾਂ ਬਸਤਾਨਾਂ ਦੀ ਲੁੱਟ ਦੇ ਉਘੜਵੇਂ ਪ੍ਰਗਟਾਵੇ ਹਨ। ਗਿਨੀ-ਬਿਸਾਉ ਦੀ ਹਾਲਤ ਮਹਾਂਦੀਪ ਤੋਂ ਵੱਖਰੀ ਨਹੀਂ ਹੈ। ਦੁਨੀਆਂ ਦੇ ਸਭ ਤੋਂ ਗ਼ਰੀਬ ਮੁਲਕਾਂ ਵਿਚ ਇਹਦਾ ਪੰਜਵਾਂ ਦਰਜਾ ਹੈ।

ਫ਼ਿਲਮ ਦੇ ਹਦਾਇਤਕਾਰ ਜਾਉ ਵਿਆਨਾ ਮੁਤਾਬਕ ਗਿਨੀ-ਬਿਸਾਉ ਬਸਤਾਨਾਂ ਦੀ ਬਸਤੀ ਬਣਨ ਵਾਲਾ ਅਫ਼ਰੀਕਾ ਦਾ ਪਹਿਲਾ ਮੁਲਕ ਸੀ। ਪੁਰਤਗਾਲੀ 'ਖੋਜੀ' ਨੂਨੋ ਟਰਿਸਟੋ ਪਹਿਲਾ ਯੂਰਪੀ ਸੀ ਜੋ 1446 ਵਿਚ ਗਿਨਿਆ-ਬਿਸਾਉ ਦੇ ਬਸ਼ਿੰਦਿਆਂ ਦੇ ਸੰਪਰਕ ਵਿਚ ਆਇਆ। ਉਹਦੀ ਆਮਦ ਤੋਂ ਬਾਅਦ ਇਹ ਮੁਲਕ ਪੁਰਤਗਾਲੀਆਂ ਦੇ ਗ਼ੁਲਾਮ-ਵਪਾਰ ਦਾ ਕੇਂਦਰ ਬਣ ਗਿਆ ਅਤੇ ਇਸ ਮੁਲਕ ਨੂੰ 'ਗ਼ੁਲਾਮ ਕੰਢੇ' ਦੇ ਨਾਮ ਨਾਲ ਜਾਣਿਆ ਜਾਣ ਲੱਗਾ। ਪੁਰਤਗਾਲੀਆਂ ਦਾ ਵਧੇਰੇ ਅਸਰ ਗਿਨੀ-ਬਿਸਾਉ ਦੇ ਪ੍ਰਸ਼ਾਂਤ ਮਹਾਂਸਾਗਰ ਨਾਲ ਲਗਦੇ ਕੰਢਿਆਂ ਅਤੇ ਦਰਿਆਵਾਂ 'ਤੇ ਸੀ। ਅੰਦਰਲੀ ਧਰਤੀ ਵਿਚ ਪੁਰਤਗਾਲੀਆਂ ਨੇ ਦਿਲਚਸਪੀ ਨਹੀਂ ਦਿਖਾਈ ਸੀ। ਉਨੀਵੀਂ ਸਦੀ ਵਿਚ ਅੰਦਰਲੀ ਧਰਤੀ ਨੂੰ ਫਰੋਲਿਆ ਗਿਆ। 1956 ਵਿਚ ਖੱਬੇ ਪੱਖੀ ਅਫ਼ਰੀਕੀ ਪਾਰਟੀ ਨੇ ਬਸਤਾਨਾਂ ਵਿਰੁਧ ਹਥਿਆਰਬੰਦ ਸੰਘਰਸ਼ ਦੀ ਸ਼ੁਰੂਆਤ ਕੀਤੀ। ਇਸ ਪਾਰਟੀ ਦੀ ਅਗਵਾਈ ਵਿਚ ਕੌਮੀ ਮੁਕਤੀ ਲਹਿਰ ਛੇਤੀ ਹੀ ਪੱਕੇ ਪੈਰੀਂ ਹੋ ਗਈ। ਪਾਰਟੀ ਨੂੰ ਕਿਊਬਾ, ਚੀਨ ਅਤੇ ਸੋਵੀਅਤ ਯੂਨੀਅਨ ਦੀ ਹਮਾਇਤ ਹਾਸਲ ਸੀ। ਅਠਾਰਾਂ ਸਾਲ ਦੇ ਖ਼ੂਨੀ ਸੰਘਰਸ਼ ਤੋਂ ਬਾਅਦ ਮੁਲਕ ਨੂੰ ਆਜ਼ਾਦੀ ਹਾਸਲ ਹੋਈ। ਲੂਈਸ ਕਾਬਰਲ ਆਜ਼ਾਦ ਮੁਲਕ ਦੀ ਪਹਿਲੀ ਸਰਕਾਰ ਦਾ ਮੁਖੀ ਬਣਿਆ। ਉਹਨੇ ਮੁਲਕ ਦਾ ਅਰਥਚਾਰਾ ਸਰਕਾਰੀ ਅਖਤਿਆਰ ਹੇਠ ਰੱਖਿਆ ਸੀ। ਛੇ ਸਾਲ ਬਾਅਦ 1980 ਵਿਚ ਫ਼ੌਜੀ ਜਰਨੈਲ ਜਾਉ ਵਿਆਰਾ ਨੇ ਲੂਈਸ ਕਾਬਰਲ ਸਰਕਾਰ ਦਾ ਤਖਤਾ ਪਲਟ ਦਿੱਤਾ। ਜਰਨੈਲ ਵਿਆਰਾ ਨੇ ਮੁਲਕ ਦਾ ਅਰਥਚਾਰਾ ਖੁੱਲ੍ਹੀ ਮੰਡੀ ਨਾਲ ਨੱਥੀ ਕਰ ਦਿੱਤਾ। ਉਹਦੇ ਉੱਤੇ ਤਾਨਾਸ਼ਾਹੀ, ਭ੍ਰਿਸ਼ਟਾਚਾਰ ਅਤੇ ਕੁਨਬਾਪ੍ਰਸਤ-ਸਰਮਾਏਦਾਰੀ ਦੇ ਦੋਸ਼ ਲੱਗੇ। ਜਰਨੈਲ ਵਿਆਰਾ ਦੇ ਫ਼ੌਜੀ ਰਾਜਪਲਟੇ ਤੋਂ ਬਾਅਦ ਗਿਨੀ-ਬਿਸਾਉ ਲਗਾਤਾਰ ਖ਼ਾਨਾਜੰਗੀ ਅਤੇ ਰਾਜ ਪਲਟਿਆਂ ਨਾਲ ਝੰਬਿਆ ਗਿਆ। ਬਾਹਰਲੀ ਦਖ਼ਲਅੰਦਾਜ਼ੀ ਹੋਰ ਵਧ ਗਈ ਅਤੇ ਹਾਲਾਤ ਬਦ ਤੋਂ ਬਦਤਰ ਹੁੰਦੇ ਗਏ। ਫ਼ਿਲਮ ਦੇ



ਹਦਾਇਤਕਾਰ ਮੁਤਾਬਕ ਪਿਛਲੇ ਕੁਝ ਸਾਲਾਂ ਵਿਚ ਸੱਤ ਰਾਸ਼ਟਰਪਤੀ ਕਤਲ ਕਰ ਦਿੱਤੇ ਗਏ ਹਨ। ਕੋਈ ਰਾਸ਼ਟਰਪਤੀ ਚਾਰ ਸਾਲ ਦੀ ਮਿਆਦ ਪੂਰੀ ਨਹੀਂ ਕਰ ਸਕਿਆ। ਕਤਲਾਂ ਦੀ ਫ਼ਹਿਰਿਸਤ ਵਿਚ ਫ਼ੌਜੀ ਜਰਨੈਲ ਜਾਉ ਵਿਆਰਾ ਦਾ ਨਾਮ ਵੀ ਸ਼ਾਮਲ ਹੈ। ਅੱਜਕੱਲ੍ਹ ਇਹ ਮੁਲਕ ਕੌਮਾਂਤਰੀ ਮਾਲੀ ਕੋਸ਼ (ਆਈ.ਐਮ.ਐਫ.) ਦੇ ਤੰਦੂਆ ਜਾਲ ਵਿਚ ਫਸ ਕੇ ਵਿਦੇਸ਼ੀ ਕਰਜ਼ੇ ਦੇ ਪੈਸੇ ਨਾਲ ਡੰਗ ਟਪਾ ਰਿਹਾ ਹੈ।

ਇਸ ਮੁਲਕ ਦਾ ਅਰਥਚਾਰਾ ਕਾਜੂਆਂ ਦੀ ਬਰਾਮਦ 'ਤੇ ਟਿਕਿਆ ਹੋਇਆ ਹੈ। ਦੂਜਾ, ਇਹ ਮੁਲਕ ਕੋਕੀਨ ਦੀ ਤਸਕਰੀ ਦਾ ਮੁੱਖ ਅੱਡਾ ਹੈ। ਦੱਖਣੀ ਅਮਰੀਕਾ ਤੋਂ ਕੋਕੀਨ ਇਸ ਮੁਲਕ ਵਿਚ ਪਹੁੰਚਦੀ ਹੈ ਅਤੇ ਉਥੋਂ ਯੂਰਪ ਨੂੰ ਭੇਜੀ ਜਾਂਦੀ ਹੈ। ਇਸ ਧੰਦੇ ਵਿਚ ਮੁਲਕ ਦੇ ਵੱਡੇ ਸਿਆਸਤਦਾਨ ਅਤੇ ਫ਼ੌਜੀ ਜਰਨੈਲ ਸ਼ਾਮਲ ਹਨ। ਕੋਕੀਨ ਦੇ ਤਸਕਰਾਂ ਲਈ ਮੁਲਕ ਦੇ ਹੰਗਾਮੀ ਹਾਲਾਤ ਸਾਜ਼ਗਾਰ ਹਨ। ਮੁਲਕ ਵਿਚ ਅਮਨ-ਚੈਨ ਬਹਾਲ ਹੋਣ ਦਾ ਸਿੱਧਾ ਨੁਕਸਾਨ ਕੋਕੀਨ ਦੇ ਤਸਕਰਾਂ ਨੂੰ ਹੋਵੇਗਾ। ਇਸ ਕਰ ਕੇ ਉਹ ਬਦਇੰਤਜ਼ਾਮੀ ਨੂੰ ਹਵਾ ਦਿੰਦੇ ਰਹਿੰਦੇ ਹਨ। ਬਸਤਾਨਾਂ ਦੀ 'ਪਾੜੋ ਤੇ ਰਾਜ ਕਰੋ' ਦੀ ਨੀਤੀ ਤਸਕਰਾਂ ਦੇ ਸੂਤ ਬੈਠ ਰਹੀ ਹੈ। ਉਹ ਮੁਲਕ ਦੇ ਨਸਲੀ ਗਰੁੱਪਾਂ ਅਤੇ ਕਬੀਲਿਆਂ ਨੂੰ ਆਪਸ ਵਿਚ ਉਲਝਾਈ ਰੱਖਦੇ ਹਨ। 2012 ਦੇ ਰਾਜਪਲਟੇ ਤੋਂ ਬਾਅਦ ਕੋਕੀਨ ਦੀ ਤਸਕਰੀ ਵਿਚ ਹੋਰ ਤੇਜ਼ੀ ਆਈ ਹੈ ਜਿਸ ਨਾਲ ਭੁੱਖ, ਬਿਮਾਰੀ ਅਤੇ ਹਿੰਸਾ ਦੇ ਝੰਬੇ ਇਸ ਮੁਲਕ ਦੇ ਹਾਲਾਤ ਹੋਰ ਵਿਗੜਨ ਦਾ ਖ਼ਦਸ਼ਾ ਹੈ।

ਅਮੀਰ ਅਤੇ ਗ਼ਰੀਬ ਵਿਚਕਾਰ ਵੱਡਾ ਪਾੜਾ ਹੈ ਜੋ ਲਗਾਤਾਰ ਹੋਰ ਵਧ ਰਿਹਾ ਹੈ। ਕੋਕੀਨ ਦੀ ਤਸਕਰੀ ਨਾਲ ਅਮੀਰ ਹੋਏ ਡਾਢਿਆਂ ਦੇ ਘਰਾਂ ਵਿਚ ਹਵਾਈ ਪੱਟੀਆਂ ਬਣੀਆਂ ਹੋਈਆਂ ਹਨ ਜਿੱਥੇ ਕੋਕੀਨ ਦੇ ਭਰੇ ਜ਼ਹਾਜ਼ ਸਿੱਧੇ ਉੱਤਰਦੇ ਹਨ। ਦੂਜੇ ਪਾਸੇ ਆਮ ਲੋਕ ਭੁੱਖਮਰੀ ਅਤੇ ਜਬਰੀ ਥੋਪੀ ਗਈ ਹਿੰਸਾ ਨਾਲ ਜਾਨਾਂ ਗੁਆ ਰਹੇ ਹਨ। ਅਫ਼ਰੀਕਾ ਵਿਚ ਨਾਬਰਾਬਰੀ ਦੇ ਮੰਜ਼ਰ ਆਮ ਹਨ। ਅਫ਼ਰੀਕਾ ਦੀ



ਜਾਉ ਵੀਆਨਾ

ਧਰਤੀ 'ਤੇ ਬਹੁ-ਗਿਣਤੀ ਅਤਿ ਦੀ ਗਰਮੀ ਵਿਚ ਧੁੱਪ ਵਿਚ ਸੜਦੀ ਹੈ। ਕੁਝ ਚੋਣਵੇਂ ਲੋਕ ਉਨ੍ਹਾਂ ਹੀ ਸੜਕਾਂ 'ਤੇ ਯੂਰਪ ਦੀ ਠੰਢ ਨੂੰ ਮਾਤ ਪਾਉਂਦੀਆਂ ਏ.ਸੀ. ਕਾਰਾਂ ਵਿਚ ਝੂਟੇ ਲੈਂਦੇ ਹਨ।

ਲੇਖਕ ਅਤੇ ਹਦਾਇਤਕਾਰ ਜਾਉ ਵੀਆਨਾ

ਦੀ ਫ਼ਿਲਮ 'ਦਿ ਬੈਟਲ ਔਫ ਟੋਬੈਟੋ' ਉੱਪਰ ਬਿਆਨ ਕੀਤੇ ਅਣਮਨੁੱਖੀ ਹਾਲਾਤ ਵਿਚ ਜੀਅ ਰਹੇ ਕਿਰਦਾਰਾਂ ਦੀ ਕਹਾਣੀ ਹੈ। ਫ਼ਿਲਮ ਜੰਗਬਾਜ਼ ਬਸਤਾਨਾਂ ਨੂੰ ਸੰਬੋਧਤ ਹੁੰਦੇ ਅਫ਼ਰੀਕੀ ਦੇ ਹਥਲੇ ਸੰਵਾਦ ਨਾਲ ਸ਼ੁਰੂ ਹੁੰਦੀ ਹੈ, "ਪੰਤਾਲੀ ਸੌ ਸਾਲ ਪਹਿਲਾਂ ਤੁਸੀਂ ਜਦੋਂ ਜੰਗ ਭੜਕਾ ਰਹੇ ਸੀ ... ਅਸੀਂ ਉਦੋਂ ਖੇਤੀਬਾੜੀ ਦੀ ਖੋਜ ਕਰ ਰਹੇ ਸੀ। ਦੋ ਹਜ਼ਾਰ ਸਾਲ ਪਹਿਲਾਂ ਜਦੋਂ ਤੁਸੀਂ ਜੰਗ ਭੜਕਾ ਰਹੇ ਸੀ ... ਅਸੀਂ ਇਨਸਾਫ਼ਪਸੰਦ ਸਰਕਾਰ ਬਣਾਉਣ ਵਿਚ ਮਸਰੂਫ ਸਾਂ। ਇਕ ਹਜ਼ਾਰ ਸਾਲ ਪਹਿਲਾਂ ਜਦੋਂ ਤੁਸੀਂ ਜੰਗ ਭੜਕਾ ਰਹੇ ਸੀ ... ਅਸੀਂ ਰੈਗੇ ਅਤੇ ਜ਼ੈਜ਼ ਸੰਗੀਤ ਦੀ ਖੋਜ ਕਰ ਰਹੇ ਸੀ। ਅੱਜ ਤੁਸੀਂ ਜੰਗ ਵਿਚ ਸਾਡੇ ਨਾਲ ਮੱਥਾ ਲਾ ਰਹੇ ਹੋ ... ਅਸੀਂ ਤੁਹਾਨੂੰ ਅਮਨ-ਚੈਨ ਨਾਲ ਜਿਉਣ ਵਿਚ ਮਦਦ ਕਰਾਂਗੇ।" ਫ਼ਿਲਮ ਖਤਮ ਵੀ ਇਸੇ ਸੰਵਾਦ ਨਾਲ ਹੁੰਦੀ ਹੈ। ਇਹ ਸੰਵਾਦ ਸ਼ਿਕਾਰ ਅਤੇ ਸ਼ਿਕਾਰੀਆਂ ਦੇ ਇਤਿਹਾਸ ਦੀ ਲੁਕਵੀਂ ਘੁੰਡੀ ਖੋਲ੍ਹਦਾ ਹੈ। ਜਦੋਂ ਸ਼ਿਕਾਰ ਦਾ ਇਤਿਹਾਸ ਸ਼ਿਕਾਰੀ ਲਿਖਦੇ ਹਨ ਤਾਂ ਮਹਿਮਾ ਸ਼ਿਕਾਰੀ ਦੀ ਗਾਈ ਜਾਂਦੀ ਹੈ। ਇਹ ਫ਼ਿਲਮ ਸ਼ਿਕਾਰ ਹੋਇਆਂ ਦੀ ਵੇਦਨਾ ਹੈ ਜੋ ਕਿਰਦਾਰਾਂ ਦੀ ਮਾਨਸਿਕਤਾ ਵਿਚੋਂ ਝਲਕਦੀ ਹੈ।

ਫ਼ਿਲਮ ਦੀ ਕਹਾਣੀ ਮੁਤਾਬਕ ਪੁਰਤਗਾਲੀਆਂ ਨਾਲ ਚਾਲੀ ਸਾਲ ਪਹਿਲਾਂ ਕੌਮੀ ਮੁਕਤੀ ਦੀ ਜੰਗ ਲੜਨ ਵਾਲਾ ਛਾਪਾਮਾਰ ਯੋਧਾ ਬਾਇਉ ਯੂਰਪ ਤੋਂ ਗਿਨੀ-ਬਿਸਾਉ ਪਰਤਦਾ ਹੈ। ਉਹਦੀ ਧੀ ਫਾਤੂ ਦਾ ਵਿਆਹ ਮਸ਼ਹੂਰ ਲੋਕ ਗਾਇਕ ਇਦਰੀਸਾ ਨਾਲ ਹੋਣ ਵਾਲਾ ਹੈ। ਧੀ ਸ਼ਗਨਾਂ ਵਾਲੇ ਦਿਨ ਪਿਉ ਦੀ ਮੌਜੂਦਗੀ ਲੋਚਦੀ ਹੈ। ਵਿਆਹ ਦੀਆਂ ਰਸਮਾਂ ਸੰਗੀਤਕਾਰਾਂ ਦੇ ਪਿੰਡ 'ਟੋਬੈਟੋ' ਵਿਚ ਹੋਣੀਆਂ ਹਨ। ਬਾਇਉ ਜਿਉਂ ਹੀ ਪੁਰਾਣੀਆਂ ਥਾਵਾਂ ਦੀ ਯਾਤਰਾ ਕਰਨੀ ਸ਼ੁਰੂ ਕਰਦਾ ਹੈ, ਤਾਂ ਉਹਦੀਆਂ ਜੰਗ ਨਾਲ ਸੰਬੰਧਤ ਡਰਾਉਣੀਆਂ ਯਾਦਾਂ ਸਿਰ ਚੁੱਕ ਲੈਂਦੀਆਂ ਹਨ। ਕਲਾਕਾਰ ਇਦਰੀਸਾ ਅਤੀਤ ਦੀਆਂ ਡਰਾਉਣੀਆਂ ਯਾਦਾਂ ਤੋਂ ਸਹੁਰੇ ਦਾ ਖਹਿੜਾ ਛੁਡਾਉਣ ਲਈ 'ਟੋਬੈਟੋ' ਨੂੰ ਆਖ਼ਰੀ ਜੰਗ ਦੀ ਥਾਂ ਵਜੋਂ ਚੁਣਦਾ ਹੈ। ਹਦਾਇਤਕਾਰ ਤ੍ਰਾਸਦੀਆਂ ਦਾ ਹੱਲ ਕਲਾ ਵਿਚੋਂ ਲੱਭਦਾ ਹੈ। ਬਾਇਉ ਦੀ ਬਹਾਲੀ ਲਈ ਫ਼ਿਲਮ ਦੇ ਅੰਤ ਵਿਚ ਉਹ ਸੰਗੀਤ ਨੂੰ ਦਵਾਈ ਵਜੋਂ ਪੇਸ਼ ਕਰਦਾ ਹੈ। ਇਸ ਵਿਚਾਰ ਨੂੰ ਆਖ਼ਰੀ ਫ਼ੈਸਲੇ ਦੀ ਥਾਂ ਉਹਦੀ ਨਿੱਜੀ ਸਮਝ ਦੇ ਰੂਪ ਵਿਚ ਦੇਖਿਆ ਜਾ ਸਕਦਾ ਹੈ। ਮਨੁੱਖ ਨੂੰ ਸੰਵੇਦਨਸ਼ੀਲ ਬਣਾਉਣ ਵਿਚ ਕਲਾ ਦੀ ਅਹਿਮ ਭੂਮਿਕਾ ਹੈ ਪਰ ਮਸਲੇ ਦੀਆਂ ਬਾਕੀ ਤੰਦਾਂ ਨੂੰ ਅੱਖੋਂ ਉਹਲੇ ਨਹੀਂ ਕੀਤਾ ਜਾ ਸਕਦਾ। ਫ਼ਿਲਮ ਦਿਖਾਉਂਦੀ ਹੈ ਕਿ ਜੰਗ ਅਤੇ ਗ਼ਰੀਬੀ ਬੰਦੇ ਦੀ ਮਾਨਸਿਕਤਾ ਨੂੰ ਕਿਵੇਂ ਅਸਹਿਜ ਅਤੇ ਖੰਡਤ ਕਰਦੀ ਹੈ। ਕਲਾ, ਕਿਰਤ ਅਤੇ ਇਨਸਾਫ਼ ਲਈ ਬਣੇ, ਧਰਤੀ ਦੇ ਮਾਣਮੱਤੇ ਜੀਅ ਬੇਕਿਰਕ ਹਿੰਸਾ ਦਾ ਖਾਜਾ ਬਣ ਗਏ ਹਨ।

ਇਸ ਫ਼ਿਲਮ ਦੀ ਮੁਕਾਮੀ ਲੋਕਾਂ ਤੱਕ ਪਹੁੰਚ ਬਾਬਤ ਅਹਿਮ ਨੁਕਤਾ ਵਿਚਾਰਨਾ ਬਣਦਾ ਹੈ। ਹਦਾਇਤਕਾਰ ਮੁਤਾਬਕ ਇਹ ਫ਼ਿਲਮ ਦੁਨੀਆਂ ਭਰ ਵਿਚ ਦਿਖਾਈ ਜਾ ਰਹੀ ਹੈ ਪਰ ਗਿਨੀ-ਬਿਸਾਉ ਦੇ ਲੋਕਾਂ ਨੂੰ ਇਹ ਫ਼ਿਲਮ ਦੇਖਣੀ ਨਸੀਬ ਨਹੀਂ ਹੋਈ। ਤ੍ਰਾਸਦੀ ਨੂੰ ਹੱਡੀ ਹੰਢਾਉਣ ਵਾਲਿਆਂ ਨੂੰ ਉਨ੍ਹਾਂ ਦੀ ਅਪਣੀ ਕਹਾਣੀ 'ਤੇ ਬਣੀ ਫ਼ਿਲਮ ਦਿਖਾਉਣ ਦਾ ਕੋਈ ਪ੍ਰਬੰਧ ਨਹੀਂ ਕੀਤਾ ਗਿਆ। ਇਹ ਰੁਝਾਨ ਪੀੜਤਾਂ ਨੂੰ ਚਿੜੀਆਘਰ ਦੇ ਜਾਨਵਰਾਂ ਵਾਂਗ ਵਰਤਣ ਵੱਲ ਇਸ਼ਾਰਾ ਕਰਦਾ ਹੈ ਜਿਹਦੀ ਝਲਕ ਸਾਡੇ ਸਿਨੇਮੇ ਵਿਚ ਵੀ ਦਿਖਾਈ ਦਿੰਦੀ ਹੈ। ਫ਼ਿਲਮਸਾਜ਼ਾਂ ਨੂੰ ਇਸ ਮਸਲੇ 'ਤੇ ਧਿਆਨ ਦੇਣ ਦੀ ਲੋੜ ਹੈ।

ਕਲਾ ਦੀ ਕੋਈ ਬੋਲੀ ਨਹੀਂ ਹੁੰਦੀ। ਇਹ ਤਾਂ ਆਪਣੇ ਆਪ ਇਕ ਬੋਲੀ ਹੈ। ਫ਼ਿਲਮ ਕਲਾ ਦਾ ਮੁੱਖ ਕੰਮ ਮਨੁੱਖ ਨੂੰ ਮਨੁੱਖ ਦੇ ਨੇੜੇ ਲੈ ਕੇ ਆਉਣਾ ਹੈ। 'ਦਿ ਬੈਟਲ ਔਫ ਟੋਬੈਟੋ' ਇਹਦੀ ਉਘੜਵੀਂ ਮਿਸਾਲ ਹੈ ਜੋ ਅਫ਼ਰੀਕੀ ਲੋਕਧਾਰਾ ਅਤੇ ਸਿਆਸੀ ਇਤਿਹਾਸ ਨੂੰ ਨਵੀਂ ਰੌਸ਼ਨੀ ਵਿਚ ਆਲਮ ਅੱਗੇ ਰੱਖਦੀ ਹੈ। ਇਹ ਫ਼ਿਲਮ ਉਨ੍ਹਾਂ ਲੋਕਾਂ ਨਾਲ ਸੰਵਾਦ ਦਾ ਰਾਹ ਖੋਲ੍ਹਦੀ ਹੈ ਜੋ ਸਿਨੇਮੇ ਨੂੰ ਸਿਆਸੀ ਹੱਦਾਂ ਅਤੇ ਬੋਲੀਆਂ ਦੇ ਘੇਰੇ ਵਿਚ ਸੁੰਗੇੜ ਕੇ ਦੇਖਦੇ ਹਨ। ਉਹ ਖੇਤਰੀ ਸਿਨੇਮੇ ਨੂੰ ਆਲਮੀ ਸਿਨੇਮੇ ਦੀ ਕੜੀ ਵਜੋਂ ਮੰਨਣ ਤੋਂ ਇਨਕਾਰੀ ਹਨ। ਸਿਨੇਮਾ ਸਾਂਝੀ ਆਲਮੀ ਵਿਰਾਸਤ ਦੇ ਵਿਚਾਰ ਨੂੰ ਜਿਉਂਦਾ ਰੱਖਣ ਦਾ ਅਹਿਮ ਮਾਧਿਅਮ ਹੈ।

## ਕਲਾ ਫਿਲਮਾਂ ਤੇ ਸ਼ਿਆਮ ਬੈਨੇਗਲ

ਸ਼ਿਆਮ ਬੈਨੇਗਲ ਅਜਿਹਾ ਫਿਲਮਸਾਜ਼ ਹੈ ਜਿਸ ਨੇ ਕਲਾ ਫਿਲਮਾਂ ਨੂੰ ਪਛਾਣ ਤਾਂ ਦਿਵਾਈ ਹੀ, ਨਾਲ ਹੀ ਸਮਿਤਾ ਪਾਟਿਲ, ਸ਼ਬਾਨਾ ਆਜ਼ਮੀ ਅਤੇ ਨਸੀਰੂਦੀਨ ਸ਼ਾਹ ਸਮੇਤ ਕਈ ਸਿਤਾਰਿਆਂ ਨੂੰ ਫਿਲਮਾਂ 'ਚ ਮੌਕਾ ਦਿੱਤਾ। 14 ਦਸੰਬਰ 1934 ਨੂੰ ਪੈਦਾ ਹੋਏ ਸ਼ਿਆਮ ਬੈਨੇਗਲ ਨੇ ਆਪਣੇ ਕੈਰੀਅਰ ਦੀ ਸ਼ੁਰੂਆਤ ਮੁੰਬਈ 'ਚ ਇਸ਼ਤਿਹਾਰ ਏਜੰਸੀ ਨਾਲ ਕੀਤੀ ਸੀ। 1962 'ਚ ਉਹਨੇ ਪਹਿਲੀ ਦਸਤਾਵੇਜ਼ੀ ਫਿਲਮ ਗੁਜਰਾਤੀ 'ਚ ਬਣਾਈ ਅਤੇ ਬਤੌਰ ਨਿਰਦੇਸ਼ਕ ਕਰੀਅਰ ਦੀ ਸ਼ੁਰੂਆਤ 1974 'ਚ ਫਿਲਮ 'ਅੰਕੁਰ' ਨਾਲ ਕੀਤੀ ਸੀ। ਇਹ ਫਿਲਮ ਹੈਦਰਾਬਾਦ ਦੀ ਅਸਲੀ ਘਟਨਾ 'ਤੇ ਆਧਾਰਤ ਸੀ। ਸ਼ਬਾਨਾ ਆਜ਼ਮੀ ਦੀ ਵੀ ਇਹ ਪਹਿਲੀ ਫਿਲਮ ਸੀ ਜਿਸ ਲਈ ਉਹਨੂੰ ਬੈਸਟ ਅਦਾਕਾਰਾ ਦਾ ਕੌਮੀ ਐਵਾਰਡ ਮਿਲਿਆ।



1975 'ਚ ਬੈਨੇਗਲ ਦੀ ਮੁਲਾਕਾਤ ਸਮਿਤਾ ਪਾਟਿਲ ਨਾਲ ਹੋਈ ਅਤੇ ਉਹਨੇ ਸਮਿਤਾ ਨੂੰ ਆਪਣੀ ਫਿਲਮ 'ਚਰਨਦਾਸ ਚੋਰ' ਲਈ ਚੁਣਿਆ। ਸਮਿਤਾ ਦੀ ਵੀ ਇਹ ਪਹਿਲੀ ਹੀ ਫਿਲਮ ਸੀ। ਫਿਰ ਇਸੇ ਸਾਲ ਉਹਨੇ ਸੁਪਰਹਿੱਟ ਫਿਲਮ 'ਨਿਸ਼ਾਂਤ' ਬਣਾਈ। ਇਸ ਫਿਲਮ ਰਾਹੀਂ ਹੀ ਉਹਨੇ ਨਸੀਰੂਦੀਨ ਸ਼ਾਹ ਨੂੰ ਫਿਲਮ ਇੰਡਸਟਰੀ 'ਚ ਲਾਂਚ ਕੀਤਾ ਸੀ। 'ਮੰਥਨ' (1976) ਉਹਦੇ ਕਰੀਅਰ ਦੀ ਸਭ ਤੋਂ ਵਧੀਆ ਫਿਲਮ ਸਾਬਤ ਹੋਈ। ਇਸ ਤੋਂ ਬਾਅਦ ਬੈਨੇਗਲ ਨੇ ਜਨੂੰਨ, ਮੰਡੀ, ਤ੍ਰਿਕਾਲ, ਸਰਦਾਰੀ ਬੇਗਮ ਤੇ ਵੈਲਕਮ ਟੂ ਸੱਜਨਪੁਰ ਵਰਗੀਆਂ ਫਿਲਮਾਂ ਬਣਾਈਆਂ।

## ਅੰਮ੍ਰਿਤਸਰ ਦੀ ਕੁੜੀ ਰਿਚਾ ਦੀ ਰੁਚੀ

ਅੰਮ੍ਰਿਤਸਰ ਦੀ ਕੁੜੀ ਰਿਚਾ ਚੱਢਾ ਨੇ ਆਪਣੀ ਪਹਿਲੀ ਹੀ ਫ਼ਿਲਮ 'ਓਏ ਲੱਕੀ ਲੱਕੀ ਓਏ' ਵਿਚ ਦਰਸਾ ਦਿੱਤਾ ਸੀ ਕਿ ਇਹ ਪੰਜਾਬਣ ਉਚੀ ਉਡਾਣ ਭਰੇਗੀ। ਉਹਦਾ ਪਿਤਾ ਪੰਜਾਬੀ ਹੈ ਅਤੇ ਮਾਤਾ ਬਿਹਾਰ ਤੋਂ ਹੈ। ਇਸ ਲਈ ਉਸ ਨੂੰ ਪੰਜਾਬੀ ਅਤੇ ਹਿੰਦੀ ਵਿਚ ਇਕੋ ਜਿੰਨੀ ਮੁਹਾਰਤ ਹਾਸਲ ਹੈ। ਬਹੁਤੇ ਲੋਕੀ ਉਸ ਦੀ ਤੁਲਨਾ ਆਪਣੇ ਵੇਲਿਆਂ ਦੀ ਮਸ਼ਹੂਰ ਅਦਾਕਾਰਾ ਪ੍ਰਵੀਨ ਬੌਬੀ ਨਾਲ ਕਰਦੇ ਹਨ। ਉਂਝ ਉਹ ਆਖਦੀ ਹੈ ਕਿ ਉਹ ਕਿਸੇ ਵਰਗੀ ਨਹੀਂ ਅਤੇ ਉਸ ਨੇ ਆਪਣੀ ਪਛਾਣ ਵੀ ਆਪਣੇ ਦਮ 'ਤੇ ਬਣਾਈ ਹੈ। 'ਗੈਂਗਸ ਆਫ਼ ਵਾਸੇਪੁਰ' ਵਿਚ ਰਿਚਾ ਦੀ ਵਾਹਵਾ ਤਾਰੀਫ਼ ਹੋਈ ਸੀ। ਅਸਲ ਵਿਚ ਰਿਚਾ ਜਿੱਥੇ ਜਾਂਦੀ ਹੈ, ਆਪਣੀ ਥਾਂ ਬਣਾ ਲੈਂਦੀ ਹੈ। ਛੇ ਸਾਲ ਪਹਿਲਾਂ ਉਹ ਕੁਝ ਸਮੇਂ ਲਈ ਬੰਗਲੌਰ ਗਈ ਤਾਂ ਕੰਨੜ ਫ਼ਿਲਮ ਕਰ ਲਈ। ਫਰਹਾਨ ਅਖ਼ਤਰ ਦੀ 'ਫੁਕਰੇ' ਅਤੇ ਸੰਜੇ ਲੀਲਾ ਭੰਸਾਲੀ ਦੀ ਫਿਲਮ 'ਰਾਮ ਲੀਲਾ' ਵਿਚ ਵੀ ਉਸ ਨੇ ਅਦਾਕਾਰੀ ਦੇ ਜਲਵੇ ਦਿਖਾਏ ਹਨ। ਰਿਚਾ ਚੱਢਾ ਹੁਣ 'ਜ਼ੀਆ ਔਰ ਜ਼ੀਆ', 'ਤਮਾਚੇ'



ਅਤੇ 'ਸ਼ਾਰਟਸ' ਫ਼ਿਲਮਾਂ ਕਰ ਰਹੀ ਹੈ। ਅੱਜ ਵੀ ਰਿਚਾ ਥਿਏਟਰ ਨੂੰ ਪਹਿਲ ਦਿੰਦੀ ਹੈ। ਉਸ ਨੇ ਭਾਰਤ ਅਤੇ ਪਾਕਿਸਤਾਨ ਦੇ ਸ਼ਹਿਰਾਂ ਵਿਚ ਸਟੇਜ ਉਤੇ ਆਪਣੀ ਕਲਾ ਦੇ ਜੌਹਰ ਦਿਖਾਏ ਹਨ।

ਘਰਾਂ ਦੀ ਵਧੀਆ ਡੀਲ ਅਤੇ ਘਟ ਤੋਂ ਘਟ ਵਿਆਜ ਦਰਾਂ ਉਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ

# Golden State Realty

## Real Estate and Loans Under One Roof

ਪਿਛਲੇ 25 ਸਾਲਾਂ ਤੋਂ ਬਿਜਨਸ ਵਿਚ ਭਰਪੂਰ ਸਹਿਯੋਗ ਲਈ ਸਮੂਹ ਭਾਈਚਾਰੇ ਦਾ ਧੰਨਵਾਦ

## Reo/Short Sale Specialist

### ਫੋਰਕਲੋਜ਼ਰ ਨਾਲੋਂ ਸ਼ਾਰਟਸੇਲ ਘੱਟ ਘਾਤਕ

ਜੇ ਤੁਹਾਡਾ ਘਰ ਕਰਜੇ ਦੀਆਂ ਕਿਸ਼ਤਾਂ ਨਾ ਦੇਣ ਕਰਕੇ ਫ਼ੋਰਕਲੋਜ਼ਰ ਵਿਚ ਆਇਆ ਹੋਇਆ ਹੈ ਅਤੇ ਤੁਹਾਨੂੰ ਟਰਸਟੀ ਸੇਲ ਦੀ ਤਾਰੀਖ ਵੀ ਮਿਲ ਗਈ ਹੈ, ਤਦ ਵੀ ਅਸੀਂ ਤੁਹਾਡਾ ਘਰ ਸ਼ਾਰਟਸੇਲ ਵਿਚ ਵੇਚ ਸਕਦੇ ਹਾਂ। ਸ਼ਾਰਟਸੇਲ ਵਿਚ ਘਰ ਵੇਚਣ ਨਾਲ ਤੁਹਾਡੇ ਕਰੈਡਿਟ ਦਾ ਉਨਾ ਨੁਕਸਾਨ ਨਹੀਂ ਹੁੰਦਾ ਜਿੰਨਾ ਕਿ ਫੋਰਕਲੋਜ਼ਰ ਵਿਚ ਜਾਣ ਨਾਲ ਹੁੰਦਾ ਹੈ। ਅਸੀਂ ਤੁਹਾਡਾ ਘਰ ਤਦ ਵੀ ਸ਼ਾਰਟਸੇਲ ਵਿਚ ਵੇਚ ਸਕਦੇ ਹਾਂ ਜੇ ਤੁਸੀਂ ਸਮੇਂ ਸਿਰ ਮਾਰਟਗੇਜ ਦੀਆਂ ਕਿਸ਼ਤਾਂ ਮੁਸ਼ਕਲ ਨਾਲ ਅਦਾ ਕਰੀ ਜਾ ਰਹੇ ਹੋ ਅਤੇ ਤੁਹਾਡੇ ਘਰ ਦੀ ਕੀਮਤ ਕਰਜੇ ਤੋਂ ਵੀ ਘਟ ਗਈ ਹੈ।

## We can sell your house in short sale at no cost to you.

## Selling Homes from Gilroy to Sacramento, CA

### JUST SOLD

1. 1498 Columbine Way, Livermore, CA 94551
2. 1820 De Vaca Way, Livermore, CA 94550
3. 4124 Polaris Ave., Union City, CA 94587
4. 2995 Masonwood St., San Jose, CA 95148
5. 4326 San Juan Way Fremont, CA 94536
6. 2809 Glen Sharon Way, San Jose, CA 95148
7. 2385 Patricia Dr., Santa Clara, CA 95050
8. 43881 Cameron Hills Dr., Fremont CA 94539
9. 1098 Phelps Ave., San Jose, CA 95117
10. 2712 Sea Drift ln., Hayward, CA 94545
11. 27659 Persimmon Dr., Hayward, CA 94544
12. 115 Juniper Ct., Hercules, CA 945547
13. 2980 Glen Alden Ct., San Jose, CA 95148
14. 34782 Klondike Dr., Union City, CA 94587

If your house is in foreclosure due to not making payments and you have received trustee sale date, even than we can sell your house in short sale. Selling house in short sale damages your credit less than if you let it go to foreclosure. We can also sell your house in short sale even if you are making mortgage payments on time with difficulty and your house value is a lot less than the loan.

## WE CAN SELL HUD HOMES ANY WHERE IN CALIFORNIA

Market is hot. Do not wait any more to buy home of your dreams. There are multiple offer situations on all under market homes. Act now before it is too late. Master of winners in multiple offer situation is waiting for your call.

Selling new and old Homes from San Jose to Sacramento



*2004 to 2006 Award Winner Top 1% Listing Realtor in Bay Area

Fremont Office:
86 Pilgrim Loop
Fremont CA 94539
Tel:510-440-9292, Fax:510-656-8941

Sacramento Office:
9912 Kapalua Ln.,
Elk Grove, CA 95624
Tel:916-612-5773, Fax:916-393-2586

Cell: 510-304-9292
Cell:408-666-8279

Jaswinder Gill M.Sc (PAU)
CA DRE# 00966763
Broker/Owner/Notary

E-mail: jassi@jassigill.com or
Visit us @ www.jassigill.com
for hot listings

## Refinance Now

15 & 30 Yr Fixed Rates Are Still Better!!!
5/1, 7/1 ARM are also attractive
Refinance Now At Zero Cost

Call Sukhi Gill
@ 510-207-9067
CA DRE Lic.#01180969,
NMLS# 352095


HURRY! LIMITED-TIME OFFER!
FREE $100 REWARD CARD
Requires 24 month commitment, credit qualification and qualifying S. Asian package ($19.99/mo. or higher).
Use Promotional Code: International
CHOICE
START WITH PUNJABI PACK AND THEN CUSTOMIZE
PUNJABI PACK
$24.99 mo
HINDI MOVIES PACK
$19.99 mo
MASTI PACK
$5.00 mo ADD ON
WILLOW CRICKET HD*
$14.99 mo
CALL DISH NOW
855.318.4562
www.DishPunjabiTV.com
HOME OF SOUTH ASIAN ENTERTAINMENT
dish
International programming requires additional $10/mo International Basic package or any America's Top package. Add-on packages available at additional cost. *Requires HD receiver to view International programming in HD. Must subscribe to a qualifying American HD package to qualify for HD receiver.
$100 DISH REWARDS PREPAID MASTERCARD® CARD: Offer valid for activation and installation of qualifying DISH service under Digital Home Advantage with a 24-month commitment and credit qualification plus a qualifying South Asian package of $ 19.99 or higher through 1/31/2014. Must activate service by calling 1-855-318-4562 and provide Promotion Code INTERNATIONAL. Allow 6-8 weeks after service activation for Reward Card delivery. Offer Code required at time of order for service, prior to activation. Limit one Reward Card per DISH account activation. May not be combined with other special offers. After service activation, visit www.mydishrewards.com or call 1-877-682-1215 to check the status of Reward Card and for applicable restrictions for Reward Card usage. Cards are issued by Citibank, N.A. pursuant to a license from MasterCard International and managed by Citi Prepaid Services. This card can be used everywhere MasterCard debit cards are accepted. Cards are issued by Citibank, N.A. pursuant to a license from MasterCard International and managed by Citi Prepaid Services. Cards will not have cash access and can be used everywhere MasterCard debit cards are accepted. Additional Requirements: All prices, fees, charges, packages, programming, features, functionality and offers subject to change without notice. ETF: If you cancel service during first 24 months, early cancellation fee of $20 for each month remaining applies. Installation/Equipment Requirements: A second dish antenna may be required to view both International and American programming. Free Standard Professional Installation only. Certain equipment is leased and must be returned to DISH upon cancellation or unreturned equipment fees apply. Upfront and additional monthly fees may apply. Miscellaneous: Offers available for new and qualified former customers, and subject to terms of applicable Promotional and Residential Customer agreements. State reimbursement charges may apply. Additional restrictions and taxes may apply.
© 2013 DISH Network L.L.C. All rights reserved.